# ਸ੍ਰੀ ਹੇਮਕੁੰਟ ਸਾਹਿਬ
# ਅਲੌਕਿਕ ਝਲਕਾਂ



Sri Hemkunt Sahib Alokik Jhalkan

By

Sushil Kaur

© Author

ਪਹਿਲਾ ਐਡੀਸ਼ਨ : 1989
ਦੂਜਾ ਐਡੀਸ਼ਨ : 1993
ਤੀਜਾ ਐਡੀਸ਼ਨ : 2019

ਪ੍ਰਕਾਸ਼ਕ : ਅਨੁਰਾਗ ਸਿੰਘ

ਟਾਇਪ ਸੈਟਿੰਗ
ਅਤੇ ਡੀਜ਼ਾਇਨਿੰਗ : ਆਤਮਦੀਪ ਸਿੰਘ ਸੂਚ

ਵਿਤਰਕ : ਸਿੰਘ ਬ੍ਰਦਰਜ਼,
ਸ੍ਰੀ ਅੰਮ੍ਰਿਤਸਰ

ਸਹਿਯੋਗ ਭੇਟਾ : 70/-

# ਚੌਪਈ

ਅਬ ਮੈ ਆਪਨੀ ਕਥਾ ਬਖਾਨੋ।ਤਪ ਸਾਧਤ ਜਿਹ ਬਿਧਿ ਮੋਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾ।ਸਪਤ ਸ੍ਰਿੰਗਿ ਸੋਭਿਤ ਹੈ ਤਹਾ।੧।
ਸਪਤਸ੍ਰਿੰਗਿ ਤਿਹ ਨਾਮੁ ਕਹਾਵਾ।ਪੰਡੁ ਰਾਜ ਜਹਾ ਜੋਗੁ ਕਮਾਵਾ।
ਤਹ ਹਮ ਅਧਿਕ ਤਪਸਿਆ ਸਾਧੀ।ਮਹਾਕਾਲ ਕਾਲਕਾ ਅਰਾਧੀ।੨।
ਇਹ ਬਿਧਿ ਕਰਤ ਤਪਸਿਆ ਭਯੋ।ਦਵੈ ਤੇ ਏਕ ਰੂਪ ਹਵੈ ਗਯੋ।
ਤਾਤ ਮਾਤ ਮੁਰ ਅਲਖ ਅਰਾਧਾ।ਬਹੁ ਬਿਧਿ ਜੋਗ ਸਾਦਨਾ ਸਾਧਾ।੩।
ਤਿਨ ਜੋ ਕਰੀ ਅਲਖ ਕੀ ਸੇਵਾ।ਤਾ ਤੇ ਭਏ ਪ੍ਰਸੰਨਿ ਗੁਰਦੇਵਾ।
ਤਿਨ ਪ੍ਰਭ ਜਬ ਆਇਸੁ ਮੁਹਿ ਦੀਆ।ਤਬ ਹਮ ਜਨਮ ਕਲੂ ਮਹਿ ਲੀਆ।੪।

ਸ੍ਰੀ ਮੁਖਵਾਕ ਪਾਤਸ਼ਾਹੀ-੧੦
ਬਚਿਤ੍ਰ ਨਾਟਕ

# ਤਤਕਰਾ


**੧** ਮੇਰੀ ਵਿਚਾਰ ਧਾਰਾ.........................................................੬
੨ ਬਲਿਹਾਰੀ ਕੁਦਰਤਿ ਵਸਿਆ....................................... ੧੨
੩ ਯੋਗੀ ਦੀ ਭਵਿੱਖ ਬਾਣੀ ਤੇ ੮੪ ਦੇਦੰਗੇ.................................੩੨
੪ ਲਹੂ ਭਿੱਜੇ ਪੈਰਾਂ ਦੀ ਪੈੜ.............................................੪੭
੫ ਅਸੀਂ ਸਿੱਖ ਹਾਂ.........................................................੫੦
੬ ਸੁਗੰਧੀਆਂ.............................................................. ੫੭
੭ ਅਨਹਦ ਧੁਨੀਆਂ.......................................................੬੪
੮ ਸਪਤ ਸ੍ਰਿੰਗ...............................................................੬੭
੯ ਪਹਾੜਨ...................................................................੭੦
੧੦ ਬਾਜਾਂ ਵਾਲਾ ਤਾਂ ਮੇਰੇ ਕੋਲ ਹੈ...........................................੭੨
੧੧ ਚਾਂਦੀ ਦਾ ਗਲਾਸ.........................................................੭੬
੧੨ ਚਾਰ ਰਿਸ਼ੀ.................................................................੭੭
੧੩ ਦਰਸ਼ਨ ਭੇਟਾ..............................................................੭੮
੧੪ ਵੀਹ ਰੁਪੈ ਦੀ ਐਫ.ਡੀ. ............................................ ੮੦
੧੫ ਭੀਮ ਸ਼ਿਲਾ...............................................................੮੨
੧੬ ਪਿੰਗੁਲ ਪਰਬਤ ਪਾਰਿ ਪਰੇ.............................................੧੦੧
੧੭ ਸੂਖਸ਼ਮ ਸਰੀਰ..............................................................੧੦੫
੧੮ਮਿਲਿਆ ਕੇਲ ਕੇਲਾਲੀ...................................................੧੦੮
੧੯ ਲੰਬੇ ਚੋਲੇ ਵਾਲਾ...........................................................੧੦੯
੨੦ ਅਰਸ਼ੀ ਉਡਾਰੀਆਂ.......................................................੧੧੦
੨੧ ਸਰਦਾਰ ਉਪਿੰਗਰ ਜੀਤ ਸਿੰਘ ਜੀ.....................................੧੧੧
੨੨ ਸਾਧ ਸੰਗਤ ਅਸਥਾਨ ਜਗ ਮਗ ਨੂਰ ਹੈ.......................... ੧੧੩
੨੩ ਵਾਸੂ ਭਾਰਦਵਾਜ........................................................ ੧੧੪
੨੪ ਪ੍ਰਕਾਸ਼ ਦਰਸ਼ਨ.......................................................... ੧੧੫
੨੫ ਕਾਲਿਆਂ ਦਾ ਗੁਰਦੁਆਰਾ...............................................੧੨੨
੨੬ਬੀਬੀ ਬਲਵੰਤ ਕੌਰ ਜੀ...................................................੧੨੪

੨੭ ਬੋਲੇ ਸੋ ਨਿਹਾਲ........................................................੧੨੬
੨੮ ਭਾਈ ਜੀਤ ਸਿੰਘ ਜੀ.....................................................੧੨੭
੨੯ ਬੀਬੀ ਗੁਰਦੀਪ ਕੌਰ ਜੀ..................................................੧੩੨
੩੦ ਮਾਤਾ ਰਾਮ ਕੌਰ ਜੀ.....................................................੧੩੪
੩੧ ਪਾਇਦਾਨ..............................................................੧੩੯
੩੨ ਗੁਲਾਬ ਦਾ ਫੁਲ.........................................................੧੪੧
੩੩ ਬੱਸ ਵਿਚ ਆਏ ਨਵੇਂ ਸੱਜਣ.................................................੧੪੫
੩੪ ਕਲਗੀ.................................................................੧੪੭
੩੫ ਮੌਤ ਦੇ ਸੁਨਹਿਰੀ ਪਲ....................................................੧੫੧
੩੬ ਘਟਿ ਘਟਿ ਵਾਜਹਿ ਨਾਦੁ..................................................੧੬੦
੩੭ ਸ਼ਹੀਦ ਸਿੰਘ...........................................................੧੬੨
੩੮ ਗੁਲੇਲੇ................................................................. ੧੭੦
੩੯ ਪਰਤਾਪ ਤੁਮ੍ਹਰਾ ਦੇਖਿ ਕੈ ਜਮਦੂਤ ਛਡਿ ਜਾਹਿ.................................੧੭੨
੪੦ ਪ੍ਰੋਫੈਸਰ..............................................................੧੭੪
੪੧ ਪ੍ਰਕਾਸ਼ ਦੀ ਬੱਦਲੀ......................................................੧੮੦
੪੨ ਦਿਲਾਂ ਦੀ ਸਾਂਝ.......................................................੧੮੨
੪੩ ਸਰਵ ਰੋਗ ਕਾ ਅਉਖਦੁ ਨਾਮ...............................................੧੮੪
੪੪ ਦੋ ਚੰਦ੍ਰਮੇ............................................................੧੯੦
੪੫ ਗਗਨ ਸਮਾਧ.........................................................੧੯੧
੪੬ ਬ੍ਰਹਮੰਡੀ ਊਰਜਾ ਦਾ ਹੜ੍ਹ................................................੧੯੪

ਕਵਿਤਾਵਾਂ

੧ ਰੇਸ਼ਮੀ ਬੱਦਲ..........................................................੧੯੭
੨ ਦਰਸ਼ਨ ਭੇਟਾ..........................................................੧੯੯

# ਮੇਰੀ ਵਿਚਾਰ ਧਾਰਾ

ਸੁਸ਼ੀਲ ਕੌਰ ਜੀ ਦੀ ਇਸ ਪੁਸਤਕ ਨੂੰ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਿ ਮੈ ਉਨ੍ਹਾਂ ਉਚੀਆਂ ਸੁੱਚੀਆਂ ਰੂਹਾਂ ਵਾਲਿਆਂ ਦੀ ਮਿੱਤ੍ਰਤਾ ਦੀ ਪਾਤਰ ਬਣ ਗਈ ਹੋਵਾਂ,ਜਿਨ੍ਹਾਂ ਵਾਰੇ ਪੰਚਮ ਪਾਤਿਸ਼ਾਹ ਦਾ ਫੁਰਮਾਨ ਹੈ:-

ਜਿਨ੍ਹਾਂ ਦਿਸੰਦੜਿਆਂ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉਂ ਢੂਢੇਦੀ ਜਗ ਸਬਾਇਆ ਜਨ ਨਾਨਕ ਵਿਰਲੇ ਕੇਈ॥

ਮੈਨੂੰ ਇਸ ਪੁਸਤਕ ਤੋਂ ਅਧਿਆਤਮਿਕ ਲਾਭ ਪ੍ਰਾਪਤ ਹੋਇਆ ਹੈ।ਮੇਰੇ ਵਿਸ਼ਵਾਸ ਨੂੰ ਇਕ ਅਨੋਖਾ ਹਲੂਣਾ ਮਿਲਿਆ ਹੈ।ਨਾਮ ਬਾਣੀ ਦੇ ਰੰਗ ਵਿਚ ਰੰਗੀਆਂ ਹੋਈਆਂ ਤੇ ਰਸੀਆਂ ਹੋਈਆਂ ਰੂਹਾਂ ਵਾਲਿਆਂ ਦੇ ਰੂਹਾਨੀ ਜੀਵਨ ਦੇ ਅਨੁਭਵਾਂ ਨੂੰ ਪੜ੍ਹਦਿਆਂ ਮੈ ਉਚੀਆਂ ਉਡਾਰੀਆਂ ਮਾਰੀਆਂ ਹਨ।ਮੈਨੂੰ ਵਿਸ਼ਵਾਸ ਹੈ ਕਿ ਗੁਰਮਤਿ ਦੇ ਧਾਰਨੀ ਜਗਿਆਸੂ ਇਸ ਕਿਤਾਬ ਤੋਂ ਲਾਹਾ ਪ੍ਰਾਪਤ ਕਰਨਗੇ।

ਅਣਦਿਸਦੀ ਦੁਨੀਆਂ ਦੀਆਂ ਜਿਹੜੀਆਂ ਘਟਨਾਵਾਂ ਦਾ ਜ਼ਿਕਰ ਇਸ ਪੁਸਤਕ ਵਿਚ ਆਉਂਦਾ ਹੈ ਉਹ ਸਾਡੇ ਸਾਰਿਆਂ ਲਈ ਇਕ ਮੇਹਰ ਦੀ ਲਕੀਰ ਹਨ।ਬੀਬੀ ਗੁਰਦੀਪ ਕੌਰ ਜੀ ਨਾਲ ਵਾਪਰੀਆਂ ਵਾਰਤਾਵਾਂ ਸਾਨੂੰ ਸਾਰਿਆਂ ਨੂੰ ਗੁਰੂ ਜੀ ਦੀ ਹਾਜ਼ਰ-ਹਜ਼ੂਰਤਾ ਵਿਚ ਲੈ ਜਾਂਦੀਆਂ ਹਨ।ਲਗਦਾ ਹੈ ਜਿਵੇਂ ਜਗਿਆਸੂ ਦੀ ਆਤਮਾ ਨੂੰ ਪਰ ਲੱਗ ਗਏ ਹੋਣ ਤੇ ਉਹ ਉਡਾਰੀ ਮਾਰ ਕੇ ਦਸਮ ਗੁਰੂ ਦੇ ਚਰਨਾ ਵਿਚ ਪਹੁੰਚ ਗਿਆ ਹੋਵੇ ਤੇ ਆਪਣੀ ਬਿਰਥਾ ਗੁਰੂ ਜੀ ਨੂੰ ਸੁਣਾ ਰਿਹਾ ਹੋਵੇ।ਅੱਗੋਂ ਗੁਰੂ ਹੁੰਗਾਰਾ ਭਰ ਕੇ ਆਖ ਰਿਹਾ ਹੋਵੇ :-"ਹਾਂ ਮੇਰੇ ਬੱਚੇ....!" ਸ਼ਹੀਦ ਸਿੰਘਾਂ ਦਾ ਵਰਨਣ ਸਾਨੂੰ ਅਣਦਿਸਦੀ ਦੁਨੀਆਂ ਵਿਚ ਲੈ ਜਾਂਦਾ ਹੈ।

ਸ੍ਰੀ ਹੇਮਕੁੰਟ ਸਾਹਿਬ ਜੀ ਦੇ ਇਤਿਹਾਸਕ ਪੱਖ ਤੋਂ ਇਸ ਪੁਸਤਕ ਦੀ ਬੜੀ ਵੱਡੀ ਦੇਣ ਹੈ।ਸਰਦਾਰ ਜੁਗਿੰਦਰ ਸਿੰਘ ਮਾਨ ਤੇ ਹੋਰ ਕਈ ਸ਼ਰਧਾਲੂਆਂ ਦੀਆਂ ਯਾਤਰਵਾਂ ਤੋਂ ਉਸ ਵੇਲੇ ਦੇ ਹਾਲਾਤਾਂ ਦਾ ਪਤਾ ਲਗਦਾ ਹੈ ਜਦੋਂ ਉਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੁਆਰਾ ਬਣਾਇਆ ਹੋਇਆ ਇਕ ਛੋਟਾ ਜਿਹਾ ਕਮਰਾ ਹੀ ਸੀ ਤੇ ਕੋਈ ਰਸਤੇ ਨਹੀਂ ਸੀ ਬਣੇ ਹੋਏ।ਮਾਤਾ ਰਾਮ ਕੌਰ ਜੀ ਦੁਆਰਾ ਗੁਰਦੁਆਰੇ ਦਾ ਨੀਂਹ ਪੱਥਰ ਰੱਖਣਾ ਤੇ ਪਹਿਲੀ ਵਾਰੀ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਰਸਮ ਵਿਚ ਬੀਬੀ ਗੁਰਦੀਪ ਕੌਰ ਜੀ ਅਤੇ ਮਾਤਾ ਰਾਮ ਕੌਰ ਜੀ ਨੇ ਆਪਣੇ ਸਿਰਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਠਾ ਕੇ ਨੰਗੇ ਪੈਰੀਂ ਗੋਬਿੰਦ ਧਾਮ ਤੋਂ ਸ੍ਰੀ ਹੇਮਕੁੰਟ ਸਾਹਿਬ ਪਹੁੰਚਣਾ ਵੀ ਇਕ ਇਤਿਹਾਸਕ

ਘਟਨਾ ਹੈ।ਹੋਰ ਕਈ ਥਾਵਾਂ ਉਤੇ ਉਸ ਸਮੇ ਦਾ ਜ਼ਿਕਰ ਆਉਂਦਾ ਹੈ ਜਦੋਂ ਇਸ ਤਪ-ਸਥਾਨ ਦੀ ਖੋਜ ਕਰਕੇ ਯਾਤਰਾ ਅਰੰਭ ਹੋਈ ਸੀ।ਇਸ ਪਿੱਛੋਂ ਟਰੱਸਟ ਬਣਿਆਂ,ਹੇਮਕੁੰਟ ਸਾਹਿਬ ਤੋਂ ਹਰਦੁਆਰ ਤੱਕ ਗੁਰਦੁਆਰੇ ਬਣੇ ਅਤੇ ਯਾਤਰੂਆਂ ਦੀ ਗਿਣਤੀ ਵਿਚ ਵਾਧਾ ਹੋਇਆ।ਅਲੌਕਿਕ ਝਲਕਾਂ ਦੀ ਤੀਜੀ ਐਡੀਸ਼ਨ ਵਿਚ ਕੁਝ ਨਵੀਆਂ ਲਿਖਤਾਂ ਦਾ ਵਾਧਾ ਕੀਤਾ ਗਿਆ ਹੈ ਜਿਵੇਂ ਕਿ ੧੯੧੩ ਵਿਚ ਕੇਦਾਰ ਨਾਥ ਦੀ ਜਲ ਪ੍ਰਲੈ ਵਾਲੀ ਕੁਦਰਤ ਦੀ ਕਰੋਪੀ,੧੯੭੧ ਵਿਚ ਭਾਰਤ ਪਾਕਿਸਤਾਨ ਦੀ ਲੜਾਈ ਵਿਚ ਬੰਬ ਦਾ ਪ੍ਰਗਟ ਹੋਣਾ ਤੇ ੨੦੧੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਵੇਂ ਜਨਮ ਦਿਨ ਦੇ ਹਾਲ ਵਰਨਣ ਕੀਤਾ ਗਿਆ ਹੈ।੨੦੨੦ ਵਿਚ ਕਰੋਨਾ ਦੀ ਬੀਮਾਰੀ ਦਾ ਹਾਲ ਵੀ ਮਿਲਦਾ ਹੈ।

ਰੱਬੀ ਹੁਕਮਾਂ ਅਨੁਸਾਰ ਆਪਣੇ ਜੀਵਨ ਦੇ ਅੰਤਲੇ ਸਮੇ ਵਿਚ ਪਹੁੰਚੀ ਹੋਈ ਬੀਬੀ ਗਰਦੀਪ ਕੌਰ ਜੀ ਨੇ ਸੁਸ਼ੀਲ ਕੌਰ ਨੂੰ ਕੋਲ ਬਿਠਾ ਕੇ ਉਸ ਕੋਲੋਂ ਸ੍ਰੀ ਹੇਮਕੁੰਟ ਸਾਹਿਬ ਉਤੇ ਵਾਪਰੀਆਂ ਉਹ ਰੰਗਲੀਆਂ ਕਥਾ ਕਹਾਣੀਆਂ ਲਿਖਵਾਈਆਂ ਜਿਹੜੀਆਂ ਉਸਦੀਆਂ ਆਪਣੀਆਂ ਹੱਡ ਬੀਤੀਆਂ ਸੀ।ਜਦੋਂ ਇਸ ਤਪਸਥਾਨ ਦੀ ਸੁੱਚੀ ਧਰਤੀ ਉਤੇ ਕਿਸੇ ਵਿਸ਼ੇ ਵਿਕਾਰਾਂ ਵਾਲੇ ਦੇ ਪੈਰ ਨਹੀਂ ਸੀ ਪਏ ਤੇ ਗੁਰੂ ਪ੍ਰੇਮ ਵਿਚ ਭਿੱਜੀਆਂ ਰੂਹਾਂ ਹੀ ਇਸ ਧਰਤੀ ਦੀ ਮਿੱਟੀ ਚੁੰਮਣ ਲਈ ਜਾਂਦੀਆਂ ਸੀ।ਉਸ ਸਮੇ ਉਥੇ ਕਿਹੜੀ ਕਲਾ ਵਰਤਦੀ ਸੀ..?ਇਨ੍ਹਾਂ ਬਾਤਾਂ ਦਾ ਭਰਪੂਰ ਖਜਾਨਾਂ ਇਸ ਕਿਤਾਬ ਨੇ ਸਾਂਭਿਆ ਹੋਇਆ ਹੈ।

ਲੇਖਿਕਾ ਨੇ ਅਣਥੱਕ ਮੇਹਨਤ ਕਰਕੇ ਇਸ ਪੁਸਤਕ ਵਿਚ ਗੁਰੂ ਪ੍ਰੇਮ ਵਿਚ ਰੰਗੀਆਂ ਰੂਹਾਂ ਵਾਲਿਆਂ ਦੀਆਂ ਹੱਡ-ਬੀਤੀਆਂ ਦਾ ਵਰਨਣ ਕੀਤਾ ਹੈ।ਜਿਨ੍ਹਾਂ ਨੂੰ ਪੜ੍ਹ ਕੇ ਅਜ ਦੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਤੋਂ ਇਨਕਾਰੀ ਨਹੀਂ ਹੋ ਸਕਦੀ।

ਮੈ ਸੁਸ਼ੀਲ ਜੀ ਨੂੰ ਹਾਰਦਿਕ ਵਧਾਈ ਦਿੰਦੀ ਹਾਂ।ਜਿਨ੍ਹਾਂ ਨੇ ਇਸ ਕਿਤਾਬ ਨੂੰ ਸੰਜੋਇਆ,ਲਿਖਿਆ ਤੇ ਸਾਡੇ ਤੁਹਾਡੇ ਹੱਥਾਂ ਵਿਚ ਪਹੁੰਚਾਇਆ।

ਜੁਲਾਈ ੪ ੨੦੨੦

ਮਹਿੰਦਰ ਬਵੇਜਾ
961, stargazer drive
Mississauga

# ਬਲਿਹਾਰੀ ਕੁਦਰਤਿ ਵਸਿਆ

ਕੁਦਰਤ ਦੀ ਸੁੰਦਰਤਾ ਦੇ ਛੱਟੇ ਦੇ ਕੇ ਧਰਤੀ ਦੀ ਰੌਣਕ ਵਧਾਉਣ ਵਾਲੀਆਂ ਥਾਵਾਂ ਹੋਰ ਵੀ ਬਥੇਰੀਆਂ ਹੋਣਗੀਆਂ ਪਰ ਹੇਮਕੁੰਟ ਸਾਹਿਬ ਦੀ ਅਲੌਕਿਕ ਸੁੰਦਰਤਾ ਦੇ ਝਲਕਾਰਿਆਂ ਦੇ ਮੀਂਹ ਵਿਚ ਨਹਾ ਕੇ ਜਿਹੜੇ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ,ਉਹ ਹੋਰ ਕਿਤੇ ਨਹੀਂ।ਕਹਿਰਾਂ ਦੀ ਸੁੰਦਰਤਾ ਨੂੰ ਆਪਣੇ ਅੰਗ ਸਮਾਉਣ ਵਾਲੀ ਇਸ ਰੰਗੀਨ ਵਾਦੀ ਨੂੰ ਅਨਹਦ ਸ਼ਬਦ ਦੀ ਗੁੰਜਾਰ ਨੇ ਗੁੰਜਾਰਿਆ ਹੋਇਆ ਹੈ।ਨਾਮ-ਰਸ ਦੀ ਫੁਹਾਰ ਨੇ ਸਿੰਜਿਆ ਹੋਇਆ ਹੈ ਤੇ ਤਪੀਸ਼ਰਾਂ ਦੀ ਊਰਜਾ ਨੇ ਇਸਦੀਆਂ ਕੰਦਰਾਂ ਨੂੰ ਸਮਾਧੀਆਂ ਦੀਆਂ ਗੁਫਾਵਾਂ ਨਾਲ ਸ਼ਿੰਗਾਰਿਆ ਹੋਇਆ ਹੈ।

ਸਾਰੀ ਦੁਨੀਆਂ ਵਿਚ ਹਿਮਾਲਾ ਪ੍ਰਬਤ ਨੂੰ ਤਪੱਸਵੀਆਂ ਦਾ ਅਸਲੀ ਠਿਕਾਣਾ ਮੰਨਿਆ ਗਿਆ ਹੈ।ਹੇਮਕੁੰਟ ਸਾਹਿਬ ਤੋਂ ਇਲਾਵਾ ਹਿਮਾਲਾ ਦੀਆਂ ਚੋਟੀਆਂ ਉਤੇ ਹੋਰ ਵੀ ਕਈ ਤਪ-ਸਥਾਨ ਹਨ ਜਿਹੜੇ ਯੋਗੀਆਂ ਦੀਆਂ ਹਜਾਰਾਂ ਸਾਲਾਂ ਦੀਆਂ ਸਮਾਧੀਆਂ ਦੀ ਊਰਜਾ ਦੇ ਖਜਾਨੇ ਸਾਂਭੀ ਬੈਠੇ ਹਨ ਪਰ ਹੇਮਕੁੰਟ ਸਾਹਿਬ ਦੇ ਤਪ-ਸਥਾਨ ਉਤੇ ਦੁਸ਼ਟ ਦਮਨ ਦੀ ਅਤੇ ਹੋਰ ਅਨੇਕਾਂ ਤਪੱਸਵੀਆਂ ਦੀ ਜੁਗਾਂ ਜੁਗਾਂਤਰਾਂ ਦੀ ਤਪ ਸਾਧਨਾਂ ਨੇ ਊਰਜਾ ਦੇ ਐਸੇ ਭੰਡਾਰ ਇਕੱਠੇ ਕੀਤੇ ਹੋਏ ਹਨ ਕਿ ਉਹ ਧਰਤੀ ਮਾਤਾ ਦੀ ਉਮਰ ਤੱਕ ਕਾਇਮ ਰਹਿਣਗੇ।

ਇਹ ਵੀ ਸੱਚ ਹੈ ਕਿ ਤਪ-ਸਥਾਨਾਂ ਉਤੇ ਜਾਣ ਵਾਲੇ ਯਾਤਰੂਆਂ ਵਿਚ ਕੋਈ ਵਿਰਲਾ ਹੀ ਹੁੰਦਾ ਹੈ ਜਿਹੜਾ ਇਸ ਊਰਜਾ ਨੂੰ ਗ੍ਰਹਿਣ ਕਰਨ ਦੇ ਯੋਗ ਹੋਵੇ।ਕਈ ਤਾਂ ਸੈਰ ਸਪਾਟਿਆਂ ਦੇ ਸ਼ੌਕੀਨ ਹੀ ਹੁੰਦੇ ਹਨ।ਉਨ੍ਹਾਂ ਵਿਚੋਂ ਵੀ ਕਦੀ ਕਦੀ ਐਸੇ ਮਿਲ ਜਾਂਦੇ ਹਨ ਜਿਹੜੇ ਰੱਬੀ ਮੇਹਰ ਨਾਲ ਊਰਜਾ ਦਾ ਅਨੁਭਵ ਕਰ ਲੈਂਦੇ ਹਨ ਪਰ ਜਿਹੜੇ ਗੁਰੂ-ਪ੍ਰੇਮ ਵਿਚ ਭਿੱਜੇ ਹੋਏ ਹੁੰਦੇ ਹਨ।ਉਨ੍ਹਾਂ ਦੀ ਸ਼ਰਧਾ ਨੂੰ ਫਲ ਜਰੂਰ ਲਗਦਾ ਹੈ।ਕਈ ਸ਼ਰਧਾਲੂ ਆਪਣੀਆਂ ਦੁਨਿਆਵੀ ਦੁੱਖਾ ਸੁੱਖਾਂ ਦੀਆਂ ਲੋੜਾਂ ਦੀ ਪੂਰਤੀ ਲਈ ਫਰਿਆਦ ਕਰਨ ਲਈ ਪਹੁੰਚਦੇ ਹਨ।ਰੱਬੀ ਊਰਜਾ ਨਾਲ ਭਰੀ ਹੋਈ ਥਾਂ ਉਤੇ ਰੱਬੀ ਰੂਹਾਂ ਵਾਲਿਆਂ ਦਾ ਅਤੇ ਸ਼ਹੀਦ ਸਿੰਘਾਂ ਦਾ ਠਿਕਾਣਾ ਹੁੰਦਾ ਹੈ ਇਸ ਲਈ ਪ੍ਰੇਮਾ ਭਗਤੀ ਨਾਲ ਕੀਤੀਆਂ ਹੋਈਆਂ ਅਰਦਾਸਾਂ ਪੂਰੀਆਂ ਹੁੰਦੀਆਂ ਹਨ ਪਰ ਜਿਨ੍ਹਾਂ ਨੇ ਨਾਮ ਬਾਣੀ ਦੀ ਕਮਾਈ ਕੀਤੀ ਹੋਈ ਹੁੰਦੀ ਹੈ ਤੇ ਜਿਹੜੇ ਮੋਹ ਮਾਇਆ ਦੇ ਜਾਲ ਤੋਂ ਪਿੱਛਾ ਛੁਡਾ ਕੇ ਅਪਣੇ ਆਪ ਨੂੰ ਸਿਰਫ ਰੱਬੀ ਰੰਗ ਵਿਚ ਰੰਗਣ ਲਈ ਹੀ ਜਾਂਦੇ ਹਨ,ਉਨ੍ਹਾਂ ਨੂੰ ਉਹ ਕੁਝ ਮਿਲ ਜਾਂਦਾ ਹੈ ਜਿਹੜਾ ਕਿਸੇ ਤਪੋ-ਭੂਮੀ ਤੋਂ ਲੈਣ ਜਾਈਦਾ ਹੈ।ਉਹ ਇਸ ਊਰਜਾ ਦਾ

ਪੂਰਾ ਲਾਹਾ ਲੈਂਦੇ ਹਨ ਤੇ ਆਪਣੀ ਪ੍ਰੇਮਾ=ਭਗਤੀ ਨਾਲ ਇਸ ਥਾਂ ਦੀ ਊਰਜਾ ਵਿਚ ਵਾਧਾ ਵੀ ਕਰਦੇ ਹਨ। ਇਸ ਤਰ੍ਹਾਂ ਭਗਤਾਂ ਦੀ ਊਰਜਾ ਤੀਰਥਾਂ ਦੀ ਰੰਗਤ ਵਿਚ ਵਾਧਾ ਕਰਦੀ ਰਹਿੰਦੀ ਹੈ।

# ਸ੍ਰੀ ਹੇਮ ਕੁੰਟ ਸਾਹਿਬ



ਸੁੰਦਰਤਾ ਦੇ ਦੇਸ਼ ਪਹੁੰਚ ਕੇ ਜਦੋਂ ਅਸੀਂ ਕੁਦਰਤ ਦੀ ਸੁੰਦਰਤਾ ਦੇ ਇਲਾਹੀ ਦ੍ਰਿਸ਼ ਦੇਖਦੇ ਹਾਂ ਤਾਂ ਸੋਹਣੀ ਕੁਦਰਤ ਨੂੰ ਸਿਰਜਣ ਵਾਲੇ ਦੇ ਦਰਸ਼ਨਾਂ ਲਈ ਮਨ ਲੋਚਦਾ ਹੈ। ਬਾਹਰਲੀ ਸੁੰਦਰਤਾ ਨੂੰ ਦੇਖ ਕੇ,ਬੰਦੇ ਨੂੰ ਆਪਣੇ ਧੁਰ ਅੰਦਰੋਂ ਫੁੱਟਦੇ ਸੁੰਦਰਤਾ ਦੇ ਸੋਮਿਆਂ ਦੀ ਖਿੱਚ ਪੈਂਦੀ ਹੈ। ਸਰਵ-ਵਿਆਪਕ,ਸਰਵ ਸ਼ਕਤੀਮਾਨ ਨੂੰ ਆਪਣੇ ਅੰਦਰੋਂ ਲੱਭਣ ਲਈ ਅੰਦਰਲੇ ਕਵਾੜ ਖੋਲ੍ਹਣ ਨੂੰ ਮਨ ਲੋਚਦਾ ਹੈ। ਬਿਰਹੋਂ ਬਾਣ ਸਹਿੰਦਾ ਦਿਲ,ਉਸ ਸੋਹਣੇ ਦੀ ਸੁੰਦਰਤਾ ਵਿਚ ਸਮਾ ਜਾਣਾ ਲੋੜਦਾ ਹੈ। ਸੋਹਣੀ ਥਾਂ ਵਿਚ ਵਿਚਰਦਿਆਂ ਅੰਤਾਂ ਦੇ ਸੋਹਣੇ ਪ੍ਰੀਤਮ ਦਾ ਰੂਪ ਨਿਹਾਰਨ ਲਈ ਅਸੀਂ ਆਪਣਾ ਅੰਦਰ ਫਰੋਲਣ ਲੱਗ ਪੈਂਦੇ ਹਾਂ। ਅੰਦਰ ਹੀ ਅੰਦਰ ਲਹਿੰਦੇ ਹੋਏ ਧੁਰ ਅੰਦਰ ਵਹਿੰਦੇ ਸੁੰਦਰਤਾ ਦੇ ਕੜ ਪਾੜਨ ਲਈ ਤਿੱਖੇ ਦਰਦ ਦੀਆ ਨਹੁੰਦਰਾਂ ਮਾਰ ਦਿਲ-ਧਰਤੀ ਖਰੋਚਣ ਲੱਗ ਪੈਂਦੇ ਹਾਂ।

**"ਜੋ ਬ੍ਰਹਮੰਡੇ ਸੋਈ ਪਿੰਡੇ॥ ਜੋ ਖੋਜੇ ਸੋ ਪਾਵੈ॥"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੬੯੫)**

ਜਿਉਂ ਜਿਉਂ ਵਿਸ਼ਾਲ ਬ੍ਰਹਮੰਡ ਦੇ ਪੰਜ ਤੱਤਾਂ ਨਾਲ ਇਕ ਸੁਰ ਹੋ ਕੇ ਅਸੀਂ ਭਗਤੀ ਰਸ ਵਿਚ ਲੀਨ ਹੁੰਦੇ ਜਾਂਦੇ ਹਨ ਤਿਉਂ ਤਿਉਂ ਪ੍ਰਭੂ ਮਿਲਾਪ ਦੇ ਫਾਸਲੇ ਘਟਦੇ ਜਾਂਦੇ ਹਨ। ਕਦੀ ਆਪਣੇ ਪਿਆਰੇ ਨੂੰ ਗੁਰੂ ਰੂਪੀ ਸਾਧ ਸੰਗਤ ਵਿਚੋਂ ਨਿਹਾਰਦੇ ਹਾਂ। ਹਰ ਪਾਸਿਓਂ ਆ ਰਹੀ ਨਾਮ ਦੀ ਧੁਨੀ ਉਸਦੀ ਯਾਦ ਵਿਚ ਬਉਰੇ ਬਣਾ ਦਿੰਦੀ ਹੈ। ਕਿਸੇ ਨੂੰ ਆਪਣੇ ਘਰ-ਬਾਰ ਦੀ

ਸੋਝੀ ਨਹੀਂ ਰਹਿੰਦੀ। ਦੁਸ਼ਟ ਦਮਨ ਦੇ ਚਰਨਾਂ ਤੋਂ ਬਲਿਹਾਰੀ ਜਾਂਦੀਆਂ ਸੰਗਤਾਂ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਬਾਵਲੀਆਂ ਹੋਈਆਂ ''ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ'' ਕਹਿ ਇਕ ਦੂਜੇ ਨੂੰ ਗੁਰੂ-ਸਾਂਝ ਦੀ ਅਪਣੱਤ ਜਤਾਉਂਦੀਆਂ ਹਨ। ਗੁਰੂ ਚਰਨਾਂ ਨਾਲ ਜੁੜੀ ਹੋਈ ਗੁਰੂ ਸੰਵਾਰੀ ਸਾਧ ਸੰਗਤ ਦਾ ਪ੍ਰੇਮ-ਖੇੜਾ ਅਤੇ ਵੈਰਾਗ ਦੇਖ ਕੇ ਸੱਚੇ ਪਾਤਿਸ਼ਾਹ ਦੇ ਦਰਸ਼ਨ ਹੋ ਜਾਣ ਜਿਹੀ ਖੁਸ਼ੀ ਹਾਸਲ ਹੁੰਦੀ ਹੈ।

ਹੇਮਕੁੰਟ ਪਰਬਤ ਦੇ ਗਲੇ ਵਿਚ ਗਾਨੀ ਬਣ ਕੇ ਸਜੀ ਹੋਈ ਫੁੱਲਾਂ ਦੀ ਘਾਟੀ ਦੀ ਚੁੜ੍ਹਾਈ ਅੱਧਾ ਕੁ ਮੀਲ ਹੈ ਅਤੇ ਲੰਬਾਈ ਤਕਰੀਬਨ ਸੱਤ ਮੀਲ ਹੈ। ਇਲਾਹੀ ਗੀਤ ਗਾਉਂਦੇ ਝਰਨਿਆਂ ਨਾਲ ਸ਼ਿਗਾਰੀ ਹੋਈ ਇਸ ਘਾਟੀ ਵਿਚ ਵਿਚਰਦਿਆਂ ਮਨ ਸਿਰਜਨਹਾਰੇ ਦੇ ਦਰਸ਼ਨਾਂ ਲਈ ਬਿਲਲਾਉਂਦਾ ਹੈ। ਅਤਿ ਸੁੰਦਰ, ਸੁਗੰਧਿਤ ਅਤੇ ਸ਼ੋਖ ਅਦਾਵਾਂ ਵਾਲੇ ਫੁੱਲਾਂ ਦੇ ਰੰਗਾਂ ਤੇ ਸੁਗੰਧੀਆਂ ਦੀ ਛਹਿਬਰ ਵਿਚ ਨਹਾ ਕੇ ਨਾਮ ਦੀ ਕਣੀ ਲਈ ਵਿਲਕਦੇ ਚਾਤ੍ਰਿਕ-ਮਨ ਦੀ ਪੁਕਾਰ ਹੋਰ ਵੀ ਸੁਰੀਲੀ ਹੋ ਜਾਂਦੀ ਹੈ,ਤਿੱਖੀ ਹੋ ਜਾਂਦੀ ਹੈ।

ਗੋਬੰਦ ਧਾਮ ਤੋਂ ਹੇਮਕੁੰਟ ਸਾਹਿਬ ਨੂੰ ਜਾਂਦਿਆਂ ਸ਼ੁਰੂ ਵਿਚ ਹੀ,ਨਦੀ ਦਾ ਪੁਲ ਪਾਰ ਕਰਕੇ ਇਕ ਰਸਤਾ ਫੁੱਲਾਂ ਦੀ ਘਾਟੀ ਨੂੰ ਜਾਂਦਾ ਹੈ ਤੇ ਦੂਜੇ ਪਾਸੇ ਸਾਹਮਣੇ ਇਕ ਬਹੁਤ ਵੱਡਾ ਝਰਨਾ ਪਹਾੜ ਦੀ ਸਿਖਰ ਤੋਂ ਡਿਗਦਾ ਹੋਇਆ ਹਰ ਇਕ ਦਾ ਧਿਆਨ ਆਪਣੀ ਵਲ ਖਿੱਚਦਾ ਹੋਇਆ ਕੋਈ ਨਾ ਕੋਈ ਕੁਦਰਤ ਦਾ ਸੁਨੇਹਾ ਹਰ ਇਕ ਦੇ ਕੰਨੀਂ ਪਾਉਂਦਾ ਹੈ। ਕਿਸੇ ਦੇ ਦਿਲ ਦੀਆਂ ਤਾਰਾਂ ਉਤੇ ਨਾਮ ਸਿਮਰਨ ਦੀ ਝੁਨਕਾਰ ਛਿੜ ਪੈਂਦੀ ਹੈ ਤੇ ਕੋਈ ਸੰਤਾਂ ਕਵੀਆਂ ਦੀਆਂ ਲਿਖਤਾਂ ਨਾਲ ਜੁੜ ਕੇ ਉਚੇ ਸੁੱਚੇ ਵਲਵਲਿਆਂ ਦੀਆਂ ਉਡਾਰੀਆਂ ਮਾਰਨ ਲੱਗ ਪੈਂਦਾ ਹੈ।

ਇਕ ਵਾਰੀ ਸਵੇਰੇ ਸਵੇਰੇ ਸੰਗਤਾਂ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੀਆਂ ਸੀ। ਬੀਬੀ ਗੁਰਦੀਪ ਕੌਰ ਜੀ ਜਾਂਦੇ ਜਾਂਦੇ ਰਸਤੇ ਤੋਂ ਪਰ੍ਹੇ ਹਟ ਕੇ ਝਰਨੇ ਵਲ ਮੁੜ ਗਏ। ਦੂਰ ਦੂਰ ਤੱਕ ਪੈਂਦੀ ਝਰਨੇ ਦੀ ਫੁਹਾਰ ਅਤੇ ਗੂੰਜ ਵਿਚੋਂ ਨਾਮ ਸਿਮਰਨ ਦੀ ਅਵਾਜ ਸੁਣ ਕੇ ਓਹ ਉਥੇ ਹੀ ਖੜ ਗਏ। ਝਰਨੇ ਦੇ ਪਾਣੀ ਵਾਂਗ ਹੀ ਉਨ੍ਹਾਂ ਦੇ ਦਿਲ ਵਿਚ ਵੀ ਪ੍ਰੇਮ ਦਾ ਹੜ੍ਹ ਆਇਆ ਤੇ ਅੱਖੀਆਂ ਰਾਹੀਂ ਵਹਿਣ ਲੱਗਿਆ। ਜੀਵਨ ਦੇ ਆਖਰੀ ਸਾਵਾਸ ਤੱਕ ਲਗਾਤਾਰ ਝਰਨੇ ਵਾਂਗ ਹੀ ਪ੍ਰੇਮ-ਰਸ ਦੇ ਹੰਝੂ ਬਣ ਕੇ ਵਹਿ ਜਾਣ ਲਈ ਉਨ੍ਹਾਂ ਦੇ ਦਿਲ ਵਿਚੋਂ ਹੂਕਾਂ ਉਠੀਆਂ ਤੇ ਭਾਈ ਵੀਰ ਸਿੰਘ ਜੀ ਦੀ ਕਵਿਤਾ ਦੇ ਬੋਲਾਂ ਰਾਹੀਂ ਪ੍ਰਗਟ ਹੋਣ ਲੱਗੀਆਂ।



ਸੀਨੇ ਖਿਚ ਜਿਨ੍ਹਾਂ ਨੇ ਖਾਧੀ
ਉਹ ਕਰ ਅਰਾਮ ਨਹੀਂ ਬਹਿੰਦੇ
ਨੇਹੁ ਵਾਲੇ ਨੈਨਾਂ ਕੀ ਨੀਂਦਰ
ਉਹ ਦਿਨੇ ਰਾਤ ਪਏ ਵਹਿੰਦੇ।

ਭਾਈ ਸਾਹਿਬ ਭਾਈ ਵੀਰ ਸਿੰਘ

ਤਪ-ਸਾਧਨਾਂ ਦੇ ਰੰਗ ਰਸ ਵਿਚ ਰੰਗੀ ਰਸੀ ਸਪਤ-ਸ੍ਰਿੰਗ ਦੀ ਵਾਦੀ ਵਿਚ ਕਈ ਥਾਵਾਂ ਉੱਤੇ ਬਹੁਤ ਉਚੇਰੇ ਪਰਬਤਾਂ ਦੀਆਂ ਟੀਸੀਆਂ ਤੋਂ ਚਾਂਦੀ ਰੰਗੇ ਪਾਣੀ ਦੇ ਝਰਨਿਆਂ ਦੀਆਂ ਲੜੀਆਂ ਧੁਰ ਨੀਚੇ ਡਿਗਦੀਆਂ ਹੋਈਆਂ ਦਿਲਾਂ ਨੂੰ ਧੂਅ ਪਾਉਂਦੀਆਂ ਹਨ।ਉੱਚਿਆਂ ਪਹਾੜਾਂ ਦੇ ਸਿਖਰਾਂ ਤੋਂ ਨਦੀ ਦੀ ਸਤ੍ਹਾ ਤੱਕ ਛਾਲਾਂ ਮਾਰਦੇ ਝਰਨੇ ਰਸਤੇ ਵਿਚ ਜੇ ਕਿਧਰੇ ਕਿਸੇ ਵੱਡੇ ਪੱਥਰ ਨਾਲ ਟਕਰਾਉਂਦੇ ਵੀ ਹਨ ਤਾਂ ਉਨ੍ਹਾਂ ਦਾ ਟਕਰਾਉਣਾ ਹੋਰ ਵੀ ਅੱਤਿ ਦੀ ਸੁੰਦਰਤਾ ਨੂੰ ਜਨਮ ਦਿੰਦਾ ਹੈ।

ਵਿਸ਼ਾਲ ਪਰਬਤ ਦੁਨੀਆਂ ਭਰ ਦੀ ਸੁੰਦਰਤਾ ਨੂੰ ਬੁੱਕਲ ਵਿਚ ਲਪੇਟੀ,ਸਪਤਸ੍ਰਿੰਗ ਦਾ ਤਾਜ ਪਹਿਨੀ ਆਪਣੇ ਬੁੱਕ ਵਿਚ ਅੰਮ੍ਰਿਤ ਦਾ ਕੁੰਡ ਸੰਭਾਲੀ ਅਡੋਲ ਖੜਾ ਹੈ।ਇਸ ਸੋਹਣੇ ਬੁੱਕ ਦੀਆਂ ਉਂਗਲੀਆਂ ਦੀ ਵਿਰਲ ਥਾਣੀ ਕਿਰਦੇ ਪਾਣੀ ਦੀਆਂ ਕੂਲ੍ਹਾਂ ਨਿਵਾਣਾਂ ਵਲ ਵਹਿੰਦੀਆਂ ਹੋਈਆਂ ਤਪ-ਸਥਾਨ ਦੀ ਛੁਹ ਨੂੰ ਆਪਣੇ ਨਾਲ ਨਾਲ ਲਈ ਜਾਂਦੀਆਂ, ਹੇਮ ਗੰਗਾ,ਅਲਖ ਨੰਦਾ ਅਤੇ ਹੋਰ ਕਈ ਨਦੀਆਂ ਦਾ ਰੂਪ ਧਾਰਦੀਆਂ ਹਨ।ਤਪੱਸਵੀਆਂ ਦੀ ਧਰਤੀ ਦਾ ਸੁਨੇਹਾ ਦੂਰ ਦੂਰ ਤੱਕ ਜੀਵ-ਜੰਤੂਆਂ ਦੇ ਕੰਨੀ ਪਾਉਣ ਲਈ ਉੱਛਲਦੀਆਂ ਕੁੱਦਦੀਆਂ ਦੌੜੀਆਂ ਜਾਂਦੀਆਂ ਹਨ।

ਸਪਤਸ੍ਰਿੰਗ ਦੇ ਪਾਕ-ਪਵਿੱਤਰ ਬੁੱਕ ਵਿਚ ਸਜੇ ਅੰਮ੍ਰਿਤ ਕੁੰਡ ਵਿਚੋ ਕਿਰ ਕੇ ਆਈ ਹੇਮ ਗੰਗਾ,ਹੇਮ ਕੁੰਟ ਤੋਂ ਗੋਬਿੰਦ ਧਾਮ ਤਕ ਰਸਤੇ ਦੇ ਨਾਲ ਨਾਲ ਵਹਿੰਦੀ ਹੋਈ ਸਾਨੂੰ ਹੇਮ ਕੁੰਟ ਨਾਲ ਜੋੜੀ ਰੱਖਦੀ ਹੈ।ਗੋਬਿੰਦ ਧਾਮ ਦੇ ਸਰੋਵਰ ਵਿਚ ਵੀ ਇਸੇ ਨਦੀ ਦਾ ਪਾਣੀ ਵਹਿੰਦਾ ਹੈ।ਇਸ ਸਰੋਵਰ ਵਿਚ ਇਸ਼ਨਾਨ ਕਰਨ ਸਮੇਂ ਹੇਮ-ਕੁੰਟ ਸਾਹਿਬ ਦੀ ਛੋਹ ਪ੍ਰਾਪਤ ਹੁੰਦੀ ਹੈ।

ਭਰਵੀਂ ਅਵਾਜ਼ ਰਾਹੀਂ ਵਾਹਿਗੁਰੂ ਨਾਮ ਉਚਾਰਦੀ ਦੌੜੀ ਜਾਂਦੀ ਹੇਮ ਗੰਗਾ ਵੱਡੇ-ਵੱਡੇ ਪੱਥਰਾਂ ਉਤੋਂ ਉੱਚੀਆਂ ਉੱਚੀਆਂ ਛਾਲਾਂ ਮਾਰਦੀ ਅਤੇ ਨਿੱਕੇ ਮੋਟੇ ਪੱਥਰਾਂ ਨੂੰ ਆਪਣੇ ਨਾਲ ਰੁੜ੍ਹਾਈ ਲਿਜਾਂਦੀ ਪਤਾ ਨਹੀਂ ਕਦੋਂ ਤੋਂ ਸੱਚੇ ਨਾਮ ਦੀ ਅਖੰਡ-ਧੁਨੀ ਇ੍ਹਨਾਂ ਚੁੱਪ ਚਾਪ ਖੜ੍ਹੇ ਪਹਾੜਾਂ ਦੇ ਕੰਨੀ ਪਾ ਰਹੀ ਹੈ। ''ਵਾਹਿਗੁਰੂ ਵਾਹਿਗੁਰੂ'' ਉਚਾਰਦੀ ਇਸ ਨਦੀ ਦੀ ਸੰਗਤ ਨਾਲ ਸਾਡੇ ਮਨਾਂ ਦੇ ਅੰਦਰੋਂ ਵੀ ਇਹੋ ਅਵਾਜ਼ ਨਿਕਲ ਕੇ ਨਦੀ ਦੀ ਅਵਾਜ਼ ਵਿਚ ਇਕ-ਮਿੱਕ ਹੋ ਕੇ ਅਜੀਬ ਰੰਗ ਬੰਨ੍ਹਦੀ ਹੈ।ਕਦੀ ਨਾ ਚੁੱਪ ਹੋਣ ਵਾਲੀ ਤੇ ਕਦੀ ਨਾ ਰੁਕਣ ਵਾਲੀ,ਅਨੰਤ ਕਾਲ ਤੋਂ ਲਗਾਤਾਰ ਸਿਮਰਨ ਦੀਆਂ ਗੁੰਜਾਰਾਂ ਪਾਉਂਦੀ ਹੋਈ ਨਦੀ ਨੂੰ ਕਦੀ ਅਰਾਮ ਕਰਨ ਦਾ ਖਿਆਲ ਹੀ ਨਹੀਂ ਆਇਆ।ਸੱਚੇ ਨਾਮ ਦੀ ਧੂਫ ਧੁਖਾਕੇ ਨਾਮ-ਰਸ ਦੀਆਂ ਮਹਿਕਾਂ ਵੰਡਦੀ,ਦੌੜੀ ਜਾ ਰਹੀ ਹੇਮ ਗੰਗਾ ਵਲ ਦੇਖਕੇ ਰੀਝਦਾ ਹੋਇਆ ਮਨ ਕਹਿ ਉਠਦਾ ਹੈ:-

**'' ਕਾਸ਼! ਕਿਤੇ ਸਾਡੇ ਸਾਹਾਂ ਦੇ ਦੌਰ ਵਿਚ ਵੀ ਇਸੇ ਤਰ੍ਹਾਂ ਹੀ ਸੱਚੇ ਨਾਮ ਦੀ ਅਖੰਡ-ਧੁਨੀ ਦੀ ਰੌਅ ਵਹਿ ਤੁਰੇ, ਜੋ ਕਦੀ ਰੁਕਣ ਦਾ ਨਾਮ ਨਾ ਲਵੇ ਤੇ ਆਖਰੀ ਸਾਹਾਂ ਤਕ ਸਾਡੇ ਜੀਵਨ ਨੂੰ ਨਾਮ-ਰਸ ਨਾਲ ਸਿੰਜਦੀ ਰਵ੍ਹੇ....!''**

ਭਿੰਨੜੀ ਰੈਣ ਨੂੰ ਹੋਰ ਰਸੀਲਾ ਬਣਾਉਣ ਲਈ ਅਤੇ ਅੰਮ੍ਰਿਤ ਵੇਲੇ ਦੀ ਸੁੱਚਮ ਨੂੰ ਅੰਮ੍ਰਿਤ ਸੁਰਾਂ ਵਿਚ ਰੰਗਣ ਲਈ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ, ਜਾਂ ਦਰਸ਼ਨ ਕਰਕੇ ਵਾਪਸ ਆ ਰਹੇ ਕੀਰਤਨੀਏ ਸਿੰਘ ਰਿਸ਼ੀ ਕੇਸ਼, ਗੋਬਿੰਦ ਘਾਟ, ਗੋਬਿੰਦ ਧਾਮ ਅਤੇ ਹੇਮਕੁੰਟ ਸਾਹਿਬ ਸਾਹਿਬ ਦੇ ਗੁਰਦਵਾਰਿਆਂ ਵਿਚ ਕੀਰਤਨ ਕਰਦੇ ਹਨ।ਇਹ ਗੱਲ ਸਪਸ਼ਟ ਤੋਰ ਉਤੇ ਸਾਹਮਣੇ ਆਉਂਦੀ ਹੈ ਕਿ ਕੀਰਤਨੀਏ ਸਿੰਘਾਂ ਦੀਆਂ ਬਿਰਤੀਆਂ ਪਹਿਲਾਂ ਨਾਲੋਂ ਵੱਧ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੀਆਂ ਹੋਈਆਂ ਹੁੰਦੀਆਂ ਹਨ।ਉਹ ਅਨੰਦ ਭਰਪੂਰ ਹੋ ਕੇ ਗਾਉਂਦੇ ਹਨ।ਬਾਣੀ ਦੇ ਭਾਵ ਨੂੰ ਮਨਾਂ ਵਿਚ ਵਸਾ ਕੇ, ਮਿੱਠੇ ਸੁਰਾਂ ਦੇ ਅਸਰ ਨਾਲ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਦੇ ਹਨ।ਦੂਜੇ ਪਾਸੇ ਉਸ ਧਰਤੀ ਉਤੇ ਪਹੁੰਚ ਕੇ ਜਿਥੋਂ ਦੇ ਕਣ ਕਣ ਵਿਚੋਂ ''ਏਕ ਤੂ ਹੀ-ਏਕ ਤੂ ਹੀ।'' ਦੀ ਅਵਾਜ਼ ਗੂੰਜਦੀ ਹੈ, ਕੀਰਤਨ ਸੁਣਨ ਵਾਲਿਆਂ ਦੀ ਸੁਰਤੀ ਬਿਰਤੀ ਵੀ ਬਦਲੀ-ਬਦਲੀ ਨਜ਼ਰ ਆਉਂਦੀ ਹੈ।ਗੁਰੂ-ਪ੍ਰੇਮ ਦੇ ਰਸਤੇ ਉਤੇ ਤਾਂ ਜੇਕਰ ਸਿੱਖ ਇਕ ਕਦਮ ਪੁੱਟਦਾ ਹੈ ਤਾਂ ਉਸਦਾ ਗੁਰੂ ਅਨੇਕਾਂ ਕਦਮ ਉਸਨੂੰ ਅੱਗਲਵਾਂਢੀ ਹੋ ਕੇ ਮਿਲਦਾ ਹੈ।

**"ਚਰਨ ਸ਼ਰਨ ਗੁਰੂ ਏਕ ਪੈਂਡਾ ਜਾਇ ਚਲ,**
**ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥ "**

**(ਕਬਿਤ ਭਾਈ ਗੁਰਦਾਸ ਜੀ)**

ਸੰਗਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜ ਬੈਠਦੀ ਹੈ ਤੇ ਹਰ ਕੋਈ ਨਦਰੀ ਨਦਰ ਨਿਹਾਲ ਹੰਦਾ ਹੈ।ਕੀਰਤਨੀਏ ਸਿੰਘ ਕੀਰਤਨ ਕਰਨ ਵਿਚ ਮੁਗਧ ਹੁੰਦੇ ਹਨ ਅਤੇ ਸੰਗਤਾਂ ਕੀਰਤਨ-ਰਸ ਵਿਚ ਗੜੂੰਦ ਹੋ ਕੇ ਅੰਤਰ-ਗਤ ਤੀਰਥ ਮਲ ਨਹਾਉਂਦੀਆਂ ਹਨ। ਮਨ-ਵੀਣਾ ਦੀਆਂ ਤਾਰਾਂ ਉਤੇ ਸੱਚੇ ਨਾਮ ਦੀ ਧੁਨੀ ਝੁਨਝੁਨਾਉਂਦੀ ਹੈ।

ਸੁੰਦਰਤਾ ਦੇ ਖਜਾਨੇ ਸਾਂਭੀ ਬੈਠੀਆਂ ਹਿਮਾਲਾ ਪਰਬਤ ਦੀਆਂ ਸੈਂਕੜੇ ਚੋਟੀਆਂ ਵਿਚੋਂ ਸਪਤਸ੍ਰਿੰਗ ਦੀ ਸੁੰਦਰਤਾ ਅਕੱਥ ਤੇ ਅਕਹਿ ਹੈ।ਸੋਨੇ ਚਾਂਦੀ ਦੀ ਲਿਸ਼ਕੋਰ ਨਾਲ ਇਹਨਾਂ ਚੋਟੀਆਂ ਦੀ ਚਮਕ ਦੀ ਤੁਲਨਾ ਕਰਨੀ ਚੰਗੀ ਨਹੀਂ ਲਗਦੀ।ਹਾਂ! ਕਦੀ ਕਦੀ ਇੰਜ ਲਗਦਾ ਹੈ ਜਿਵੇਂ ਕੋਈ ਅਰਸ਼ੀ ਫਰਿਸ਼ਤਾ ਸੂਰਜ ਦੀ ਚਮਕ ਨਾਲ ਭਰੀ ਖੂਹੀ ਵਿਚੋਂ ਚਮਕਾਂ ਦੀਆਂ ਬਾਲਟੀਆਂ ਭਰ ਭਰ ਲਿਆਉਂਦਾ ਹੈ ਅਤੇ ਇਹਨਾਂ ਪਰਬਤਾਂ ਦੀਆਂ ਟੀਸੀਆਂ ਉਤੇ ਡੋਲ੍ਹੀ ਜਾ ਰਿਹਾ ਹੈ।ਸਪਤਸ੍ਰਿੰਗ ਉਤੇ ਝੂਲਦੇ ਸੱਤ ਕੇਸਰੀ ਨਿਸ਼ਾਨ ਸਾਹਿਬ ਇਸ ਤਰ੍ਹਾਂ ਲਗਦੇ ਹਨ ਜਿਵੇ ਦਸ਼ਮੇਸ਼ ਪਿਤਾ ਦੇ ਖਾਲਸਾ ਪੰਥ ਦੀ ਜੈ ਜੈ ਕਾਰ ਕਰਨ ਲਈ ਉਹ ਦੁਨੀਆਂ ਦੀ ਸਭ ਤੋਂ ਉੱਚੀ ਤੇ ਸੁੱਚੀ ਥਾਂ ਉਤੇ ਸੱਜ ਕੇ ਲਹਿਰਾ ਰਹੇ ਹੋਣ।

ਮੀਂਹ ਨਾਲ ਧਰਤੀ ਸਿੰਜ ਹੋਣ ਪਿਛੋਂ ਜਦੋਂ ਸਤਰੰਗੀ ਪੀਂਘ ਪੈਂਦੀ ਹੈ ਤਾਂ ਵੇਖਣ ਵਾਲਿਆਂ ਦੇ ਮਨ ਖੁਸ਼ੀ ਵਿਚ ਹੁਲਾਰੇ ਖਾਣ ਲੱਗ ਪੈਂਦੇ ਹਨ।ਮਨ ਸੋਹਣੇ ਰੰਗਾ ਵਿਚ ਰੰਗ ਹੋ ਕੇ ਖੁਸ਼ੀਆਂ ਦੇ ਝੂਟੇ ਲੈਣ ਲੱਗ ਪੈਂਦਾ ਹੈ।ਸਪਤਸ੍ਰਿੰਗ ਦੀ ਵਾਦੀ ਵਿਚ ਸਤਰੰਗੀ ਪੀਂਘ ਦਾ ਜਲਵਾ ਐਸਾ ਰੰਗ ਬੰਨ੍ਹਦਾ ਹੈ ਕਿ ਉਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ।ਸਰੋਵਰ ਉਤੇ, ਚੋਟੀਆਂ ਉਤੇ ਖਾਸ ਕਰਕੇ ਝਰਨਿਆਂ ਉਤੇ ਇਹ ਰੰਗ ਐਨੇ ਗੂੜ੍ਹੇ ਹੋ ਕੇ ਚਮਕਦੇ ਹਨ ਕਿ ਦੇਖ-ਦੇਖ ਅੱਖੀਆਂ ਨਹੀਂ ਰੱਜਦੀਆਂ।ਰੰਗਾ ਦਾ ਸਾਰਾ ਸੁਹੱਪਣ ਸਿਮਟ ਕੇ ਸੱਤ ਲਕੀਰਾਂ ਵਿਚ ਇਕੱਠਾ ਹੋ ਜਾਂਦਾ ਹੈ।ਸੱਤ ਰੰਗੇ ਨੂਰ ਦੀਆਂ ਰਿਸ਼ਮਾਂ ਲਰਜ਼ਦੀਆਂ ਹਨ,ਇਹਨਾਂ ਰੰਗਾਂ ਦੀਆਂ ਰੇਸ਼ਮੀ ਲਹਿਰਾਂ ਨਾਲ ਪਰਬਤ ਸੰਵਰ ਜਾਂਦੇ ਹਨ ਤੇ ਨੂਰੋ ਨੂਰ ਹੋ ਜਾਂਦੇ ਹਨ।

ਚੜ੍ਹਦੇ ਸੂਰਜ ਦੀਆਂ ਪਹਿਲ ਰੁਪੈਹਿਲੀਆਂ ਕਿਰਨਾਂ ਨੀਲ-ਕੰਠ ਪਰਬਤ ਉਤੇ ਪੈਂਦੀਆਂ ਹਨ ਤਾਂ ਇਸਦੀ ਤਿੱਖੀ ਚੋਟੀ ਦੇ ਸਿਖਰ ਉਤੇ ਸੁਨਹਿਰੇ ਦਾ ਲੇਪ ਹੋਣਾ ਸ਼ੁਰੂ ਹੋ ਜਾਂਦਾ ਹੈ।ਜਿਉਂ ਜਿਉਂ ਸੂਰਜ ਉਪਰ ਉੱਠਣ ਲਗਦਾ ਹੈ ਸੁਨਹਿਰਾ ਥੱਲੇ ਵਲ ਆਓਣਾ ਸ਼ੁਰੂ ਹੋ ਜਾਂਦਾ ਹੈ।ਦੇਖਦਿਆਂ ਦੇਖਦਿਆਂ ਸਾਰੀ ਚੋਟੀ ਸੁਨਹਿਰੇ ਨਾਲ ਭਰ ਜਾਂਦੀ ਹੈ।ਆਲੇ ਦੁਆਲੇ ਦੇ ਬਾਕੀ ਪਰਬਤਾਂ ਉਤੇ ਭੀ ਚੜ੍ਹਦੇ ਸੂਰਜ ਨਾਲ ਨਿਖਾਰ ਆਉਂਦਾ ਹੈ ਪਰ ਨੀਲ-ਕੰਠ ਦੀ ਵਿੱਲਖਣਤਾ ਇਸ ਦੇ ਸੁਨਹਿਰੇ-ਪਨ ਕਰਕੇ ਹੈ।ਹੋਰ ਕਿਸੇ ਪਰਬਤ ਉਤੇ ਸੁਨਹਿਰੀ ਰੰਗ ਨਹੀਂ ਹੁੰਦਾ ਪਰ ਨੀਲਕੰਠ ਦਾ ਰੰਗ ਅੱਗ ਦੀ ਲਾਟ ਵਰਗਾ ਹੋ ਜਾਂਦਾ ਹੈ।ਇਸਦੀ ਬਰਫ,ਪੱਥਰ ਸਭ ਕੁਝ ਸੋਨਾ

ਹੀ ਸੋਨਾ ਨਜਰੀਂ ਆਉਂਦੀ ਹੈ।ਆਲੇ ਦੁਆਲੇ ਦੀਆਂ ਸੈਂਕੜੇ ਚੋਟੀਆਂ ਵਿਚੋਂ ਇਹ ਚੋਟੀ ਸੁਨਹਿਰੀ ਫੁੱਲ ਬਣ ਕੇ ਖਿੜ ਜਾਂਦੀ ਸੀ।ਜਿਉਂ ਜਿਉਂ ਚੜ੍ਹਦਾ ਸੂਰਜ ਉਪਰ ਆਉਣ ਲਗਦਾ ਹੈ ਸੁਨਹਿਰਾ ਘਟਣਾ ਸ਼ੁਰੂ ਹੋ ਜਾਂਦਾ ਹੈ ਤੇ ਫਿਰ ਘਟਦਾ ਘਟਦਾ ਬਿਲਕੁਲ ਖਤਮ ਹੋ ਜਾਂਦਾ ਹੈ ।ਨੀਲਕੰਠ ਆਮ ਪਰਬਤਾਂ ਵਰਗਾ ਹੋ ਜਾਂਦਾ ਹੈ।

**ਜਿਵੇਂ ਭਗਤ-ਜਨ ਆਪਣੇ ਦਿਨ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਦੇ ਨਿਤਨੇਮ ਦੀਆਂ ਬਾਣੀਆਂ ਅਤੇ ਸਿਮਰਨ ਨਾਲ ਸ਼ੁਰੂ ਕਰਦੇ ਹਨ ਉਸੇ ਤਰ੍ਹਾਂ ਹੀ ਸਪਤਸ੍ਰਿੰਗ ਦੀ ਵਾਦੀ ਦੇ ਅਲੌਕਿਕ ਨਜਾਰਿਆਂ ਦਾ ਅੰਮ੍ਰਿਤ ਵੇਲਾ ਵੀ ਨੀਲ ਕੰਠ ਦੀ ਸੁਨਹਿਰੀ-ਨੂਰਾਨੀ ਰੋਸ਼ਨੀ ਦਾ ਰੂਪ ਧਾਰ ਕੇ ਪ੍ਰਗਟ ਹੁੰਦਾ ਹੈ।** ਉਚੇ ਪਰਬਤਾਂ ਦੇ ਵਿਚਕਾਰ ਸਾਫ, ਸੀਤਲ ਤੇ ਨਿਰਮਲ ਜਲ ਦਾ ਕੁੰਡ ਦੇਖ ਕੇ ਸੋਹਣੀ ਕੁਦਰਤ ਦੇ ਰਚਨਹਾਰੇ ਤੋਂ ਬਲਿਹਾਰ ਜਾਣ ਨੂੰ ਦਿਲ ਕਰਦਾ ਹੈ।ਉਸਦੇ ਦਰਸ਼ਨਾ ਲਈ ਮਨ ਲੋਚਦਾ ਹੈ।ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲਾਂ ਪਾਣੀ ਦੀ ਸ੍ਵੱਛਤਾ ਅਤੇ ਆਲੇ ਦੁਆਲੇ ਦਾ ਰੰਗੀਨ ਨਜ਼ਾਰਾ ਦੇਖ ਕੇ ਸਿਰ ਤੋਂ ਪੈਰਾਂ ਤਕ ਪ੍ਰੇਮ-ਝਰਨ੍ਹਾਟਾਂ ਥਰਥਰਾਉਣ ਲੱਗ ਪੈਂਦੀਆਂ ਹਨ ਤੇ ਫਿਰ ਜਦੋਂ ਠੰਡੇ ਠਾਰ ਪਾਣੀ ਵਿਚ ਇਸ਼ਨਾਨ ਕਰਦੇ ਹਾਂ ਤਾਂ ਮੂੰਹੋਂ ਉਚਰ ਹੋ ਰਿਹਾ 'ਵਾਹਿਗੁਰੂ' ਨਾਮ ਸਾਡੀ ਅੰਤਰ-ਆਤਮਾਂ ਨੂੰ ਠਾਰਦਾ ਹੈ।ਕੁਦਰਤ ਵਿਚੋਂ ਉਸਦੇ ਕਾਦਰ ਨੂੰ ਰੱਜ-ਰੱਜ ਕੇ ਨਿਹਾਰਦੀਆਂ ਅੱਖੀਆਂ ਦੀਆਂ ਪਲਕਾਂ ਕਦੀ ਖੁੱਲ੍ਹਦੀਆਂ ਹਨ ਅਤੇ ਕਦੀ ਮੁੰਦ ਹੋ ਕੇ ਇਹਨਾਂ ਜਲਵਿਆਂ ਨੂੰ ਦਿਲ ਦੀ ਤਹਿ ਉਤੇ ਸਦਾ ਸਦਾ ਲਈ ਬਿਠਾਉਣ ਦਾ ਯਤਨ ਕਰਦੀਆਂ ਹਨ।ਅਸੀਂ ਆਪਣੀ ਅਪੂਰਣਤਾ ਵਿਚੋਂ ਨਿਕਲ ਕੇ ਵਾਹਿਗੁਰੂ ਜੀ ਦੀ ਪੂਰਣਤਾ ਵਲ ਤੁਰ ਪੈਂਦੇ ਹਾਂ।

ਗੁਰੂ ਲੜ ਲੱਗਿਆਂ ਲਈ, ਕੁਦਰਤ ਦੇ ਰਸੀਆਂ ਲਈ ਅਤੇ ਸੰਗੀਤ ਪ੍ਰੇਮੀਆਂ ਲਈ ਤਾਂ ਹੇਮਕੰਟ ਸਾਹਿਬ ਦੀ ਯਾਤਰਾ ਸਵਰਗਾਂ ਦੇ ਝੂਟੇ ਹੀ ਹਨ।ਇਕ ਵਾਰੀ ਇਨ੍ਹਾਂ ਝੂਟਿਆਂ ਦਾ ਅਨੰਦ ਲੈ ਰਹੀ ਸੰਗਤ ਹੇਮਕੁੰਟ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਕੇ ਵਾਪਿਸ ਗੋਬਿੰਦ ਧਾਮ ਪਹੁੰਚੀ ਤਾਂ ਇਹ ਖਬਰ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ ਕਿ ਅਣਮਿੱਥੇ ਸਮੇ ਲਈ ਯਾਤਰਾ ਰੁਕ ਗਈ ਹੈ।ਗੋਬਿੰਦ ਧਾਮ ਤੋਂ ਰਿਖੀਕੇਸ਼ ਤੱਕ ਸੜਕਾਂ ਉਤੇ ਸਿੱਖ ਯਾਤਰੀਆਂ ਲਈ ਜਾਣ ਦੀ ਮਨਾਹੀ ਹੈ।ਰਿਸ਼ੀ ਕੇਸ਼ ਤੋਂ ਗੋਬਿੰਦ ਧਾਮ ਤੱਕ ਸਾਰੇ ਗੁਰਦੁਆਰਿਆ ਵਿਚ ਹਜਾਰਾਂ ਸੰਗਤਾਂ ਜਮ੍ਹਾਂ ਹੋ ਗਈਆਂ ਹਨ।ਜਿਹੜੀਆਂ ਨਾ ਅੱਗੇ ਜਾ ਸਕਦੀਆਂ ਹਨ ਤੇ ਨਾ ਹੀ ਪਿੱਛੇ ਮੁੜ ਸਕਦੀਆਂ ਹਨ।ਇਸ ਦਾ ਕਾਰਨ ਇਹ ਸੀ ਕਿ ੧੯੮੪ ਵਿਚ ਜੂਨ ਦੇ ਪਹਿਲੇ ਹਫਤੇ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲਾ ਹੋਇਆ ਤਾਂ ਉਸਦਾ ਸੰਤਾਪ ਸਾਰੇ ਦੇਸ਼ ਨੂੰ ਹੀ ਹੰਢਾਉਣਾ ਪਿਆ।

## “ਕਲਿਯੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥ ”

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ : ੪੭੦)**

ਇਲਾਹੀ ਬਾਣੀ ਦੇ ਬਚਨ ਸੱਚੇ ਹੋਏ। ਹਿੰਦੁਸਤਾਨ ਦੀ ਹੁਕਮਰਾਨ ਨੇ ਇਕ ਅਗਨੀ ਦਾ ਰੱਥ ਤਿਆਰ ਕੀਤਾ ਤੇ ਝੂਠ ਨੂੰ ਉਸਦਾ ਰਥਵਾਨ ਬਣਾ ਕੇ, ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੀ ਫੌਜ ਨੂੰ ਉਸ ਵਿਚ ਬਿਠਾ ਕੇ ਆਪਣੇ ਹੀ ਦੇਸ਼ ਦੇ ਮੰਦਰ ਦੀ ਤਬਾਹੀ ਕਰਨ ਲਈ ਤੋਰ ਦਿੱਤਾ। ਬਦਕਿਸਮਤੀ ਨਾਲ ਉਸ ਰੱਥ ਵਿਚ ਬੈਠੇ ਬਹੁਤੇ ਫੌਜੀ ਇਸ ਇਲਾਕੇ ਦੇ ਹੀ ਸਨ। ਉਨ੍ਹਾਂ ਵਿਚਾਰਿਆਂ ਨੇ ਫੌਜੀ ਵਰਦੀ ਪਹਿਨਣ ਵੇਲੇ ਕਦੀ ਇਹ ਤਾਂ ਨਹੀਂ ਸੀ ਸੋਚਿਆ ਕਿ ਉਹ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਲੜਨ ਦੀ ਥਾਂ ਆਪਣੇ ਹੀ ਦੇਸ਼ ਦਾ ਮੰਦਰ (ਅਕਾਲ ਤਖਤ ਸਾਹਿਬ) ਢਾਹੁਣਗੇ। ਪਰ ਉਸ ਵੇਲੇ ਕੂੜਿਆਰੀ ਹਕੂਮਤ ਦਾ ਹੁਕਮ ਮੰਨਣਾਂ ਮਜਬੂਰੀ ਹੋ ਗਿਆ ਸੀ। ਰੋਟੀ ਰੋਜੀ ਦਾ ਮਸਲਾ, ਹੁਕਮ ਨਾ ਮੰਨਣ ਦੀ ਸਜਾ..! ਅਤੇ ਸੱਚ ਦੇ ਰਾਹੀਆਂ ਦੇ ਖਿਲਾਫ ਕੀਤੇ ਝੂਠੇ ਪਰਚਾਰ ਕਾਰਨ, ਉਹ ਸ੍ਰੀ ਅਕਾਲ ਤਖਤ ਅੱਗੇ ਅੱਗ ਦੀ ਖੇਡ ਖੇਡਣ ਗਏ ਆਪ ਹੀ ਬਲੀ ਦੇ ਬੱਕਰੇ ਬਣ ਗਏ।

ਜਿਨ੍ਹਾਂ ਦੇ ਸਕੇ ਸੰਬੰਧੀ ਘਰੀਂ ਵਾਪਿਸ ਨਾ ਆਏ ਉਨ੍ਹਾਂ ਦੀ ਮੱਤ ਉਤੇ ਪੜਦਾ ਪਾਉਣ ਲਈ, ਗੁੱਝੀਆਂ ਚਾਲਾਂ ਚੱਲਣ ਵਾਲੇ ਹੁਕਮਰਾਨਾਂ ਨੇ ਹਿੰਦੂ ਸਿੱਖ ਦੀ ਦੁਸ਼ਮਣੀ ਦੀ ਅੱਗ ਬਾਲ ਦਿੱਤੀ। ਲੂੰਬੜ ਚਾਲਾਂ ਚੱਲਣ ਵਾਲੇ ਲੋਕਾਂ ਦੀ ਮੱਤ ਉਤੇ ਪੜਦਾ ਪਾਉਣ ਵਿਚ ਸਫਲ ਹੋ ਗਏ। ਬਦਲੇ ਦੀ ਅੱਗ ਬਲ ਗਈ। ਇਹੀ ਕਾਰਨ ਸੀ ਕਿ ਗੋਬਿੰਦ ਧਾਮ ਤੋਂ ਰਿਖੀ ਕੇਸ਼ ਤੱਕ ਬਹੁ-ਗਿਣਤੀ (ਹਿੰਦੂ) ਦੇ ਲੋਕ ਹੱਥਾਂ ਵਿਚ ਰੋੜੇ ਤੇ ਪੱਥਰ ਫੜ ਕੇ, ਸਿੱਖ ਯਾਤਰੀਆਂ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਸੜਕਾਂ ਉਤੇ ਕਤਾਰਾਂ ਬੰ੍ਨ ਕੇ ਖੜ ਗਏ। ਕੁਝ ਬੱਸਾਂ ਦੀ ਤੋੜ ਫੋੜ ਹੋਣ ਪਿੱਛੋਂ ਯਾਤਰਾ ਰੁਕ ਗਈ।

ਗੋਬਿੰਦ ਧਾਮ ਵਿਚ ਰੁਕੇ ਹੋਏ ਯਾਤਰੀ ਆਪੋ ਆਪਣੀਆਂ ਮਜਬੂਰੀਆਂ ਵਾਰੇ ਸੋਚਣ ਲੱਗੇ। ਕਿਸੇ ਨੂੰ ਆਪਣੇ ਕੰਮ ਤੋਂ ਲਈਆਂ ਛੁੱਟੀਆਂ ਦੀ ਚਿੰਤਾ ਸਤਾਉਣ ਲੱਗੀ ਤੇ ਕਿਸੇ ਨੂੰ ਆਪਣੇ ਘਰ ਦੇ ਕਾਰ ਵਿਹਾਰ ਦਾ ਫਿਕਰ ਹੋਣ ਲੱਗਿਆ। ਇਹ ਸੋਚਾਂ ਤੇ ਫਿਕਰ ਵੀ ਉਨ੍ਹਾਂ ਨੂੰ ਗੁਰੂ ਨਾਲ ਜੋੜੀ ਰੱਖਦੇ। ਸੁੱਖਾਂ ਦੇ ਦਾਤੇ ਕੋਲੋਂ ਆਪਣੇ ਘਰ ਬਾਰ ਦੀ ਸੁੱਖ ਮੰਗਦੇ ਹੋਏ ਉਹ ਸੇਵਾ ਸਿਮਰਨ ਵਿਚ ਲੱਗੇ ਰਹਿੰਦੇ। ਗੁਰੂ ਜੀ ਦੇ ਦਰਬਾਰ ਵਿਚ ਹਰ ਵੇਲੇ ਨਾਮ ਬਾਣੀ ਦਾ ਪਰਵਾਹ ਚੱਲਿਆ ਰਹਿੰਦਾ।

ਕੁਦਰਤ ਦੇ ਰਸੀਆਂ ਨੂੰ ਕੁਦਰਤ ਵਿਚ ਲੀਨ ਹੋਣ ਦਾ ਸੋਹਣਾ ਮੌਕਾ ਮਿਲ ਗਿਆ। ਖੁਲ੍ਹੇ ਸਮੇ ਦਾ ਲਾਭ ਲੈ ਕੇ ਉਹ ਰੋਜ ਹੀ ਹੇਮਕੁੰਟ ਸਾਹਿਬ ਦੇ ਰਾਹੇ ਪੈਂਦੇ। ਚੌੜੀਆਂ ਹਿੱਕਾਂ ਤਾਣੀ

ਖੜ੍ਹੇ,ਉਚ ਅਸਮਾਨਾਂ ਦੀਆਂ ਸਿਖਰਾਂ ਨੂੰ ਛੂੰਹਦੇ ਪਰਬਤਾਂ ਨੂੰ ਦੇਖ ਦੇਖ ਵਿਸਮਾਦੀ ਰੰਗਾਂ ਵਿਚ ਗੁਆਚ ਜਾਂਦੇ ਤੇ ਕਦੀ ਸਾਹਮਣੇ ਝਰਨੇ ਦੀ ਗੂੰਜ ਵਿਚੋਂ ਕੁਦਰਤ ਰਾਣੀ ਦੇ ਗੀਤ ਅਲਾਪ ਹੁੰਦੇ ਸੁਣਦੇ।ਜਪ ਤਪ ਕਰਨ ਵਾਲਿਆਂ ਲਈ ਤਾਂ ਇਹ ਇਕ ਸੁਨਹਿਰੀ ਮੌਕਾ ਸੀ।ਕਈ ਸ਼ਰਧਾਲੂ ਦੁਸ਼ਟ ਦਮਨ ਦੀ ਘੋਰ ਤਪੱਸਿਆ ਨੂੰ ਯਾਦ ਕਰਕੇ ਰੋਜ ਹੀ ਹੇਮਕੁੰਟ ਸਾਹਿਬ ਪਹੁੰਚ ਜਾਂਦੇ।ਇਨ੍ਹਾਂ ਸੁਭਾਗੀਆਂ ਜਿੰਦਾ ਵਿਚ ਕੁਝ ਬੀਬੀਆਂ ਨੇ ਵੀ ਲਾਹੇ ਪ੍ਰਾਪਤ ਕੀਤੇ।ਇਕ ਦਿਨ "ਬਲਿਹਾਰੀ ਕੁਦਰਤਿ ਵਸਿਆ॥ " ਧੁਰ ਕੀ ਬਾਣੀ ਦੇ ਅਰਥਾਂ ਨੂੰ ਕੁਦਰਤ ਦੇ ਰੰਗਾਂ ਵਿਚੋਂ ਨਿਹਾਰਦੀ ਹੋਈ ਇਕ ਬੀਬੀ ਨੇ ਘੋੜੇ ਵਾਲੇ ਨੂੰ ਛੇਤੀ ਤੋਂ ਛੇਤੀ ਹੇਮਕੁੰਟ ਸਾਹਿਬ ਪਹੁੰਚਾਉਣ ਲਈ ਕਿਹਾ।ਪਰਬਤਾਂ ਦੀ ਸੁੰਨ ਸਾਂਨ ਵਿਚ ਜਦੋਂ ਅੱਧਾ ਰਸਤਾ ਬੀਤ ਗਿਆ ਤਾਂ ਉਸਨੂੰ ਖਿਆਲ ਆਇਆ ਕਿ ਉਹ ਇਕੱਲੀ ਹੀ ਹੈ।ਉਸ ਦਿਨ ਕੋਈ ਹੋਰ ਯਾਤਰੂ ਨਹੀਂ ਸੀ ਆਇਆ।ਯਾਤਰਾ ਰੁਕ ਜਾਣ ਕਾਰਨ ਰਸਤੇ ਵਿਚ ਚਾਹ ਦੇ ਢਾਬੇ ਵੀ ਬੰਦ ਸਨ।ਉਸਨੂੰ ਘਣੇ ਜੰਗਲਾਂ ਵਿਚੋਂ ਜੰਗਲੀ ਜਾਨਵਰਾਂ ਦੀ ਹੋਂਦ ਮਹਿਸੂਸ ਹੋਈ।ਇਕ ਪੁਰਾਣੀ ਘਟਨਾਂ ਯਾਦ ਕਰਕੇ ਉਹ ਡਰ ਗਈ।

ਉਸਨੂੰ ਯਾਦ ਆਇਆ ਕਿ ਦੋ ਸਾਲ ਪਹਿਲੇ, ਯਾਤਰਾ ਦੌਰਾਨ ਉਹ ਗੋਬਿੰਦ ਧਾਮ ਦੇ ਝਰਨੇ ਨੂੰ ਨੇੜਿਓਂ ਦੇਖਣ ਦੀ ਰੀਝ ਪੂਰੀ ਕਰਨ ਲਈ ਝਰਨੇ ਵਲ ਤੁਰੀ ਜਾ ਰਹੀ ਸੀ ਕਿ ਦੂਰੋਂ ਹੀ ਹੇਮ ਕੁੰਟ ਸਾਹਿਬ ਵਲੋਂ ਆ ਰਿਹਾ ਇਕ ਘੋੜੇ ਵਾਲਾ ਉਸਨੂੰ ਜੋਰ ਜੋਰ ਦੀ ਅਵਾਜਾਂ ਦੇ ਕੇ ਰੁਕਣ ਲਈ ਦੁਹਾਈ ਪਾਉਣ ਲੱਗਿਆ।ਉਹ ਰੁਕ ਗਈ।ਝਰਨੇ ਵਲੋਂ ਨਜਰ ਹਟਾ ਕੇ ਪਹਾੜੀਏ ਵਲ ਦੇਖਣ ਲੱਗੀ ਤਾਂ ਉਸਦੀ ਨਜਰ ਨੇੜੇ ਹੀ ਇਕ ਪਾਸੇ ਪਏ ਬਹੁਤ ਵੱਡੇ ਗਲੇਸ਼ੀਅਰ ਦੇ ਥੱਲੇ,ਉਸ ਪਾੜ ਉਤੇ ਪਈ ਜਿਸ ਵਿਚ ਕਿਸੇ ਘੋੜੇ,ਗਾਂ ਜਾਂ ਕਿਸੇ ਹੋਰ ਵੱਡੇ ਜਾਨਵਰ ਦੀ ਲਾਸ਼ ਪਈ ਸੀ।ਸਾਰੀ ਚਮੜੀ ਲੱਥੀ ਹੋਈ ਸੀ ਤੇ ਵਿੱਚੋਂ ਵਿੱਚੋਂ ਖਾਧਾ ਹੋਇਆ ਸੀ।ਇਸ ਦ੍ਰਿਸ਼ ਨੂੰ ਦੇਖਦਿਆਂ ਹੀ ਓਹ ਪਿੱਛੇ ਮੁੜੀ ਤੇ ਨਾਲ ਹੀ ਉਸ ਨੂੰ ਇਹ ਖਿਆਲ ਵੀ ਆਇਆ ਕਿ ਐਨੇ ਵੱਡੇ ਜਾਨਵਰ ਦਾ ਸ਼ਿਕਾਰ ਕਰਨ ਵਾਲਾ ਕੌਣ ਹੋ ਸਕਦਾ ਹੈ?

ਸ਼ਿਕਾਰ ਕਰਨ ਪਿੱਛੋਂ ਸ਼ਿਕਾਰੀ ਆਪਣੇ ਸ਼ਿਕਾਰ ਤੋਂ ਦੂਰ ਨਹੀਂ ਹੋਵੇਗਾ।ਕਿਧਰੇ ਕੋਲ ਹੀ ਬੈਠਾ,ਆਪਣੀ ਭੁੱਖ ਮਿਟਾ ਕੇ ਅਰਾਮ ਕਰ ਰਿਹਾ ਹੋਵੇਗਾ ਤੇ ਜੇ ਉਸਦੀ ਨਜਰ ਮੇਰੇ ਉਤੇ ਪੈ ਗਈ ਤਾਂ ਉਹ ਮੇਰਾ ਵੀ ਸ਼ਿਕਾਰ ਕਰ ਸਕਦਾ ਹੈ।ਸ਼ਿਕਾਰੀ ਦੇ ਸ਼ਿਕਾਰ ਹੋਣ ਤੋਂ ਘਬਰਾਈ ਹੋਈ ਉਹ ਵਾਹੋ ਦਾਹੀ ਦੌੜੀ ਤੇ ਯਾਤਰੀਆਂ ਨਾਲ ਜਾ ਰਲੀ।ਇਸ ਘਟਨਾਂ ਦੀ ਯਾਦ ਨੇ ਉਸਨੂੰ ਇਕੱਲ ਵਿਚ ਜੰਗਲੀ ਜਾਨਵਰਾਂ ਦਾ ਅਹਿਸਾਸ ਦਵਾਇਆ ਪਰ ਉਹ ਇਨ੍ਹਾਂ ਡਰਾਉਣੀਆਂ ਯਾਦਾਂ ਤੋਂ ਪਿੱਛਾ ਛੁਡਾਉਣਾ ਚਹੁੰਦੀ ਸੀ।ਸਤਿਗੁਰਾਂ ਦੇ ਚਰਨਾਂ ਵਿਚ ਸੁਰਤੀ ਟਿਕਾ ਕੇ ਉਸਨੇ ਸ਼ਬਦ ਪੜ੍ਹਨਾ ਸ਼ੁਰੂ ਕੀਤਾ।

"ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥
ਚਉਗਿਰਦ ਹਮਾਰੈ ਰਾਮ ਕਾਰ ਦੁਖ ਲਗੈ ਨ ਭਾਈ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ : ੮੧੯ )

ਉਸਨੇ ਸਰਵਵਿਆਪਕ,ਸਰਵਸ਼ਕਤੀਮਾਨ ਪਰਮਾਤਮਾ ਨੂੰ ਆਪਣੇ ਅੰਗ ਸੰਗ ਮਹਿਸੂਸ ਕੀਤਾ। ਫਿਰ ਘੋੜੇ ਵਾਲੇ ਨੂੰ ਮਸਤੀ ਵਿਚ ਤੁਰੇ ਜਾਂਦੇ ਦੇਖਿਆ ਤਾਂ ਡਰ ਦਾ ਧੂਆਂ ਪਲਾਂ ਵਿਚ ਹੀ ਉਡ ਪੁਡ ਗਿਆ। ਹੇਮਕੁੰਟ ਸਾਹਿਬ ਪਹੁੰਚ ਕੇ ਇਸ਼ਨਾਨ ਕਰਨ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗੀ ਤੇ ਫਿਰ ਉਹ ਸੋਟੀ ਫੜ ਕੇ ਸਰੋਵਰ ਦੇ ਕੰਢੇ ਕੰਢੇ ਤੁਰ ਪਈ। ਦੁਸ਼ਟ ਦਮਨ ਦੀ ਯਾਦ ਵਿਚ ਲੀਨ ਹੋਈ ਜੋਗੀਆ ਰਾਗ ਦੇ ਕਰੁਣਾ ਮਈ ਸੁਰਾਂ ਵਿਚ ਲੰਬੀਆਂ ਹੇਕਾਂ ਲਗਾ ਕੇ "ਵਾਹਿਗੁਰੂ-ਵਾਹਿਗੁਰੂ" ਅਲਾਪ ਰਹੀ ਸੀ। ਹੌਲੀ ਹੌਲੀ ਪਤਾ ਨਹੀਂ ਕਿਹੜੇ ਰਾਗ ਦੇ ਸੁਰਾਂ ਵਿਚ ਚਲੇ ਗਈ,ਜਿਹਨਾਂ ਵਿਚ ਸਿਰਫ ਪੁਕਾਰ ਹੀ ਪੁਕਾਰ ਸੀ, ਨਿਰੇ ਤਰਲੇ ਤੇ ਕਿਲਕਾਰੀਆਂ।

ਸੱਚੇ ਪ੍ਰੀਤਮ ਤੋਂ ਵਿੱਛੜੀ ਹੋਈ ਜਨਮਾਂ ਜਨਮਾਂ ਤੋਂ ਬਿਰਹੋਂ-ਬਾਣ ਸਹਿੰਦੀ ਰੂਹ ਨੇ ਦਿਲ ਵਿਚ ਵੈਰਾਗ ਦੀ ਧੂਣੀ ਧੁਖਾਈ ਤੇ ਜਦੋਂ ਇਸ ਧੂਣੀ ਦਾ ਧੂੰਆਂ ਲਾਵਾ ਬਣ ਕੇ ਫਟਣ ਲੱਗਾ ਤਾਂ ਇਸ ਲਾਵੇ ਵਿਚੋਂ ਪਿਘਲ-ਪਿਘਲ ਕੇ ਜਿਹੜੇ ਸੁਰ ਨਿਕਲਦੇ,ਉਨ੍ਹਾਂ ਦਾ ਦਰਦ ਸੰਭਾਲਿਆਂ ਨਹੀਂ ਸੀ ਜਾ ਰਿਹਾ। ਉਸਦੀ ਜੁਬਾਨ ਚੁੱਪ ਹੋ ਗਈ,ਗੱਚ ਭਰ ਗਿਆ। ਸੁੰਦਰਤਾ ਦੇ ਘੁੱਟ ਭਰਦੀਆਂ ਅੱਖੀਆਂ ਸਪਤਸ੍ਰਿੰਗ ਉੱਤੇ ਝੂਲਦੇ ਨਿਸ਼ਾਨ ਸਾਹਿਬਾਂ ਵਲ ਦੇਖਣ ਲੱਗੀਆਂ। ਫਿਰ ਪਹਾੜਾਂ ਦੀਆਂ ਕੁੰਦਰਾਂ ਫਰੋਲ ਫਰੋਲ, ਚੋਜੀ ਪ੍ਰੀਤਮ ਦੇ ਪਹਿਲੇ ਸਰੂਪ ਦੁਸ਼ਟ ਦਮਨ ਦੇ ਪੈਰਾਂ ਦੀ ਪੈੜ ਲੱਭਣ ਲੱਗੀਆਂ। ਮਹਾਂ ਤਖਸੱਵੀ ਦੀ ਚਰਨ ਧੂੜ ਮੱਥੇ ਉਤੇ ਲਾਉਣ ਲਈ ਤਰਸਣ ਲੱਗੀਆਂ। ਰਚਨ-ਧੂੜ,ਜੋ ਪਹਾੜ ਹਾਲੇ ਤੱਕ ਆਪਣੀ ਹਿੱਕ ਨਾਲ ਲਾਈ ਸੰਭਾਲੀ ਬੈਠੇ ਹਨ। ਗੁਰੂ ਦਰਸ਼ਨਾਂ ਲਈ ਸਧਰਾਇਆ ਮਨ ਕਹਿਣ ਲੱਗਾ,

**"ਕਾਸ਼! ਕਿਧਰੇ ਨਜ਼ਰ ਪੈ ਜਾਵੇ ਚਿਰੰਕਾਲ ਤੋਂ ਸਮਾਧੀ-ਲੀਨ ਦੁਸ਼ਟ ਦਮਨ..! ਘੋਰ-ਤਪੱਸਿਆ ਦੀਆਂ ਔਖੀਆਂ ਘਾਟੀਆਂ ਪਾਰ ਕਰਕੇ ਰੱਬ ਨਾਲ ਇਕ-ਮਿੱਕਤਾ ਪ੍ਰਾਪਤ ਕਰਨ ਪਿਛੋਂ ਦੋ ਤੋਂ ਇਕ ਰੂਪ ਹੋਇਆ ਦੁਸ਼ਟ ਦਮਨ…! ਤੇ ਉਸਦੇ ਸਾਹਮਣੇ ਖੜਾ ਹੋਵੇ ਅਕਾਲ ਪੁਰਖ...! ਦੀਨ ਦੁਨੀਆਂ ਦਾ ਵਾਲੀ…! ਅਦ੍ਰਿਸ਼ਟ ਵਾਹਿਗੁਰੂ!"**

ਇਕ ਬੰਦੇ ਦੇ ਰੂਪ ਵਿਚ ਪ੍ਰਗਟ ਹੋ ਕੇ ਦ੍ਰਿਸ਼ਟਾਂਤ ਪੈਦਾ ਕਰਦਾ ਹੋਇਆ ਕਰਤਾ ਪੁਰਖ ਦੁਸ਼ਟ ਦਮਨ ਨੂੰ ਮਾਤ ਲੋਕ ਵਿਚ ਜਾ ਕੇ ਖਾਲਸਾ ਪੰਥ ਦੀ ਸਿਰਜਨਾ ਕਰਨ ਦਾ ਆਦੇਸ਼ ਦਿੰਦਾ ਹੋਵੇ..!ਬਚਿੱਤਰ ਨਾਟਕ ਵਿਚ ਲਿਖੀ ਗੁਰੂ ਗੋਬਿੰਦ ਸਿੰਘ ਜੀ ਦੀ ਵਾਰਤਾ ਨੂੰ ਉਹ

ਕਲਪਨਾ ਸ਼ਕਤੀ ਦੇ ਸਹਾਰੇ ਦੇਖਣ ਲੱਗੀ।ਕੀ ਦੇਖਦੀ ਹੈ ਕਿ ਵਾਹਿਗੁਰੂ ਦੁਸ਼ਟ ਦਮਨ ਨੂੰ ਆਪਣੀ ਕਹਾਣੀ ਸੁਣਾ ਰਿਹਾ ਹੈ ਕਿ ਕਿਸ ਤਰ੍ਹਾਂ ਉਸਨੇ ਇਸ ਦੁਨੀਆਂ ਦੀ ਰਚਨਾ ਕੀਤੀ ਤੇ ਇਥੋਂ ਦੇ ਜੀਵਾਂ ਨੂੰ ਸਿੱਧੇ ਰਸਤੇ ਪਾਉਣ ਲਈ ਉਸਨੇ ਦੇਵੀ ਦੇਵਤੇ ਭੇਜੇ।

ਅਕਾਲ ਪੁਰਖ ਦੇ ਦਰਸ਼ਨ ਕਰਕੇ ਦੁਸ਼ਟ ਦਮਨ ਨਿਹਾਲ ਹੋ ਰਿਹਾ ਸੀ।ਪਰ ਦੂਜੇ ਪਾਸੇ ਸੱਚੇ ਸਾਹਿਬ ਦੀ ਇੱਛਾ ਪੂਰੀ ਕਰਨ ਲਈ ਬਹੁਤ ਵੱਡੀ ਜਿੰਮੇਵਾਰੀ ਦਾ ਅਹਿਸਾਸ ਹੋ ਰਿਹਾ ਸੀ।ਦੁਨੀਆਂ ਦੇ ਘੋਰ ਅੰਧਕਾਰ ਵਿਚ ਜਾ ਕੇ ਉਸਨੇ ਸੱਚੇ ਨਾਮ ਦੀਆਂ ਨੂਰਾਨੀ ਕਿਰਨਾਂ ਦੀ ਬੁਛਾੜ ਕਰਨੀ ਸੀ ਅਤੇ ਇਸ ਮਹਾਨ ਕੰਮ ਦੀ ਪੂਰਤੀ ਲਈ ਉਸਨੂੰ ਸਪਤ-ਸ਼੍ਰਿੰਗ ਦੀ ਹੁਸੀਨ ਵਾਦੀ ਅਤੇ ਸਮਾਧੀ ਲੀਨ ਅਵੱਸਥਾ ਦੇ ਪਰਮ-ਅਨੰਦ ਦਾ ਮਹਾਂ ਤਿਆਗ ਕਰਨਾ ਪੈਣਾ ਸੀ।ਦੁੱਖਾਂ ਦਰਦਾਂ ਦੀਆਂ ਜੰਜੀਰਾਂ ਨਾਲ ਜੱਕੜੀ ਹੋਈ ਦੁਨੀਆਂ ਵਿਚ ਜਾਣਾ ਪੈਣਾ ਸੀ ਪਰ ਸੱਚੇ ਪਿਤਾ ਦੇ ਹੁਕਮ ਦੀ ਅਵੱਗਿਆ ਕਰਨ ਦਾ ਤਾਂ ਖਿਆਲ ਹੀ ਨਹੀਂ ਕੀਤਾ ਜਾ ਸਕਦਾ ਸੀ।ਸੋ ਪਰਮ-ਅਨੰਦ ਦੀ ਅਵੱਸਥਾ ਨੂੰ ਸਦਾ ਲਈ ਅੰਤਰ-ਆਤਮਾ ਨਾਲ ਜੋੜ ਕੇ ਉਸਨੇ ਕਰਤਾ ਪੁਰਖ ਦੇ ਹੁਕਮ ਅੱਗੇ ਸੀਸ ਝੁਕਾ ਦਿੱਤਾ ਅਤੇ ਸ਼ੁਭ ਕਰਮਨ ਦੇ ਵਰ ਮੰਗਦਾ ਹੋਇਆ,ਜ਼ੁਲਮ ਦਾ ਨਾਸ ਕਰਨ ਲਈ ਰਣ-ਜੂਝ ਮਰਨ ਦੇ ਚਾਓ ਨਾਲ ਭਰਿਆ ਹੋਇਆ ਦੁਸ਼ਟ ਦਮਨ,ਸਾਡਾ ਚੋਜੀ ਪ੍ਰੀਤਮ ਬਣ ਕੇ ਪਿਤਾ ਪਰਮਾਤਮਾ ਦੀ ਇੱਛਾ ਪੂਰੀ ਕਰਨ ਲਈ ਮਾਤ ਲੋਕ ਵਿਚ ਆ ਪ੍ਰਗਟ ਹੋਇਆ।

ਜਿਵੇਂ ਹੇਮ ਕੁੰਟ ਸਾਹਿਬ ਦੇ ਪਰਬਤਾਂ ਵਿਚ ਘੋਰ ਤਪੱਸਿਆ ਕਰਕੇ ਉਸਨੇ ਅਕਾਲ ਪੁਰਖ ਨੂੰ ਰੀਝਾਇਆ ਸੀ ਤਿਵੇਂ ਹੀ ਮਾਤ ਲੋਕ ਵਿਚ ਆ ਕੇ ਵੀ ਉਸਨੇ ਸੱਚੇ ਪਿਤਾ ਦੇ ਹੁਕਮ ਅਨੁਸਾਰ ਪੰਥ ਦਾ ਬੂਟਾ ਬੀਜਣ ਵਾਸਤੇ ਬਾਲ-ਅਵੱਸਥਾ ਵਿਚ ਹੀ ਆਪਣੇ ਪਿਤਾ ਦਾ ਖੂਨ ਭੇਟ ਕਰਕੇ ਧਰਤੀ ਸਿੰਜੀ।ਫਿਰ ਵਸਾਖੀ ਵਾਲੇ ਦਿਨ ਪੰਜ ਸਿਰਾਂ ਦੇ ਬੀ ਬੀਜ ਕੇ ਖਾਲਸਾ ਪੰਥ ਦਾ ਬੂਟਾ ਲਗਾਇਆ,ਚਾਰ ਸਾਹਿਬਜ਼ਾਦੇ, ਪੁੱਤਰਾਂ ਤੋਂ ਵੱਧ ਪਿਆਰੇ ਅਨੇਕਾਂ ਸਿੰਘਾਂ ਅਤੇ ਸਾਰੇ ਸਰਬੰਸ ਦੀਆਂ ਦੀਆਂ ਕੁਰਬਾਨੀਆਂ ਦਾ ਖੂਨ ਦੇ ਕੇ ਇਸ ਪੰਥ ਰੂਪੀ ਬੂਟੇ ਨੂੰ ਸਿੰਜਿਆ। ਮਹਾਂ-ਤਿਆਗ, ਅਣਥੱਕ ਮਿਹਨਤ ਅਤੇ ਮਹਾਨ ਸ਼ਹੀਦੀਆਂ ਦੀ ਰੰਬੀ ਨਾਲ ਗੋਡੀ ਕਰਕੇ ਇਸ ਬੂਟੇ ਨੂੰ ਪਾਲਿਆ। ਜਦੋਂ ਇਹ ਬੂਟਾ ਵੱਡਾ ਹੋ ਕੇ ਲਹਿ-ਲਹਾਉਣ ਲੱਗਾ ਤਾਂ ਇਸ ਨੂੰ ਸੱਚ ਦੀ ਸੁਗੰਧੀ ਦੀਆਂ ਲਪਟਾਂ ਮਾਰਦੇ ਫੁੱਲ ਲੱਗੇ।ਕੁਰਬਾਨੀ ਦੇ ਖੇੜੇ ਨਾਲ ਡੁੱਲ ਡੁੱਲ ਪੈਂਦੇ ਫੁੱਲਾਂ ਦੇ ਚਾਨਣ ਨਾਲ ਹਰ ਪਾਸੇ ਜਗ ਮਗਾਹਟ ਹੋ ਗਈ।ਸੱਚ ਲਈ ਸਹਿਕਣ ਵਾਲੇ ਮਨਾਂ ਨੂੰ ਦੂਰੋਂ ਖਿੱਚਾਂ ਪੈਂਦੀਆਂ ਤਾਂ ਉਹ ਇਸ ਬੂਟੇ ਦੀ ਛਾਂ ਵਲ ਭੱਜੇ ਆਉਂਦੇ।

ਸੱਚ ਦਾ ਨੂਰ ਵੰਡਦਾ ਇਹ ਬੂਟਾ ਜਦੋਂ ਊਣੇ ਸੱਖਣੇ ਤੇ ਭੁੱਲੇ ਭਟਕੇ ਲੋਕਾਂ ਨੂੰ ਆਪਣੀ ਛਾਵੇਂ ਬਿਠਾ ਕੇ ਪੂਰੇ, ਭਰਪੂਰ ਅਤੇ ਅਕਾਲ ਪੁਰਖ ਦੇ ਮਨ-ਪਸੰਦ ਦੇ ਰਾਹ ਉਤੇ ਚੱਲਣ ਦੀ ਹਿੰਮਤ ਬਖਸ਼ਣ ਲੱਗਾ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬੂਟੇ ਨੂੰ ''ਮੇਰਾ ਬੂਟਾ'' ਨਹੀਂ ਕਿਹਾ, ਸਗੋਂ ਇਸ ਨੂਰੀ ਬੂਟੇ ਨੂੰ ਅਕਾਲ ਪੁਰਖ ਦਾ ਬੂਟਾ ਕਿਹਾ:-

**"ਖਾਲਸਾ ਅਕਾਲ ਪੁਰਖ ਕੀ ਫੌਜ"**

ਇਹ ਕਹਿ ਕੇ ਇਸ ਨੂੰ ਸਰਬੱਤ ਦੇ ਭਲੇ ਲਈ ਜੂਝਣ ਦੀ ਜਾਚ ਬਖਸ਼ੀ।

**ਵਾਹਿਗੁਰੂ ਜੀ ਕਾ ਖਾਲਸਾ॥ਵਾਹਿਗੁਰੂ ਜੀ ਕੀ ਫਤਿਹ॥**

*ਭਾਵ:-ਖਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਇਸਦੀ ਫਤਹਿ ਵੀ ਵਾਹਿਗੁਰੂ ਜੀ ਦੀ ਹੀ ਹੈ।*

ਇਹ ਕਹਿ ਕੇ ਖਾਲਸੇ ਨੂੰ ਸਾਰੇ ਵਿਸ਼ਵ ਦੀ ਮਾਲਕੀਅਤ ਬਣਾ ਦਿੱਤਾ।ਖਾਲਸਾ ਵਾਹਿਗੁਰੂ ਦਾ ਹੈ ਅਤੇ ਖਾਲਸੇ ਦੀ ਫਤਿਹ ਵੀ ਵਾਹਿਗੁਰੂ ਦੀ ਹੀ ਹੈ।ਖਾਲਸੇ ਦੀ ਫਤਿਹ ਨਹੀਂ ਕਿਹਾ।ਕਿੰਨੀ ਵੱਡੀ ਗੱਲ ਹੈ..?

ਹਮੇਸ਼ਾਂ ਤੋਂ ਹੀ ਦੁਨੀਆਂ ਵਿਚ ਗੁਰੂ ਚੇਲੇ ਦੀ ਰਸਮ ਚੱਲੀ ਆਉਂਦੀ ਹੈ।ਚੇਲਾ ਗੁਰੂ ਕੋਲੋਂ ਦੀਖਸ਼ਾ ਲੈਂਦਾ ਹੈ ਪਰ ਇਸ ਰਸਮ ਵਿਚ ਵੀ ਦਸ਼ਮੇਸ਼ ਪਿਤਾ ਨੇ ਨਿਆਰੀ ਖੇਡ੍ਹ ਖੇਡ੍ਹੀ।ਪਹਿਲਾਂ ਸਿਰ ਲੈ ਕੇ ਖਾਲਸੇ ਦਾ ਸਰੂਪ ਸਜਾਇਆ ਤੇ ਫਿਰ ਹੱਥੀਂ ਸਜਾਏ ਪੰਜ ਪਿਆਰਿਆਂ ਅਗੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਮੰਗਤਾ ਬਣ ਬੈਠਾ।ਸਰਵੰਸ ਦੀ ਭੇਟਾ ਚੜ੍ਹਉਣ ਲੱਗ ਪਿਆ।ਚਾਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾ ਕੇ ਕਹਿੰਦਾ:-

**ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥**
**ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ॥**

ਉਸਦੀ ਸਭ ਤੋਂ ਨਿਆਰੀ ਖੇਡ ਇਹ ਹੈ ਕਿ ਉਸਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਤੇ ਬਿਰਾਜਮਾਨ ਹੋ ਕੇ ਸ਼ਬਦ ਗੁਰੂ ਦੀ ਅਟੱਲ ਜੋਤ ਜਗਾਈ।ਦਸੋ ਪਾਤਿਸ਼ਾਹੀਆਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗਿਆਰਵੀਂ ਪਾਤਿਸ਼ਾਹੀ ਦੇ ਸਰੂਪ ਵਿਚ ਪ੍ਰਗਟ ਕਰਕੇ ਉਹ ਹਮੇਸ਼ਾਂ ਹਮੇਸ਼ਾਂ ਲਈ ਗੁਰੂਆਂ ਅਤੇ ਭਗਤਾਂ ਨੂੰ ਨਾਲ ਲੈ ਕੇ ਇਸ ਸੰਸਾਰ ਦਾ ਚਾਨਣ ਮੁਨਾਰਾ ਬਣ ਗਿਆ।ਕਲਿਯੁਗ ਦੇ ਘੋਰ ਅੰਧਿਆਰੇ ਵਿਚ ਇਲਾਹੀ ਪ੍ਰਕਾਸ਼ ਦਾ ਦੀਵਾ ਬਣ ਕੇ ਜਗਣ ਲੱਗਿਆ। ਸ਼ਬਦ ਗੁਰੂ ਦਾ ਦੀਵਾ ਇਸ ਵੇਲੇ ਜਗ ਰਿਹਾ ਹੈ।ਦੁਸ਼ਟ ਦਮਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰੂਪ ਵਿਚ ਪ੍ਰਗਟ ਹੋਇਆ ਤੇ ਅਕਾਲ ਪੁਰਖ ਦੇ ਹੁਕਮਾਂ ਅਨੁਸਾਰ ਜੀਵਨ ਬਿਤਾਉਣ ਪਿੱਛੋਂ ਹੁਣ ਉਹ ਸਦੀਵੀ ਜੀਊਣ ਵਾਲੀ ਗਿਆਰਵੀਂ ਪਾਤਿਸ਼ਾਹੀ ਦੇ ਸਰੂਪ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਪ੍ਰਗਟ ਹੋਈ ਬੈਠਾ ਹੈ। ਉਹ ਆਪਣੇ ਤਪ-ਸਥਾਨ ਹੇਮਕੁੰਟ ਸਾਹਿਬ ਵਿਚ ਵੀ ਸੁਸ਼ੋਭਿਤ ਹੈ। ਆਪਣੇ ਪਿਆਰਿਆਂ ਨੂੰ ਉਡੀਕਦਾ ਹੈ। ਯਾਤਰੂਆਂ ਦੀ ਆਓ ਭਗਤ ਕਰਨ ਲਈ ਉਸ ਦੀਆਂ ਸ਼ਹੀਦ ਸਿੰਘਾਂ ਦੀਆਂ ਫੌਜਾਂ ਆਪਣੇ ਫਰਜ ਨਿਭਾਉਂਦੀਆਂ ਹਨ।

ਦੁਸ਼ਟ ਦਮਨ ਦੇ ਪ੍ਰੇਮ ਕਾਰਨ ਯਾਤਰੀਆਂ ਦੇ ਮਨਾ ਵਿਚ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਚਾਓ ਪੈਦਾ ਹੁੰਦਾ ਹੈ। ਘਰੇਲੂ ਰੁਝੇਵਿਆਂ ਨੂੰ ਤਿਆਗ ਕੇ ਉਹ ਔਖੀਆਂ ਘਾਟੀਆਂ ਪਾਰ ਕਰਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚਦੇ ਹਨ। ਸਰੋਵਰ ਵਿਚ ਇਸ਼ਨਾਨ ਕਰਨ ਪਿਛੋਂ ਉਹ ਕਿੱਥੇ ਜਾਂਦੇ ਹਨ...?ਹਾਂ ਜੀ..! ਉਹ ਗਿਆਰਵੀਂ ਪਾਤਿਸ਼ਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਜਾ ਕੇ ਸੀਸ ਝੁਕਾਉਂਦੇ ਹਨ। ਦੁਸ਼ਟ ਦਮਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਬੈਠਾ ਆਪਣੇ ਪਿਆਰਿਆਂ ਨੂੰ ਉਡੀਕ ਰਿਹਾ ਹੁੰਦਾ ਹੈ। ਦਸ਼ਮੇਸ਼ ਪਿਤਾ ਆਪਣੇ ਵਾਰਸਾਂ ਨੂੰ ਮਿਲਣ ਲਈ ਸੌ ਕਦਮ ਅੱਗੇ ਹੋ ਕੇ ਮਿਲਦਾ ਹੈ। ਚਾਹੇ! ਅਸੀਂ ਚੰਗੇ ਹਾਂ ਜਾਂ ਮਾੜੇ ਹਾਂ! ਉਸੇ ਦੇ ਹੀ ਹਾਂ..! ਉਸ ਕੋਲ ਪਹੁੰਚਣ ਵੇਲੇ ਅਸੀਂ ਬਾਣੇ ਵਿਚ ਸੱਜ ਧੱਜ ਕੇ ਜਾਂਦੇ ਹਾਂ, ਬਾਣੀ ਪੜ੍ਹਦੇ ਜਾਂਦੇ ਹਨ। ਉਸਦੇ ਪ੍ਰੇਮ ਨਾਲ ਭਰ ਕੇ ਜਾਂਦੇ ਹਾਂ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਅਰਦਾਸ ਬੇਨਤੀ ਦਾ ਸਮਾ ਸਾਡੇ ਮਿਲਾਪ ਦਾ ਸਮਾ ਹੁੰਦਾ ਹੈ...! ਦੁਸ਼ਟ ਦਮਨ ਦੇ ਮਿਲਾਪ ਦਾ ਸਮਾ...! ਦਸ਼ਮੇਸ਼ ਪਿਤਾ ਦੇ ਮਿਲਾਪ ਦਾ ਸਮਾ...! ਸ਼ਾਡਾ ਸੀਸ ਉਸਦੇ ਚਰਨਾਂ ਵਿਚ ਝੁਕਦਾ ਹੈ,ਉਸਦੀ ਅੰਮ੍ਰਿਤ ਦ੍ਰਿਸ਼ਿਟੀ ਸਾਡੇ ਉਤੇ ਪੈਂਦੀ ਹੈ।**

ਸਾਡੀਆਂ ਮੰਗਾਂ ਮੁਰਾਦਾਂ ਦੀਆਂ ਲੰਬੀਆਂ ਲਿਸਟਾਂ ਵੀ ਉਹ ਧਿਆਨ ਨਾਲ ਸੁਣਦਾ ਹੈ ਤੇ ਖੁਸ਼ੀਆਂ ਖੇੜਿਆਂ ਨਾਲ ਝੋਲੀਆਂ ਭਰ ਕੇ ਭੇਜਦਾ ਹੈ। ਹੇਮ ਕੁੰਟ ਸਾਹਿਬ ਦੀ ਯਾਤਰਾ ਸਾਨੂੰ ਸਾਡੇ ਵਿਰਸੇ ਨਾਲ ਜੋੜਦੀ ਹੈ। ਅਕਾਲ ਪੁਰਖ ਦੇ ਹੁਕਮੀ ਬੰਦੇ ਸ੍ਰੀ ਦਸ਼ਮੇਸ਼ ਪਿਤਾ ਦੇ ਜੀਵਨ-ਰਾਹਾਂ ਉਤੇ ਚੱਲਣ ਦਾ ਸੁਨੇਹਾ ਦਿੰਦੀ ਹੈ। ਸਾਡਾ ਕਲਗੀਧਰ ਪਾਤਿਸ਼ਾਹ ਦੁਨੀਆਂ ਦੇ ਘੋਰ ਦੁੱਖਾਂ ਵਿਚ ਫਸ ਕੇ ਭੀ ਅੰਦਰੋਂ ਦੁਸ਼ਟ ਦਮਨ ਵਾਲੀ ਪਰਮ-ਅਨੰਦ ਮਈ ਅਵਸਥਾ ਹੰਢਾਉਂਦਾ ਰਿਹਾ। ਤਦੇ ਹੀ ਤਾਂ ਤਲਵਾਰਾਂ ਦੀ ਛਾਂ ਥੱਲੇ,ਦੁਸ਼ਮਣਾਂ ਦੀਆਂ ਟਿੱਡੀ ਦਲ ਵਰਗੀਆਂ ਫੌਜਾਂ ਚੀਰਦਾ ਹੋਇਆ ਵੀ ਉਹ ਅਕਾਲ ਪੁਰਖ ਦੀ ਮਹਿਮਾਂ ਵਿਚ ''ਸਤਿ ਸ੍ਰੀ ਅਕਾਲ'' ਦੇ ਜੈਕਾਰੇ ਗੁੰਜਾਉਂਦਾ ਹੋਇਆ ਨਿਹਾਲ ਹੋਇਆ ਰਹਿੰਦਾ ਸੀ। ਪਰਮ-ਪੁਰਖ ਦਾ ਦਾਸ ਸੰਸਾਰ ਦੇ ਭਿਅੰਕਰ ਦੁੱਖਾਂ ਦਾ ਹੱਸ ਕੇ ਮੁਕਾਬਲਾ ਕਰਦਾ ਸੀ। ਦੁੱਖਾਂ ਗ੍ਰਸੀ ਦੁਨੀਆਂ ਨੂੰ ਇਕ ਖੇਲ ਤਮਾਸ਼ਾ ਸਮਝ ਕੇ ਆਖਦਾ ਸੀ-

**"ਮੈਂਹੂੰ ਪਰਮ ਪੁਰਖ ਕਾ ਦਾਸਾ॥**
**ਦੇਖਨਿ ਆਯੋ ਜਗਤ ਤਮਾਸਾ॥"(ਦਸਮ ਗ੍ਰੰਥ : ੫੭)**

ਚੜ੍ਹਦੀ ਕਲਾ ਦੇ ਰੰਗਾਂ ਦੀ ਖੁਮਾਰੀ ਨਾਲ ਭਰੀਆਂ ਅੱਖੀਆਂ ਵਾਲੀ ਅੱਤਿ ਸੋਹਣੀ ਸੂਰਤ ਵਾਲਾ ਸਾਡਾ ਚੋਜੀ ਪ੍ਰੀਤਮ ਆਪਣੇ ਆਪ ਨੂੰ ਰੱਬ ਵਾਂਗੂੰ ਪੂਜੇ ਜਾਣ ਦੀ ਸਖਤ ਵਿਰੋਧਤਾ ਕਰਦਾ ਸੀ। ਜਦੋਂ ਲੋਕੀ ਉਸਦੀ ਇਲਾਹੀ ਸੂਰਤ ਵਿਚੋਂ ਝਲਕਦੀ ਅਕਾਲ ਪੁਰਖ ਦੀ ਜੋਤ ਦੇਖ ਕੇ ਉਸ ਉੱਤੇ ਲੱਟੂ ਹੋਏ ਬਿਨਾ ਨਾ ਰਹਿ ਸਕਦੇ ਤਾਂ ਉਹ ਪਿਆਰ ਨਾਲ ਝਿੜਕਦਾ।

**"ਜੋ ਹਮ ਕੌ ਪਰਮੇਸਰ ਉਚਰਿ ਹੈਂ॥**
**ਤੇ ਸਭ ਨਰਕ ਕੰਡ ਮਹਿ ਪਰਿ ਹੈਂ॥(ਦਸਮ ਗ੍ਰੰਥ : ੫੭)**

ਵਾਹਿਗੁਰੂ ਜੀ ਦੇ ਨਾਮ-ਰਸ ਵਿਚ ਮਾਂਜੇ ਧੋਤੇ ਦਿਲ ਵਿਚ ਅਕਾਲ ਪੁਰਖ ਅਤੇ ਉਸਦੇ ਆਗਿਆਕਾਰੀ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਸਮਾਈ ਹੋਈ ਸੀ ਕਿ ਉਸ ਬੀਬੀ ਦਾ ਧਿਆਨ ਵਰਤਮਾਨ ਸਮੇਂ ਦੇ ਜਾਬਰ ਹੁਕਮਰਾਨਾਂ ਵਲ ਚਲੇ ਗਿਆ। ਪੰਥ ਦੇ ਦੋਖੀਆਂ ਦੀਆਂ ਝਾਕੀਆਂ ਉਸਦੀਆਂ ਨਜਰਾਂ ਅੱਗੇ ਘੁੰਮਣ ਲੱਗੀਆਂ। ਕੀ ਦੇਖਦੀ ਹੈ ਕਿ ਸ਼ਹੀਦਾਂ ਅਤੇ ਮਸੂਮਾਂ ਦੇ ਖੂਨ ਦੀਆਂ ਨਦੀਆਂ ਵਿਚ ਤਰਦੀਆਂ ਹਾਕਮਾਂ ਦੀਆ ਕੁਰਸੀਆਂ ਉਤੇ ਕਈ ਔਰਗੰਜ਼ੇਬ ਬੈਠੇ ਹੋਏ ਹਨ, ਜਿਹੜੇ ਪਹਿਲਾਂ ਨਾਲੋਂ ਵੀ ਵਧ ਕਸਾਈ ਹਨ। ਨਿਰਦਈ ਤੇ ਅਤਿਆਚਾਰੀ ਹਨ। ਰੱਬ ਦੇ ਪਿਆਰਿਆਂ ਦੀਆਂ ਲਾਸ਼ਾਂ ਦੇ ਢੇਰ ਲਗਾ ਕੇ ਕਲਯੁਗੀ ਹਾਕਮ ਸੱਚ ਦੇ ਰਾਹੀਆਂ ਨੂੰ ਖਤਮ ਕਰਨ ਜਾਂ ਉਨ੍ਹਾਂ ਨੂੰ ਦਬਾ ਲੈਣ ਦਾ ਭੁਲੇਖਾ ਖਾ ਕੇ ਖੁਸ਼ ਹੋ ਰਹੇ ਹਨ। ਸ਼ਹੀਦਾਂ ਦੇ ਖੂਨ ਵਿਚ ਨਹਾ ਕੇ ਉਨ੍ਹਾਂ ਨੂੰ ਸ਼ਾਹੀ ਫੁਰਮਾਨ ਦੀ ਠੀਕ ਢੰਗ ਨਾਲ ਪਾਲਣਾ ਹੋ ਜਾਣ ਦੀ ਤਸੱਲੀ ਹੰਦੀ ਹੈ। ਪੋਰ੍ਹਾ ਪੋਰ੍ਹਾ ਕਰਕੇ ਬਣਾਏ ਲੋਕਾਂ ਦੇ ਘਰਾਂ ਤੇ ਜਾਇਦਾਦਾਂ ਨੂੰ ਧੂਏਂ ਦੇ ਬੱਦਲ ਬਣਾ ਕੇ ਉਡਾਉਣ ਵਾਲੇ ਹਾਕਮ ਉਡਣ ਖਟੋਲਿਆਂ ਵਿਚ ਬੈਠੇ,ਉਪਰੋਂ ਧਰਤੀ ਉਤੇ ਅੱਧ-ਸੜੀਆਂ ਲਾਸ਼ਾਂ ਦੇਖਦੇ ਹਨ। ਅੱਧ-ਪਚੱਧੀਆਂ ਲਾਸ਼ਾਂ ਨੂੰ ਕੁੱਤੇ ਘਸੀਟਦੇ ਦੇਖ ਇਹਨਾਂ ਦੇ ਦਰਦ-ਵਿਹੂਣ ਦਿਲਾਂ ਉਤੇ ਕੋਈ ਅਸਰ ਨਹੀਂ ਹੁੰਦਾ। ਭਗਤਾਂ ਦੇ ਦੋਖੀ-ਹਰਣਾਖਸ਼ਾਂ ਨੂੰ ਆਪਣੀ ਪੂਜਾ ਕਰਵਾ ਕੇ ਰੱਜ ਹੀ ਨਹੀਂ ਆ ਰਿਹਾ ਅਤੇ ਉਹ ਪ੍ਰਹਿਲਾਦਾਂ ਨੂੰ ਤੱਤੇ ਥੰਮਾਂ ਨਾਲ ਬੰਨ੍ਹ ਕੇ ਸੱਚਾ ਨਾਮ ਧਿਆਉਣ ਦੀ ਸਜ਼ਾ ਦੇ ਰਹੇ ਹਨ। ਹਰ ਪਾਸੇ ਕਾਲੇ ਝੂਠ ਦੀ ਕਾਲਖ ਫੈਲੀ ਹੋਈ ਹੈ। ਸੱਚ ਦੀ ਕਿਰਨ ਕਿਧਰੇ ਨਜ਼ਰੀਂ ਨਹੀਂ ਪੈਂਦੀ ਤੇ ਇਸ ਝੂਠ ਦੇ ਅੰਧਕਾਰ ਵਿਚ ਫਸੀ ਦੁਨੀਆਂ ਸ਼ਕਤੀਸ਼ਾਲੀ ਹਰਣਾਖਸ਼ ਦੀ ਪੂਜਾ ਕਰਨ ਵਿਚ ਮ੍ਗਨ ਹੋ ਕੇ ਪ੍ਰਹਿਲਾਦਾਂ ਦੇ ਖੂਨ ਦੀ ਪਿਆਸੀ ਹੋਈ ਪਈ ਹੈ। ਹਰਣਾਖਸ਼ ਦੀ ਸ਼ਕਤੀ ਦੀ ਭਗਤੀ ਹੋ ਰਹੀ ਹੈ। ਹਰਣਾਖਸ਼ ਦੀ ਖੁਸ਼ੀ

ਲੈਣ ਵਾਸਤੇ ਸੋਹਲੇ ਗਾਏ ਜਾ ਰਹੇ ਹਨ।ਦੁਨੀਆਂ ਭਰ ਦੇ ਵਿਸ਼ੇਸ਼ਣ ਉਸਦੇ ਉਸਤਤੀ ਗੀਤਾਂ ਵਿਚ ਗਾਉਂਦਿਆਂ ਲੋਕਾਂ ਦੇ ਗਲੇ ਬੈਠ ਗਏ ਹਨ।

ਘੋਰ ਅੱਤਿਆਚਾਰਾਂ ਦੇ ਦ੍ਰਿਸ਼ ਉਸਦੀਆਂ ਅੱਖੀਆਂ ਅੱਗੇ ਫਿਰ ਗਏ ਤਾਂ ਉਸਨੇ ਦੁੱਖਾਂ ਦੇ ਵਹਿਣਾਂ ਵਿਚ ਵਹਿ ਰਹੀ ਨੇ ਆਪਣਾ ਧਿਆਨ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਕਹਿਰੀ ਪਲਾਂ ਦੀਆਂ ਝਾਕੀਆਂ ਅੱਖੀਆਂ ਅੱਗੋਂ ਜਾਣ ਹੀ ਨਾ...। ਦਿਲ ਕਰੇ...ਅਕਾਲ ਪੁਰਖ ਦੇ ਚਰਨਾਂ ਵਿਚ ਰੋ ਰੋ ਦੁੱਖੜੇ ਸੁਣਾ ਕੇ ਹਲਕੀ ਹੋ ਲਵੇ... । ਕਾਸ਼.. ! ਕਿਤੇ ਮਿਲੇ ਤਾਂ ਉਸਨੂੰ ਆਖੇ ਕਿ ਤੂੰ ਭੇਜ ਕੋਈ ਮਹਾਂ-ਤਪਸੱਵੀ ਜਿਹੜਾ ਅੱਜ ਦੇ ਔਰੰਗਜ਼ੇਬਾਂ ਦਾ ਨਾਸ ਕਰਨ ਦੇ ਕਾਬਿਲ ਹੋਵੇ।ਤੂੰ ਭੇਜ...! ਕੋਈ ਦੁਸ਼ਟ ਦਮਨ...ਜਿਹੜਾ ਸਾਡਾ ਚੋਜੀ ਪ੍ਰੀਤਮ ਬਣ ਕੇ ਸਾਡੀ ਬਾਂਹ ਫੜ ਲਵੇ..!!

ਦੂਜੇ ਦਿਨ ਫਿਰ ਉਹ ਉਚਿਆਂ ਪਰਬਤਾਂ ਨਾਲ ਸਿਮਰਨ ਦੀ ਸਾਂਝ ਕਰਦੀ ਹੋਈ ਹੇਮਕੁੰਟ ਸਾਹਿਬ ਜਾ ਪਹੁੰਚੀ।ਇਸ਼ਨਾਨ ਕੀਤਾ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗਣ ਪਿਛੋਂ ਉਹ ਅੰਮ੍ਰਿਤ-ਸਰੋਵਰ ਵਲ ਤੁਰ ਪਈ।ਤਪ-ਸਥਾਨ ਦੀ ਸੁੰਦਰਤਾ ਅਤੇ ਭਗਤੀ ਦਾ ਰੰਗ ਦੋਨੋਂ ਮਿਲਕੇ ਉਸਨੂੰ ਸਰੋਵਰ ਦੇ ਪਰਲੇ ਕੰਢੇ ਜਾਣ ਲਈ ਪ੍ਰੇਰਨ ਲੱਗੇ।ਉਹ ਤਿਲਕਣੀਆਂ ਥਾਵਾਂ ਉੱਤੇ ਘੁੱਟ ਘੁੱਟ ਕੇ ਪੈਰ ਰੱਖਦੀ ਹੋਈ ਆਪਣੇ ਆਪ ਨੂੰ ਡਿੱਗਣ ਤੋਂ ਬਚਾਉਂਦੀ ਹੋਈ ਤੁਰੀ ਜਾ ਰਹੀ ਸੀ।ਕੁਝ ਦੂਰ ਜਾ ਕੇ ਉਹ ਦੁਨੀਆਂ ਨਾਲੋਂ ਟੁੱਟ ਕੇ ਕੁਦਰਤ ਦੀਆਂ ਡੋਰਾਂ ਵਿੱਚ ਬੱਝ ਗਈ।ਉਸਨੂੰ ਕੁਦਰਤ ਦੀ ਸੁੰਦਰਤਾ ਵਿਚ ਲੀਨ ਹੋਣ ਦਾ ਇਕ ਅਨੋਖਾ ਅਨੁਭਵ ਹੋਇਆ।ਸਾਰੀ ਕਾਇਨਾਤ ਨਾਮ-ਰਸ ਵਿਚ ਲੀਨ ਹੋਈ ਜਾਪੇ।ਚਾਰੋਂ ਪਾਸੇ ਨਜ਼ਰਾਂ ਫੇਰੀਆਂ ਤਾਂ ਸੀਤਲਤਾ ਦਾ ਸੋਮਾ ਅੰਮ੍ਰਿਤ-ਕੁੰਡ ਨਜ਼ਰੀਂ ਆਇਆ।ਜਿਸਦੇ ਦੁਆਲੇ ਭਗਤੀ-ਰਸ ਨਾਲ ਨੁਚੱੜਦੇ ਪਹਾੜਾਂ ਦੀਆਂ ਕੰਧਾਂ ਅਤੇ ਉੱਪਰ ਨਾਮ-ਰਸ ਦੇ ਕਿਣਕੇ ਕੇਰਦੀ ਨੀਲੇ ਅੰਬਰ ਦੀ ਛੱਤ ਦਿਖਾਈ ਦਿੱਤੀ।ਇਲਾਹੀ ਰੰਗਾਂ ਦੀ ਬੁਛਾੜ ਵਿਚ ਭਿੱਜੀ ਹੋਈ ਨੇ ਕੁਦਰਤ ਨੂੰ ਕਾਦਰ ਦੇ ਗੀਤ ਗਾਉਂਦਿਆਂ ਸੁਣਿਆਂ।ਉਹ ਆਪ ਵੀ ਕੁਦਰਤ ਦੀ ਹੇਕ ਨਾਲ ਹੇਕ ਮਿਲਾ ਕੇ ਗਾਉਣ ਲੱਗ ਪਈ -

**ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ,**
**ਤੇਰੇ ਭਗਤ ਸੋਹਹਿ ਦਰਬਾਰੇ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ** ਅੰਗ: **੬੭੦)**

ਸੱਚੇ ਪਾਤਿਸ਼ਾਹ ਦੇ ਦਰਸ਼ਨ ਦੀਦਾਰਿਆਂ ਲਈ ਉਠਦੀਆਂ ਹੂਕਾਂ ਉਸਦੇ ਸੁਰਾਂ ਰਾਹੀ ਕਰੁਣਾ-ਰਸ ਦੇ ਛੱਟੇ ਦੇਣ ਲੱਗੀਆਂ।ਸੱਚੇ ਸਾਂਈ ਨੂੰ ਲੱਭਦੀ ਹੋਈ ਦੇ ਸੀਨੇ 'ਚੋਂ ਨਿਕਲਦੀਆਂ

ਤੇਜ ਤਰਾਟਾਂ ਪਹਾੜੋਂ ਡਿਗਦੇ ਝਰਨਿਆਂ ਵਾਂਗ ਉਛਾਲੇ ਮਾਰਦੀਆਂ,ਦਿਲ ਦੇ ਕੰਡੇ ਭੋਰ ਭੋਰ ਹੰਝੂਆਂ ਹਉਕਿਆਂ ਰਾਹੀਂ ਬਾਹਰ ਨਿਕਲਦੀਆਂ। ਤਪ-ਸਥਾਨ ਦੇ ਰੰਗ ਵਿਚ ਰੰਗੀ ਹੋਈ ਉਹ ਸਰੋਵਰ ਦੇ ਕੰਢੇ ਤੁਰੀ ਜਾ ਰਹੀ ਸੀ ਕਿ ਉਸਨੂੰ ਜਾਪਿਆ ਜਿਵੇਂ ਉਸਨੂੰ ਉਹ ਥਾਂ ਲੱਭ ਪਈ ਹੋਵੇ ਜਿੱਥੇ ਬੈਠ ਕੇ "**ਸਭਨਾ ਜੀਆ ਕਾ ਇਕੁ ਦਾਤਾ**" ਸਾਰੇ ਸੰਸਾਰ ਦੀ ਸੰਭਾਲ ਕਰਦਾ ਪਿਆ ਹੈ। ਉਸ ਸਥਾਨ ਦੇ ਕਣ-ਕਣ ਨੂੰ ਜੀਭਾਂ ਲੱਗੀਆਂ ਹੋਈਆਂ ਹਨ ਅਤੇ ਹਰ ਇੱਕ ਜੀਭ ਨਾਮ-ਰਸ ਦੇ ਘੁੱਟ ਭਰਦੀ ਪਈ ਹੈ। ਸਪਤ ਸ੍ਰਿੰਗ ਦੇ ਪਰਲੇ ਪਾਰ ਸਿੱਧ ਮੁਨੀ ਯੋਗੀ ਅਤੇ ਤਪੀਸ਼ਰ ਸਮਾਧੀਆਂ ਲਗਾਈ ਬੈਠੇ ਸਿਰਜਨਹਾਰ ਨਾਲ ਜੁੜੇ ਪਏ ਹਨ। ਖੰਡ, ਮੰਡਲ, ਬ੍ਰਹਮੰਡ ਸਾਰੇ ਹੀ ਉਸ ਉੱਚੇ ਅਗਮ ਅਪਾਰ ਵਾਹਿਗੁਰੂ ਦੀ ਸਿਫਤ ਸਲਾਹ ਵਿਚ ਲੱਗੇ ਹੋਏ ਹਨ।

ਉਥੇ ਇੱਕ ਫਟੇ ਹੋਏ ਗਲੇਸ਼ੀਅਰ ਦੇ ਥੱਲੇ ਇਕ ਘੁਰਨਾ ਜਿਹਾ ਬਣਿਆ ਹੋਇਆ ਸੀ। ਕੁਦਰਤ ਦੇ ਗੋਹਜ ਜਾਨਣ ਲਈ ਤਰਸਦੀਆਂ ਅੱਖੀਆਂ ਗਲੇਸ਼ੀਅਰ ਦੇ ਪਾੜ ਵਾਲੀ ਜਗਹ ਉੱਤੇ ਟਿਕ ਗਈਆਂ। ਇਉਂ ਲੱਗਿਆ,ਜਿਵੇਂ ਖੰਡਾਂ ਬ੍ਰਹਮੰਡਾਂ ਵਿਚ ਰਾਜ ਕਰਨ ਵਾਲਾ ਵੱਡਿਆਂ ਤੋਂ ਵੱਡਾ ਦਾਤਾਰ ਪਿਤਾ ਸਿਮਟ ਕੇ ਇਕੱਠਾ ਹੋ ਗਿਆ ਹੋਵੇ ਅਤੇ ਉਸਨੇ ਉਸ ਗਲੇਸ਼ੀਅਰ ਥੱਲੇ ਠੰਡੀ ਮਿੱਠੀ ਲੁਕਵੀ ਥਾਵੇਂ ਡੇਰੇ ਲਗਾ ਲਏ ਹੋਣ-

**ਕਹੂੰ ਫੂਲ ਰਾਜਾ ਹੈ ਬੈਠਾ॥**
**ਕਹੂੰ ਸਿਮਟ ਭਇਓ ਸੰਕਰ ਇਕੈਠਾ॥**

**(ਦਸਮ ਗ੍ਰੰਥ : ੧੩੮੬)**

ਸੱਚਾ ਸਾਹਿਬ ਗਲੇਸ਼ੀਅਰ ਥੱਲੇ ਇਕ ਧਰਮੀ ਰਾਜੇ ਦੇ ਦਰਬਾਰ ਵਿਚ ਹਾਜਰ ਹੈ। ਉੱਚੀ ਸੁੱਚੀ ਕਮਾਈ ਵਾਲਾ ਧਰਮੀ ਰਾਜਾ, ਜਿਸਦੇ ਦਰਬਾਰ ਵਿਚ ਸੱਚੇ ਸਾਈਂ ਦੇ ਸੋਹਲੇ ਗਾਏ ਜਾ ਰਹੇ ਹਨ, ਉਥੇ ਹਰ ਕੋਈ ਨਾਮ-ਰਸ ਦੇ ਮਹਾਂ ਅਨੰਦ ਦੇ ਸਾਗਰਾਂ ਵਿਚ ਤਾਰੀਆਂ ਲਗਾ ਰਿਹਾ ਹੈ। ਗਲੇਸ਼ੀਅਰ ਦੇ ਥੱਲਿਓਂ ਆ ਰਹੇ ਪਾਣੀ ਰਾਹੀਂ ਅੰਦਰੋਂ ਲੁਕਵੀਂ ਥਾਂ ਹੋ ਰਹੇ ਕੀਰਤਨ ਦੀਆਂ ਧੁਨੀਆਂ ਆ ਰਹੀਆਂ ਸਨ। ਨਜਰਾਂ ਗਲੇਸ਼ੀਅਰ ਦੇ ਪਾੜ ਵਿਚ ਝਾਕਦੀਆਂ ਰਹੀਆਂ। ਇਲਾਹੀ ਸੰਗੀਤ ਦੀ ਕਲਪਨਾ ਕਰਕੇ ਉਸਨੂੰ ਐਨੀ ਮਿਠਾਸ ਅਤੇ ਅਨੰਦ ਦੀ ਪ੍ਰਾਪਤੀ ਹੋਈ ਕਿ ਉਸਨੂੰ ਆਪਣੀ ਅਵਾਜ਼, ਉਸ ਚੁੱਪ ਦੇ ਸੰਗੀਤ ਵਿਚ ਖਲਲ ਪਾਉਂਦੀ ਮਹਿਸੂਸ ਹੋਣ ਲੱਗੀ ।

ਉਸਨੇ ਗਾਉਣ ਦੀ ਥਾਂ ਚੁੱਪ ਧਾਰ ਲਈ ਅਤੇ ਕੁਦਰਤ ਦੇ ਸੰਗੀਤ ਨੂੰ ਇਕ ਮਨ-ਚਿੱਤ ਹੋ ਕੇ ਸੁਣਨ ਲੱਗੀ। ਤੁਰੀ ਜਾਂਦੀ ਦੇ ਪੈਰਾਂ ਦੀ ਠੱਪ ਠੱਪ ਅਤੇ ਸੋਟੀ ਦੀ ਠੱਕ ਠੱਕ ਵੀ ਰੰਗ ਵਿਚ ਭੰਗ ਪਾਉਂਦੀ ਜਾਪਣ ਲਗੀ ਤਾਂ ਉਸਨੇ ਦੱਬੇ ਪੈਰੀਂ ਸੋਟੀ ਤੋਂ ਬਿਨਾ ਤੁਰਨਾ ਸ਼ੁਰੂ

ਕੀਤਾ।ਸਰੋਵਰ ਦੇ ਆਲੇ ਦੁਆਲੇ ਉੱਗੀਆਂ ਜੜੀਆਂ ਬੂਟੀਆਂ ਦੇ ਨਿੱਕੇ ਨਿੱਕੇ ਕਈ ਰੰਗਾਂ ਦੀ ਭਾਅ ਮਾਰਦੇ ਪੱਤੇ, ਫੁੱਲਾਂ ਤੋਂ ਵੀ ਵਧ ਸੋਹਣੇ ਅਤੇ ਨਾਜ਼ਕ ਭਾਸਦੇ।ਉਨ੍ਹਾਂ ਸੋਹਣਿਆਂ ਨਿੱਕੜਿਆਂ ਉਤੇ ਪੈਰ ਧਰਨ ਦਾ ਹੌਸਲਾ ਨਾ ਪਵੇ।ਜਿੱਥੇ ਜਿੱਥੇ ਉਨ੍ਹਾਂ ਸੋਹਣਿਆਂ ਦਾ ਲੇਫ ਨਹੀਂ ਸੀ ਵਿਛਿਆ ਹੋਇਆ, ਉਥੇ ਉਥੇ ਪੈਰ ਰੱਖ ਕੇ ਉਹ ਅੱਗੇ ਤੁਰਨ ਲੱਗੀ।

ਅੰਮ੍ਰਿਤ-ਸਰੋਵਰ ਦੀ ਸਵੱਛਤਾ ਨੇ ਸਰੋਵਰ ਦੀ ਡੂੰਘਾਈ ਨੂੰ ਲੁਕਾਇਆ ਹੋਇਆ ਸੀ।ਥਲਵੀਂ ਤਹਿ ਬਿਲਕੁਲ ਸਾਫ ਦਿਖਾਈ ਦੇ ਰਹੀ ਸੀ ਪਰ ਉਹ ਜਾਣਦੀ ਸੀ ਕਿ ਪਾਣੀ ਬਹੁਤ ਡੂੰਘਾ ਹੈ,ਹਵਾ ਦੇ ਦਬਾਓ ਨਾਲ ਅੰਮ੍ਰਿਤ ਜਲ ਵਿਚ ਲਹਿਰਾਂ ਬਣਦੀਆਂ ਕੰਢੇ ਪਏ ਪੱਥਰਾਂ ਨਾਲ ਟਕਰਾ ਕੇ ‘ਵਾਹਿਗੁਰੂ.. ਵਾਹਿਗੁਰੂ..’ ਕਹਿ ਰਹੀਆਂ ਹਨ।ਗਹਿਰੀ ਰਸੀਲੀ ਤੇ ਭਰਵੀਂ ਮੰਦਰ ਸਪਤਕ ਦੀ ਅਵਾਜ਼ ਵਿਚ ਲਹਿਰਾਂ ਕੋਲੋਂ 'ਵਾਹਿਗੁਰੂ’ ਨਾਮ ਦੀ ਧੁਨੀ ਸੁਣ ਉਸਦੇ ਦਿਲ ਦੀਆਂ ਗਹਿਰਾਈਆਂ ਵਿਚੋਂ ਵੀ ਲਹਿਰਾਂ ਦੀ ਤਾਲ ਨਾਲ 'ਵਾਹਿਗੁਰੂ ਵਾਹਿਗੁਰੂ' ਨਿਕਲੀ ਜਾ ਰਿਹਾ ਸੀ।ਥੋੜੀ ਦੂਰੋਂ ਇਕ ਬਹੁਤ ਹੀ ਦਿਲ ਖਿੱਚਵੀਂ ਅਵਾਜ਼ ਨੇ ਧੂਅ ਪਾਈ।ਛੇਤੀ ਛੇਤੀ ਪੈਰ ਪੁੱਟਦੀ ਉਥੇ ਪਹੁੰਚੀ ਤਾਂ ਕੀ ਦੇਖਦੀ ਹੈ ਕਿ ਗਲੇਸ਼ੀਅਰਾਂ ਨਾਲ ਰੁੜ੍ਹ ਕੇ ਆਏ ਪੱਥਰਾਂ ਦੇ ਬਹੁਤ ਵਡੇ ਢੇਰਾਂ ਹੇਠੋਂ ਵਹਿ ਕੇ ਆਏ ਪਾਣੀ ਦਾ ਝਰਨਾ ਅੰਮ੍ਰਿਤ ਸਰੋਵਰ ਵਿਚ ਮਿਲ ਰਿਹਾ ਹੈ।ਮਸੀਂ ਦੋ ਤਿੰਨ ਫੁੱਟ ਦੀ ਥਾਂ ਵਿਚ ਦਿਸਣ ਵਾਲਾ ਪਾਣੀ ਪਤਾ ਨਹੀਂ ਕਿਹੜੀ ਚੋਟੀ ਤੋਂ ਪੱਥਰਾਂ ਹੇਠੋਂ ਦੀ ਰਸਤਾ ਬਣਾਉਂਦਾ ਹੋਇਆ ਅੰਮ੍ਰਿਤ ਸਰੋਵਰ ਵਿਚ ਮਿਲ ਜਾਣ ਲਈ ਦੌੜਿਆ ਆ ਰਿਹਾ ਸੀ।ਉਸਦਾ ਸੰਗੀਤ ਜਿਵੇਂ ਕੋਈ ਬੱਚਾ ਆਪਣੀ ਮਿੱਠੀ ਤੋਤਲੀ ਅਵਾਜ਼ ਵਿਚ ਗਾ ਕੇ ਦਿਲ ਲੁਭਾ ਰਿਹਾ ਹੋਵੇ।ਨਾਮ-ਰਸ ਦੀ ਕਿਣ-ਮਿਣ ਨਾਲ ਦਿਲ-ਧਰਤੀ ਨੂੰ ਸਿੰਜਣ ਲਈ ਉਹ ਉਥੇ ਹੀ ਖੜ੍ਹ ਗਈ।ਫਿਰ ਉਹ ਅਜਹੇ ਕਿਸੇ ਹੋਰ ਸੰਗੀਤ ਨੂੰ ਸੁਣਨ ਲਈ ਅੱਗੇ ਵਧੀ।ਦੋ ਥਾਵਾਂ ਉੱਤੇ ਹੋਰ ਇਸੇ ਤਰ੍ਹਾਂ ਹੀ ਮਿੱਠਾ ਮਿੱਠਾ ਸੰਗੀਤ ਪੈਦਾ ਕਰਦਾ ਹੋਇਆ ਪਾਣੀ ਸਰੋਵਰ ਵਿਚ ਮਿਲ ਰਿਹਾ ਸੀ।ਅਨੰਦ ਮਈ ਤਰੰਗਾਂ ਵਿਚ ਲਹਿਰਦੀ ਹੋਈ ਉਹ ਚੌਥੀ ਚੋਟੀ ਕੋਲ ਜਾ ਪਹੁੰਚੀ। ਸਰੋਵਰ ਦੇ ਕੰਢੇ ਉਤੇ ਇਕ ਛੇ ਕੁ ਫੁੱਟ ਲੰਬਾ ਅਤੇ ਚਾਰ ਕੁ ਫੱਟ ਚੌੜਾ ਲੱਕੜੀ ਦਾ ਫੱਟਾ ਕਿਸ਼ਤੀ ਵਾਂਗੂੰ ਸਰੋਵਰ ਦੇ ਪਾਣੀ ਵਿਚ ਪਿਆ ਸੀ।ਉਹ ਉਸ ਉੱਤੇ ਜਾ ਕੇ ਬੈਠ ਗਈ।ਉਸਨੇ ਦੂਰੋਂ ਹੀ ਦੇਖਿਆ ਕਿ ਗ੍ਰੰਥੀ ਸਿੰਘ ਗੁਰੂਦੁਆਰੇ ਵਿਚੋਂ ਬਾਹਰ ਨਿਕਲਿਆ ਤੇ ਘੋੜੇ ਵਾਲੇ ਨਾਲ ਗੱਲਾਂ ਕਰਨ ਲੱਗ ਪਿਆ।ਘੋੜੇ ਵਾਲੇ ਨੇ ਬੀਬੀ ਨੂੰ ਵਾਪਿਸ ਜਾਣ ਦਾ ਇਸ਼ਾਰਾ ਕੀਤਾ ਪਰ ਉਸਨੇ ਥ੍ਹੋੜੀ ਦੇਰ ਹੋਰ ਰੁਕਣ ਦਾ ਇਸ਼ਾਰਾ ਕਰ ਦਿੱਤਾ ਤੇ ਆਪਣੀਆਂ ਨਜਰਾਂ ਸਰੋਵਰ ਦੀਆਂ ਲਹਿਰਾਂ ਉਤੇ ਟਿਕਾ ਲਈਆਂ।

ਚੌਥੀ ਚੋਟੀ ਦੇ ਧੁਰ ਉਪਰੋਂ ਆ ਰਹੀਆਂ ਝਰਨਿਆਂ ਦੀਆਂ ਲੜੀਆਂ ਸਿੱਧੀਆਂ ਸਪਾਟ ਸਰੋਵਰ ਵਿਚ ਡਿਗਦੀਆਂ ਹੋਈਆਂ ਕੋਈ ਅਨਹਦੀ ਸੁਰ ਗੁੰਜਾ ਰਹੀਆਂ ਸੀ। ਇਸ ਗੁੰਜਾਰ ਨੇ ਉਸਦਾ ਧਿਆਨ ਆਪਣੀ ਵਲ ਖਿੱਚਿਆ। ਇਉਂ ਲੱਗਿਆ ਜਿਵੇਂ ਉਸਦੀ ਸੁਰਤੀ ਗੰਧਰਵਾਂ ਦੇ ਦੇਸ਼ ਪਹੁੰਚ ਗਈ ਹੋਵੇ। ਅਜ ਪਹਿਲੀ ਵਾਰ ਉਸਨੂੰ

**"ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰ॥**
**ਗਾਵਹਿ ਰਾਜਾ ਧਰਮ ਦੁਆਰੇ॥"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੬)**

ਦੇ ਅਰਥਾਂ ਦੀ ਸਮਝ ਆਈ। ਉਸਨੂੰ ਝਰਨਿਆਂ ਦੇ ਮੂਹੋਂ ਕਾਦਰ ਦੇ ਗੀਤ ਸੁਣਨ ਦਾ ਅਨੋਖਾ ਅਨੁਭਵ ਹੋਇਆ। ਉਸਦਾ ਰੋਮ ਰੋਮ ਅਨਹਦੀ ਸੰਗੀਤ ਦੇ ਰਸ ਨਾਲ ਰਸ ਗਿਆ। ਉਹ ਸੁੰਨ ਹੋ ਗਈ। ਪਤਾ ਹੀ ਨਾ ਲੱਗਿਆ ਕਿ ਦਿਨ ਢਲ ਗਿਆ ਹੈ। ਬੁੱਤ ਬਣ ਕੇ ਬੈਠੀ ਨੂੰ ਜਦੋਂ ਘੋੜੇ ਵਾਲੇ ਨੇ ਆ ਕੇ ਹਨੇਰਾ ਪੈਣ ਤੋਂ ਪਹਿਲੇ ਗੋਬਿੰਦ ਧਾਮ ਪਹੁੰਚਣ ਦੀ ਚਿਤਾਵਨੀ ਦਿੱਤੀ ਤਾਂ ਉਸਨੂੰ ਇਉਂ ਲੱਗਿਆ ਜਿਵੇਂ ਉਸਦੀ ਗੂੜ੍ਹੀ ਨੀਂਦ ਤੋਂ ਜਾਗ ਖੁਲ੍ਹੀ ਹੋਵੇ।

ਇਕ ਦਿਨ ਫਿਰ, ਉਹ ਸਵੇਰੇ ਸਵੇਰੇ ਹੀ ਪਹੁੰਚ ਕੇ ਉਸ ਫੱਟੇ ਉਤੇ ਜਾ ਬੈਠੀ। ਚੌਥੀ ਚੋਟੀ ਦੇ ਧੁਰ ਸਿਖਰੋਂ ਡਿਗਦੀਆਂ ਝਰਨਿਆਂ ਦੀਆਂ ਲੜੀਆਂ ਦੀ ਮਿੱਠੀ ਮਿੱਠੀ ਗੂੰਜ ਵਿਚ ਧਿਆਨ ਜੋੜ ਕੇ ਬੈਠੀ ਰਹੀ। ਅੱਖੀਆਂ ਮੀਟੀ ਅਨਹਦੀ ਸੰਗੀਤ ਦੀਆਂ ਫੁਹਾਰਾਂ ਵਿਚ ਭਿੱਜਦੀ ਰਹੀ। ਨਾਮ ਰਸ ਦੇ ਘੁੱਟ ਪੀਂਦੀ ਰਹੀ। ਅੱਖ ਖੁਲ੍ਹੀ ਤਾਂ ਉਸਨੇ ਦੇਖਿਆ ਕਿ ਉੱਥੇ ਪਏ ਪੱਥਰਾਂ ਉਤੇ ਇਕ ਅੱਤਿ ਸੋਹਣਾ ਚਮਕੀਲੇ ਪਰਾਂ ਵਾਲਾ ਪੰਛੀ ਉਡਿਆ ਫਿਰਦਾ ਸੀ। ਚਿੜੀ ਨਾਲੋਂ ਵੱਡਾ ਪਰ ਚਿੜੀ ਵਾਗੂੰ ਚੁਸਤ-ਫੁਰਤ। ਸ਼ਕਲ ਸੂਰਤ ਵੀ ਚਿੜੀਆਂ ਵਰਗੀ ਹੀ। ਉਸਨੂੰ ਯਾਦ ਆਇਆ ਕਿ ਇਕ ਦਿਨ ਉਹ ਗੋਬਿੰਦ ਧਾਮ ਵਿਖੇ ਇਕ ਬਜ਼ੁਰਗ(**ਬਾਬਾ ਨੰਦਾ ਸਿੰਘ**) ਨੂੰ ਮਿਲੀ ਸੀ, ਜਿਸ ਨੇ ਹੇਮਕੁੰਟ ਸਾਹਿਬ ਦੀ ਉਸ ਸਮੇਂ ਸੇਵਾ ਕੀਤੀ, ਜਦੋਂ ਦੁਸ਼ਟ ਦਮਨ ਦੇ ਇਸ ਤਪਸਥਾਨ ਦੀ ਖੋਜਿਆ ਹੀ ਸੀ। ਉਹ ਹੇਮਕੁੰਟ ਸਾਹਿਬ ਤੋਂ ਸਭ ਤੋਂ ਨੇੜੇ ਦੇ ਪਿੰਡ ਦਾ ਵਸਨੀਕ ਸੀ। ਹੇਮਕੁੰਟ ਸਾਹਿਬ ਦੀਆਂ ਖਾਸ ਖਾਸ ਗੱਲਾਂ ਦੱਸਦੇ ਹੋਏ ਉਸਨੇ ਕਿਹਾ ਸੀ ਕਿ ਜਦੋਂ ਬਰਫ਼ ਪਿਘਲ ਜਾਂਦੀ ਹੈ ਤਾਂ ਇਹ ਚਿੜੀਆਂ ਸਰੋਵਰ ਵਿਚ ਪਏ ਕੱਖ ਤੀਲੇ ਆਪਣੀਆਂ ਚੁੰਝਾਂ ਨਾਲ ਚੁੱਕ ਕੇ ਸਰੋਵਰ ਤੋਂ ਦੂਰ ਜਾ ਕੇ ਸੁੱਟ ਆਉਂਦੀਆਂ ਹਨ ਅਤੇ ਸਰੋਵਰ ਨੂੰ ਬਿਲਕੁਲ ਸਾਫ-ਸੁਥਰਾ ਕਰ ਦਿੰਦੀਆਂ ਹਨ। ਬਾਬਾ ਨੰਦਾ ਸਿੰਘ ਇਹਨਾਂ ਚਿੜੀਆਂ ਨੂੰ 'ਸੇਵਕਾਵਾਂ' ਕਹਿੰਦਾ ਸੀ। ਸੁੰਦਰਤਾ ਦੀ ਦੇਵੀ ਨੇ ਸੁੰਦਰਤਾ ਦੇ ਖਜਾਨਿਆਂ ਵਿਚ ਰਹਿਣ ਵਾਲੀਆਂ ਇਹਨਾਂ ਸੇਵਕਾਵਾਂ

ਦੀ ਉੱਚੀ ਸੁੱਚੀ ਸੇਵਾ ਦੇਖ ਕੇ ਹੀ ਸ਼ਾਇਦ ਇਨ੍ਹਾਂ ਦੇ ਖੰਭਾਂ ਉਤੇ ਕਾਰੀਗਰੀ ਦਾ ਸੁੰਦਰ ਨਮੂਨਾ ਚਿੱਤਰਿਆ ਹੋਵੇਗਾ।

ਸ੍ਰੀ ਹੇਮਕੁੰਟ ਸਾਹਿਬ ਤੋਂ ਵਾਪਸ ਗੋਬਿੰਦ ਧਾਮ ਪਹੁੰਚੀ ਤਾਂ ਖਬਰ ਸੁਣੀ ਕਿ ਯਾਤਰੂਆਂ ਦੇ ਵਾਪਿਸ ਜਾਣ ਦੇ ਰਸਤੇ ਖੁੱਲ੍ਹ ਗਏ ਹਨ।ਹਰ ਪਾਸੇ ਖੁਸ਼ੀ ਦੀ ਲਹਿਰ ਸੀ।ਸਵੇਰੇ ਜਾਣ ਦੀ ਤਿਆਰੀ ਕਰਕੇ ਉਸਦੀਆਂ ਸਾਥਣਾਂ ਆਪੋ ਆਪਣੇ ਬਿਸਤਰਿਆਂ ਵਿਚ ਜਾ ਪਈਆਂ ਪਰ ਉਸ ਨੂੰ ਪਾਤਸ਼ਾਹ ਦੇ ਪ੍ਰੇਮ ਦਾ ਨਿੱਘ ਲੰਗਰ ਵਲ ਖਿੱਚ ਕੇ ਲੈ ਗਿਆ।ਲੰਗਰ ਦੇ ਇਕ ਖੂੰਜੇ ਵਿਚ ਬੜੇ ਭਾਰੇ ਦਰਖਤ ਥੱਲੇ ਬਰਤਣਾਂ ਦੀ ਸੇਵਾ ਹੋ ਰਹੀ ਸੀ।ਬਰਫ ਵਰਗੇ ਠੰਡੇ ਪਾਣੀ ਨਾਲ ਉਹ ਬਰਤਣ ਸਾਫ ਕਰਨ ਲੱਗ ਪਈ ਠੰਡ ਨਾਲ ਹੱਥ ਸੁੰਨ ਹੋਈ ਜਾ ਰਹੇ ਸੀ ਪਰ ਉਸਦੇ ਦਿਲ ਅੰਦਰ ਭਖਦੀ ਗੁਰੂ-ਪ੍ਰੇਮ ਦੀ ਚੰਗਿਆੜੀ ਉਸਨੂੰ ਸੇਵਾ ਕਰਨ ਲਈ ਉਤਸ਼ਾਹਿਤ ਕਰੀ ਜਾ ਰਹੀ ਸੀ।ਕ੍ਰਿਸ਼ਮਿਆਂ ਦੀ ਧਰਤੀ ਉਤੇ, ਕੋਈ ਮਿੱਠੇ ਸੁਰ ਗੰਧਰਵਾਂ ਦੇ ਦੇਸ਼ ਤੋਂ ਆਏ ਅਤੇ ਉਸ ਬੀਬੀ ਦੇ ਗਲੇ ਵਿਚ ਉਤਰ ਕੇ ਤਾਰੀਆਂ ਲਾਉਂਦੇ ਹੋਏ ਉਸ ਕੋਲੋਂ 'ਵਾਹਿਗੁਰੂ' ਨਾਮ ਦਾ ਉਚਾਰਣ ਕਰਵਾਉਣ ਲੱਗੇ।ਹੱਥਾਂ ਨਾਲ ਬਰਤਣਾਂ ਦੀ ਸੇਵਾ ਕਰੀ ਜਾਵੇ ਅਤੇ ਮੂੰਹੋ ਵਾਹਿਗੁਰੂ ਨਾਮ ਦਾ ਉਚਾਰਣ ਕਰੀ ਜਾਵੇ।

ਉਸਦੇ ਮਨ ਵਿਚ ਖਿਆਲ ਆਇਆ ਕਿ ਸਾਰੇ ਬਰਤਣ ਉਹ ਇਕੱਲੀ ਹੀ ਸਾਫ ਕਰੇਗੀ ਪਰ ਇਕ ਵੀਹ ਕੁ ਸਾਲ ਦਾ ਲੜਕਾ ਉਸ ਦੇ ਕੋਲ ਆ ਕੇ ਖੜ੍ਹ ਗਿਆ ਅਤੇ ਉਹ ਵੀ ਬਰਤਣ ਸਾਫ ਕਰਨ ਲੱਗ ਪਿਆ।ਉਹ ਚਾਹੁੰਦੀ ਸੀ ਕਿ ਲੜਕਾ ਚਲੇ ਜਾਵੇ ਕਿਉਂਕਿ ਉਹ ਇਕੱਲੀ ਹੀ ਸੇਵਾ ਦਾ ਲਾਹਾ ਲੈਣਾ ਚਾਹੁੰਦੀ ਸੀ ਪਰ ਲੜਕੇ ਨੂੰ ਸੇਵਾ ਕਰਨ ਤੋਂ ਹਟਾਉਣ ਦਾ ਵੀ ਹੌਸਲਾ ਨਾ ਪਵੇ।ਇਸੇ ਖਿਆਲ ਕਾਰਨ ਹੀ ਉਸਦੇ 'ਵਾਹਿਗੁਰੂ' ਉਚਾਰਣ ਵਿਚ ਰੁਕਾਵਟ ਪੈ ਗਈ।ਲੜਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿਚ ਗੜੂੰਦ ਹੋਇਆ ਆਪਣੇ ਰਸੀਲੇ ਗਲੇ ਨਾਲ ਗਾਉਣ ਲੱਗ ਪਿਆ, ‘ਦਾਮ ਤੋਂ ਨਾ ਦੇ ਸਕੂੰ ... ਭੇਟਾ ਮਨਜ਼ੂਰ ਕਰੋ....ਸੁਣ ਦਇਆ ਸਿੰਘ ਜੋ ਜੋ ਭੇਟ ਮੈਂ ਚੜ੍ਹਾਉਂਗਾ ।’ ਨਾਲੇ ਬਰਤਣ ਧੋਈ ਜਾਵੇ ਅਤੇ ਨਾਲੇ ਸਤਿਗੁਰੂ ਨੂੰ ਯਾਦ ਕਰਕੇ ਉਸਦੀਆਂ ਪੰਥ ਲਈ ਕੀਤੀਆਂ ਕੁਰਬਾਨੀਆਂ ਅਤੇ ਭੇਟਾਵਾਂ ਯਾਦ ਕਰ ਕੇ ਗਾਈ ਜਾਵੇ।ਉਸ ਰੰਗੀ ਰੂਹ ਨੂੰ ਦੇਖ ਕੇ ਉਸ ਬੀਬੀ ਦੀ ਸੁਰਤੀ ਨੂੰ ਵੀ ਹੁਲਾਰਾ ਮਿਲਿਆ ਅਤੇ ਉਸਦਾ ਮਨ ਪੂਰੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾ ਨਾਲ ਜਾ ਜੁੜਿਆ।ਲੜਕੇ ਦਾ ਗੀਤ ਮਨ ਮੋਹ ਰਿਹਾ ਸੀ।ਲੜਕੇ ਦੇ ਕੱਪੜਿਆਂ ਉਤੇ ਪਾਣੀ ਦੇ ਛਿੱਟੇ ਪੈਂਦੇ ਦੇਖ ਉਸਨੂੰ ਬਰਤਨਾਂ ਦੀ ਸੇਵਾ ਇਕੱਲਿਆਂ ਕਰਨ ਦਾ ਖਿਆਲ ਆਇਆ।ਉਹ ਕਹਿਣ ਲਗੀ;-“ਤੁਸੀਂ ਰਹਿਣ ਦਿਓ-ਮੈਂ ਕਰਦੀ ਪਈ ਹਾਂ-ਤੁਹਾਡੇ ਕੱਪੜੇ ਭਿੱਜ ਜਾਣਗੇ।” ਇਹ ਗੱਲ ਸੁਣ ਕੇ ਲੜਕਾ


ਮੁਸਕਰਾਇਆ ਅਤੇ ਭਿੱਜੀਆਂ ਅੱਖੀਆਂ ਨਾਲ ਕਹਿੰਦਾ;- "**ਇੱਥੇ ਭਿੱਜਣ ਹੀ ਤਾਂ ਆਏ ਹਾਂ!**" ਅਤੇ ਉਹ ਆਪਣੇ ਤਨ ਮਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰੰਗ ਵਿਚ ਭਿਓਂਣ ਲਈ ਉਸੇ ਤਰ੍ਹਾਂ ਹੀ ਬਰਤਣ ਧੋਂਦਾ ਰਿਹਾ ਤੇ ਗਾਉਂਦਾ ਰਿਹਾ।

ਉਸਦੀਆਂ ਭਿੱਜੀਆਂ ਅੱਖੀਆਂ ਦੇ ਜਾਦੂ ਨੇ ਉਸ ਬੀਬੀ ਨੂੰ ਵੀ ਭਿਓਂ ਦਿੱਤਾ।ਧੁਰ ਅੰਦਰ ਤੱਕ.. ਨੁੱਚੜ ਗਈ ਉਹ ਸਾਰੀ ਦੀ ਸਾਰੀ ਹੀ, ਜਨਮਾਂ ਜਨਮਾਂ ਦਾ ਸੋਕਾ ਉਸ ਮਿਠ-ਬੋਲੜੇ ਦੇ ਸੁਰਾਂ ਦੀ ਬੁਛਾੜ ਨਾਲ ਹਰਿਆਵਲ ਵਿਚ ਬਦਲ ਗਿਆ ਤੇ ਉਹ ਘਿਰ ਗਈ ਪ੍ਰੇਮ ਘਟਾਵਾਂ ਦੀਆਂ ਬੁਛਾੜਾਂ ਵਿਚ...!.ਡੁੱਲ੍ਹਣ ਲੱਗੀ ਅੱਖੀਆਂ ਦੇ ਮਘੋਰਿਆਂ ਥਾਣੀ।ਤਦ ਬਰਤਣਾ ਦੀ ਸੇਵਾ ਦਾ ਲਾਹਾ ਲੈਣਾ ਉਸਨੂੰ ਭੁਲ ਗਿਆ ਅਤੇ ਉਹ ਉਸ ਲੜਕੇ ਦੇ ਸੁਰਾਂ ਦਾ ਲਾਹਾ ਲੈਣ ਲੱਗੀ।ਧੁਰ-ਅੰਦਰੋਂ ਭਿੱਜਿਆ ਹੋਇਆ ਲੜਕਾ ਆਪਣੀਆਂ ਭਿੱਜੀਆਂ ਅੱਖੀਆਂ ਅਤੇ ਭਿੱਜੇ ਸੁਰਾਂ ਰਾਹੀਂ ਉਸਨੂੰ ਗੁਰੂ ਦੇ ਪ੍ਰੇਮ-ਰਸ ਵਿਚ ਭਿੱਜਣ ਦੀ ਜਾਚ ਸਿਖਾ ਕੇ ਪਤਾ ਨਹੀਂ ਕਿਥੇ ਚਲਾ ਗਿਆ।ਫਿਰ ਕਿਧਰੇ ਨਜ਼ਰੀਂ ਨਹੀਂ ਆਇਆ।ਕਹਿੰਦੇ ਨੇ ਸ਼ਹੀਦ ਸਿੰਘ ਵੀ ਕਈ ਵਾਰੀ ਲੰਗਰ ਵਿਚ ਸੇਵਾ ਕਰਨ ਵਾਲਿਆਂ ਨਾਲ ਰਲ ਕੇ ਸੇਵਾ ਕਰਨ ਲਈ ਅਲੱਗ ਅਲੱਗ ਭੇਸਾਂ ਵਿਚ ਆ ਹਾਜ਼ਰ ਹੁੰਦੇ ਹਨ।ਹੋ ਸਕਦਾ ਹੈ ਕਿ ਉਹ ਲੜਕਾ ਵੀ ਕੋਈ ਸ਼ਹੀਦ ਸਿੰਘ ਹੀ ਹੋਵੇ ਜੋ ਉਸ ਬੀਬੀ ਨੂੰ ਪ੍ਰੇਮ-ਰਸ ਵਿਚ ਭਿੱਜੇ ਰਹਿਣ ਦਾ ਸੁਨੇਹਾ ਦੇਣ ਆਇਆ ਹੋਵੇ।

ਦੂਜੇ ਦਿਨ ਵਾਹਿਗੁਰੂ ਦਾ ਸ਼ੁਕਰ ਮਨਾਉਂਦੇ ਹੋਏ ਯਾਤਰੂ ਆਪਣੇ ਆਪਣੇ ਘਰਾਂ ਨੂੰ ਤੁਰ ਪਏ ਪਰ ਰਸਤੇ ਵਿਚ ਵਾਪਰਨ ਵਾਲੀਆਂ ਬਦਲਾ ਲਊ ਘਟਨਾਵਾਂ ਤੋਂ ਹਰ ਕੋਈ ਸੁਚੇਤ ਸੀ।ਗੋਬਿੰਦ ਘਾਟ ਤੱਕ ਤਾਂ ਠੀਕ ਹੀ ਰਿਹਾ ਪਰ ਅੱਗੇ ਜਾ ਕੇ ਸਿੱਖ ਯਾਤਰੂਆਂ ਦੀਆਂ ਬੱਸਾਂ ਉਤੇ ਪੱਥਰ ਵਰ੍ਹਾਉਣ ਵਾਲਿਆਂ ਨੇ ਕੋਈ ਕਸਰ ਨਾ ਛੱਡੀ।ਪੁਲਿਸ ਵੀ ਉਥੇ ਹੀ ਘੁੰਮਦੀ ਫਿਰਦੀ ਸੀ।ਪੱਥਰ ਬੱਸਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਤੋੜ ਕੇ ਬੱਸਾਂ ਦੇ ਅੰਦਰ ਡਿੱਗੇ ਤੇ ਸ਼ੀਸ਼ੇ ਕਿਰਚਾਂ ਕਿਰਚਾਂ ਹੋ ਕੇ ਯਾਤਰੂਆਂ ਉਤੇ ਡਿੱਗੇ।ਯਾਤਰੂਆਂ ਦੇ ਕੱਪੜੇ ਸ਼ੀਸ਼ਿਆਂ ਨਾਲ ਭਰੇ ਪਏ ਸਨ।ਬੱਸਾਂ ਅੰਦਰ ਸ਼ੀਸ਼ਾ ਹੀ ਸ਼ੀਸ਼ਾ ਖਿਲਰਿਆ ਪਿਆ ਸੀ ਪਰ ਹੈਰਾਨਗੀ ਦੀ ਗੱਲ ਇਹ ਕਿ ਕਿਸੇ ਯਾਤਰੂ ਦੇ ਝਰੀਟ ਤੱਕ ਨਹੀਂ ਆਈ।

ਸਰਕਾਰੀ ਛਤਰ ਛਾਇਆ ਹੇਠ ਕਈ ਥਾਵਾਂ ਉਤੇ ਬੱਸਾਂ ਬਦਲਣੀਆਂ ਪਈਆਂ।ਦੋ ਥਾਵਾਂ ਉਤੇ ਜੰਗਲ ਵਿਚ ਕੁਝ ਦੇਰ ਰੁਕਣਾ ਪਿਆ।ਭੁੱਖ ਪਿਆਸ ਸਹਿਣੀ ਪਈ।ਅਖੀਰ ਰਿਸ਼ੀਕੇਸ਼ ਜਾ ਕੇ ਚੈਨ ਮਿਲਿਆ।ਘਰ ਪਹੁੰਚ ਕੇ ਉਹੀ ਪਹਿਲੇ ਵਾਲੇ ਰੁਝੇਵਿਆਂ ਵਿਚ ਸਮਾ ਬਤੀਤ ਹੋਣ ਲੱਗਿਆ ਪਰ ਯਾਤਰਾ ਦੇ ਹੰਢਾਏ ਪਲਾਂ ਦੀਆਂ ਯਾਦਾਂ ਉਸਦੀ ਰੂਹ ਵਿਚ ਸਮਾਈਆਂ ਰਹੀਆਂ।ਖਾਸ ਕਰਕੇ ਉਸ ਲੜਕੇ ਦਾ ਗੀਤ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ


ਕਮਲਾਂ ਨਾਲ ਜੋੜੀ ਰੱਖਦਾ ਤੇ  ਉਸ ਦੀ ਕਹੀ ਹੋਈ ਗੱਲ ਹਮੇਸ਼ਾਂ ਉਸਦੇ ਕੰਨਾਂ ਵਿਚ ਗੂੰਜਦੀ ਰਹਿੰਦੀ, "**ਇੱਥੇ ਭਿੱਜਣ ਹੀ ਤਾਂ ਆਏ ਹਾਂ**"



**********************************

# ਯੋਗੀ ਦੀ ਭਵਿੱਖ ਬਾਣੀ


## ਸਰਦਾਰ ਤਰਸੇਮ ਸਿੰਘ ਜੀ ਤੇ ਚੁਰਾਸੀ ਦੇ ਦੰਗੇ




**ਸਰਦਾਰ ਤਰਸੇਮ ਸਿੰਘ** ਤੀਰਥ ਯਾਤਰੀਆਂ ਦੀ ਬੱਸ ਦੇ ਡਰਾਇਵਰ ਸਨ। ਰੋਜ਼ੀ ਰੋਟੀ ਕਮਾਉਣ ਦੇ ਨਾਲ ਨਾਲ ਉਹ ਸਿੱਖ ਇਤਿਹਾਸ ਨਾਲ ਜੁੜੇ ਗੁਰਦੁਆਰਿਆਂ ਦੀ ਯਾਤਰਾ ਬੜੀ ਸ਼ਰਧਾ ਤੇ ਪ੍ਰੇਮ-ਭਾਵਨਾਂ ਨਾਲ ਕਰਦੇ ਸਨ। ਹੇਮ-ਕੁੰਟ ਸਾਹਿਬ ਦੀ ਕੁਦਰਤੀ ਸੁੰਦਰਤਾ ਤੇ ਤਪ-ਸਾਧਨਾਂ ਨਾਲ ਰੰਗੀ-ਰਸੀ ਧਰਤੀ ਨਾਲ ਉਨ੍ਹਾਂ ਦਾ ਖਾਸ ਲਗਾਓ ਸੀ। ਰਿਸ਼ਟ ਪੁਸ਼ਟ ਹੋਣ ਕਰਕੇ ਵਲ-ਵਲੇਵੇਂ ਖਾਂਦੇ ਲੰਬੇ ਰਸਤਿਆਂ ਉਤੇ ਜਾਣ ਨਾਲੋਂ ਸਿੱਧੀਆਂ ਚੜ੍ਹਾਈਆਂ ਚੜ੍ਹ ਕੇ ਛੋਟੇ ਰਸਤੇ ਆਪ ਹੀ ਲੱਭ ਲੈਂਦੇ ਸਨ।

ਇਕ ਵਾਰੀ ਉਹ ਪਹਾੜਾਂ ਦੀਆਂ ਉਚਿਆਈਆਂ ਤਹਿ ਕਰਦੇ ਹੋਏ ਰਸਤਾ ਭੁਲ ਗਏ। ਸੱਚੇ ਦਿਲ ਨਾਲ ਸਤਿਗੁਰਾਂ ਨੂੰ ਯਾਦ ਕੀਤਾ ਤਾਂ ਦੋ ਕੁੱਤੇ ਆ ਗਏ। ਉਨ੍ਹਾਂ ਦੀ ਪੈਂਟ ਦੇ ਪਹੁੰਚੇ ਨੂੰ ਮੂੰਹ ਵਿਚ ਫੜ ਕੇ ਇਸ਼ਾਰੇ ਕਰਦੇ ਹੋਏ ਠੀਕ ਰਸਤੇ ਉਤੇ ਲੈ ਗਏ। ਇਸ ਅਨੋਖੇ ਅਨੁਭਵ ਨੇ ਉਨ੍ਹਾਂ ਨੂੰ ਸਰਵ ਕਲਾ ਭਰਪੂਰ ਸਤਿਗੁਰੂ ਦੇ ਅੰਗ ਸੰਗ ਹੋਣ ਦਾ ਅਹਿਸਾਸ ਦੁਆਇਆ। ਇਸ ਯਾਤਰਾ ਦੌਰਾਨ ਉਨ੍ਹਾਂ ਨੂੰ ਕੁਝ ਵਿਦੇਸ਼ੀ ਯਾਤਰੂਆਂ ਨਾਲ ਹੇਮ-ਕੁੰਟ ਸਾਹਿਬ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ, ਜਿਹੜੇ

ਕਿਸੇ ਰਿੱਧੀਆਂ ਸਿੱਧੀਆਂ ਵਾਲੇ ਯੋਗੀ ਦੀ ਤਲਾਸ਼ ਵਿਚ ਸਨ। ਸਰਦਾਰ ਤਰਸੇਮ ਸਿੰਘ ਜੀ ਦੀ ਮਦਦ ਨਾਲ ਪਹਾੜੀ ਲੋਕਾਂ ਤੋਂ ਪੁੱਛ ਪੜਤਾਲ ਕਰਨ ਪਿਛੋਂ ਉਹ ਇਕ ਐਸੇ ਯੋਗੀ ਨੂੰ ਮਿਲਣ ਵਿਚ ਕਾਮਯਾਬ ਹੋ ਗਏ ਜਿਹੜਾ ਕਈ  ਕਈ ਮਹੀਨੇ ਸਮਾਧੀ ਲਗਾਈ ਬੈਠਾ ਰਹਿੰਦਾ ਸੀ ਤੇ ਬਰਫਾਂ ਵਿਚ ਭੀ ਉਹ ਸਰੀਰ ਉਤੇ ਕੋਈ ਕੱਪੜਾ ਨਹੀਂ ਪਉਂਦਾ ਸੀ। ਵਿਦੇਸ਼ੀਆਂ ਨੇ ਤਪੱਸਵੀ ਕੋਲੋਂ ਕਈ ਸਵਾਲ ਪੁੱਛੇ। ਅਗੋਂ ਉਸਨੇ ਸਵਾਲਾਂ ਦੇ ਜਵਾਬ ਦੇ ਕੇ ਉਨ੍ਹਾਂ ਦੀ ਪੂਰੀ ਤਸੱਲੀ ਕਰਵਾਈ। ਵਿਦੇਸ਼ੀਆਂ ਨੇ ਯੋਗੀ ਦੀਆਂ ਤਸਵੀਰਾਂ ਲਈਆਂ ਅਤੇ ਸਾਰੀ ਗਲ ਬਾਤ ਟੇਪ ਕਰਕੇ ਆਪਣੇ ਨਾਲ ਲੈ ਗਏ।



**ਸਰੀਰਕ ਲੋੜਾਂ ਤੋਂ ਨਿਰਲੇਪ ਰਹਿਣ ਵਾਲਾ ਯੋਗੀ ਵਿਦੇਸ਼ੀ ਯਾਤਰੀਆਂ ਨੂੰ ਆਪਣੇ ਵਿਚਾਰ ਟੇਪ ਕਰਵਾ ਰਿਹਾ ਹੈ। ਬਰਫਾਨੀ ਮੌਸਮ ਹੋਣ ਕਰਕੇ ਹਰ ਪਾਸੇ ਬਰਫ ਪਈ ਦਿਖਾਈ ਦਿੰਦੀ ਹੈ,ਸਭਨਾਂ ਨੇ ਗਰਮ ਕਪੜੇ ਪਾਏ ਹੋਏ ਹਨ ਪਰ ਤਪ-ਸਾਧਨਾਂ ਦੀ ਮੂਰਤੀ ਬਣ ਕੇ ਬੈਠਾ ਨੰਗ-ਮੁਨੰਗਾ ਯੋਗੀ ਮਨੁਖੀ ਜੀਵਨ ਦਾ ਉਚ-ਪਦ ਪਰਾਪਤ ਕਰਨ ਦਾ ਨਮੂਨਾਂ ਬਣੀ ਬੈਠਾ ਹੈ।**



ਸਰਦਾਰ ਤਰਸੇਮ ਸਿੰਘ ਜੀ ਅਤੇ ਹੋਰ ਸੁਭਾਗੇ ਜੀਉੜੇ ਯੋਗੀ ਦੀ ਸੰਗਤ ਮਾਣਦੇ ਹੋਏ।



ਸਰਦਾਰ ਤਰਸੇਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ,ਸਪਤ-ਸ੍ਰਿੰਗ ਦੀ ਵਾਦੀ ਵਿਚ ਬੈਠੇ
ਯੋਗੀ ਨਾਲ ਬਚਨ ਬਿਲਾਸ ਕਰਦੇ ਹੋਏ।

ਇਸ ਯੋਗੀ ਨੂੰ ਮਿਲਣ ਪਿਛੋਂ ਸਰਦਾਰ ਤਰਸੇਮ ਸਿੰਘ ਜੀ ਦੇ ਦਿਲ ਵਿਚ ਯੋਗੀਆਂ ਨੂੰ ਮਿਲਣ ਦੀ ਲਗਨ ਲੱਗ ਗਈ।ਇਕ ਵਾਰੀ ਹੇਮ ਕੁੰਟ ਸਾਹਿਬ ਜਾ ਕੇ ਕਿਸੇ ਐਸੇ ਯੋਗੀ ਦੀ ਤਲਾਸ਼ ਵਿਚ ਲੱਗ ਗਏ ਜਿਸ ਦੇ ਦਰਸ਼ਨ ਕਿਸੇ ਧਰਮੀ ਪੁਰਸ਼ ਨੂੰ ਹੀ ਹੁੰਦੇ ਸਨ।ਸਾਧੂਆਂ ਸੰਤਾਂ ਕੋਲੋਂ ਯੋਗੀ ਦੀ ਗੁਫ਼ਾ ਦਾ ਠਿਕਾਣਾਂ ਪੁਛ ਕੇ ਤੁਰ ਪਏ।ਕਠਿਨ ਰਾਹਾਂ ਉਤੇ ਤੁਰਦੇ ਹੋਏ ਬੜੀ ਬੁਰੀ ਤਰ੍ਹਾਂ ਥੱਕ ਗਏ ਪਰ ਯੋਗੀ ਦੀ ਗੁਫ਼ਾ ਕਿਧਰੇ ਨਜ਼ਰ ਨਾ ਆਈ।ਹਾਰ ਕੇ ਸੁਰਤੀ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੋੜ ਕੇ ਅਰਦਾਸ ਕੀਤੀ।ਮੱਥਾ ਟੇਕ ਕੇ ਜਦੋਂ ਅੱਖੀਆਂ ਖ੍ਹੋਲੀਆਂ ਤਾਂ ਦਿਲਾਂ ਦੀਆਂ ਜਾਨਣ ਵਾਲਾ ਯੋਗੀ ਸ੍ਹਾਮਣੇਂ ਖੜ੍ਹਾ ਮੁਸਕ੍ਰਾ ਰਿਹਾ ਸੀ।ਬੜੇ ਪਿਆਰ ਨਾਲ ਬਚਨ-ਬਿਲਾਸ ਕਰਦਾ ਹੋਇਆ ਉਹ ਆਪਣੀ ਗੁਫ਼ਾ ਵਿਚ ਲੈ ਗਿਆ।ਬਚਨ ਬਿਲਾਸ ਕੀਤੇ।ਵਾਪਿਸ ਪਰਤਣ ਲੱਗਿਆਂ ਭੋਲੇ ਸਿੱਖ ਨੂੰ ਯੋਗੀ ਕੋਲੋਂ ਪਰਸ਼ਾਦ ਲੈਣ ਦੀ ਇੱਛਾ ਹੋਈ।ਉਥੇ ਖਾਣ ਪੀਣ ਵਾਲੀ ਕੋਈ ਚੀਜ਼ ਨਹੀਂ ਸੀ।ਕੰਦ ਮੂਲ ਚੁਣ ਖਾਣ ਵਾਲੇ ਯੋਗੀ ਨੇ ਉਸਦੇ ਅੱਡੇ ਹੋਏ ਬੁੱਕ ਵਿਚ ਕੁਝ ਕੂਲੇ ਕੂਲੇ ਪੱਤੇ ਰਖ ਕੇ ਉਸਦੀ ਇੱਛਾ ਪੂਰੀ ਕਰ ਦਿਤੀ ਤੇ ਉਸ ਨੂੰ ਠੀਕ ਰਸਤੇ ਉਤੇ ਪਹੁੰਚਾਉਣ ਲਈ ਉਸ ਦੇ ਨਾਲ ਤੁਰ ਪਿਆ।ਯੋਗੀ ਨਾਲ ਰੂਹਾਨੀ ਅਵੱਸਥਾ ਦੀਆਂ ਗੱਲਾਂ ਕਰਦਿਆਂ ਪਤਾ ਹੀ ਨਾ ਲੱਗਿਆ ਕਿ ਐਨਾਂ ਕਠਿਨ ਰਸਤਾ ਕਿਵੇਂ ਪਾਰ ਹੋ ਗਿਆ।ਥਕਾਵਟ ਦਾ ਭੀ ਖਿਆਲ ਨਾ ਅਇਆ।ਸਹਿਜ ਸੁਭਾ ਹੀ ਗੱਲਾਂ ਕਰਦਿਆਂ ਯੋਗੀ ਦੇ ਮੂੰਹ ਵਿਚੋਂ ਦੋ ਭਵਿੱਖ ਬਾਣੀਆਂ ਨਿੱਕਲ ਗਈਆਂ ਜ੍ਹਿਨਾਂ ਦੀ ਸਚਾਈ ਬਾਰੇ ਪਿਛੋਂ ਪਤਾ ਲੱਗਾ।ਯੋਗੀ ਨੇ ਇਕ ਤਾਂ ਇਹ ਕਿਹਾ ਕਿ ਘਰ  ਦਾ ਗੇਟ ਤੁੜਵਾ ਕੇ ਬਹੁਤ ਵੱਡਾ ਗੇਟ ਲਗਵਾਉਣਾ ਪਵੇਗਾ ਤੇ ਦੂਜੀ ਗੱਲ ਇਹ ਆਖੀ ਕਿ ਜੁਲਮ ਦੀ ਕਾਲੀ ਹਨੇਰੀ ਝੁਲੇਗੀ ਜਿਸ ਵਿਚ ਸਰਦਾਰ ਤਰਸੇਮ ਸਿੰਘ ਜੀ ਕੋਈ ਕ੍ਰਿਸ਼ਮਾਂ ਕਰ ਕੇ ਦਿਖਾਉਣਗੇ।ਪਹਿਲੀ ਗੱਲ ਤਾਂ ਛੇਤੀ ਹੀ ਸੱਚੀ ਹੋ ਗਈ।ਪਹਿਲਾਂ ਉਹ ਕਿਸੇ ਹੋਰ ਦੀ ਬੱਸ ਦੇ ਡਰਾਈਵਰ ਸਨ।ਹੁਣ ਉਨ੍ਹਾਂ ਨੇ ਤੀਰਥ ਯਾਤਰੀਆਂ ਲਈ ਬੱਸ ਆਪਣੀ ਖਰੀਦ ਲਈ ਤੇ ਘਰ ਦਾ ਗੇਟ ਵੱਡਾ ਕਰਕੇ ਵੇਹੜੇ ਵਿਚ ਲਿਆ ਕੇ ਖੜ੍ਹੀ ਕਰ ਲਈ।

ਗੁਰੂ ਦਰਸ਼ਨਾਂ ਦੀਆਂ ਚਾਹਵਾਨ ਸੰਗਤਾਂ ਨਾਲ ਪ੍ਰੇਮ ਪਾ ਕੇ ਗੁਰ-ਧਾਮਾਂ ਦੀਆਂ ਯਾਤਰਾਵਾਂ ਕਰਦਿਆਂ ਕਈ ਸਾਲ ਬੀਤ ਗਏ।ਹੇਮ-ਕੁੰਟ ਸਾਹਿਬ ਵੀ ਹਰ ਸਾਲ ਕਈ ਕ੍ਰਿਸ਼ਮੇ ਦੇਖਣ ਤੇ ਸੁਣਨ ਨੂੰ ਮਿਲਦੇ ਰਹੇ।ਯੋਗੀਆਂ ਤੇ ਮਹਾਂ ਪੁਰਸ਼ਾਂ ਨਾਲ ਮੇਲ ਮਿਲਾਪ ਵਧਦਾ ਗਿਆ ਜਿਸ ਕਰਕੇ ਆਤਮਿਕ ਅਵਸਥਾ ਵਿਚ ਗੁਰਸਿਖਾਂ ਵਾਲੀ ਚੜ੍ਹਦੀ ਕਲਾ ਦੇ ਰੰਗ ਆਉਣ ਲੱਗੇ ਤੇ ਯੋਗੀ ਦੀ ਭਵਿਖ ਬਾਣੀ ਸੱਚੀ ਹੋਣ ਦਾ ਸਮਾਂ ਵੀ ਆਣ ਪਹੁੰਚਾ।

੧੯੮੪ ਦੇ ਦੰਗਿਆਂ ਵਿਚ ਭਾਰਤ ਦੇ ਸਾਰੇ ਸ਼ਹਿਰਾਂ ਵਿਚ,ਖਾਸ ਕਰਕੇ ਜਦੋਂ ਦਿੱਲੀ ਦੀ ਧਰਤੀ ਉਤੇ ਸਿਆਸੀ ਛਤਰ ਛਾਇਆ ਹੇਠ ਸਿਖਾਂ ਨੂੰ ਕੋਹ ਕੋਹ ਕੇ ਮਾਰਨ ਦੀ ਮੁਹਿੰਮ ਚੱਲੀ ਤਾਂ ਸਰਦਾਰ ਤਰਸੇਮ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਵੀ ਇਸ ਜਬਰ ਜ਼ੁਲਮ ਦਾ ਸ਼ਿਕਾਰ ਹੋਇਆ।ਉਨ੍ਹਾਂ ਦਾ ਅਠਾਰਾਂ ਸਾਲਾਂ ਦਾ ਬੇਟਾ ਤੇ ਵੀਹ ਸਾਲਾਂ ਦਾ ਭਤੀਜਾ ਉਨ੍ਹਾਂ ਦੀਆਂ ਅੱਖੀਆਂ ਸਾਹਮਣੇ ਖੜ੍ਹੇ ਕਰਕੇ ਸ਼ਹੀਦ ਕੀਤੇ ।ਤਮਾਸ਼ਾ ਦੇਖਣ ਵਾਲੇ ਦੰਗਾ ਕਾਰੀਆਂ ਦੀ ਭੀੜ ਲੱਗੀ ਹੋਈ ਸੀ।ਸਭ ਤੋਂ ਪਹਿਲੇ ਸਰਦਾਰ ਤਰਸੇਮ ਸਿੰਘ ਦੇ ਦੋਨਾਂ ਹਥਾਂ ਦੀਆਂ ਉਂਗਲੀਆਂ ਕੱਟ

ਦਿੱਤੀਆਂ ਗਈਆਂ ਤੇ ਰੱਤ ਦੀਆਂ ਧਾਰਾਂ ਚੁਆਂਦੇ ਹੱਥਾਂ ਸਮੇਤ ਉਨ੍ਹਾਂ ਨੂੰ ਰੱਸਿਆਂ ਨਾਲ ਨੂੜ ਕੇ ਬੂੰਨ ਦਿੱਤਾ ਪਰ ਉਹ ਕੁਝ ਨਾ ਬੋਲੇ।ਉਨ੍ਹਾਂ ਦੇ ਬੁਲ੍ਹ ਸੀਤੇ ਰਹੇ।ਸ਼ਾਤ ਰੂਪ,ਚੁੱਪ ਚਾਪ ਪਥੱਰ ਦਾ ਬੁੱਤ ਬਣ ਕੇ ਅਡੋਲ ਖੜੇ ਰਹੇ।ਦੇਖਣ ਵਾਲਿਆਂ ਨੂ ਅਜੀਬ ਜਿਹਾ ਲੱਗ ਰਿਹਾ ਸੀ ਕਿਉਂਕਿ ਉਹ ਤਾਂ ਉਨ੍ਹਾਂ ਨੂੰ ਤੜਫਦਾ ਹੋਇਆ ਦੇਖਣਾ ਚਹੁੰਦੇ ਸੀ।ਸੋ ਉਸ ਗੁਰਸਿੱਖ ਨੂੰ ਤੜਫਾਉਣ ਦੀ ਰੀਝ ਪੂਰੀ ਕਰਨ ਲਈ ਹਤਿਆਰਿਆਂ ਨੇ ਅਗਲੀ ਕਾਰਵਾਈ ਸ਼ੁਰੂ ਕੀਤੀ।ਸਰਦਾਰ ਜੀ ਦੇ ਜਿਗਰ ਦਾ ਟੋਟਾ..!ਉਨ੍ਹਾਂ ਦਾ ਬੇਟਾ....!ਜਿਸਦੇ ਗਲੇ ਵਿਚ ਕਦੀ ਹੇਮ ਕੁੰਟ ਸਾਹਿਬ ਦੀ ਯਾਤਰਾ ਸਮੇ ਅਤੇ ਨਗਰ ਕੀਰਤਨਾਂ ਸਮੇ ਢੋਲਕੀ ਲਟਕਦੀ ਹੁੰਦੀ ਸੀ ਤੇ ਉਹ ਲੋਰ ਵਿਚ ਆ ਕੇ ਗੁਰਬਾਣੀ ਦੇ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕਰਿਆ ਕਰਦਾ ਸੀ।ਜਾਲਮਾ ਨੇ ਉਸਦੇ ਗਲੇ ਵਿਚ ਟਾਇਰ ਪਾ ਕੇ ਉਪਰ ਤੇਲ ਛਿੜਕ ਕੇ ਅੱਗ ਲਗਾ ਦਿੱਤੀ।ਸਰਦਾਰ ਤਰਸੇਮ ਸਿੰਘ ਜੀ ਆਪਣੇ ਭਜਨ-ਬਾਣੀ ਦੇ ਰੰਗ ਵਿਚ ਰੰਗੇ ਹੋਏ ਲਾਲ ਦੀ ਹਾਲ ਪਾਹਰਿਆ ਸੁਣ ਰਹੇ ਸੀ।ਉਸਨੂੰ ਅੱਗ ਦੇ ਭਾਬੜਾਂ ਵਿਚ ਮਚ ਰਿਹਾ ਦੇਖ ਰਹੇ ਸੀ ਪਰ ਉਹ ਫਿਰ ਵੀ ਅਡੋਲ ਖੜ੍ਹੇ ਰਹੇ...।ਜ਼ਰਾ ਨਾ ਕੁਸਕੇ..।ਇਸ ਪਿੱਛੋਂ ਜਾਲਮਾਂ ਨੇ ਉਨ੍ਹਾਂ ਦੇ ਜਵਾਨ ਭਤੀਜੇ ਨੂੰ ਉਨ੍ਹਾਂ ਦੇ ਸ੍ਹਾਮਣੇ ਖੜ੍ਹਾ ਕਰਕੇ ਉਸਦੇ ਗਲੇ ਵਿਚ ਟਾਇਰ ਪਾ ਕੇ ਤੇਲ ਛਿੜਕਿਆ ਤੇ ਅੱਗ ਲਗਾ ਦਿੱਤੀ।ਦੋਨੋਂ ਲੜਕੇ ਜੀਉਂਦੇ ਜੀਅ ਅੱਗ ਦੇ ਲਾਂਬੂ ਬਣ ਕੇ ਜਲ ਰਹੇ ਸਨ।ਹਤਿਆਰਿਆਂ ਦੀ ਟੋਲੀ ਉਨ੍ਹਾਂ ਦੇ ਦੁਆਲੇ ਘੁੰਮਦੀ ਹੋਈ ਡਿਸਕੋ ਡਾਂਸ ਕਰ ਰਹੀ ਸੀ ਪਰ ਸਰਦਾਰ ਤਰਸੇਮ ਸਿੰਘ ਜੀ ਅਡੋਲ ਖੜ੍ਹੇ ਪਤਾ ਨਹੀਂ ਕਿਹੜੀ **ਦੁਖ ਸੁਖ ਨੂੰ ਸਮ ਕਰਕੇ ਜਾਨਣ ਦੀ ਆਤਮਿਕ ਅਵਸਥਾ ਹੰਢਾ ਰਹੇ ਸੀ।**

ਇਤਿਹਾਸਿਕ ਗੁਰਦੁਆਰਿਆ ਦੀਆਂ ਯਾਤਰਾਵਾਂ ਕਰਨ ਵਿਚ ਅਤੇ ਸੰਗਤਾਂ ਨੂੰ ਗੁਰੂ ਘਰਾਂ ਦੇ ਦਰਸ਼ਨ ਕਰਵਾਉਣ ਵਿਚ ਜੀਵਨ ਬਤੀਤ ਕਰਨ ਵਾਲੇ ਗੁਰਸਿੱਖ ਉਤੇ ਸਰਵੰਸ ਦਾਨੀ ਦਸ਼ਮੇਸ਼ ਪਿਤਾ ਨੇ ਕੋਈ ਨਾ ਕੋਈ ਬਖਸ਼ਿਸ਼ ਤਾਂ ਜਰੂਰ ਕੀਤੀ ਹੋਈ ਹੋਵੇਗੀ ਜਿਸ ਨਾਲ ਉਹ ਜ਼ੁਲਮ ਦੀ ਅੰਨ੍ਹੀਂ ਹਨੇਰੀ ਵਿਚ ਅਡੋਲ ਖੜ੍ਹਾ ਹੋ ਕੇ ਸਰੀਰ ਛੱਡਣ ਤੋਂ ਪਹਿਲੇ ਹੀ ਸ਼ਹੀਦਾਂ ਸਿੰਘਾਂ ਦੀ ਅਣਦਿਸਦੀ ਦੁਨੀਆਂ ਦਾ ਵਸਨੀਕ ਬਣਿਆਂ ਹੋਇਆ ਸੀ।ਹੋ ਸਕਦਾ ਹੈ ਕਿ ਆਪਣੇ ਸੋਹਣੇ ਲਾਲ ਅਤੇ ਭਤੀਜੇ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਹੁੰਦਿਆਂ ਦੇਖ ਕੇ ਉਸ ਨੂੰ ਬੰਦਾ ਸਿੰਘ ਬਹਾਦਰ ਦੀ ਯਾਦ ਆਈ ਹੋਵੇ,ਜਿਸ ਦੇ ਸਰੀਰ ਨੂੰ ਜੰਬੂਰਾਂ ਨਾਲ ਨੋਚਿਆ ਗਿਆ ਸੀ ਤੇ ਉਸਦੀਆਂ ਅੱਖੀਆਂ ਦੇ ਸਾਹਮਣੇ ਉਸਦੇ ਜੀਊਂਦੇ ਬੱਚੇ ਦਾ ਦਿਲ ਕੱਢ ਕੇ ਜਬਰਦਸਤੀ ਉਸਦੇ ਮੂੰਹ ਵਿਚ ਤੁੰਨਿਆਂ ਗਿਆ ਸੀ।ਪਰ ਉਹ ਆਪਣੇ ਸਿੱਖੀ ਸਿਦਕ ਤੋਂ ਹਾਰਿਆ ਨਹੀਂ ਸੀ।ਦਸ਼ਮੇਸ਼ ਪਿਤਾ ਦੇ ਸ਼ੇਰ ਬੱਚੇ ਭਾਈ ਜੈ ਸਿੰਘ ਨੇ ਵੀ ਸਿੱਖੀ ਸਿਦਕ ਨਿਭਾਉਣ ਦੀ ਖਾਤਰ ਪਿੱਪਲ ਦੇ ਦਰਖਤ ਨਾਲ ਪੁੱਠੇ ਟੰਗ ਹੋ ਕੇ ਪੁੱਠੀਆਂ ਖੱਲਾਂ ਲੁਹਾਉਂਦੇ ਹੋਏ ਨੇ ਆਪਣੀ ਪਤਨੀ,ਦੋ ਪੁੱਤਰਾਂ ਅਤੇ ਨੂੰਹ ਰਾਣੀ ਨੂੰ ਤਸੀਹੇ ਸਹਿ ਕੇ ਸ਼ਹੀਦ ਹੁੰਦਿਆਂ ਦੇਖਿਆ ਸੀ।ਉਹੀ ਹਾਲ ਸਰਦਾਰ ਤਰਸੇਮ ਸਿੰਘ ਜੀ ਦਾ ਸੀ।ਉਹ ਵੀ ਆਪਣੀ ਸ਼ਹੀਦੀ ਤੋਂ ਪਹਿਲੇ ਆਪਣੇ ਪੁੱਤਰ ਅਤੇ ਭਤੀਜੇ ਦੀ ਸ਼ਹੀਦੀ ਅੱਖੀ ਦੇਖਦੇ ਹੋਏ ਸਤਿਗੁਰਾਂ ਦੀ ਯਾਦ ਵਿਚ ਲੀਨ ਅਡੋਲ ਖੜ੍ਹੇ ਸੀ।ਜਿਸ ਵੇਲੇ ਉਨ੍ਹਾਂ ਦੀਆਂ ਉਂਗਲੀਆਂ ਕੱਟ ਹੁੰਦੀਆਂ ਹੋਣਗੀਆਂ ਤਾਂ ਉਸ ਵੇਲੇ ਭਾਈ ਮਨੀ

ਸਿੰਘ ਜੀ ਸਾਹਮਣੇ ਆ ਖਲੋਏ ਹੋਣਗੇ। ਜਿਨ੍ਹਾਂ ਨੇ ਖਿੜੇ ਮੱਥੇ ਸ਼ਹੀਦੀ ਕਬੂਲ ਕਰਦਿਆਂ ਬੰਦ ਬੰਦ ਕੱਟਣ ਵਾਲੇ ਨੂੰ ਕਿਹਾ ਸੀ ਕਿ ਉਹ ਭਾਈ ਸਾਹਿਬ ਨਾਲ ਲਿਹਾਜ ਨਾ ਕਰੇ..!ਭਾਈ ਸਾਹਿਬ ਦੇ ਹੱਥ ਦੇ ਗੁੱਟ ਨੂੰ ਕੱਟ ਕੇ ਸਰੀਰ ਦੇ ਡੱਕਰੇ ਕਰ ਕਰ ਕੇ ਮਾਰਨ ਦੀ ਥਾਂ ਉਂਗਲੀਆਂ ਦੇ ਪੋਟਿਆਂ ਤੋਂ ਕੱਟਣਾਂ ਸ਼ੁਰੂ ਕਰਕੇ ਬੰਦ ਬੰਦ ਕੱਟਣ ਦੇ ਹੁਕਮ ਦੀ ਪਾਲਣਾਂ ਕਰੇ..!

ਜਦੋਂ ਪੁੱਤਰ ਅਤੇ ਭਤੀਜੇ ਨੂੰ ਜਲਦਾ ਬਲਦਾ ਦੇਖ ਕੇ ਭੀ ਸਰਦਾਰ ਸਾਹਿਬ ਦੇ ਸਰੀਰ ਵਿਚ ਕੋਈ ਹਰਕਤ ਨਾ ਆਈ ਤਾਂ ਦੰਗਾਕਾਰੀਆਂ ਨੇ ਉਨ੍ਹਾਂ ਦੇ ਗਲੇ ਵਿਚ ਭੀ ਟਾਇਰ ਪਾ ਕੇ ਤੇਲ ਛਿੜਕਿਆ ਤੇ ਅੱਗ ਲਗਾ ਦਿੱਤੀ। ਉਹ ਪੱਥਰ ਦਾ ਬੁੱਤ ਬਣੀ ਅੱਗ ਦੀਆਂ ਲਾਟਾਂ ਵਿਚ ਅਡੋਲ ਖੜੇ ਜਲ ਰਹੇ ਸੀ। ਖੜ੍ਹਿਆਂ ਖੜ੍ਹਿਆਂ ਦਾ ਹੀ ਲਹੂ ਮਾਸ ਦਾ ਜਿਸਮ ਸੜ ਕੇ ਢੇਰੀ ਹੋ ਗਿਆ ਤੇ ਦੇਖਣ ਵਾਲਿਆਂ ਲਈ ਇਕ ਕ੍ਰਿਸ਼ਮਾ ਬਣ ਕੇ ਰਹਿ ਗਿਆ। ਇਹ ਕ੍ਰਿਸ਼ਮਾ ਦੇਖ ਕੇ ਖੂਨ ਦੀ ਹੋਲੀ ਖੇਲ੍ਹਣ ਵਾਲਿਆਂ ਦੇ ਸੀਨੇ ਵੀ ਤ੍ਰਬ੍ਹਕ ਗਏ। ਦਰਿੰਦਿਆਂ ਦੀ ਟੋਲੀ ਵਿਚੋਂ ਹੀ ਕਿਸੇ ਨੇ ਜਾ ਕੇ ਸਰਦਾਰ ਤਰਸੇਮ ਸਿੰਘ ਜੀ ਦੀ ਵਿਧਵਾ ਨੂੰ ਮੌਤ ਦੀ ਸਾਰੀ ਖਬਰ ਸੁਣਾਉਂਦਿਆ ਕਿਹਾ,-" ਸਰਦਾਰ ਕੋ ਤੜਪਾਨੇ ਕੇ ਲੀਏ ਇਤਨਾ ਕੁਛ ਕੀਆ....! ਲੇਕਿਨ ਉਨ ਪਰ ਤੋ ਜੈਸੇ ਕੋਈ ਅਸਰ ਹੀ ਨਹੀਂ ਹੋ ਰਹਾ ਥਾ....!ਨਾ ਜਾਨੇ ਵੋਹ ਕੌਨ ਸਾ ਕ੍ਰਿਸ਼ਮਾ ਥਾ...!"

ਨਰਿੰਦਰ ਕੌਰ ਤੇ ਅਜਿਹੀਆਂ ਹੋਰ ਅਨੇਕਾਂ ਵਿਧਵਾਵਾਂ,ਮਾਵਾਂ ਤੇ ਭੈਣਾਂ ਦਾ ਵਿਰਲਾਪ ਸੁਣ ਕੇ ਉਸ ਵੇਲੇ ਅੰਬਰ ਦੇ ਸੀਨੇ ਵਿਚ ਛੇਕ ਹੁੰਦੇ ਸਨ। ਧਰਤੀ ਦਾ ਕਲੇਜਾ ਫਟਦਾ ਸੀ ਪਰ ਉਹ ਖੂਨ ਦੀ ਹੋਲੀ ਖੇਲ੍ਹਣ ਵਾਲੇ ਹਾਲੇ ਤਕ ਬੇਦੋਸ਼ਿਆਂ ਨੂੰ ਮਾਰ ਮਾਰ ਕੇ ਰੱਜੇ ਨਹੀ ਸਨ। ਦੰਗੇ ਕਰਵਾਉਣ ਵਾਲੇ ਹਾਕਮਾ ਦੀਆਂ ਕੂੜ-ਨੀਤੀਆਂ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਉਹ ਉਨ੍ਹਾਂ ਦੇ ਇਸ਼ਾਰਿਆਂ ਉਤੇ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਬੇ ਧੜਕ ਹੋ ਕੇ ਅੰਨ੍ਹੇ ਵਾਹ ਮਾਰ ਧਾੜ ਕਰੀ ਜਾ ਰਹੇ ਸੀ। ਮਿੱਟੀ ਦੇ ਤੇਲ ਦੀਆਂ ਕੈਨੀਆਂ ਅਤੇ ਸਾੜ ਫੂਕ ਕਰਨ ਦਾ ਹੋਰ ਸਮਾਨ ਹਾਕਮਾ ਵਲੋਂ ਖੁਲ੍ਹੇ ਦਿਲ ਨਾਲ ਸਪਲਾਈ ਹੋ ਰਿਹਾ ਸੀ। ਲਾਸ਼ਾਂ ਦੇ ਢੇਰ ਲਗਾਉਣ ਦੀ ਹੱਲਾ ਸ਼ੇਰੀ ਦਿੱਤੀ ਜਾ ਰਹੀ ਸੀ। ਸਿੱਖ ਬੀਬੀਆਂ ਦੀ ਬੇਪਤੀ ਕਰਨ ਦੀ ਖੁਲ੍ਹ ਨੇ ਦੰਗਾ ਕਾਰੀਆਂ ਦੇ ਹੌਂਸਲੇ ਬੁਲੰਦ ਕੀਤੇ ਹੋਏ ਸਨ। ਉਸ ਵੇਲੇ ਰਾਜ ਭਾਗ ਦੰਗਾ ਕਾਰੀਆਂ ਦਾ ਹੀ ਸੀ।

**ਦੰਗਾਕਾਰੀਆਂ ਦੀ ਜਾਤ ਕੋਈ ਨਹੀਂ ਸੀ। ਉਨ੍ਹਾਂ ਦਾ ਧਰਮ ਵੀ ਕੋਈ ਨਹੀਂ ਸੀ। ਉਹ ਤਾਂ ਬਸ...! ਹਾਕਮ ਜਾਤੀ ਦੇ ਪਾਲੇ ਹੋਏ ਕੁੱਤੇ ਸਨ।** ਧਰਮੀ ਬੰਦੇ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਆਪਣੇ ਧਰਮ ਨੂੰ ਪਿਆਰ ਕਰਦਾ ਹੈ ਅਤੇ ਦੂਜੇ ਦੇ ਧਰਮ ਦਾ ਸਤਿਕਾਰ ਕਰਦਾ ਹੈ। ਉਸ ਵੇਲੇ ਮਨੁਖਤਾ ਦੇ ਰਿਸ਼ਤੇ ਨੂੰ ਸਮਝਣ ਵਾਲੇ ਧਰਮੀ ਹਿੰਦੂ ਵੀ ਇਨਸਾਨੀਅਤ ਦਾ ਘਾਣ ਹੁੰਦਾ ਦੇਖ ਕੇ ਤ੍ਰਾਹ ਗਏ ਸਨ। ਬਹੁਤਿਆਂ ਨੂੰ ਉਸ ਵੇਲੇ ਸੀਸ ਗੰਜ ਗੁਰਦੁਆਰੇ ਵਲ ਦੇਖ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਨੇ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ ਸੀਸ ਕੁਰਬਾਨ ਨਾ ਕਰਦੇ ਤਾਂ ਹਿੰਦੂ ਜਾਤੀ ਦਾ ਨਾਮੋ-ਨਿਸ਼ਾਨ ਨਹੀਂ ਸੀ ਹੋਣਾ...। ਜੇ ਬਾਲਿਕ ਗੁਰੂ ਗੋਬਿੰਦ ਰਾਇ ਜੀ ਆਪਣੇ ਪਿਤਾ ਜੀ

ਨੂੰ ਸੀਸ ਭੇਟ ਕਰਨ ਲਈ ਨਾ ਕਹਿੰਦੇ ਤਾਂ ਇਸ ਵੇਲੇ ਸਭ ਮੁਸਲਮਾਨ ਹੀ ਮੁਸਲਮਾਨ ਨਜਰੀਂ ਆਉਣੇ ਸੀ।ਭਾਈ ਸੰਤੋਖ ਸਿੰਘ ਜੀ ਦੀ ਲਿਖਤ ਦੀ ਸਚਾਈ ਸੀਸ ਗੰਜ ਗੁਰਦੁਆਰੇ ਰਹੀਂ ਗੂੰਜ ਰਹੀ ਸੀ।


**ਅਬ ਕੀ ਕਹੂੰ ਨਾ ਤਬ ਕੀ॥**

**ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ॥ਸੁੰਨਤ ਹੋਤੀ ਸਭ ਕੀ॥**

ਚੰਗੇ ਦਿਲ ਵਾਲਿਆਂ ਨੇ ਆਪਣੀ ਜਾਨ ਦੀ ਬਾਜੀ ਲਗਾ ਕੇ ਸਿੱਖ ਪਰਿਵਾਰਾਂ ਨੂੰ ਆਪਣੇ ਘਰਾਂ ਵਿਚ ਸ਼ਰਣ ਦਿੱਤੀ।ਉਹ ਲੋਕਾਂ ਦੇ ਘਰ,ਦੁਕਾਨਾ ਤੇ ਫੈਕਟਰੀਆਂ ਨੂੰ ਤਾਂ ਅੱਗ ਦੀ ਲਪੇਟ ਵਿਚ ਆਉਣ ਤੋਂ ਬਚਾ ਨਾ ਸਕੇ ਪਰ ਜਿਹੜੇ ਸਿੱਖ ਜਾਨਾਂ ਬਚਾ ਕੇ ਪੰਜਾਬ ਆ ਗਏ।ਉਨ੍ਹਾਂ ਵਿਚੋਂ ਬਹੁਤੇ ਹਿੰਦੂ ਪਰਿਵਾਰਾਂ ਦੀ ਮੇਹਰਬਾਨੀ ਨਾਲ ਹੀ ਬਚੇ।ਵੱਢੇ ਸਿਆਸਤਦਾਨ ਅਤੇ ਅਮੀਰ ਲੋਕ ਆਪਣੇ ਅਸਰ ਰਸੂਖ ਨਾਲ ਬਚ ਗਏ।

ਹਾਕਮ ਜਾਤੀ ਅਤੇ ਉਸਦੇ ਆਪਣਿਆਂ (ਦੰਗਾਕਾਰੀਆਂ) ਦੇ ਖਿਲਾਫ ਖੜ੍ਹਨ ਦੀ ਹਿੰਮਤ ਕਿਸੇ ਵਿਚ ਨਹੀਂ ਸੀ।ਪੁਲੀਸ ਵੀ ਚੁੱਪ ਕਰਕੇ ਦਰਸ਼ਕ ਬਣਨ ਤੋਂ ਸਿਵਾ ਕੁਝ ਨਾ ਕਰ ਸਕੀ।ਸਿੱਖਾਂ ਦੀਆਂ ਲਾਸ਼ਾਂ ਦਾ ਸਸਕਾਰ ਕਿਸੇ ਨੇ ਨਾ ਕੀਤਾ।ਅਧ-ਸੜੀਆਂ ਲਾਸ਼ਾਂ ਦੀ ਬਿਅਦਬੀ ਹੋਈ। ਰੇਲਵੇ ਲਾਈਨਾ ਅਤੇ ਗੰਦੇ ਨਾਲਿਆਂ ਵਿਚ ਰੁਲਦੀਆਂ ਦੇਖੀਆਂ ਗਈਆਂ।






BANK LTD
INDIAN BANK LTD
STATE BANK OF



(ਇਹ ਫੋਟੋਆਂ http://www.carnage84.com/records/library/library.htm http://www.carnage84.com/records/library/library.htm ਤੋਂ ਧੰਨਵਾਦ ਸਾਹਿਤ ਲਈਆਂ ਗਈਆਂ ਹਨ **www.carnage84.com** )

ਪਤੀ,ਪੁੱਤਰ ਤੇ ਭਤੀਜੇ ਦੀ ਮੌਤ ਪਿਛੋਂ ਬੀਬੀ ਨਰਿੰਦਰ ਕੌਰ ਲਾਸ਼ਾਂ ਦੇਖਣ ਲਈ ਵਿਲਕਣ ਲੱਗੀ।ਲਾਸ਼ਾਂ ਲੱਭਣ ਲਈ ਉਹ ਏਧਰ ਓਧਰ ਭਟਕੀ ਪਰ ਪੱਲੇ ਕੁਝ ਨਾ ਪਿਆ।ਅਖੀਰ ਬੜੇ ਔਖੇ ਹਾਲਾਤਾਂ ਵਿਚੋਂ ਦੀ ਗੁਜਰਦੀ ਹੋਈ ਨੇ ਛੋਟੇ ਬੇਟੇ(ਚਰਨ ਜੀਤ ਸਿੰਘ) ਦੇ ਸਿਰ ਦਾ ਜੂੜਾ ਖੋ੍ਲ ਕੇ ਦੋ ਗੁੱਤਾਂ ਕਰ ਲਈਆਂ ਅਤੇ ਬੇਟੀ ਨੂੰ ਲੈ ਕੇ ਕਿਸੇ ਨਾ ਕਿਸੇ ਤ੍ਰੀਕੇ ਪੰਜਾਬ ਪਹੁੰਚ ਗਈ।

ਥੋੜੇ ਦਿਨ ਪਿੰਡ,ਰਿਸ਼ਤੇਦਾਰਾਂ ਕੋਲ ਰਹਿਣ ਪਿਛੋਂ ਫਗਵਾੜੇ ਕਿਸੇ ਦੇ ਘਰ ਵਿਚ ਇਕ ਛੋਟਾ ਜਿਹਾ ਕਮਰਾ ਕਿਰਾਏ ਤੇ ਲੈ ਕੇ ਬੇਟੇ ਨੂੰ ਸਕੂਲ ਵਿਚ ਦਾਖਲ ਕਰਵਾ ਦਿਤਾ ਤੇ ਬੇਟੀ ਨੂੰ ਕਾਲਿਜ ਦਾਖਲ ਕਰਵਾ ਦਿਤਾ।ਮਾਸੂਮ ਚਰਨ ਜੀਤ ਦੇ ਦਿਲ ਦਿਮਾਗ ਨੂੰ ਦੰਗਿਆਂ ਦੀ ਅਮਿੱਟ ਛਾਪ ਨੇ ਘੇਰਿਆ ਹੋਇਆ ਸੀ।ਉਹ ਗੁੰਮ ਸੁੰਮ ਹੋਇਆ ਰਹਿੰਦਾ।ਅਲ੍ਹੜ ਮੁਟਿਆਰ ਸਵਦੀਪ ਹਰ ਵੇਲੇ ਬਦਲਾ ਲੈਣ ਵਾਰੇ ਹੀ ਸੋਚਦੀ ਰਹਿੰਦੀ।ਮਾਂ ਦਾ ਦਰਦ ਮਹਿਸੂਸ ਕਰਦੀ। ਸਮਝਦਾਰ


ਤੇ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਛੇਤੀ ਹੀ ਉਸਨੇ ਨੌਕਰੀ ਕਰ ਲਈ ਤੇ ਪ੍ਰਾਈਵੇਟ ਪੜ੍ਹ ਕੇ ਬੀ.ਏ. ਪਾਸ ਕਰ ਲਈ।

ਨਰਿੰਦਰ ਕੌਰ ਦੁਖਾਂ ਦਰਦਾਂ ਦੀਆਂ ਕਹਾਣੀਆਂ ਬੱਚਿਆਂ ਦੇ ਸਾਹਮਣੇ ਫਰੋਲਣ ਤੋਂ ਸੰਕੋਚ ਕਰਦੀ ਸੀ।ਜਦੋਂ ਦਿਲ ਵਿਚ ਉਬਾਲ ਉਠਦਾ ਤਾਂ ਉਹ ਇਕ ਗੁਰਸਿਖ ਸਹੇਲੀ ਗਵਾਂਢਣ ਕੋਲ ਜਾ ਕੇ ਦਿਲ ਹੌਲਾ ਕਰ ਲੈਂਦੀ।ਇਕ ਦਿਨ ਸਵੇਰੇ ਸਵੇਰੇ ਹੀ ਉਹ ਘਬਰਾਈ ਹੋਈ ਜਾ ਕੇ ਕਹਿਣ ਲਗੀ,—"ਅਜ ਮੈਨੂੰ ਮੇਰਾ ਮੋਇਆ ਪੁੱਤ ਮਿਲ ਪਿਆ..ਅਜ ਮੇਰਾ ਪਰਦੀਪ ਮੈਨੂੰ ਮਿਲ ਪਿਆ। " ਉਸਦਾ ਪਾਗਲ-ਪਨ ਸਮਝ ਆਉਣ ਤੋਂ ਬਾਹਰ ਦੀ ਗੱਲ ਸੀ।ਥੋੜੀ ਦੇਰ ਉਹ ਪਾਣੀ ਤੋਂ ਬਿਨਾਂ ਮੱਛੀ ਵਾਂਗੂੰ ਤੜਫੀ।ਢਿੱਡ ਵਿਚ ਮੁੱਕੀਆਂ ਦਿੰਦੀ ਹੋਈ ਬੇਹਾਲ ਹੋ ਕੇ ਰੋਂਦੀ ਰਹੀ ਤੇ ਫਿਰ ਉਸ ਨੇ ਦੱਸਿਆ ਕਿ ਰਾਤ ਸੁਪਨੇ ਵਿਚ ਉਸਨੂੰ ਕਦੀ ਆਪਣੇ ਮੁੱਛ-ਫੁਟ ਗੱਬਰੂ ਪੁੱਤਰ ਦਾ ਸੁੰਦਰ ਸਰੂਪ ਦਿਸਦਾ ਰਿਹਾ ਤੇ ਉਹ ਉਸਦੀ ਚੜ੍ਹਦੀ ਜਵਾਨੀ ਵਲ ਦੇਖ ਕੇ ਰਹੌਂਸਦੀ ਰਹੀ…!ਤੇ ਕਦੀ ਗਿੱਲੀ ਸੁਆਹ ਦੀ ਢੇਰੀ ਵਿਚੋਂ ਉਸਦੇ ਨਕਸ਼ ਉਘੱੜ ਉਘੱੜ ਪੈਂਦੇ ਦਿਸਦੇ ਰਹੇ।

ਇਕ ਦਿਨ ਨਰਿੰਦਰ ਕੌਰ ਦਾ ਦਰਦ ਮਹਿਸੂਸ ਕਰਦੀ ਹੋਈ ਗਵਾਂਡਣ ਨੇ ਫੋਨ ਕਰਕੇ ਬੀਬੀ ਗੁਰਦੀਪ ਕੌਰ ਜੀ ਨੂੰ ਸਾਰੀ ਗੱਲ ਦੱਸੀ ਤੇ ਉਸ ਨਾਲ ਮੁਲਾਕਾਤ ਕਰਵਾਉਣ ਲਈ ਹਰਮੰਦਰ ਸਾਹਿਬ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਥੱਲੇ ਪ੍ਰਕਰਮਾਂ ਵਿਚ ਮਿਲਣ ਦਾ ਠੀਕ ਸਮਾਂ ਨੀਯਤ ਕਰ ਲਿਆ।ਦੱਸੇ ਹੋਏ ਸਮੇ ਅਨੁਸਾਰ ਜਦੋਂ ਦੋਨੋ ਸਹੇਲੀਆਂ ਪਹੁੰਚੀਆਂ ਤਾਂ ਬੀਬੀ ਜੀ ਦਾ ਲਾਡ ਪਿਆਰ ਦੇਖ ਨਰਿੰਦਰ ਨੂੰ ਆਪਣੀ ਮਾਂ ਯਾਦ ਆ ਗਈ ਤੇ ਉਸ ਨੇ ਆਪਣੀ ਦਰਦ-ਕਹਾਣੀ ਸੁਣਾਉਣੀ ਸ਼ੁਰੂ ਕਰ ਦਿਤੀ।

"ਜਦੋਂ ਦੰਗਿਆਂ ਦੀ ਖਬਰ ਅੱਗ ਵਾਂਗੂੰ ਫੈਲ ਗਈ ਤਾਂ ਸਰਦਾਰ ਜੀ ਨੇ ਮੈਨੂੰ ਕਿਹਾ ਕਿ ਮੈ ਘਬਰਾਉਣ ਦੀ ਥਾਂ ਹਿੰਮਤ ਤੋਂ ਕੰਮ ਲਵਾਂ ਤੇ ਘਰ ਦੇ ਵੇਹੜੇ ਵਿਚ ਖੜ੍ਹੀ ਅਪਣੀ ਬਸ ਵਿਚ ਮੁਹੱਲੇ (ਸ਼ਹਾਦਰਾ) ਦੇ ਸਿੱਖ ਪਰਿਵਾਰਾਂ ਨੂੰ ਬਿਠਾ ਕੇ ਪੰਜਾਬ ਵਲ ਕੂਚ ਕਰਨ ਦੀ ਤਿਆਰੀ ਕਰਾਂ..।ਪਰ ਉਸੇ ਵੇਲੇ ਹੀ ਮੇਰੀ ਇਕ ਦੁਖਾਂ-ਸੁਖਾਂ ਦੀ ਸਾਂਝਣ ਸਹੇਲੀ (ਪੰਡਤਾਣੀ) ਨੇ ਆ ਕੇ ਦੱਸਿਆ ਕਿ ਹਜੂਮ ਇਸੇ ਪਾਸੇ ਹੀ ਆ ਰਿਹਾ ਹੈ ਤੇ ਅਸੀਂ ਦੌੜ ਕੇ ਉਸ ਦੇ ਘਰ ਜਾ ਕੇ ਲੁਕ ਕੇ ਆਪਣੀਆਂ ਜਾਨਾਂ ਬਚਾ ਲਈਏ।ਉਸ ਨੇ ਦੋ ਦਿਨ ਸਾਨੂੰ ਘਰ ਵਿਚ ਲੁਕਾਈ ਰੱਖਿਆ ਪਰ ਤੀਜੇ ਦਿਨ ਉਸ ਨੂੰ ਆਪਣੀ ਤੇ ਆਪਣੇ ਪਰਿਵਾਰ ਦੀਆਂ ਜਾਨਾਂ ਦਾ ਫਿਕਰ ਪੈ ਗਿਆ।ਉਸ ਨੇ ਕਿਹਾ ਕਿ ਹੁਣ ਇਹ ਅਫਵਾਹ ਉੜੀ ਹੈ ਕਿ ਜਿਸ ਹਿੰਦੂ ਨੇ ਕੋਈ ਸਿੱਖ ਲੁਕਾਇਆ ਹੋਇਆ ਹੋਵੇਗਾ ਉਸ ਨੂੰ ਭੀ ਮਾਰ ਮੁਕਾਇਆ ਜਾਵੇਗਾ।ਅਜਿਹੀ ਹਾਲਤ ਵਿਚ ਹਜੂਮ ਦੀਆਂ ਅੱਖੀਆਂ ਤੋਂ ਬਚਦੇ ਹੋਏ ਅਸੀਂ ਫਿਰ ਆਪਣੇ ਸੜੇ-ਫੂਕੇ ਘਰ ਵਿਚ ਪਹੁੰਚ ਗਏ।

ਦਸਾਂ ਨੌਹਾਂ ਦੀ ਕਿਰਤ-ਕਮਾਈ ਨਾਲ ਬਣਾਏ ਹੋਏ,ਜਿਸ ਪਿਆਰੇ ਘਰ ਨੇ ਪਰਿਵਾਰਿਕ ਸੁਖਾਂ-ਸਧਰਾਂ ਦੀਆਂ ਕਹਾਣੀਆਂ ਨੂੰ ਆਪਣੀ ਹੋਂਦ ਵਿਚ ਸੰਭਾਲਿਆ ਹੋਇਆ ਸੀ,ਉਹੀ ਘਰ




ਪਿਛਲੇ ਤਿੰਨਾਂ ਦਿਨਾਂ ਦੇ ਕਹਿਰ ਦਾ ਨਮੂੰਨਾਂ ਬਣਿਆਂ ਹੋਇਆ ਸੀ।ਗੁਰੂ ਪਿਆਰੀਆਂ ਸੰਗਤਾਂ ਨੂੰ ਗੁਰੂ-ਧਾਮਾਂ ਦੀ ਯਾਤਰਾ ਕਰਵਾਉਣ ਵਾਲੀ ਬਸ ਅੱਗ ਦੇ ਭਾਂਬੜ ਬਣ ਕੇ ਮਚਣ ਪਿਛੋਂ ਹਾਲੇ ਵੀ ਧੁਖ ਰਹੀ ਸੀ।

ਥੋੜੀ ਦੇਰ ਪਿਛੋਂ ਗਲੀ ਵਿਚੋਂ ਹਜੂਮ ਦੀਆਂ ਰਾਖਸ਼ਸੀ ਅਵਾਜਾਂ ਸੁਣ ਕੇ ਸਾਨੂੰ ਆਪਣੇ ਆਪ ਉਤੇ ਕਹਿਰ ਦੀ ਹਨੇਰੀ ਝੁੱਲਦੀ ਦਿਸੀ,ਘਰ ਦਾ ਦਰਵਾਜਾ ਭੰਨਣ ਦੀ ਠਾਹ ਠਾਹ ਸੁਣਾਈ ਦਿਤੀ ਤੇ ਫਿਰ ਹਿੜ-ਹਿੜਾਉਂਦੇ ਹੋਏ ਖਰੂਦੀਏ ਜਲਾਦ ਵੇਹੜ ਆ ਵੜੇ। ਸਰਦਾਰ ਜੀ ਨੂੰ,ਮੇਰੇ ਅਠਾਰਾਂ ਸਾਲਾਂ ਦੇ ਲਾਡਾਂ ਨਾਲ ਪਾਲੇ **ਪਰਦੀਪ** ਤੇ ਵੀਹ ਸਾਲਾਂ ਦੇ ਭਤੀਜੇ ਨੂੰ ਲੈ ਕੇ ਚਲੇ ਗਏ।ਬੇਬਸੀ ਦੀ ਹਾਲਤ ਵਿਚ ਸਰਦਾਰ ਜੀ ਨੇ ਸਵਦੀਪ ਵਲ ਦੇਖ ਕੇ ਮੈਨੂੰ ਤਰਲੇ ਨਾਲ ਇਹ ਹੀ ਕਿਹਾ,— "ਤੂੰ ਮੇਰੀ ਸਵਦੀਪ ਨੂੰ ਤੇ ਆਪਣੇ-ਆਪ ਨੂੰ ਬਚਾ ਲਵੀਂ...!"

ਬੜੀ ਮੁਸ਼ਕਿਲ ਨਾਲ ਬੀਬੀ ਨਰਿੰਦਰ ਕੌਰ ਕੋਲੋਂ ਏਨਾਂ ਕੁ ਹਾਲ ਹੀ ਸੁਣਾਇਆ ਗਿਆ ਤੇ ਫਿਰ ਉਸ ਦੀ ਬੱਸ ਹੋ ਗਈ।ਕੁਝ ਹੋਰ ਦੱਸਣ ਦੀ ਹਿੰਮਤ ਨਾ ਰਹੀ।ਬੈਠੀ ਆਪਣੇ ਢਿੱਡ ਵਿਚ ਮੁੱਕੀਆਂ ਦਿੰਦੀ ਹੋਈ ਗੁੱਛਾ ਮੁੱਛਾ ਹੋਈ ਜਾਵੇ।ਹਾਲੋਂ ਬਿਹਾਲ ਹੋਈ ਜਾਵੇ ਤੇ ਸ੍ਰੀ ਹਰਮੰਦਰ ਸਹਿਬ ਉਤੇ ਨਜ਼ਰਾਂ ਟਿਕਾਈ ਇਹੀ ਕਹੀ ਜਾਵੇ,—"ਓਹ ਮੇਰੇ ਸਤਿਗੁਰਾ...! ਇਹ ਦਰਦ ਦਾ ਗੋਲਾ...ਮੇਰੇ ਪਰਦੀਪ ਦੇ ਦਰਦ ਦਾ ਗੋਲਾ ਮੇਰੇ ਢਿੱਡ ਵਿਚ ਫਿਰਨੋਂ ਨਹੀਂ ਹਟਦਾ...। ਦਾਤਿਆ! ਕਿਦਾਂ ਸਹਾਂ ..? ਇਨ੍ਹਾਂ ਪੀੜਾਂ ਨੂੰ ਕਿਦਾਂ ਪੀਵਾਂ...?"ਬੀਬੀ ਗੁਰਦੀਪ ਕੌਰ ਜੀ ਕੋਲੋਂ ਉਸਦਾ ਵਿਰਲਾਪ ਦੇਖਿਆ ਨਹੀਂ ਸੀ ਜਾਂਦਾ।ਉਹ ਮਮਤਾ ਭਰੇ ਦਿਲ ਨਾਲ ਉਸ ਦਾ ਪਿੰਡਾ ਪਲੋਸਦਿਆਂ ਸਤਿਗੁਰਾਂ ਅਗੇ ਜੋਦੜੀ ਕਰਨ ਲੱਗ ਪਏ..!ਕਲਗੀਆਂ ਵਾਲੇ ਨੂੰ ਪੁਕਾਰਦੇ ਹੋਏ ਕਹਿੰਦੇ;- "ਬਹੁੜੀਂ ਵੇ ਕਲਗੀਆਂ ਵਾਲੜਿਆ...! ਆਪਣੀ ਬੱਚੀ ਨੂੰ ਹਿੰਮਤ ਦੇਹ...! ਸਰਬੰਸ ਦਾਨੀਆਂ..! ਮਹਾਂ ਤਿਆਗੀਆ...!ਤੇਰੀ ਬੱਚੀ ਤਾਂ ਤੇਰੇ ਕੁਣਬੇ ਵਿਚੋਂ ਹੀ ਹੈ...!ਤੇਰੀ ਸਿੱਖੀ ਦੀ ਖਾਤਰ ਇਸ ਨੇ ਪਤੀ-ਪੁੱਤਰਾਂ ਦੀ ਭੇਟ ਚੜ੍ਹਾਈ ਹੈ...!ਬਹੁੜੀਂ ਵੇ ਮੇਰੇ ਮਾਲਿਕਾ..! ਇਸ ਨੂੰ ਚੜ੍ਹਦੀ ਕਲਾ ਦੇ ਰੰਗਾਂ ਵਿਚ ਰੰਗ ਲੈ...!ਪੰਥ ਦੇ ਵਾਲੀਆ...!ਸ਼ਕਤੀ ਦਾ ਦਾਨ ਦੇਹ....!ਇਸ ਨੂੰ ਆਪਣਾ ਸਹਾਰਾ ਦੇਹ ਮੇਰੇ ਸਾਈਆਂ...! ਮੈਂ ਤਾਂ ਕਿਸੇ ਸ਼ਹੀਦ ਦੀ ਭੇਟਾ ਵੀ ਤੇਰੇ ਚਰਨਾਂ ਵਿਚ ਨਹੀਂ ਚੜਾਈ ! ਫਿਰ ਵੀ ਤੂੰ ਮੇਰੇ ਰੰਡੇਪੇ ਵਿਚ ਮੈਨੂੰ ਆਪਣੇ ਪਿਆਰ ਅਤੇ ਸਹਾਰੇ ਨਾਲ ਦੁਖਾਂ ਤਕਲੀਫਾਂ ਦੇ ਅਸਰਾਂ ਤੋਂ ਬਚਾਈ ਰੱਖਿਆ ਹੈ।ਆਪਣੀ ਬਣਾ ਕੇ ਰੱਖਿਆ ਹੈ।ਪਰ ਇਸਨੇ ਤਾਂ ਤੇਰੀਆਂ ਸਿੰਘਣੀਆਂ ਤੇ ਸੂਰਿਆਂ ਦੀਆਂ ਰੀਤਾਂ ਰਸਮਾਂ ਪੂਰੀਆਂ

ਕੀਤੀਆਂ ਹਨ...!ਪਤੀ,ਪੁੱਤਰਾਂ ਦੀਆਂ ਸ਼ਹੀਦੀਆਂ ਦੀ ਭੇਟਾ ਚੜ੍ਹਾਈ ਹੈ....!ਮੇਰਿਆ ਸੱਚਿਆ ਸਾਈਆਂ...!ਇਸ ਦੇ ਵਿਧਵਾ ਜੀਵਨ ਨੂੰ ਵੀ ਤੂੰ ਅਪਣੇ ਰੰਗਾਂ ਵਿਚ ਰੰਗ ਲੈ..ਮੇਰੇ ਪ੍ਰੀਤਮਾਂ...!"

ਹੌਸਲਾ ਦਿਲਾਸਾ ਦਿੰਦਿਆਂ ਬੀਬੀ ਜੀ ਨੇ ਉਸਨੂੰ ਬਾਹੋਂ ਫੜ ਕੇ ਉਠਾਇਆ ਤੇ ਕਰੁਣਾਂ ਰਸ ਵਿਚ ਭਿੱਜਿਆਂ ਹੋਇਆਂ ਨੇ ਦਰਸ਼ਨ-ਇਸ਼ਨਾਨ ਕੀਤੇ।ਜਦੋਂ ਵਿਦਾ ਹੋਣ ਲੱਗੇ ਤਾਂ ਉਨ੍ਹਾਂ ਨਰਿੰਦਰ ਕੌਰ ਦਾ ਹੱਥ ਫੜ ਕੇ ਉਸ ਦੀ ਮੁੱਠੀ ਵਿਚ ਨੋਟਾਂ ਦੀ ਇਕ ਦੱਥੀ ਦੇ ਦਿੱਤੀ।ਪਰ ਉਸਨੇ ਨਾਂਹ ਨਾਂਹ ਕਰਦੀ ਹੋਈ ਨੇ ਨੋਟ ਬੀਬੀ ਜੀ ਨੂੰ ਫੜਾਉਂਦਿਆਂ ਆਪਣੇ ਹੱਥ ਦੀ ਹਥੇਲੀ ਪੁੱਠੀ ਕਰਕੇ ਕਿਹਾ;-"ਇਹ ਹੱਥ ਅੱਜ ਤੱਕ ਇਸੇ ਤਰ੍ਹਾਂ ਹੀ ਰਹਿਣਾਂ ਗਿੱਝੇ ਹੋਏ ਹਨ।ਇਨ੍ਹਾਂ ਹੱਥਾਂ ਨੇ ਅਜ ਤਕ ਦਿੱਤਾ ਹੀ ਦਿੱਤਾ ਹੈ।" ਫਿਰ ਦੋਨਾਂ ਹੱਥਾਂ ਦਾ ਬੁੱਕ ਅੱਡ ਕੇ ਕਹਿਣ ਲੱਗੀ,—"ਅਜ ਤਕ ਕਦੀ ਕਿਸੇ ਅੱਗੇ ਇਸ ਤਰ੍ਹਾਂ ਹੱਥ ਫੈਲਾਏ ਨਹੀਂ ਹਨ।" ਤਦ ਬੀਬੀ ਜੀ ਨੇ ਅਪਣੀ ਮਮਤਾ ਦਾ ਹੱਕ ਜਮਾਉਂਦਿਆਂ ਹੋਇਆਂ ਜਬਰਦਸਤੀ ਨੋਟ ਦੇ ਦਿੱਤੇ।ਇਸ ਦੇ ਪਿੱਛੋਂ ਨੌਕਰੀ ਦੀ ਤਲਾਸ਼ ਲਈ ਬੀਬੀ ਜੀ ਉਸ ਨੂੰ ਲੈ ਕੇ ਇਕ ਦਿਨ ਲੁਧਿਅਣੇ ਦੇ ਨੇੜੇ ਟੈਕਸਲਾ ਟੀ. ਵੀ. ਦੇ ਮਾਲਿਕ ਕੋਲ ਗਏ।ਗੁਰਮੁੱਖ ਪਿਆਰਾ ਨੌਕਰੀ ਤਾਂ ਦੇ ਨਾ ਸਕਿਆ ਪਰ ਉਸਨੇ ਕੁਝ ਮਾਇਆ ਦੇ ਕੇ ਤੇ ਚੜ੍ਹਦੀ ਕਲਾ ਵਿਚ ਰਹਿਣ ਲਈ ਪੰਥ ਦੇ ਵਾਲੀ ਅਗੇ ਜੋਦੜੀਆਂ ਕਰਦੇ ਹੋਏ ਨੇ ਨਾਮ-ਬਾਣੀ ਵਿਚ ਰੰਗ ਹੋਣ ਦੀ ਅਸੀਸ ਦੇ ਕੇ ਤੋਰਿਆ।

ਬੀਬੀ ਗੁਰਦੀਪ ਕੌਰ ਜੀ ਦੀ ਸੰਗਤ ਤੇ ਉਨ੍ਹਾਂ ਦੀ ਸੱਚੇ ਦਿਲੋਂ ਕੀਤੀ ਬੇਨਤੀ ਦੇ ਫਲ ਸਰੂਪ ਨਰਿੰਦਰ ਕੌਰ ਨੂੰ ਭਾਣਾਂ ਮਿੱਠਾ ਕਰਕੇ ਮੰਨਣ ਦੀ ਹਿੰਮਤ ਆ ਗਈ।ਸਤਿਗੁਰਾਂ ਨੇ ਬਖਸ਼ਿਸ਼ ਕੀਤੀ,ਹਿੰਮਤ ਦਿੱਤੀ ਤੇ ਐਸੀ ਕਲਾ ਵਰਤਾਈ ਕਿ ਯਾਦਾਂ ਨੂੰ ਸੀਨੇ ਨਾਲ ਲਗਾਈ ਸਬਰ ਸੰਤੋਖ ਆ ਗਿਆ।ਨਿਆਸਰਿਆਂ ਦੇ ਅਸਰੇ ਉਤੇ ਭਰੋਸਾ ਬੱਝਾ।ਗੁਰਮਤ ਅਨੁਸਾਰ ਨਾਮ-ਬਾਣੀ ਦੇ ਅਧਾਰ ਤੇ ਜੀਊਣ ਦੀ ਲਗਨ ਲੱਗ ਗਈ।ਕੀਰਤਨ ਕਰਨ ਵਿਚ ਰੁਚੀ ਵਧੀ।ਦੰਗਾ-ਪੀੜਤਾਂ ਲਈ ਹੋਏ ਸਮਾਗਮਾਂ ਵਿਚ ਜਾ ਕੇ ਸਟੇਜਾਂ ਉਤੇ ਬੈਠ ਕੇ ਕੀਰਤਨ ਕਰਨਾ ਤੇ ਸਰਕਾਰੀ ਜਬਰ-ਜੁਲਮ ਦੇ ਖਿਲਾਫ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ।

ਉਨ੍ਹਾਂ ਦਿਨਾਂ ਵਿਚ, ਜੋਸ਼ ਵਿਚ ਆਏ ਗੱਭਰੂਆਂ ਨੇ ਕੇਸਰੀ ਰੰਗ ਦੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।ਜੁਲਮ ਤੇ ਜਾਲਮਾਂ ਦੇ ਖਿਲਾਫ ਅਵਾਜ ਉਠਾਉਣ ਲਈ ਸਿੰਘਾਂ-ਸਿੰਘਣੀਆਂ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ।ਮਾਵਾਂ ਦੇ ਲਾਲ ਸ਼ਹੀਦੀਆਂ ਦੇ ਜਾਮ ਪੀਣ ਤੁਰ ਪਏ।ਹਮਲਾਵਰਾਂ ਦੀਆਂ ਸਿੱਖੀ ਖਤਮ ਕਰਨ ਦੀਆਂ ਤੇ ਸਿੱਖ ਇਤਿਹਾਸ ਨੂੰ ਗੁੰਧਲਾ ਕਰਕੇ,ਉਨ੍ਹਾਂ ਰਾਹੀਂ ਹੀ ਤੇ ਉਨ੍ਹਾਂ ਦੀ ਮਰਜੀ ਮੁਤਾਬਿਕ ਹੀ ਸਿੱਖ ਇਤਿਹਾਸ ਲਿਖਣ ਦੀਆਂ ਲੂੰਬੜ-ਚਾਲਾਂ ਫ਼ੇਲ ਕਰਨ ਲਈ,ਸਿੰਘ ਸੂਰਮੇਂ ਜੱਗ ਦੇ ਵੇਹੜੇ ਵਿਚ ਸਚਾਈ ਦੀਆਂ ਆਤਿਸ਼ਬਾਜੀਆਂ ਦਾ ਰੂਪ ਧਾਰ ਕੇ ਜਲ ਗਏ।ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰੇ ਝੂਠ ਰੂਪੀ ਹਨੇਰੇ ਦਾ ਸੀਨਾ ਚੀਰ ਕੇ ਸਚਈ ਦੇ ਚੰਗਿਆੜਿਆਂ ਦਾ ਮੀਂਹ ਵਰਾਉਂਦੇ ਹੋਏ ਅਰਸ਼ੀ-ਪ੍ਰੀਤਮ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ।ਸ਼ਹੀਦਾਂ ਸਿੰਘਾਂ ਤੇ ਸ਼ਹੀਦ ਸਿੰਘਣੀਆਂ ਦੀਆਂ ਅਮਰ

ਪਦਵੀਆਂ ਪਾ ਕੇ ਮਨੁਖੀ ਜੀਵਨ ਦਾ ਲਾਹਾ ਖੱਟ ਗਏ। ਏਧਰ ਸ਼ੇਤਾਨੀ ਹਮਲਾਵਰਾਂ ਦੇ ਹੈਵਾਨੀ ਸਿਪਾਹੀਆਂ ਨੇ ਆਪਣੇ ਜੁਲਮੀ ਅਫਸਰਾਂ ਕੋਲੋਂ ਮੰਦੇ ਕਰਮਾਂ ਲਈ ਤਮਗੇ ਪ੍ਰਾਪਤ ਕਰਕੇ ਉਚੀਆਂ ਕੁਰਸੀਆਂ ਤਾਂ ਮੱਲ ਲਈਆਂ ਪਰ ਮਨੁਖਾ ਜੀਵਨ ਨੂੰ ਅਜਾਈਂ ਗੁਆ ਕੇ ਧਰਮਰਾਜ ਦੀ ਸੱਚੀ ਕਚਹਿਰੀ ਵਿਚ ਮਿਲਣ ਵਾਲੀਆਂ,ਕਾਲੇ ਕਰਮਾਂ ਦੀਆਂ ਸਜਾਵਾਂ ਦੇ ਭਾਗੀਦਾਰ ਬਣੇ।

ਬੀਬੀ ਨਰਿੰਦਰ ਕੌਰ ਸਟੇਜ ਉਤੇ ਜਾ ਕੇ ਆਪਣੀ ਮਿੱਠੀ ਅਵਾਜ਼ ਵਿਚ ਭਾਵੁਕ ਹੋ ਕੇ 'ਕੇਸਰੀ ਪੱਗਾਂ ਦੀ ਰੁੱਤ ਆਈ'ਵਾਲਾ ਗੀਤ ਗਾਇਆ ਕਰਦੀ ਸੀ।ਇਸ ਗੀਤ ਵਿਚ ਉਸ ਸਮੇ ਦੇ ਹਾਲਾਤਾਂ ਦਾ ਵਰਨਣ ਸੀ।ਸਰਕਾਰੀ ਜੁਲਮ ਦੇ ਖਿਲਾਫ ਜੂਝਣ ਵਾਲੇ ਜੁਝਾਰੂ ਸਿਰਾਂ ਉਤੇ ਕੇਸਰੀ ਪੱਗਾਂ ਬੰਨ੍ਹ ਕੇ ਮੈਦਾਨ ਵਿਚ ਨਿੱਤਰੇ ਹੋਏ ਸਨ।

ਬੀਬੀ ਨਰਿੰਦਰ ਕੌਰ ਦੇ ਮੂਹੋਂ ਉਸਦੀ ਆਪਣੀ ਹੱਡ-ਬੀਤੀ ਦਾ ਜ਼ਿਕਰ ਸੁਣ ਕੇ, ਪੰਥ-ਪ੍ਰੇਮੀਆਂ ਦੇ ਦਿਲ ਵਲੂੰਧਰੇ ਜਾਂਦੇ ਸਨ। ਇਹ ਗੀਤ ਉਨ੍ਹਾਂ ਦਿਨਾਂ ਵਿਚ ਬੜਾ ਪ੍ਰਚਲਤ ਹੋਇਆ ਸੀ...'ਕੇਸਰੀ ਪੱਗਾਂ ਦੀ ਰੁਤ ਆਈ ।'



**ਫਗਵਾੜਾ ਵਿਚ ਸਿੱਖ ਸਟੂਡੈਂਟ ਫੈਦਰੇਸ਼ਨ ਦੇ ਸਮਾਗਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬੀਬੀ ਨਰਿੰਦਰ ਕੌਰ ਸਟੇਜ ਉਪਰ ਖੜ੍ਹੀ ਗਾਉਂਦੀ ਹੋਈ;- 'ਕੇਸਰੀ ਪੱਗਾਂ ਦੀ ਰੁਤ ਆਈ ..ਨੀ ਅੰਮੀਏਂ।ਹਰ ਵੀਰੇ ਦੀਆਂ ਅੱਖੀਆਂ ਦੇ ਵਿਚ ਰੋਹ ਦੀ ਲਾਲੀ ਛਾਈ।'ਪਿੱਛੇ ਸਟੇਜ ਉਪਰ ਸ਼ਹੀਦ ਬਿਅੰਤ ਸਿੰਘ ਦੀ ਪਤਨੀ ਬਿਮਲ ਕੌਰ ਖਾਲਸਾ,ਉਸਦਾ ਬੱਚਾ ਤੇ ਸਿੱਖ ਸਟੁਡੈਂਟਸ ਫੈਡਰੇਸ਼ਨ ਦੇ ਲੀਡਰ ਬੈਠੇ ਦਿਖਾਈ ਦੇ ਰਹੇ ਹਨ।**

ਦੰਗਿਆਂ ਦੀ ਮਾਰ-ਧਾੜ ਵਿਚੋਂ ਜਾਨਾਂ ਬਚਾ ਕੇ ਜਿਹੜੇ ਸਿੱਖ ਪੰਜਾਬ ਪਹੁੰਚ ਗਏ,ਉਨ੍ਹਾਂ ਦੇ ਜ਼ਖਮਾਂ ਉਤੇ ਮਲ੍ਹਮ-ਪੱਟੀ ਲਾਉਣ ਲਈ ਪੰਜਾਬ ਦੇ ਸਿੱਖਾਂ ਨੇ ਪੂਰੀ ਹਮਦਰਦੀ ਨਾਲ ਉਨ੍ਹਾਂ ਦਾ ਦੁੱਖ ਵੰਡਾਇਆ। ਥਾਂ ਥਾਂ ਕੈਂਪ ਲਗਾਏ ਗਏ। ਇਸੇ ਤਰ੍ਹਾਂ ਦਾ ਹੀ ਇਕ ਕੈਂਪ ਲੜਕਿਆਂ ਦੇ ਜੀ.ਜੀ.ਐਨ. ਖਾਲਸਾ ਕਾਲਿਜ ਲੁਧਿਆਣੇ ਵਿਚ ਵੀ ਲਗਾਇਆ ਗਿਆ।ਹਮਦਰਦੀ ਤੇ ਜਜ਼ਬਾਤਾਂ ਨਾਲ ਭਰੇ ਨੌਜਵਾਨ ਲੜਕੇ ਰੇਲਵੇ ਸਟੇਸ਼ਨ ਤੇ ਜਾ ਕੇ ਦੰਗੇ-ਪੀੜਤਾਂ ਨੂੰ ਗੱਡੀਆਂ ਵਿਚੋਂ ਲੱਭ ਕੇ ਕੈਂਪ ਵਿਚ ਲਿਅਉਂਦੇ।ਅਗੋਂ ਲੁਧਿਆਣਾਂ ਨਿਵਾਸੀ ਦੁੱਖਾਂ ਵਿਚ ਨਪੀੜੇ ਹੋਇਆਂ ਪੀੜਤਾਂ ਦੇ ਦਰਦ ਹੰਡਾਉਂਦੇ ਹੋਏ ਸੇਵਾ ਵਿਚ ਜੁੱਟ ਜਾਂਦੇ।ਇਹਨਾਂ ਪੀੜਤਾਂ ਵਿਚ ਜ਼ਿਆਦਾ ਔਰਤਾਂ ਹੀ ਸੀ।ਜਿਹੜੀਆਂ ਆਪਣੇ ਪਤੀ ਪੁੱਤਰਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਦੰਗਿਆਂ ਵਿਚ ਗੁਆ ਚੁੱਕੀਆਂ ਸਨ।ਹਰ ਔਰਤ ਦੀ ਕਹਾਣੀ ਸੁਣ ਕੇ ਲੂੰ-ਕੰਡੇ ਖੜ੍ਹੇ ਹੁੰਦੇ ਸਨ।ਘਰ ਅਤੇ ਦੁਕਾਨਾਂ ਫੂਕ ਹੋਣ ਪਿਛੋਂ ਇਕ ਬਜ਼ੁਰਗ ਔਰਤ ਆਪਣੀਆਂ ਪੰਜ ਜਵਾਨ ਧੀਆਂ ਅਤੇ ਨੋਹਾਂ ਨੂੰ ਲੈ ਕੇ ਬੈਠੀ ਹੋਈ ਸੀ ਜਿਹੜੀਆਂ ਵਿਧਵਾ ਹੋ ਚੁੱਕੀਆਂ ਸੀ।

ਇਕ ਦਿਨ ਇਕ ਚੌਦਾਂ ਸਾਲ ਦਾ ਲੜਕਾ ਆਪਣੀ ਮਾਂ ਨਾਲ ਇਨ੍ਹਾਂ ਦੁਖਿਆਰੀਆਂ ਲਈ ਕੁਝ ਕਪੜੇ ਤੇ ਹੋਰ ਲੋੜੀਂਦੀਆਂ ਵਸਤਾਂ ਲੈ ਕੇ ਗਿਆ।ਵਸਦੇ ਰਸਦੇ ਘਰਾਂ ਵਾਲਿਆਂ ਨੂੰ ਇਸ ਤਰ੍ਹਾਂ ਦੁੱਖਾਂ ਵਿਚ ਕਰ੍ਹਾ ਹੁੰਦਾ ਦੇਖ ਕੇ,ਛੋਟੇ ਜਿਹੇ ਲੜਕੇ ਦੇ ਦਿਲ ਉਤੇ ਗਹਿਰਾ ਅਸਰ ਹੋਇਆ।ਉਸਨੇ ਆਪਣੀ ਮਾਂ ਨੂੰ ਕਿਹਾ,-"ਮਮੀ!ਇਸ ਸਾਲ ਜਿਹੜੇ ਪੈਸੈ ਤੁਸੀਂ ਸਾਡੇ ਗਰਮ ਕਪੜੇ ਖਰੀਦਣ ਲਈ ਖਰਚਣੇ ਸੀ।ਉਹਨਾਂ ਪੈਸਿਆਂ ਨਾਲ ਇਨ੍ਹਾਂ ਲੋਕਾਂ ਦੀ ਮਦਦ ਕਰ ਦਿਓ। ਅਸੀਂ ਸਰਦੀਆਂ ਲਈ ਨਵੇਂ ਕਪੜੇ ਨਹੀਂ ਖਰੀਦਾਂਗੇ।ਪਿਛਲੇ ਸਾਲ ਵਾਲੇ ਪਾ ਕੇ ਗੁਜਾਰਾ ਕਰ ਲਵਾਂਗੇ।" ਦੂਜੇ ਦਿਨ ਮਾਂ ਪੁਤੱਰ ਦੋਨੋ ਆਏ ਤੇ ਵਧ ਤੋਂ ਵਧ ਜਿੰਨਾ ਹੋ ਸਕਿਆ ਸੇਵਾ ਵਿਚ ਹਿੱਸਾ ਪਾਇਆ।ਉਮਰ ਦੇ ਹਿਸਾਬ ਨਾਲ ਵਾਧੇ ਪਏ ਲੜਕੇ ਦੀਆਂ ਪਿਛਲੇ ਸਾਲ ਦੀਆਂ ਸਕੂਲ ਯੂਨੀਫਾਰਮ ਦੀਆਂ ਜਰਸੀਆਂ ਉਚੀਆਂ ਹੋ ਗਈਆਂ ਸੀ।ਮਾਂ ਨੇ ਪੈਂਟਾਂ ਉਧੇੜ ਕੇ ਥੋੜ੍ਹਾ ਬਹੁਤ ਠੀਕ ਕਰ ਦਿੱਤੀਆਂ।ਪਰ ਜਰਸੀਆਂ ਠੀਕ ਨਾ ਹੋ ਸਕੀਆਂ।ਲੜਕਾ ਉਸੇ ਤਰ੍ਹਾਂ ਹੀ ਸਕੂਲ ਜਾਂਦਾ ਰਿਹਾ ਉਸ ਨੇ ਇਕ ਵਾਰੀ ਵੀ ਨਵੇਂ ਕੱਪੜੇ ਲੈਣ ਲਈ ਨਾ ਕਿਹਾ।

ਇਕ ਦਿਨ ਕਾਲਿਜ ਦੇ ਹਾਲ ਵਿਚ ਦੰਗਾ-ਪੀੜਤਾਂ ਦੀ ਹਮਦਰਦੀ ਅਤੇ ਸਰਕਾਰੀ ਜਬਰ-ਜੁਲਮ ਦੇ ਖਿਲਾਫ ਭਾਰੀ ਇਕੱਠ ਹੋਇਆ।ਪਟਿਆਲੇ ਦੇ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਵੀ ਪਹੁੰਚੇ।ਉਨ੍ਹਾਂ ਬੜੇ ਭਾਵੁਕ ਹੋ ਕੇ ਭਾਸ਼ਨ ਦਿੱਤਾ। ਜਦੋਂ ਸਭ ਦੇ ਭਾਸ਼ਨ ਹੋ ਚੁੱਕੇ ਤਾਂ ਬੀਬੀ ਨਰਿੰਦਰ ਕੌਰ ਸ਼ਬਦ ਕੀਰਤਨ ਕਰਨ ਲਈ ਹਰਮੋਨੀਅਮ ਦੇ ਅਗੇ ਆ ਕੇ ਬੈਠੀ।ਸ਼ਬਦ ਪੜ੍ਹਨ ਤੋਂ ਪਹਿਲੇ ਸਿੰਘਣੀਆਂ ਵਾਲੀ ਸੂਰਮ-ਗਤੀ ਨਾਲ ਉਸਨੇ ਆਪਣੇ ਪਤੀ,ਪੁੱਤਰ ਤੇ ਭਤੀਜੇ ਨੂੰ ਸ਼ਹੀਦ ਕਹਿ ਕੇ,ਉਸ ਬਰਬਾਦੀ ਦਾ ਹਾਲ ਸੁਣਾਇਆ,ਜਿਹੜੀ ਉਸਦੀ ਆਪਣੀ ਹੱਡ-ਬੀਤੀ ਸੀ ਤੇ ਫਿਰ ਉਸ ਨੇ ਆਪਣੇਂ ਦਾਦੇ ਦੀ ਸਿੰਘ ਸਭਾ ਦੇ ਮੋਰਚੇ ਵਿਚ ਪ੍ਰਾਪਤ ਕੀਤੀ ਹੋਈ ਸ਼ਹੀਦੀ ਬਾਰੇ ਦਸਿਆ।ਸ਼ਹੀਦ ਦੀ ਪੋਤਰੀ ਹੋਣ ਕਰਕੇ ਵਿਰਸੇ

ਵਿਚੋਂ ਹੀ ਸ਼ਹੀਦੀਆਂ ਦਾ ਸਰਮਾਇਆ ਮਿਲਣ ਦਾ ਮਾਣ ਮਹਿਸੂਸ ਕਰਨ ਦੀ ਗਲ ਕੀਤੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਉਤੇ ਚਲਣ ਲਈ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ।ਉਸਦੇ ਸ਼ਬਦ-ਗਾਇਨ ਪਿਛੋਂ ਸਮਾਗਮ ਦੀ ਸਮਾਪਤੀ ਹੋ ਗਈ ਤੇ ਸਾਰੇ ਆਪੋ ਆਪਣੇ ਘਰਾਂ ਨੂੰ ਤੁਰ ਪਏ।ਮਹਾਰਾਜਾ ਪਟਿਆਲਾ ਨੇ ਜਾਣ ਤੋਂ ਪਹਿਲੇ ਪ੍ਰੋਗਰਾਮ ਦੇ ਇਨਚਾਰਜ ਪ੍ਰੋਫੈਸਰਾਂ ਨਾਲ ਗੱਲ ਕੀਤੀ ਕਿ ਬੀਬੀ ਨਰਿੰਦਰ ਕੌਰ ਨੂੰ ਪੈਸਿਆਂ ਦੀ ਮਦਦ ਦਿੱਤੀ ਜਾਵੇ।ਪਰ ਨਰਿੰਦਰ ਕੌਰ ਨੇ ਅਗੋਂ ਇਹ ਜਵਾਬ ਦਿੱਤਾ ਕਿ ਉਹ ਕਦੀ ਨਹੀਂ ਚਹੁੰਦੀ ਕਿ ਉਸ ਦੀ ਕੌਮ ਬਿਦੋਸ਼ਿਆਂ ਅਤੇ ਮਸੂਮਾਂ ਉਤੇ ਜ਼ੁਲਮ ਢਾਹੇ ਪਰ ਕੌਮ ਦੇ ਆਗੂਆਂ ਅਤੇ ਮਹਾਰਾਜਾ ਸਾਹਿਬ ਅੱਗੇ ਉਸਦੀ ਬੇਨਤੀ ਹੈ ਕਿ ਉਹ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ...।ਇਹੀ ਉਸ ਦੀ ਸੱਚੇ ਦਿਲ ਦੀ ਪੁਕਾਰ ਹੈ ਅਤੇ ਇਹੋ ਹੀ ਉਸਦੀ ਅਸਲੀ ਮਦਦ ਹੈ।ਉਸਨੇ ਪੈਸਿਆਂ ਦੀ ਮਦਦ ਕਬੂਲ ਨਹੀਂ ਕੀਤੀ।ਬੇਸ਼ਕ ਉਹ ਉਸ ਵੇਲੇ ਕਿਸੇ ਦੇ ਘਰ ਵਿਚ ਇਕ ਘੁਰਨੇ ਵਰਗਾ ਕਮਰਾ ਕਿਰਾਏ ਤੇ ਲੈ ਕੇ ਮਾਸੂਮ ਬੱਚਿਆਂ ਨਾਲ ਗੁਜਾਰਾ ਕਰ ਰਹੀ ਸੀ।

**********************

# ਲਹੂ ਭਿੱਜੇ ਪੈਰਾਂ ਦੀ ਪੈੜ

ਗੋਬਿੰਦ ਘਾਟ ਤੋਂ ਗੋਬਿੰਦ ਧਾਮ ਪਹੁੰਚਣ ਲਈ ਤਿੰਨ ਬੀਬੀਆਂ ਘੋੜਿਆਂ ਉਪਰ ਬੈਠੀਆਂ ਜਾ ਰਹੀਆਂ ਸਨ। ਵਿਚਕਾਰਲੀ ਬੀਬੀ ਨੇ ਦੇਖਿਆ ਕਿ ਉਸਦੇ ਅੱਗੇ ਅੱਗੇ ਰਸਤੇ ਵਿਚ ਤਾਜ਼ੇ ਖ਼ੂਨ ਦੇ ਕਤਰੇ ਡਿਗ ਰਹੇ ਹਨ। ਰਾਹ ਵਿਚ ਲਹੂ ਭਿੱਜੇ ਪੈਰਾਂ ਦੀ ਪੈੜ ਬਣ ਰਹੀ ਦੇਖ ਕੇ ਉਸਦੇ ਦਿਲ ਦਿਮਾਗ ਉਤੇ ਗਹਿਰਾ ਅਸਰ ਹੋਇਆ। ਉਸਨੇ ਅੱਗੇ ਜਾਣ ਵਾਲੇ ਯਾਤਰੀਆਂ ਤੋਂ ਪੁੱਛ ਪੜਤਾਲ ਕੀਤੀ ਪਰ ਕੁਝ ਪਤਾ ਨਾ ਲੱਗਿਆ।

ਦੂਜੇ ਦਿਨ ਗੋਬਿੰਦ ਧਾਮ ਸਵੇਰੇ ਕੀਰਤਨ ਪਿਛੋਂ ਨਿਸ਼ਾਨ ਸਾਹਿਬ ਝੁਲਾਏ ਜਾ ਰਹੇ ਸਨ ਕਿ ਇਕ ਛੋਟੀ ਜਿਹੀ ਬੱਚੀ ਨੇ ਇਸ ਗੱਲ ਦੀ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ ਕਿ ਉਸਦੇ ਸਾਹਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖੜ੍ਹੇ ਹਨ ਅਤੇ ਉਨ੍ਹਾਂ ਦੇ ਪੈਰ ਲਹੂ ਨਾਲ ਲੱਥ-ਪੱਥ ਹੋਏ ਪਏ ਹਨ। ਸੰਗਤ ਬੱਚੀ ਨੂੰ ਗੁਰੂ ਜੀ ਦੇ ਦਰਸ਼ਨ ਹੋਣ ਦਾ ਜਲਵਾ ਦੇਖ ਕੇ ਅਸਚਰਜ ਹੋ ਰਹੀ ਸੀ ਪਰ ਇਸ ਬੱਚੀ ਦੀਆਂ ਗੱਲਾਂ ਸੁਣ ਕੇ ਉਸ ਬੀਬੀ ਨੂੰ ਰਸਤੇ ਵਿਚ ਲਹੂ ਭਿੱਜੇ ਪੈਰਾਂ ਦੀ ਪੈੜ ਯਾਦ ਆ ਗਈ ਤੇ ਉਸਨੂੰ ਉਹ ਪੈੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੈਰਾਂ ਦੀ ਪੈੜ ਜਾਪਣ ਲੱਗੀ। ਉਹ ਡੂੰਘੀਆਂ ਸੋਚਾਂ ਵਿਚ ਡੁੱਬ ਗਈ। ਉਸਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਖਿਆਲ ਆਇਆ। ਉਹ ਸੋਚਣ ਲੱਗ ਪਈ ਕਿ ਬਾਬੇ ਬਕਾਲੇ ਸ਼ਹਿਰ ਵਿਚ ਇਕ ਭੋਰੇ ਵਿਚ ਬੈਠੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਰ ਪਾਰ ਸਮੁੰਦਰ ਵਿਚ ਡੁੱਬਦੇ ਜਾਂਦੇ ਬੇੜੇ ਨੂੰ ਡੁੱਬਣ ਤੋਂ ਬਚਾਇਆ ਸੀ। ਗੁਰੂ ਜੀ ਨੇ ਬੇੜਾ ਪਾਰ ਕਰਨ ਲਈ,ਆਪਣਾ ਮੋਢਾ ਲਹੂ ਲੁਹਾਣ ਕਰਵਾ ਲਿਆ। ਬੇੜਾ ਪਾਰ ਹੋਣ ਪਿੱਛੋਂ ਮੱਖਣ ਸ਼ਾਹ ਲੁਬਾਣਾ ਜਦੋਂ ਗੁਰੂ ਜੀ ਦੇ ਭੋਰੇ ਅੱਗੇ ਜਾ ਕੇ ਪੰਜ ਮੋਹਰਾਂ ਰੱਖ ਕੇ ਮੱਥਾ ਟੇਕਣ ਲੱਗਿਆ ਤਾਂ ਗੁਰੂ ਜੀ ਨੇ ਉਸਨੂੰ ਪੰਜ ਮੋਹਰਾਂ ਦੀ ਥਾਂ ਪੰਜ ਸੌ ਮੋਹਰਾਂ ਦੀ ਅਰਦਾਸ ਕਰਨ ਵਾਲੀ ਗੱਲ ਯਾਦ ਕਰਵਾਈ ਤੇ ਨਾਲੇ ਆਪਣਾ ਜਖਮੀ ਹੋਇਆ ਮੋਢਾ ਦਿਖਾ ਕੇ ਬੇੜਾ ਪਾਰ ਕਰਨ ਦਾ ਸਬੂਤ ਦਿੱਤਾ।

ਉਸ ਬੀਬੀ ਨੂੰ ਇਉਂ ਲੱਗਿਆ ਜਿਵੇਂ ਮੱਖਣ ਸ਼ਾਹ ਲੁਬਾਣੇ ਦੇ ਬੇੜੇ ਦੀ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਕਿਸੇ ਪਿਆਰੇ ਦੀ ਖਾਤਰ ਆਪਣੇ ਪੈਰ ਲਹੂ-ਲੁਹਾਣ ਕਰਵਾਏ

ਹੋਣਗੇ। ਉਹ ਆਪਣੇ ਕਿਸੇ ਦੁਲਾਰੇ ਸਿੰਘ ਦੀ ਮਦਦ ਕਰਨ ਲਈ ਜ਼ਰੂਰ ਕਿਸੇ ਐਸੀ ਥਾਂ ਉਤੇ ਜਾ ਪਹੁੰਚੇ ਹੋਣਗੇ ਜਿਥੇ ਕਸਾਈਆਂ ਦੇ ਹੱਥੋਂ ਉਸਦੇ ਬੱਚੇ ਨੂੰ ਤਸੀਹੇ ਦਿੱਤੇ ਜਾਂਦੇ ਹੋਣਗੇ। ਸੱਚੇ ਰਾਹ ਉਤੇ ਤੁਰੇ ਜਾ ਰਹੇ ਸਿੰਘ ਨੂੰ ਉਸ ਰਸਤੇ ਉਤੋਂ ਪਰ੍ਹੇ ਹਟਾਉਣ ਲਈ ਉਸ ਉਤੇ ਕਹਿਰ ਢਾਹੇ ਜਾਂਦੇ ਹੋਣਗੇ ਤੇ ਜਦੋਂ ਉਸਦੇ ਪੈਰਾਂ ਉਤੇ ਕਿੱਲ ਠੋਕੇ ਜਾਂਦੇ ਹੋਣਗੇ ਤਾਂ ਸਿੰਘਾਂ ਦੇ ਅੰਗ ਸੰਗ ਸਹਾਈ ਹੋਣ ਵਾਲੇ ਸ੍ਰੀ ਦਸ਼ਮੇਸ਼ ਪਿਤਾ ਨੇ ਉਨ੍ਹਾਂ ਕਸਾਈਆਂ ਅੱਗੇ ਆਪਣੇ ਪੈਰ ਰੱਖ ਦਿੱਤੇ ਹੋਣਗੇ? ਜ਼ਰੂਰ ਕੋਈ ਐਸੀ ਹੀ ਗੱਲ ਹੋਈ ਹੋਵੇਗੀ। ਆਪਣੇ ਸਿੰਘ ਦਾ ਦਰਦ ਹੰਢਾਉਣ ਲਈ ਸੱਚੇ ਪ੍ਰੀਤਮ ਨੇ ਹਾਜ਼ਰੀ ਭਰੀ ਹੋਏਗੀ, ਜੁਲਮੀ ਜਰਵਾਣਿਆਂ ਦੇ ਦਰਬਾਰ ਵਿਚ ਉਹ ਆਪ ਜਾ ਪਹੁੰਚਿਆ ਹੋਵੇਗਾ ।

ਅਸੀਂ ਕਲਯੁਗੀ ਜੀਵ ਆਪਣੇ ਸਵਾਰਥ ਲਈ ਅਰਦਾਸਾਂ ਕਰਦੇ ਹਾਂ, ਸੁੱਖਣਾ ਸੁੱਖਦੇ ਹਾਂ, ਧੰਨ ਦੌਲਤ ਔਲਾਦ ਦੇ ਸੁੱਖ ਮੰਗਦੇ ਹਾਂ ਔਖੀਆਂ ਘੜੀਆਂ ਵਿਚ ਮੱਖਣ ਸ਼ਾਹ ਲੁਬਾਣੇ ਵਾਂਗੂ ਪੁਕਾਰ ਪੁਕਾਰ ਕੇ ਸਹਾਇਤਾ ਲਈ ਅਰਜੋਈਆਂ ਕਰਦੇ ਹਾਂ ਤੇ ਉਹ ਸਰਬ-ਕਲਾ ਸਮਰੱਥ ਸਾਡੀਆਂ ਅਰਦਾਸਾਂ ਸੁਣ ਕੇ ਸਾਡੀ ਸਹਾਇਤਾ ਲਈ ਆ ਬਹੁੜਦਾ ਹੈ। ਕਿੰਨੀ ਸੌਖੀ ਅਤੇ ਅਨੰਦ-ਮਈ ਗੱਲ ਹੈ? ਖਾ ਪੀ ਕੇ-ਸਾਫ ਸੁਥਰੇ ਕੱਪੜੇ ਪਾ ਕੇ ਸਾਫ ਸੁਥਰੇ ਥਾਂ ਉਤੇ ਅਟੰਕ ਹੋ ਕੇ ਬਹਿ ਜਾਣਾ ਅਤੇ ਪਾਠ ਪੂਜਾ ਕਰਨਾ ਤੇ ਫਿਰ ਅਰਦਾਸ ਵਿਚ ਮੰਗਾਂ ਦੀ ਲੰਬੀ ਲਿਸਟ ਸੁਣਾ ਦੇਣੀ ਤੇ ਇਹ ਕਹਿਣਾ ਕਿ ਰੱਬਾ! ਮੈਂ ਤੇਰਾ ਪਾਠ ਕੀਤਾ ਹੈ ਇਸ ਦੇ ਫਲ ਸਵਰੂਪ ਤੂੰ ਮੇਰੀ ਝੋਲੀ ਵਿਚ ਸੁੱਖ ਅਰਾਮ ਅਤੇ ਧੰਨ ਦੌਲਤ ਭਰ ਦੇਹ..! ਘਰ ਬਾਰ ਦੀ ਰੱਖਿਆ ਕਰ। ਦੁੱਖਾਂ ਦਾ ਨਾਸ ਕਰ ਅਤੇ ਖੁਸ਼ੀਆਂ ਦੀ ਬਹਾਰ ਬਖਸ਼। ਸਾਡੀਆਂ ਕੀਤੀਆਂ ਅਰਦਾਸਾਂ ਸੱਚੇ ਸਾਹਿਬ ਦੇ ਦਰ ਉਤੇ ਕਬੂਲ ਹੁੰਦੀਆਂ ਹਨ। ਮੂੰਹੋਂ ਮੰਗੀਆਂ ਮੁਰਾਦਾਂ ਮਿਲ ਜਾਂਦੀਆਂ ਹਨ। ਜੇ ਸਾਡੀਆਂ ਸਵਾਰਥੀ ਲੋਕਾਂ ਦੀਆਂ ਝੋਲੀਆਂ ਭਰਨ ਲੱਗੇ ਦਿਆਲੂ ਦਾਤਾਰ ਪਿਤਾ ਨੇ ਕਦੀ ਸੰਗ ਸਰਫਾ ਨਹੀਂ ਕੀਤਾ ਤਾਂ ਉਹ ਆਪਣੇ ਨਿਰਸੁਆਰਥ ਭਾਵਨਾ ਨਾਲ ਪੰਥ ਲਈ ਕੁਰਬਾਨ ਹੋਣ ਵਾਲੇ ਦੀਵਾਨਿਆਂ ਨੂੰ ਕੀ ਕੀ ਦਿੰਦਾ ਹੋਏਗਾ?

ਅਸਲ ਵਿਚ ਅਜਿਹੇ ਸ਼ਹੀਦੀਆਂ ਤੇ ਕੁਰਬਾਨੀਆਂ ਨਾਲ ਸ਼ਿੰਗਾਰੇ ਹੋਏ ਸੰਤ ਸਿਪਾਹੀਆਂ ਦਾ ਵਾਸਾ ਪੰਥ ਦੇ ਵਾਲੀ ਦੇ ਦਿਲ ਵਿਚ ਹੀ ਹੁੰਦਾ ਹੈ, ਬਾਕੀ ਦੁਨੀਆਂ ਨਾਲ ਉਨ੍ਹਾ ਦਾ ਲਗਾਓ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਦੀ ਪਰਵਾਹ ਹੁੰਦੀ ਹੈ। ਇਸ ਲਈ ਨਿਰਸੁਆਰਥ ਭਾਵਨਾ ਨਾਲ ਸ਼ਹੀਦੀਆਂ ਕੁਰਬਾਨੀਆਂ ਦਾ ਜਾਮ ਪੀਣ ਵਾਲੇ ਜਦੋਂ ਜ਼ੁਲਮ ਨਾਲ ਮੱਥਾ ਲਾਉਂਦੇ ਹਨ... ਤਾਂ ਕਸਾਈਆਂ ਕੋਲੋਂ ਕੋਹ ਕੋਹ ਕੇ ਮਾਰੇ ਜਾਣ ਸਮੇਂ ਉਹਨਾਂ ਦੀ ਮਦਦ ਲਈ ਦਸ਼ਮੇਸ਼

ਪਿਤਾ ਆਪ ਸਹਾਈ ਹੁੰਦਾ ਹੈ।ਦੁਸ਼ਟਾਂ, ਚੰਡਾਲਾਂ ਦੇ ਹੱਥੋਂ ਕਹਿਰ ਝੱਲਦਿਆਂ ਗੁਰੂ-ਪ੍ਰੇਮੀਆਂ ਦੇ ਪਿੰਡੇ ਉਤੇ ਪੈਂਦੀਆਂ ਲਾਸਾਂ ਦੇ ਨਿਸ਼ਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿੰਡੇ ਉਤੇ ਪੈਂਦੇ ਹਨ।

ਗੁਰੂ-ਪ੍ਰੇਮ ਵਿਚ ਭਿੱਜੀਆਂ ਰੂਹਾਂ ਵਾਲੇ ਜੀਉਂਦੇ ਜੀਅ ਸਤਿਗੁਰਾਂ ਨਾਲ ਪਿਓਂਦ ਲਗਾ ਕੇ ਆਪਣੇ ਆਪ ਨੂੰ ਸਤਿਗੁਰਾਂ ਨਾਲ ਇਕ ਮਿੱਕ ਕਰ ਲੈਂਦੇ ਹਨ।ਗੁਰੂ ਪ੍ਰੇਮ ਦੀ ਮਿਹਕ ਨਾਲ ਖਿੜੇ ਹੋਇਆਂ ਵਿਚੋਂ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਖੁਸ਼ਬੂ, ਖੇੜਾ ਅਤੇ ਨੂਰ ਝਲਕਦਾ ਹੈ।ਅਜਿਹੇ ਮਰਜੀਵੜਿਆਂ ਨੂੰ ਸੱਟ ਮਾਰੋ ਤਾਂ ਉਹ ਸੱਟ ਸਿੱਧੀ ਦਸ਼ਮੇਸ਼ ਪਿਤਾ ਦੇ ਲਗਦੀ ਹੈ।ਕਿਸੇ ਅਜਿਹੇ ਸਿੰਘ ਦੇ ਪੈਰਾਂ ਦੇ ਜ਼ਖਮਾਂ ਕਾਰਨ ਹੀ ਗੁਰੂ ਜੀ ਦੇ ਪੈਰਾਂ ਵਿਚੋਂ ਖੂਨ ਵਹਿੰਦਾ ਹੋਏਗਾ।ਐਸੇ ਦੁਲਾਰਿਆਂ ਦੀ ਕਮਾਈ ਦੇ ਬਦਲੇ ਪੰਥ ਦਾ ਵਾਲੀ ਉਨ੍ਹਾਂ ਨੂੰ ਕੀ ਦਿੰਦਾ ਹੋਏਗਾ? ਸ਼ਾਇਦ ਸ਼ਹੀਦਾਂ ਸਿੰਘਾਂ ਦੀ ਫੌਜ ਵਿਚ ਭਰਤੀ ਕਰਕੇ ਹਮੇਸ਼ਾਂ ਹਮੇਸ਼ਾਂ ਲਈ ਆਪਣੇ ਸਾਥੀ ਬਣਾ ਲੈਂਦਾ ਹੋਏਗਾ।ਆਪਣੇ ਗਲ ਨਾਲ ਲਗਾ ਲੈਂਦਾ ਹੋਏਗਾ।ਆਪਣੇ ਜਿਹਾ ਹੀ ਬਣਾ ਲੈਂਦਾ ਹੋਏਗਾ...।

ਅਜਿਹੇ ਰਹਿਣੀ ਬਹਿਣੀ ਕਹਿਣੀ ਤੇ ਸਹਿਣੀ ਵਾਲਿਆਂ ਲਈ ਹੀ ਤਾਂ ਉਸਨੇ ਕਿਹਾ ਹੈ:

**"ਰਹਿਣੀ ਰਹੈ ਸੋਈ ਸਿਖ ਮੇਰਾ।**
**ਉਹ ਸਾਹਿਬ ਮੈ ਉਸਕਾ ਚੇਰਾ।"**

*****************

# ਅਸੀਂ ਸਿੱਖ ਹਾਂ




ਹਾਂ ਜੀ..!ਅਸੀਂ ਸਿੱਖ ਹਾਂ।ਅਸੀਂ ਬਾਬੇ ਨਾਨਕ ਦੇ ਬੇੜੇ ਦੇ ਸਵਾਰ ਹਾਂ। **ਦਸੋ ਪਾਤਿਸ਼ਾਹੀਆਂ ਦੀ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਝੋਲੇ ਇਸ ਬੇੜੇ ਨੂੰ ਅੱਗੇ ਤੋਰਦੇ ਹਨ** ।ਗੁਰੂਆਂ ਭਗਤਾਂ ਤੇ ਫਕੀਰਾਂ ਦੇ ਹੱਥੀ ਫੜੇ ਚੱਪੂ,ਸਾਨੂੰ ਸੰਸਾਰ ਸਾਗਰ ਦੀਆਂ ਭਵਜਲ ਲਹਿਰਾਂ ਵਿਚ ਡਿਗਣ ਤੋਂ ਬਚਾਉਂਦੇ ਹਨ।

ਅਸੀਂ ਕੀ ਹਾਂ..?ਕਦੋਂ ਤੋਂ ਤੁਰੇ ਹੋਏ ਹਾਂ...?ਤੇ ਹੁਣ ਅਸੀਂ ਕੀ ਹਾਂ..?ਇਸ ਮਸਲੇ ਨੂੰ ਗਹੁ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਅਨੰਤ ਕਾਲ ਦੇ ਚੱਕਰ ਵਿਚ ਫਸੇ ਹੋਇਆਂ ਨੇ ਪਤਾ ਨਹੀਂ ਅਸੀਂ ਕਿੰਨੀ ਕੁ ਵਾਰੀ ਚੁਰਾਸੀ ਲੱਖ ਜੂਨਾਂ ਦਾ ਸਫਰ ਤਹਿ ਕੀਤਾ ਹੈ।ਪਰ ਇਹ ਗੱਲ ਸਪੱਸ਼ਟ ਹੈ ਕਿ ਇਸ ਵੇਲੇ ਅਸੀਂ ਸਿੱਖ ਹਾਂ।ਸਾਡੀ ਆਪਣੀ ਇਕ ਵੱਖਰੀ ਕੌਮ ਹੈ।

ਹਾਂ...! ਸਾਇੰਸਦਾਨਾਂ ਦੀ ਖੋਜ ਮੁਤਾਬਿਕ ਬਾਂਦਰਾਂ ਦੀ ਸ਼ਕਲ ਮਨੁੱਖਾਂ ਨਾਲ ਮਿਲਦੀ ਜੁਲਦੀ ਹੈ ਤੇ ਉਹ ਮਨੁੱਖਾ ਜਾਤੀ ਦੇ ਪੁਰਖੇ ਹਨ।ਸਾਡੇ ਪੁਰਖਿਆਂ (ਬਾਂਦਰਾਂ) ਨੇ ਜੰਗਲਾਂ ਵਿਚੋਂ ਨਿਕਲ ਕੇ ਘਰ ਵਸਾਉਣੇ ਸ਼ੁਰੂ ਕੀਤੇ।ਸਾਡੀਆਂ ਸ਼ਕਲਾਂ ਵਿਚ ਨਿਖਾਰ ਆਇਆ ਸਾਡੀਆਂ ਪੂਛਾਂ ਪਤਾ ਨਹੀਂ ਕਿੱਧਰ ਗਈਆਂ?ਅਸੀਂ ਸੋਹਣੇ ਸੁਨੱਖੇ ਪ੍ਰਾਣੀ ਅਕਲਾਂ ਵਾਲੇ,ਗੁਣੀ ਗਿਆਨੀ ਬਣ ਗਏ।ਸਾਡੀ ਸਭਿਅਤਾ ਤੇ ਸਭਿਆਚਾਰ ਨੇ ਤਰੱਕੀ ਕੀਤੀ।ਅਸੀਂ ਆਰੀਅਨ ਕਹਿਲਾਉਣ ਲੱਗੇ।

ਉਦੋਂ ਪਾਣੀ ਕੁਦਰਤੀ ਸਾਧਨਾਂ ਤੋਂ ਹੀ ਪ੍ਰਾਪਤ ਹੁੰਦਾ ਸੀ।ਦਰਿਆਵਾਂ ਦੇ ਕੰਢਿਆਂ ਉਤੇ ਹੀ ਵਸੋਂ ਹੋਇਆ ਕਰਦੀ ਸੀ ਇਸ ਲਈ ਅਸੀਂ ਪੰਜਾਂ ਦਰਿਆਵਾਂ ਦੇ ਕੰਢਿਆਂ ਉਤੇ ਬੈਠ ਕੇ ਵੇਦਾਂ ਦੀ ਰਚਨਾਂ ਕੀਤੀ।ਇਸੇ ਕਰਕੇ ਹੀ ਸਾਡੀ ਹੁਣ ਦੀ ਪੰਜਾਬੀ ਬੋਲੀ, ਉਸ ਸਮੇ ਦੇ ਲੋਕਾਂ ਦੀ ਮਾਤ ਭਾਸ਼ਾ (ਸੰਸਕ੍ਰਿਤ) ਦੇ ਨਾਲ ਬਾਕੀ ਬੋਲੀਆਂ ਨਾਲੋਂ ਜ਼ਿਆਦਾ ਮਿਲਦੀ ਜੁਲਦੀ ਹੈ ਤੇ ਪੰਜਾਬੀ ਨੂੰ ਸੰਸਕ੍ਰਿਤੀ ਦੀ ਜੇਠੀ ਧੀ ਵੀ ਕਿਹਾ ਜਾਂਦਾ ਹੈ।

ਅਸੀਂ ਰਿਸ਼ੀ ਮੁਨੀ ਬਣੇ।ਵੇਦ ਮੰਤਰਾਂ ਦੇ ਪੁਜਾਰੀ ਬਣੇ।ਵੇਦ ਬਾਣੀ ਦੀ ਸੁਚੱਮਤਾ ਨੂੰ ਸੰਭਾਲਣ ਲਈ ਅਸੀਂ ਹਰ ਹੀਲਾ ਵਰਤਿਆ।ਖੈਰ..!ਕਿਸੇ ਤਰ੍ਹਾਂ ਵੀ..! ਅਸੀਂ ਵੇਦਾਂ ਦਾ ਮੂਲ ਬਚਾ ਲਿਆ।ਆਮ ਅਣਜਾਣ,ਬੇਸਮਝਾਂ,ਦੁਸ਼ਮਣਾਂ ਤੇ ਸ਼ਰਾਰਤੀ ਪ੍ਰਾਣੀਆ ਕੋਲ ਵੇਦ ਬਾਣੀ ਜਾਣ ਦੀ ਖੁਲ੍ਹ ਦੇਣ ਨਾਲ ਵੇਦ ਬਾਣੀ ਦਾ ਮੂਲ ਵਿਗੜ ਸਕਦਾ ਸੀ।ਬੇਸਮਝ ਜਾਂ ਸ਼ਰਾਰਤੀ ਅਨਸਰ, ਜਾਣੇ ਅਣਜਾਣੇ ਵਿਚ ਕੋਈ ਹੇਰਾ ਫੇਰੀ ਕਰ ਸਕਦੇ ਸੀ।ਜਿਵੇਂ ਕਿ ਅਜ ਕਲ੍ਹ ਸਾਡੇ ਧਰਮ ਗ੍ਰੰਥਾਂ ਨਾਲ ਹੋ ਰਿਹਾ ਹੈ ਪਰ ਅਸੀਂ ਹਰ ਹਾਲਤ ਵਿਚ, ਪੂਰਾ ਪਹਿਰਾ ਦਿੱਤਾ ਅਤੇ ਚੰਗੇ ਭਾਗਾਂ ਨਾਲ ਵੇਦ ਬਚਾ ਲਏ।ਜਿਵੇਂ ਮੁਸਲਮਾਨਾਂ ਨੇ ਆਪਣਾ ਕੁਰਾਨ ਬਚਾਇਆ ਹੋਇਆ ਹੈ।

ਧ੍ਰਮ ਗ੍ਰੰਥ ਕੌਮਾਂ ਦਾ ਅਣਮੋਲ ਸਰਮਾਇਆ ਹੁੰਦਾ ਹੈ।ਲੋਕੀਂ ਇਨ੍ਹਾਂ ਨੂੰ ਜਿੰਦ ਜਾਨ ਨਾਲ ਪਿਆਰ ਕਰਦੇ ਹਨ ਤੇ ਇਨ੍ਹਾਂ ਦੀ ਪਵਿੱਤ੍ਰਤਾ ਤੇ ਸੁਚੱਮਤਾ ਨੂੰ ਕਾਇਮ ਰੱਖਣ ਲਈ ਕੁਰਬਾਨ ਹੋ ਜਾਂਦੇ ਹਨ।ਅਸੀਂ ਵੀ ਆਪਣੀ ਸੰਸਕ੍ਰਿਤੀ ਨੂੰ ਪਿਆਰ ਕੀਤਾ ਤੇ ਵੇਦਾਂ ਦੇ ਮੂਲ ਨੂੰ ਆਂਚ ਨਹੀਂ ਆਉਣ ਦਿੱਤੀ।ਸਾਡੀ ਹਿੰਮਤ ਅਤੇ ਮਿਹਨਤ ਦੇ ਫਲ ਸਰੂਪ ਹੀ ਅੱਜ ਦੁਨੀਆਂ ਦੇ ਸਾਇੰਸਦਾਨਾਂ ਨੂੰ ਖੋਜ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਵੇਦਾਂ ਤੋਂ ਵੀ ਬਹੁਤ ਕੁਝ ਮਿਲ ਰਿਹਾ ਹੈ।

ਸਾਡੇ ਪੰਜ ਪਾਣੀਆਂ ਦੀ ਧਰਤੀ ਨੇ ਰਿਸ਼ੀਆਂ ਮੁਨੀਆਂ ਨੂੰ ਸਭਿਆਚਾਰਿਕ ਗੁਣ ਬਖਸ਼ੇ। ਅਸੀਂ ਧੰਨਵਾਨ ਹੋਏ।ਗਵਾਂਢੀ ਦੇਸ਼ ਸਾਡੇ ਦੇਸ਼ ਨੂੰ ਸੋਨੇ ਦੀ ਚਿੜੀ ਕਹਿਣ ਲੱਗੇ।ਧੰਨ ਲੁੱਟਣ ਲਈ ਪੰਜਾਬ ਦੀਆਂ ਹੱਦਾਂ ਟੱਪ ਕੇ ਹਮਲਾਵਰਾਂ ਨੇ ਲੁੱਟਾਂ ਖੋਹਾਂ ਦਾ ਸਿਲਸਿਲਾ ਸ਼ੁਰੂ ਕੀਤਾ।'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।'ਦੀ ਕਹਾਵਤ ਅਨੁਸਾਰ ਪੰਜਾਬੀਆਂ ਨੂੰ ਹਮਲਾਵਰਾਂ ਦਾ ਮੁਕਾਬਲਾ ਕਰਨ ਲਈ ਹਮੇਸ਼ਾਂ ਤਿਆਰ ਰਹਿਣਾਂ ਪੈਂਦਾ।ਇਨ੍ਹਾਂ ਹਮਲਾਵਰਾਂ ਵਿਚੋਂ ਹੀ ਕਈਆਂ ਨੂੰ ਇਹ ਸੋਨੇ ਦੀ ਚਿੜੀ ਕੁਝ ਜ਼ਿਆਦਾ ਹੀ ਪਸੰਦ ਆ ਜਾਂਦੀ ਤੇ ਉਹ ਵਾਪਿਸ ਜਾਣ ਦੀ ਥਾਂ ਇਥੇ ਹੀ ਵਸੇਬਾ ਕਰ ਲੈਂਦੇ।ਅਸੀਂ ਉਨ੍ਹਾਂ ਨੂੰ ਵੀ ਆਪਣੇ ਵਿਚੇ ਹੀ ਸਮਾ ਲਿਆ।ਪਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਅਸੀਂ ਇਕ ਨਾ ਰਹੇ,ਸਾਡੇ ਵਿਚ ਪਾੜ ਪੈ ਗਏ।ਮੁਸਲਿਮ ਧਰਮ ਵਿਚ ਆਣ ਖੜੋਇਆ।

ਮੁਗਲ ਰਾਜਿਆਂ ਦੀ ਛਤਰ ਛਾਇਆਂ ਹੇਠ ਮੁਸਲਿਮ ਧਰਮ ਦੀ ਚੜ੍ਹਤ ਹੋਈ।ਜਦੋਂ ਮੁਗਲ ਰਾਜੇ ਔਰੰਗਜ਼ੇਬ ਨੇ ਦੇਸ਼ ਵਿਚੋਂ ਹਿੰਦੂ ਧਰਮ ਨੂੰ ਖਤਮ ਕਰਨ ਦੀ ਠਾਣ ਲਈ ਅਤੇ ਜਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਜਬਰ ਜੁਲਮ ਦੀ ਹੱਦ ਕਰ ਦਿੱਤੀ ਤਾਂ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ **ਗੁਰੂ ਬਾਲਿਕ ਗੋਬਿੰਦ ਰਾਏ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਵਾ ਕੇ** ਲੋਕਾਂ ਵਿਚ ਇਕ ਨਵੀਂ ਜਾਗ੍ਰਤੀ ਦਾ ਜਜ਼ਬਾ ਭਰਿਆ।ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ,-



ਅਬ ਕੀ ਕਹੂੰ ਨਾ ਤਬ ਕੀ॥
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ
ਸੁੰਨਤ ਹੋਤੀ ਸਭ ਕੀ॥

**ਗੁਰੂ ਗੋਬਿੰਦ ਸਿੰਘ ਜੀ ਨੇ ਮਜ਼ਲੂਮਾਂ ਦੀ ਰੱਖਿਆ ਲਈ ਮੁਗਲ ਰਾਜਿਆਂ ਨਾਲ ਯੁਧ ਕਰਕੇ ਮੁਗਲਾਂ ਦੇ ਦੰਦ ਖੱਟੇ ਕੀਤੇ।ਜੁਲਮ ਨੂੰ ਠੱਲ ਪਈ। ਹਿੰਦੂ ਧਰਮ ਬਚ ਗਿਆ।ਪਰ ਅਕਾਲ ਪੁਰਖ ਦੇ ਹੁਕਮਾਂ ਅਨੁਸਾਰ ਇਸਦੇ ਵਿਚੋਂ ਹੀ ਇਕ ਹੋਰ ਧਰਮ ਪੈਦਾ ਹੋ ਗਿਆ।** ਸਿੱਖ ਧਰਮ...! **ਖੰਡੇ ਬਾਟੇ ਦੀ ਪਾਹੁਲ ਨਾਲ ਖਾਲਸਾ ਪੰਥ ਦੀ ਸਿਰਜਨਾਂ ਹੋਈ।ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕਰਕੇ ਗੁਰੂ ਜੀ, ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਸਰੂਪ ਧਾਰ ਗਏ ਤੇ ਸੀਸ ਭੇਟ ਕਰਕੇ ਸਿੱਖੀ ਦੀ ਦਾਤ ਪ੍ਰਪਤ ਕਰਨ ਵਾਲੇ ਪੰਜ ਪਿਆਰੇ ਜਾਤ ਪਾਤ ਦੇ ਨਾਮੋ ਨਿਸ਼ਾਨ ਮਿਟਾ ਕੇ ਨਿਆਰੇ** ਖਾਲਸੇ ਦੇ ਰੂਪ ਵਿਚ ਪ੍ਰਗਟ ਹੋਏ।

ਉਨ੍ਹਾਂ ਪੰਜਾਂ ਤੋਂ ਅੱਜ ਅਸੀਂ ਕਿੰਨੇ ਹੋ ਗਏ ਹਾਂ...? ਇਸ ਨਵ-ਜੰਮੇ ਧਰਮ ਦੀ ਉਮਰ ਕੋਈ ਖਾਸ ਲੰਮੇਰੀ ਤਾਂ ਨਹੀਂ ਹੋਈ।ਫਿਰ ਵੀ ਅਸੀਂ ਦੁਨੀਆਂ ਦੇ ਹਰ ਕੋਨੇ ਵਿਚ ਦਿਸ ਪੈਂਦੇ ਹਾਂ।ਬਾਹਰਲੇ ਦੇਸ਼ਾਂ ਦੇ ਲੋਕਾਂ ਦਾ ਝੁਕਾ ਸਿੱਖ ਧਰਮ ਵਲ ਵਧ ਰਿਹਾ ਹੈ।ਸੱਚ ਦੇ ਖੋਜੀ ਅਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਜੋਤ ਨੂੰ ਪਛਾਨਣ ਵਾਲੇ ਪ੍ਰਾਣੀ ਸਿੱਖ ਧਰਮ ਦੀਆਂ ਖੂਬੀਆਂ ਦੇਖ ਕੇ ਇਸ ਨੂੰ ਅਪਣਾ ਰਹੇ ਹਨ।ਗੁਰਸਿੱਖੀ ਜੀਵਨ ਦੇ ਚੜ੍ਹਦੀ ਕਲਾ ਦੇ ਰੰਗਾਂ ਦੀ ਛਹਿਬਰ ਵਿਚ ਰੱਜ ਰੱਜ ਕੇ ਨਹਾਉਣ ਕਈ ਬਾਣੀ ਅਤੇ ਬਾਣੇ ਦੇ ਧਾਰਣੀ ਹੋ ਰਹੇ ਹਨ।ਦੇਸ਼ਾਂ ਬਿਦੇਸ਼ਾਂ ਵਿਚ ਗੁਰਦੁਆਰਿਆਂ ਵਿਚ  ਧੁਰ ਕੀ ਬਾਣੀ ਦੀ ਅੰਮ੍ਰਿਤ ਬਰਖਾ ਹੋ ਰਹੀ ਹੈ।

ਅਸੀਂ ਸਿੱਖ ਹਾਂ।ਸਾਨੂੰ ਸਿੱਖੀ ਪਿਆਰੀ ਹੈ।**‘ਸਿਰ ਜਾਏ ਤਾਂ ਜਾਏ ,ਮੇਰਾ ਸਿੱਖੀ ਸਿਦਕ ਨਾ ਜਾਏ।’** ਇਤਿਹਾਸ ਗਵਾਹ ਹੈ।ਗੁਰਸਿੱਖੀ ਨੂੰ ਪਿਆਰ ਕਰਨ ਵਾਲਿਆਂ ਨੇ ਅਸਹਿ ਤੇ ਅਕਹਿ ਜੁਲਮ ਸਹਾਰ ਲਏ। ਪਰ ਸਿੱਖੀ ਸਿਦਕ ਨਹੀਂ ਹਾਰਿਆ। ਸਭਨਾਂ ਨੂੰ ਆਪਣਾਂ ਧਰਮ ਪਿਆਰਾ ਹੁੰਦਾ ਹੈ।ਪਰ ਧਰਮ ਵਿਚ ਪ੍ਰਪੱਕ ਹੋਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੁੰਦੀ।ਉਹ ਵਿਰਲੇ ਹੀ ਹੁੰਦੇ ਹਨ ਜਿਹੜੇ ਆਪਣੇ ਧਰਮ ਦੇ ਅਸੂਲਾਂ ਦੀ ਅਤੇ ਮਰਿਆਦਾ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਣ।ਮੰਦਰਾਂ ਗੁਰਦੁਆਰਿਆਂ ਮਸੀਤਾਂ ਅਤੇ ਚਰਚਾਂ ਦੇ ਪੁਜਾਰੀ,ਕਥਾਕਾਰ,ਕੀਰਤਨੀਏਂ ਤੇ ਪ੍ਰਬੰਧਕ ਆਪਣੇ ਧਾਰਮਿਕ ਪਰਿਰਾਵੇ ਵਿਚ ਹੀ ਸੋਹਣੇ ਲਗਦੇ ਹਨ ਤੇ ਪੂਰੇ ਦਿਖਾਈ ਦਿੰਦੇ ਹਨ ਪਰ ਉਹ ਵੀ ਕਈ ਵਾਰੀ ਰੂਹਾਨੀ ਮੰਜ਼ਿਲਾ ਤਹਿ ਕਰਦੇ ਹੋਏ ਖਿੜਕ ਜਾਂਦੇ ਹਨ ਤੇ ਕਈ ਕਮਜੋਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।ਅਧੂਰੇ ਰਹਿ ਜਾਂਦੇ ਹਨ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਦੀ ਸਿੱਖੀ ਖਤਮ ਹੋ ਗਈ ਹੈ।ਕਿਸੇ ਬਿਮਾਰ ਨੂੰ ਮੁਰਦਾ ਕਹਿਣਾ ਠੀਕ ਨਹੀਂ ਹੈ।ਬਿਮਾਰੀ ਦੇ ਇਲਾਜ ਲਈ ਨਾਮ ਬਾਣੀ ਅਤੇ ਸੇਵਾ ਸਿਮਰਨ ਦੀ ਘਾਲ ਕਮਾਈ ਦੀ ਦਵਾਈ ਲੈਣ ਦੀ ਲੋੜ ਹੈ।

ਹਿੰਦੂ ਵੀਰ ਆਪਣੇ ਧਰਮ ਦਾ ਅਨੰਦ ਮਾਣਦੇ ਹਨ।ਕਿਸੇ ਦੇ ਗਲ ਵਿਚ ਜਨੇਊ ,ਹੱਥ ਵਿਚ ਮਾਲਾ,ਭਗਵੇਂ ਕਪੜੇ,ਤੇ ਮੱਥੇ ਉਤੇ ਟਿੱਕਾ ਹੈ ਅਤੇ ਕੋਈ ਸਾਦੇ ਲਿਬਾਸ ਵਿਚ ਆਪਣੇ ਆਪ ਨੂੰ ਹਿੰਦੂ ਕਹਾਉਣ ਵਿਚ ਮਾਣ ਮਹਿਸੂਸ ਕਰਦਾ ਹੋਇਆ ਧਰਮ ਦਾ ਅਨੰਦ ਮਾਣਦਾ ਹੈ।ਇਹ ਵੀ ਹੋ ਸਕਦਾ ਹੈ ਕਿ ਭਗਵੇਂ ਵੇਸ ਵਾਲਾ ਦਿਖਾਵੇ ਦਾ ਹੀ ਹਿੰਦੂ ਹੋਵੇ ਤੇ ਸਾਦੇ ਲਿਬਾਸ ਵਾਲੇ ਨੇ ਕਿਰਤ ਕਮਾਈ ਕਰਦਿਆਂ ਵੀ ਜਪ ਤਪ ਦੀ ਸਾਧਨਾਂ ਨਾਲ ਆਪਣੇ ਮਨ-ਮੰਦਰ ਦੀ ਜੋਤ ਪ੍ਰਗਟਾ ਲਈ  ਹੋਵੇ ਪਰ ਇਸ ਅਟੱਲ  ਸਚਾਈ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਵਿਰਸੇ ਨਾਲ ਜੁੜ ਕੇ ਅਤੇ ਆਪੋ ਆਪਣਾ ਧਾਰਮਿਕ ਪਹਿਰਾਵਾ ਪਾ ਕੇ ਸਾਡਾ ਧਰਮ ਵਿਚ ਭਰੋਸਾ ਤੇ ਵਿਸ਼ਵਾਸ ਵਧਦਾ ਹੈ ਅਤੇ ਰੂਹਾਨੀ ਰਾਹਾਂ ਦੀਆਂ ਕਠਿਨ ਮੰਜ਼ਿਲਾਂ ਤਹਿ ਕਰਕੇ ਭਗਤੀ ਦੀਆ ਚਰਮ ਸੀਮਾਵਾਂ ਪਾਰ ਕਰਨੀਆਂ ਸੌਖੀਆਂ ਹੋ ਜਾਂਦੀਆਂ ਹਨ।ਧਾਰਮਿਕ ਪਹਿਰਾਵਾ ਅਤੇ ਪਹਿਨਣ ਵਾਲੇ ਦੀ ਸ਼ਖਸੀਅਤ ਵਿਚੋਂ ਉਸਦੇ ਧਾਰਮਿਕ ਗੁਣਾ ਵਾਲੀ

ਰਹਿਣੀ,ਬਹਿਣੀ,ਕਹਿਣੀ,ਸਹਿਣੀ ਅਤੇ ਕਥਨੀ ਦਾ ਪ੍ਰਗਟਾਵਾ ਹੋਣਾ ਆਪਣੇ ਆਪ ਵਿਚ ਹੀ ਧਰਮ ਪ੍ਰਚਾਰ ਦਾ ਇਕ ਵਧੀਆ ਸਾਧਨ ਹੈ ਅਤੇ ਸਲਾਹੁਣ ਯੋਗ ਗੱਲ ਹੈ।

ਸ਼ਾਨੂੰ ਦਸ਼ਮੇਸ਼ ਪਿਤਾ ਨੇ ਨਿਆਰੇ ਖਾਲਸੇ ਦਾ ਸਰੂਪ ਬਖਸ਼ਿਆ।ਅਸੀਂ ਭਾਗਾਂ ਵਾਲੇ ਹਾਂ ਕਿ ਇਹ ਸਰੂਪ ਸਾਡੇ ਲਈ ਆਪਣੇ ਗੁਰੂ ਜੀ ਦੇ ਜੀਵਨ ਰਾਹਾਂ ਉਤੇ ਤੁਰਨ ਲਈ ਪ੍ਰੇਰਨਾ ਸਰੋਤ ਹੈ।ਅੰਤਰ-ਆਤਮੇ ਸ਼ਬਦ-ਸੁਰਤ ਦੇ ਪ੍ਰਮ-ਮਿਲਾਪ ਦੀਆਂ ਤ੍ਰੰਗਾਂ ਦੇ ਰੰਗ ਮਾਣਦੇ ਹੋਏ,ਅਸੀਂ ਸ਼ਹੀਦੀਆਂ ਕੁਰਬਾਨੀਆਂ ਦੇ ਰਾਹਾਂ ਉਤੇ ਤੁਰੇ ਜਾਂਦੇ ਕਦੀ ਥੱਕਦੇ ਨਹੀਂ ਹਾਂ...।ਅਕੱਦੇ ਨਹੀਂ ਹਾਂ...।ਗੁਰੂ ਜੀ ਦਾ ਬਖਸ਼ਿਆ ਬਾਣਾ ਪਾ ਕੇ ਅਸੀਂ ਗੁਰੂ ਜੀ ਦੇ ਦੱਸੇ ਹੋਏ ਰਾਹਾਂ ਤੋਂ ਬੇਮੁੱਖ ਨਹੀਂ ਹੁੰਦੇ।ਪੰਥ ਦੇ ਵਾਲੀ ਨੂੰ ਆਪਣੇ ਅੰਗ ਸੰਗ ਸਮਝਦੇ ਹੋਇਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਪ੍ਰਕਾਸ਼,ਜੀਵਨ ਦੇ ਹਰ ਪੱਖ ਵਿਚ ਸੇਧ ਦਿੰਦਾ ਹੈ।ਹਨੇਰੇ ਵਿਚ ਭਟਕਣ ਤੋਂ ਬਚਾਉਂਦਾ ਹੈ।ਹੁਕਮ ਅਨੁਸਾਰ ਭਾਣਾਂ ਮੰਨਣ ਦਾ ਬਲ ਬਖਸ਼ਦਾ ਹੈ ਅਤੇ ਸ਼ਬਦ ਸੁਰਤ ਦਾ ਮਿਲਾਪ ਕਰਵਾ ਕੇ ਦਸਮ ਦੁਆਰੇ ਦੇ ਰੰਗ ਰਸ ਮਾਨਣ ਲਈ ਸਹਾਈ ਹੁੰਦਾ ਹੈ।ਜਿਵੇਂ ਦੁਲਹਨ ਦਾ ਹਾਰ ਸ਼ਿੰਗਾਰ, ਉਸਦੇ ਚੀਰ ਵਿਚ ਪਿਆ ਸੰਧੂਰ ਅਤੇ ਮੱਥੇ ਦੀ ਬਿੰਦੀ ਉਸਦੇ ਸੁਹਾਗਣ ਭਾਗਣ ਹੋਣ ਦੀ ਨਿਸ਼ਾਨੀ ਹੁੰਦੀ ਹੈ।ਉਸੇ ਤਰ੍ਹਾਂ ਹੀ ਦਸਤਾਰ ਤੇ ਪੰਜ ਕਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਆਰੇ ਖਾਲਸੇ ਦੇ ਪ੍ਰਤੀਕ ਹਨ।

ਦੂਜੇ ਧਰਮਾਂ ਵਾਂਗ ਹੀ ਅਜ ਸਿੱਖ ਧਰਮ ਵਿਚ ਵੀ ਕਈ ਸਿੱਖ ਪਰਿਵਾਰਾਂ ਵਿਚ ਬਾਣੀ ਤੇ ਬਾਣੇ ਦੀ ਘਾਟ ਨਜ਼ਰੀਂ ਆਉਂਦੀ ਹੈ।ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਸਿੱਖ ਨਹੀਂ ਹਨ।**ਉਹ ਸਿੱਖ ਹਨ ਪਰ ਉਹ ਸਿੰਘ ਨਹੀਂ ਹਨ।** ਸਿੰਘ ਅੰਮ੍ਰਿਤਧਾਰੀ ਨੂੰ ਹੀ ਕਿਹਾ ਜਾਂਦਾ ਹੈ।ਵਿਰਸੇ ਵਿਚੋਂ ਹਰ ਸਿੱਖ ਨੂੰ ਗੁਰਸਿੱਖੀ ਦੇ ਸੰਸਕਾਰ ਮਿਲਦੇ ਹਨ।ਜੇਕਰ ਕੋਈ ਸਿੱਖ ਸਿੰਘ ਨਹੀਂ ਹੈ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਕਿਸੇ ਹੋਰ ਧਰਮ ਵਿਚ ਚਲੇ ਗਿਆ ਹੈ।ਪਤਾ ਨਹੀਂ ਕਿਹੜੇ ਵੇਲੇ ਉਸ ਨੇ ਜਾਂ ਉਸਦੇ ਬੱਚਿਆਂ ਨੇ ਸਿੰਘ ਸੱਜ ਜਾਣਾ ਹੈ।ਤੇ ਇਹ ਵੀ ਨਹੀਂ ਪਤਾ ਕਿ ਕਿਹੜੇ ਵੇਲੇ ਕਿਸੇ ਹੋਰ ਧਰਮ ਦੇ ਬੰਦੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪ੍ਰੇਮ ਪ੍ਰਕਾਸ਼ ਦੇ ਵੇਹੜੇ ਵਿਚ ਆ ਵੜਨਾ ਹੈ ਤੇ **ਵਾਹੁ ਵਾਹੁ ਬਾਣੀ ਨਿਰੰਕਾਰ ਹੈ** ਦੀ ਸ਼ਰਣ ਵਿਚ ਆ ਕੇ ਜੁਗੋ ਜੁਗ ਅਟੱਲ ਸੰਪੂਰਨ ਗੁਰੂ ਵਾਲਾ ਬਣ ਕੇ ਦਸ਼ਮੇਸ਼ ਪਿਤਾ ਦੇ ਪਰਿਵਾਰ ਵਿਚ ਆ ਰਲਣਾ ਹੈ।ਧਰਮ ਤਾਂ ਇਕ ਬੇੜੀ ਹੈ ਜਿਸ ਵਿਚ ਬੈਠ ਕੇ ਅਸੀਂ ਸੰਸਾਰ ਸਾਗਰ ਦੀਆਂ ਭਵਜਲ ਲਹਿਰਾਂ ਨੂੰ ਪਾਰ ਕਰਨਾ ਹੈ।ਜਿਸ ਵਿਚ ਸਵਾਰ ਹੋ ਕੇ ਅਸੀਂ ਧਾਰਮਿਕ ਜੀਵਨ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨੀਆਂ ਹਨ।ਸੇਵਾ ਸਿਮਰਨ ਦੇ ਲਾਹੇ ਪ੍ਰਾਪਤ ਕਰਕੇ ਜੀਵਨ ਨੂੰ ਸ਼ਾਤ ਮਈ ਅਤੇ ਅਨੰਦ ਭਰਪੂਰ ਬਣਾਉਣਾਂ ਹੈ ਤੇ ਜਪ ਤਪ

ਦੀਆਂ ਕਰੜੀਆਂ ਕਮਾਈਆਂ ਕਰਕੇ ਦਿੱਬ ਦ੍ਰਿਸ਼ਟੀ ਤੇ ਜੋਤ ਪ੍ਰਗਟ ਹੋਣ ਦੇ ਇਲਾਹੀ ਫਲ ਪ੍ਰਾਪਤ ਕਰਕੇ ਪ੍ਰਭੂ ਪ੍ਰੀਤਮ ਨਾਲ ਅਭੇਦਤਾ ਪ੍ਰਾਪਤ ਕਰਨੀ ਹੈ।

ਹਰ ਬੇੜੀ ਦਾ ਮਲਾਹ ਬੇੜੀ ਨੂੰ ਪਾਰ ਲਗਾਉਂਦਾ ਹੈ।ਸਾਡੀ ਬੇੜੀ ਦਾ ਮਲਾਹ ਬਾਬਾ ਨਾਨਕ ਹੈ। ਗੁਰੂਆਂ,ਭਗਤਾਂ,ਫਕੀਰਾਂ ਤੇ ਸੰਤਾਂ ਮਹਾਂ ਪੁਰਸ਼ਾਂ ਰਾਹੀਂ ਸਿੱਖ ਧਰਮ ਦਾ ਬੇੜਾ ਤਿਆਰ ਹੁੰਦਾ ਗਿਆ।ਤੇ ਫਿਰ ਸਾਡੇ ਦਸ਼ਮੇਸ਼ ਪਿਤਾ ਨੇ ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਖਾਲਸਾ ਪੰਥ ਦੀ ਸਾਜਨਾ ਕਰਕੇ ਬਾਬੇ ਨਾਨਕ ਦੇ ਬੇੜੇ ਦੀ ਮਲਾਹਗੀਰੀ ਦਾ ਕੰਮ ਹਮੇਸ਼ਾਂ ਹਮੇਸ਼ਾਂ ਲਈ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤਾ।

ਹਾਂ ਜੀ !ਅਸੀਂ ਬਾਬੇ ਨਾਨਕ ਦੇ ਬੇੜੇ ਦੇ ਸਵਾਰ ਹਾਂ।ਸੰਸਾਰ ਸਾਗਰ ਵਿਚ ਸਾਡੇ ਨਾਲ ਨਾਲ ਤੁਰੇ ਜਾਣ ਵਾਲੀਆਂ ਬੇੜੀਆਂ ਵਾਲਿਓ...!ਤੁਸੀਂ ਆਪੋ ਆਪਣੇ ਦੇਵੀ ਦੇਵਤਿਆਂ ਪੀਰਾਂ ਪੈਗੰਬਰਾਂ ਦਾ ਨਾਮ ਧਿਆਉਂਦੇ ਹੋਏ ਚੁੱਪ ਕਰਕੇ ਤੁਰਦੇ ਜਾਓ...! ਐਵੇਂ ਹੀ ਬਾਬੇ ਨਾਨਕ ਦੇ ਬੇੜੇ ਨਾਲ ਖਹਿਣ ਦੀ ਕੋਸ਼ਿਸ਼ਿ ਨਾ ਕਰੋ..!ਇਹ ਸਿੱਖੀ ਦਾ ਬੇੜਾ ਹੈ।ਇਹ ਮਰਜੀਵੜਿਆਂ ਦੀ ਸਵਾਰੀ ਹੈ।ਧਿਆਨ ਨਾਲ ਸੁਣੋ...!**ਇਸ ਦੀ ਗੂੰਜ ਵਿਚੋਂ ਤੁਹਾਨੂੰ ਸਰਬੱਤ ਦਾ ਭਲਾ ਮੰਗ ਕੇ ਸਭ ਦੇ ਹੋ ਜਾਣ ਦੀ ਅਤੇ ਸਭਨਾ ਨੂੰ ਆਪਣੇ ਬਣਾਉਣ ਦੀ ਗੁੰਜਾਰ ਸੁਣਾਈ ਦੇਵੇਗੀ..!**

ਇਹ ਸੱਚ ਹੈ ਕਿ ਵੈਦਿਕ ਕਾਲ ਤੋਂ ਖਾਲਸਾ ਪੰਥ ਦੀ ਸਿਰਜਨਾ ਤਕ ਅਸੀਂ ਤੇ ਤੁਸੀਂ ਸਾਰੇ ਇਕੋ ਹੀ ਸੀ।ਨਹੀਂ...!.ਨਹੀਂ...!ਬਾਂਦਰ ਜਾਤੀ ਵਿਚ ਵੀ ਅਸੀਂ ਤੁਹਾਡੇ ਨਾਲ ਹੀ ਸੀ।ਅਨੰਤ ਕਾਲ ਤੋਂ ਅਸੀਂ ਇਕੱਠੇ ਹੀ ਤੁਰੇ ਆ ਰਹੇ ਹਾਂ।ਪਰ ਇਸ ਸਚਾਈ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਸਭ ਦੇ ਸਿਰਜਨਹਾਰੇ ਨੇ ਸੰਸਾਰ ਸਾਗਰ ਨੂੰ ਪਾਰ ਕਰਨ ਲਈ ਵਖਰੇ ਵਖਰੇ ਸਮੇ ਵਿਚ,ਸਮੇ ਦੇ ਹਾਲਾਤਾਂ ਅਨੁਸਾਰ,ਵੱਖੋ ਵੱਖਰੇ ਬੇੜਿਆਂ ਦੀ ਰਚਨਾ ਕਰਕੇ ਸੰਸਾਰ ਸਮੁੰਦਰ ਵਿਚ ਠੇਲ੍ਹਿਆ।ਖਾਲਸਾ ਪੰਥ ਦਾ ਬੇੜਾ ਵੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਬਾਬੇ ਨਾਨਕ ਤੋਂ ਲੈ ਕੇ ਗੁਰੁ ਤੇਗ ਬਹਾਦਰ ਜੀ ਤਕੱ ਸਾਰੇ ਗੁਰੂਆਂ ਤੇ ਸੰਤਾਂ ਭਗਤਾਂ ਦੀ ਦੇਖ ਰੇਖ ਹੇਠ ਤਿਆਰ ਹੋਇਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਸੰਸਾਰ ਸਮੁੰਦਰ ਵਿਚ ਪ੍ਰਵੇਸ਼ ਕੀਤਾ ਗਿਆ।

ਪੁਰਾਣਿਓਂ ਬੇੜਿਓ....!ਤੁਸੀਂ ਇਸ ਨਵੇਂ ਬੇੜੇ ਨੂੰ ਸੰਸਾਰ ਸਾਗਰ ਵਿਚ ਜੀ ਆਇਆਂ ਕਹੋ...! ਐਵੇਂ ਨਾ ਇਸਦੀ ਲਿਸ਼ਕ ਪੁਸ਼ਕ ਦੇਖ ਕੇ ਇਸ ਨਾਲ ਸ਼ਰੀਕੇ ਬਾਜੀ ਕਰੋ।

ਆਓ...! ਆਪਾਂ ਸਾਰੇ ਆਪੋ ਆਪਣੀਆਂ ਬੇੜੀਆਂ ਵਿਚ ਬੈਠੇ ਹੋਏ ਰੂਹਾਨੀ ਮੰਜਿਲਾਂ ਤਹਿ ਕਰੀਏ।ਮੰਜਿਲ ਤਾਂ ਸਭ ਦੀ ਇਕੋ ਹੀ ਹੈ।ਗਵਾਂਢੀਓ...! ਆਓ !ਸਾਰੇ ਰਲ ਕੇ ਚੰਗੀਆਂ ਚੰਗੀਆਂ ਚੀਜ਼ਾਂ ਦਾ ਲੈਣ ਦੇਣ ਕਰੀਏ...।

**ਸਾਝ ਕਰੀਜੈ ਗੁਣਾਹ ਕੇਰੀ ਛੋਡ ਅਵਗਣ ਚਲੀਐ॥**

# ਸੁਗੰਧੀਆਂ

ਦੁਨੀਆਂ ਦੀ ਭੱਜ-ਦੌੜ ਦਾ ਮਿੱਟੀ ਘੱਟਾ ਤੇ ਸਾਡੇ ਬੁਰੇ ਕਰਮਾਂ ਦੀ ਮੈਲ ਨੇ ਸਾਡੇ ਅੰਦਰ ਛੁਪੀਆਂ ਹੋਈਆਂ ਰੱਬੀ ਰੰਗ ਰਸ ਵਾਲੀਆਂ ਸੁਗੰਧੀਆਂ ਅਤੇ ਅਨਹਦ ਧੁਨੀਆਂ ਦੇ ਸੋਮਿਆਂ ਦੇ ਮੂੰਹ ਬੰਦ ਕੀਤੇ ਹੋਏ ਹਨ।ਝੂਠ,ਫਰੇਬ, ਈਰਖਾ ਤੇ ਦਵੈਸ਼ ਦੀ ਸੜਿਹਾਂਦ ਨੇ ਸਾਡੇ ਸਾਹ ਘੁੱਟੇ ਹੋਏ ਹਨ ਪਰ ਨਾਮ ਬਾਣੀ ਦੀ ਕਮਾਈ,ਸੇਵਾ ਸਿਮਰਨ,ਤਿਆਗ ਅਤੇ ਸੱਚੀ ਸੁੱਚੀ ਕਿਰਤ ਦੀ ਰੰਬੀ ਨਾਲ ਖੁਰਚ ਖੁਰਚ ਕੇ ਇਨ੍ਹਾਂ ਰੱਬੀ-ਸੁਗੰਧੀਆਂ ਅਤੇ ਅਨਹਦ ਧੁਨੀਆਂ ਦੇ ਮੂੰਹ ਨੰਗੇ ਕੀਤੇ ਜਾ ਸਕਦੇ ਹਨ।ਲਿਵ ਦੀਆਂ ਡੋਰਾਂ ਵਿਚ ਬੱਝ ਕੇ,ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਜਦੋਂ ਇਹ ਸੋਮੇਂ ਫੁੱਟਦੇ ਹਨ ਤਾਂ ਗੁਰਮੁਖ ਜੀਊੜੇ ਅੰਤਰ-ਆਤਮਾ ਦੇ ਖੇੜੇ ਦੇ ਨਾਲ ਨਾਲ ਸਰੀਰਕ ਤੌਰ ਤੇ ਭੀ ਰਸ ਜਾਂਦੇ ਹਨ,ਸ਼ਾਂਤ ਹੋ ਜਾਂਦੇ ਹਨ,ਸੋਹਣੇ ਹੋ ਜਾਂਦੇ ਹਨ,ਲਿਸ਼ਕ ਜਾਂਦੇ ਹਨ,ਮਹਿਕ ਜਾਂਦੇ ਹਨ ਤੇ ਵਿਸਮਾਦੀ ਰੰਗਾਂ ਰਸਾਂ ਨਾਲ ਭਰ ਜਾਂਦੇ ਹਨ।ਇਲਾਹੀ ਨੂਰ ਦੇ ਝਲਕਾਰੇ ਮਾਰਦੇ ਹੋਏ,ਉਹ ਆਮ ਸਧਾਰਣ ਲੋਕਾਂ ਤੋਂ ਵੱਖਰੇ ਦਿਖਾਈ ਦਿੰਦੇ ਹਨ।ਉਨ੍ਹਾਂ ਦੇ ਜਿਸਮ ਦੀ ਚਮੜੀ ਰੇਸ਼ਮ ਵਾਂਗੂੰ ਨਰਮ ਹੋ ਜਾਂਦੀ ਹੈ।ਦਸਮ-ਦੁਆਰ ਦਾ ਰਸ ਚਖਦੇ ਹੋਏ ਨਾਮ-ਖੁਮਾਰੀ ਦੀਆਂ ਪੀਂਘਾਂ ਝੂਟਦੇ ਹੋਇਆਂ ਦੀਆਂ ਅੱਖੀਆਂ ਵਿਚੋਂ ਰੱਬੀ ਨੂਰ ਛਲਕਦਾ ਹੈ।ਕਈ ਵਾਰੀ ਨਾਮ ਰਸੀਆਂ ਦੇ ਪਹਿਰਾਵਿਆਂ ਵਿਚੋਂ ਵੀ ਖੁਸ਼ਬੂਆਂ ਆਉਣ ਲੱਗ ਪੈਂਦੀਆਂ ਹਨ।ਅਜਿਹੇ ਕਮਾਈਆਂ ਵਾਲਿਆਂ ਦੇ ਸੰਗੀਆਂ ਸਾਥੀਆਂ ਨੂੰ ਵੀ ਇਲਾਹੀ ਬਖਸ਼ਿਸ਼ਾਂ ਦੇ ਰਸ ਨਾਲ ਮੂੰਹ ਮਿੱਠਾ ਕਰਨ ਦਾ ਮੌਕਾ ਮਿਲ ਜਾਂਦਾ ਹੈ।

ਇਕ ਵਾਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਿਚ ਸੰਗਤਾਂ ਦਰਬਾਰ ਵਿਚ ਬੈਠੀਆਂ ਸ਼ਬਦ ਕੀਰਤਨ ਦਾ ਅਨੰਦ ਮਾਣ ਰਹੀਆਂ ਸੀ ਕਿ ਸੁਗੰਧੀਆਂ ਆਉਣੀਆਂ ਸ਼ੁਰੂ ਹੋ ਗਈਆਂ।ਮੇਜਰ ਤੇਜਾ ਸਿੰਘ ਜੀ ਸਮਝ ਗਏ ਕਿ ਇਹ ਤਾਂ ਕੋਈ ਇਲਾਹੀ ਬਖਸ਼ਿਸ ਹੈ।ਐਨੀ ਮਿੱਠੀ ਤੇ ਅੰਤਰ-ਅਤਮੇ ਰੂਹ ਨੂੰ ਖਿੜਾਉਣ ਵਾਲੀ ਸੁਗੰਧੀ ਕਿੱਥੋਂ ਆ ਰਹੀ ਹੈ...?ਇਹ ਜਾਨਣ ਲਈ ਉਹ ਉਠ ਕੇ ਉਸੇ ਪਾਸੇ ਹੀ ਤੁਰ ਪਏ, ਜਿਧਰੋਂ ਸੁਗੰਧੀ ਆ ਰਹੀ ਸੀ ਤੇ ਅਖੀਰ ਉਹ ਮਾਤਾ ਰਾਮ ਕੌਰ ਜੀ ਕੋਲ ਪਹੁੰਚ ਗਏ।ਉਨ੍ਹਾਂ ਦੇਖਿਆ ਕਿ ਮਾਤਾ ਜੀ ਦੀ ਸਮਾਧੀ ਲੱਗੀ ਹੋਈ ਹੈ ਤੇ ਉਨ੍ਹਾਂ ਦੇ ਜਿਸਮ ਵਿਚੋਂ ਸੁਗੰਧੀ ਦੀਆਂ ਲਪਟਾਂ ਨਿੱਕਲ ਨਿੱਕਲ ਕੇ ਹਰ ਪਾਸੇ ਫੈਲ ਰਹੀਆਂ ਹਨ।ਅਨਹਦ ਧੁਨੀਆਂ ਅਤੇ ਦਸਮ ਦੁਆਰ ਦੇ ਖੇੜੇ ਵਾਲੀਆਂ ਸੁਗੰਧੀਆਂ ਦੇ ਅਨੁਭਵੀ ਮੇਜਰ ਤੇਜਾ ਸਿੰਘ ਜੀ ਜਾਣ ਗਏ ਕਿ ਮਾਤਾ ਜੀ ਦੀ ਤਪ ਸਾਧਨਾ ਨੂੰ ਭਾਗ ਲੱਗੇ ਹੋਏ ਹਨ।ਵਾਹਿਗੁਰੂ

ਜੀ ਨੇ ਉਸਦੇ ਸਿਦਕ ਨੂੰ ਪਰਖ ਕੇ ਪ੍ਰੇਮ ਮਿਲਾਪ ਦੇ ਗੂੜ੍ਹੇ ਰੰਗਾਂ ਵਿਚ ਰੰਗ ਲਿਆ ਹੈ ਤੇ ਉਸਦੇ ਮਨ ਵਿਚ ਹੀ ਨਹੀਂ ਸਗੋਂ ਤਨ ਵਿਚ ਵੀ ਰਸ ਭਿੰਨੀਆਂ ਸੁਗੰਧੀਆਂ ਘੋਲ ਦਿੱਤੀਆਂ ਹਨ।

**ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥**
**ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥**
**ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ**
**ਜਨੁ ਨਾਨਕ ਮੁਸਕਿ ਝਕੋਲਿਆ ਸਭੁ ਜਨਮੁ ਧੰਨ ਧੰਨਾ**

**ਪੰਨਾ ੪੪੮**

ਇਹ ਸੱਚ ਹੈ ਕਿ ਗੁਰੂ ਧਾਮਾਂ ਦੀ ਯਾਤਰਾ ਵਿਚ ਅਸੀਂ ਆਪਣੇ ਘਰੋਗੀ ਜੀਵਨ ਦੇ ਝੁਮੇਲਿਆਂ ਵਿਚੋਂ ਨਿੱਕਲ ਕੇ ਗੁਰੂ ਪ੍ਰੇਮ ਦੀਆਂ ਡੋਰਾਂ ਵਿਚ ਬੱਝ ਕੇ ਰੰਗ ਮਾਣ ਲੈਂਦੇ ਹਾਂ ਪਰ ਕਈ ਵਾਰੀ ਘਰ ਵਿਚ ਕੀਤੀ ਹੋਈ ਨਾਮ ਬਾਣੀ ਦੀ ਕਮਾਈ ਵੀ ਇਲਾਹੀ ਰੰਗ ਲਿਆ ਦਿੰਦੀ ਹੈ।




## ਸੰਤ ਕਰਤਾਰ ਸਿੰਘ ਜੀ

ਇਕ ਵਾਰੀ ਬੀਬੀ ਗੁਰਦੀਪ ਕੌਰ ਜੀ ਨੇ **ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ** ਕੋਲ ਜਾ ਕੇ ਆਪਣੇ ਘਰ ੧੦੧ ਅਖੰਡ ਪਾਠ ਕਰਵਾਉਣ ਦੀ ਇੱਛਾ ਪਰਗਟ ਕੀਤੀ। ਉਨ੍ਹਾਂ ਦਿਨਾਂ ਵਿਚ ਸੰਤ ਜੀ ਧਰਮ ਪ੍ਰਚਾਰ ਦੇ ਕੰਮਾਂ ਵਿਚ ਰੁੱਝੇ ਹੋਈ ਸੀ। ਲੰਮੇ ਸਮੇ ਲਈ ਐਨੇ ਵੱਡੇ ਕਾਰਜ ਲਈ ਸੰਤ ਜੀ ਛੇਤੀ ਕੋਈ ਇੰਤਜ਼ਾਮ ਨਾ ਕਰ ਸਕੇ ਤੇ ਉਨ੍ਹਾਂ ਨੇ ਲੰਬੀ ਤ੍ਰੀਖ ਦੇ ਦਿਤੀ ਪਰ ਬੀਬੀ ਜੀ ਲਈ ਇਤਨੀ ਦੇਰ ਉਡੀਕ ਕਰਨੀ ਬੜੀ ਮੁਸ਼ਕਿਲ ਸੀ। ਉਨ੍ਹਾਂ ਨੇ ਰਾਮਪੁਰ ਖੇੜੇ ਵਾਲੇ **ਬਾਬਾ ਹਰਨਾਮ ਸਿੰਘ ਜੀ** ਕੋਲ ਜਾ ਕੇ ਬੇਨਤੀ ਕੀਤੀ। ਬਾਬਾ ਜੀ ਨੇ ਬੀਬੀ ਜੀ ਨੂੰ

ਸਮਝਾਇਆ ਕਿ ਪਾਠੀ ਸਿੰਘਾਂ ਕੋਲੋਂ ਪਾਠ ਕਰਵਾਉਣ ਨਾਲੋਂ ਆਪ ਸਹਿਜ ਪਾਠ ਕਰਨਾ ਬਹੁਤਾ ਗੁਣਕਾਰੀ ਹੈ। ਇਸ ਲਈ ਚੰਗੀ ਗੱਲ ਹੈ ਕਿ ਬੀਬੀ ਜੀ ਆਪ ਹੀ ਸਹਿਜ ਪਾਠ ਕਰਨੇ ਅਰੰਭ ਕਰ ਦੇਣ..!ਬਾਬਾ ਜੀ ਦਾ ਹੁਕਮ ਮੰਨ ਕੇ ਬੀਬੀ ਜੀ ਨੇ ਘਰ ਆ ਕੇ ਅਰਦਾਸ ਕੀਤੀ ਤੇ ਸਹਿਜ ਪਾਠ ਅਰੰਭ ਕਰ ਲਿਆ। ਹਰ ਪੰਜਵੇਂ ਦਿਨ ਜਾਂ ਛੇਵੇਂ ਦਿਨ ਭੋਗ ਪਾ ਕੇ ਦੂਜਾ ਪਾਠ ਅਰੰਭ ਕਰ ਲੈਂਦੇ ਸੀ।



## ਸੰਤ ਬਾਬਾ ਹਰਨਾਮ ਸਿੰਘ ਜੀ (ਰਾਮਪੁਰ ਖੇੜਾ)

੫੧ ਸਹਿਜ ਪਾਠ ਸੰਪੂਰਨ ਕਰਨ ਪਿਛੋਂ ਉਹ ਰਾਮਪੁਰ ਖੇੜੇ ਜਾ ਕੇ ਬਾਬਾ ਜੀ ਨੂੰ ਮਿਲੇ। ਪਾਠ ਕਰਦਿਆਂ ਜੋ ਅਨੁਭਵ ਹੋਏ,ਬਾਬਾ ਜੀ ਨਾਲ ਸਾਂਝੇ ਕੀਤੇ। ਦਿਨ ਰਾਤ ਬਾਣੀ ਦੇ ਗੂੜ੍ਹੇ ਰੰਗਾਂ ਵਿਚ ਰੰਗੇ ਰਹਿਣ ਨਾਲ ਉਸ ਵੇਲੇ ਉਨ੍ਹਾਂ ਦੀ ਅਵੱਸਥਾ ਇਹੋ ਜਿਹੀ ਹੋ ਗਈ ਸੀ ਕਿ ਉਨ੍ਹਾਂ ਕੋਲ ਬੈਠਣ ਨਾਲ ਬੰਦੇ ਦੇ ਮਨ ਵਿਚ ਠੰਡ ਪੈਂਦੀ ਸੀ। ਉਨ੍ਹਾਂ ਦੇ ਅਉਰੇ ਦਾ ਦੂਜਿਆਂ ਉਤੇ ਅਸਰ ਹੁੰਦਾ ਸੀ। ਬੀਬੀ ਜੀ ਦੇ ਚੇਹਰੇ ਉਤੇ ਜਲਾਲ ਸੀ। ਨਾਮ ਬਾਣੀ ਦੇ ਰੰਗ ਦੀ ਲਾਲੀ ਭਖਦੀ ਸੀ। (ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੀ ਜੀਵਨੀ 'ਸੇ ਕਿਨੇਹਿਆਂ' ਪੁਸਤਕ ਵਿਚ ਬੀਬੀ ਜੀ ਦੀ ਇਸ ਅਵੱਸਥਾ ਦਾ ਵਰਨਣ ਕੀਤਾ ਹੋਇਆ ਹੈ)

ਬਾਬਾ ਜੀ ਦੀਆਂ ਅਸੀਸਾਂ ਪ੍ਰਾਪਤ ਕਰਕੇ ਬੀਬੀ ਜੀ ਘਰ ਆਏ ਤਾਂ ਫਿਰ ਉਸੇ ਤੂਰਾਂ ਹੀ ਪਾਠਾਂ ਦੀ ਲੜੀ ਚੱਲ ਪਈ। ਬਿਨਾਂ ਕਿਸੇ ਦੇ ਸਾਥ ਤੋਂ ਪਹਿਲੇ ਪਾਠ ਦਾ ਭੋਗ ਪਾ ਕੇ ਦੂਜਾ ਪਾਠ ਅਰੰਭ ਕਰ ਲੈਂਦੇ। ਇੱਕਲਿਆਂ ਨੇ ਹੀ ੧੦੭ ਸਹਿਜ ਪਾਠ ਪੂਰੇ ਕਰ ਲਏ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਆਪਣੇ ਆਪ ਦੀ ਸੰਭਾਲ,ਅਰਾਮ ਅਤੇ ਨੀਂਦ ਦਾ ਕੋਈ ਖਿਆਲ ਨਹੀਂ ਸੀ ਰਹਿੰਦਾ। ਬਹੁਤਾ ਸਮਾਂ ਗੁਰੂ ਜੀ ਦੀ ਤਾਬਿਆ ਵਿਚ ਬੈਠੇ,ਪਾਠ ਕਰਨ ਵਿਚ ਹੀ ਬਿਤਾਉਂਦੇ ਸਨ। ਕਈ ਵਾਰੀ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹੀ ਸੌਂ ਜਾਂਦੇ ਸਨ। ਉਹਨਾਂ ਦੀ ਸੁਰਤੀ ਗੁਰੂ ਚਰਨਾਂ ਵਿਚ ਹੀ ਖੁੱਭੀ ਰਹਿੰਦੀ ਸੀ। ਪ੍ਰੇਮ ਤੇ ਸ਼ਰਧਾ ਨਾਲ ਇਲਾਹੀ ਬਾਣੀ

ਦਾ ਉਚਾਰਣ ਕਰਦਿਆਂ ਉਨ੍ਹਾਂ ਨੂੰ ਇਸ ਤਰ੍ਹਾਂ ਲਗਦਾ,ਜਿਵੇਂ ਉਹ ਬਾਣੀ ਦੀ ਰਚਨਾਂ ਕਰਨ ਵਾਲੇ ਗੁਰੂਆਂ ਭਗਤਾਂ ਤੇ ਫਕੀਰਾਂ ਦੀ ਸੰਗਤ ਕਰ ਰਹੇ ਹੋਣ।ਅੰਮ੍ਰਿਤ ਬਾਣੀ ਉਚਾਰਣ ਵਾਲਿਆਂ ਨਾਲ ਮੇਲ ਮਿਲਾਪ ਕਰ ਰਹੇ ਹੋਣ ਤੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰ ਰਹੇ ਹੋਣ।ਬਾਣੀ ਵਿਚ ਲੀਨ ਹੋ ਕੇ ਇਲਾਹੀ-ਮੰਡਲਾਂ ਵਿਚ ਪਹੁੰਚ ਕੇ ਖੰਡਾਂ ਬ੍ਰਹਮੰਡਾਂ ਦੀ ਸੈਰ ਕਰ ਆਉਂਦੇ ਤੇ ਦਰਸ਼ਨ ਦੀਦਾਰਿਆਂ ਦੇ ਸ਼ਬਦ ਪ੍ਹੜ ਕੇ ਪਿਆਰੇ ਪ੍ਰੀਤਮ ਦੀਆਂ ਦਰਸ਼ਨ ਝਲਕਾਂ ਪ੍ਰਾਪਤ ਕਰਨ ਲਈ ਜੋਦੜੀਆਂ ਕਰਨ ਲਗ ਪੈਂਦੇ।ਕਦੀ ਲੋਰ ਵਿਚ ਆ ਕੇ ਇਕੋ ਹੀ ਤੁਕ ਨੂੰ ਵਾਰ ਵਾਰ ਉਚਾਰਣ ਕਰ ਕੇ ਅਨੰਦ ਮਾਣਦੇ ਰਹਿੰਦੇ।ਧੁਰ ਕੀ ਬਾਣੀ ਦੇ ਰੰਗ ਰਸ ਮਾਣਦਿਆਂ,ਬਾਣੀ ਦੇ ਅੰਤਰੀਵ-ਭਾਵਾਂ ਦੀ ਮਹਿਕ  ਅੰਤਰ-ਆਤਮਾ ਵਿਚ ਜਾ ਖਿੜਦੀ।ਅਗਮ ਅਗੋਚਰ ਦੀ ਅਕੱਥ ਦੀ ਕਥਾ ਦੇ ਸੁੰਦਰ ਦ੍ਰਿਸ਼ ਪ੍ਰਗਟ ਹੋ ਜਾਂਦੇ।ਅਦ੍ਰਿਸ਼ਟ ਦੇ ਦ੍ਰਿਸ਼ਟਾਂਤ ਦਿਸ ਪੈਂਦੇ ਤੇ ਫਿਰ ਇਕ ਹੋਰ ਸਚਾਈ ਸਾਹਮਣੇ ਆਈ ਕਿ ਬਾਣੀ ਦੇ ਰੰਗ-ਰਸ ਦੀ ਪਾਰਸ-ਕਲਾ ਉਨ੍ਹਾਂ ਦੇ ਸਰੀਰ ਰਾਹੀ ਵੀ ਪ੍ਰਗਟ ਹੋਣ ਲਗੀ।ਸਤਿਗੁਰਾਂ ਦੀ ਕਿਰਪਾ ਨਾਲ ਸੁਗੰਧੀਆਂ ਦੀ ਖਾਸ ਬਖਸ਼ਿਸ਼ ਹੋਈ।ਉਨ੍ਹਾਂ ਕੋਲੋਂ ਆ ਰਹੀ ਭਿੰਨੀ ਭਿੰਨੀ ਸੁਗੰਧੀ ਦੇਖ ਸਾਰੇ ਹੈਰਾਨ ਹੁੰਦੇ ਸਨ।ਇਕ ਵਾਰੀ ਕੋਈ ਮਹਿਮਾਨ ਆ ਕੇ ਕਹਿੰਦਾ;-" ਬੀਬੀ ਜੀ ਨੇ ਸੈਂਟ ਬਹੁਤ ਵਧੀਆ ਕਿਸਮ ਦਾ ਲਗਾਇਆ ਹੋਇਆ ਹੈ।"ਅਗੋਂ ਉਨ੍ਹਾਂ ਹੱਸ ਕੇ ਗਲ ਟਾਲ ਦਿਤੀ ਤੇ ਦਿਲ ਹੀ ਦਿਲ ਵਿਚ ਅੰਤਾਂ ਦੀਆਂ ਮਿੱਠੀਆਂ ਤੇ ਰਸੀਲੀਆਂ ਸੁਗੰਧੀਆਂ ਦੀ ਬੁੱਕਲ ਵਿਚ ਲਪੇਟ ਕੇ ਲਾਡ ਲਡਾਉਣ ਵਾਲੇ ਸਾਹਿਬ ਤੋਂ ਬਲਿਹਾਰੇ ਜਾਣ ਲਗੇ। ਮਸਤੀਆਂ ਦੀ ਭੂਰ ਵਿਚ ਭਿਓਂ ਕੇ ਰੋਮ ਰੋਮ ਵਿਚੋਂ ਪ੍ਰੇਮ-ਰਸ ਦੀਆਂ ਝਰਨ੍ਹਾਟਾਂ ਛਿੜਵਾਉਣ ਵਾਲੇ ਤੋਂ ਕੁਰਬਾਨ ਜਾਣ ਲਗੇ ।ਜਦੋਂ ਇਸ ਸਚਾਈ ਦਾ ਪਤਾ ਲਗ ਜਾਵੇ ਕਿ ਇਹ ਸੁਗੰਧੀ ਦੁਨਿਆਵੀ ਸੁਗੰਧੀ ਨਹੀਂ ਹੈ,ਸਗੋਂ ਭਗਤੀ-ਭੰਡਾਰਾਂ ਦਾ ਕੋਈ ਇਲਾਹੀ ਫਲ ਸਾਡੀ ਝੋਲੀ ਵਿਚ ਪਾ ਕੇ ਸੁਗੰਧੀਆਂ ਦੇ ਰਚਨਹਾਰੇ ਨੇ ਸਾਡਾ ਮੂੰਹ ਮਿੱਠਾ ਕਰਵਾ ਕੇ ਸ਼ਰਣ ਪਿਆਂ ਦੀ ਲਾਜ ਰਖੀ ਹੈ।

**ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥ ਪੰਨਾ ੯੭੮**

ਤਾਂ ਫਿਰ ਨਾਮ-ਬਾਣੀ ਵਿਚ ਸੁਰਤੀ ਟਿਕਾਉਣ ਲਈ ਚਾਅ-ਉਮਾਹ ਬਣਿਆ ਰਹਿੰਦਾ ਹੈ।ਧਰਤੀ ਉਤੇ ਪੈਰ ਨਹੀ ਟਿਕਦੇ ਤੇ ਸਾਹਾਂ ਵਿਚ ਸੁਗੰਧੀਆਂ ਦੀ ਡੋਰ ਉਤੇ ਨਾਮ ਸਿਮਰਨ ਦੀ ਪੀਂਘ ਪਈ ਰਹਿੰਦੀ ਹੈ।

ਕਈ ਨਾਮ-ਰਸੀਆਂ ਦੇ ਕਥਨ ਅਨੁਸਾਰ ਇਹ ਸੁਗੰਧੀਆਂ,ਪ੍ਰਕਾਸ਼ ਝਲਕਾਂ ਤੇ ਅੰਤਰਯਾਮਤਾ ਆਦਿ ਪ੍ਰਾਹੁਣੀਆਂ ਹੀ ਹੁੰਦੀਆ ਹਨ।ਭਗਤਾਂ ਦੀ ਜ਼ਿੰਦਗੀ ਵਿਚ ਪ੍ਰਾਹੁਣੀਆਂ ਵਾਂਗੂੰ ਆ ਕੇ ਚਲੇ ਜਾਂਦੀਆਂ ਹਨ ਕਿਉਂਕਿ ਭਗਤੀ ਦੇ ਇਸ ਪੜਾ ਉਤੇ ਪਹੁੰਚ ਕੇ ਹਉਮੈ ਦੀ ਅਤਿ ਦੀ ਤਿਲਕਣ-ਬਾਜੀ ਵਿਚ ਅਗੇ ਤੁਰਨਾਂ ਸੌਖੀ ਗਲ ਨਹੀਂ ਹੈ।ਕਈ ਵਾਰੀ ਘਰੋਗੀ,ਸਮਾਜਿਕ ਜਾਂ ਰਾਜਨੀਤਕ ਮਸਲਿਆਂ ਦੀ ਖਿਚੋਤਾਣ ਅਗੇ ਵਧਣ ਵਿਚ ਰੁਕਾਵਟ ਪਾਉਂਦੀ ਹੈ।ਕੋਈ ਵਿਰਲਾ ਹੀ ਪਾਰ ਲੰਘਦਾ ਹੈ।ਇਸ ਤਿਲਕਣ ਨੂੰ ਪਾਰ ਕਰਨ ਵਿਚ ਕਾਮਯਾਬੀ ਪ੍ਰਾਪਤ ਕਰਨ ਵਾਲੇ ਮਹਾਂ ਪੁਰਖਾਂ ਦਾ ਕਹਿਣਾਂ ਹੈ ਕਿ ਕਲਿਯੁਗ ਵਿਚ ਨਾਮ-ਬਾਣੀ

ਦੀ ਕਮਾਈ ਕਰਨ ਵਾਲਿਆਂ ਨੂੰ ਭਗਤੀ ਦਾ ਫਲ ਬਹੁਤ ਛੇਤੀ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਜਪ ਤਪ ਦੀ ਸਾਧਨਾਂ ਤੇ ਗੁਰੂ ਦੀ ਮੇਹਰ ਨਾਲ ਜਦੋਂ ਮਨੁਖ ਦੇ ਅੰਦਰ ਨਾਮ ਦਾ ਦੀਵਾ ਜਗ ਪੈਂਦਾ ਹੈ ਤਾਂ ਇਸ ਦੀਵੇ ਦੀ ਲੋਅ ਦਾ ਸਾਨੂੰ ਕਲਿਯੁਗੀ ਜੀਵਾਂ ਨੂੰ ਪਤਾ ਨਹੀਂ ਲਗਦਾ ਪਰ ਦੇਵੀ ਦੇਵਤਿਆਂ ਦੀਆਂ ਪੁਰੀਆਂ ਵਿਚ ਉਸੇ ਵੇਲੇ ਹੀ ਦੀਵੇ ਦੇ ਜਗਣ ਦੀ ਖਬਰ ਹੋ ਜਾਂਦੀ ਹੈ। ਫਿਰ ਦੇਵ ਪੁਰੀਆਂ ਦੇ ਵਸਨੀਕ ਰਿੱਧੀਆਂ ਸਿੱਧੀਆਂ,ਸੁਗੰਧੀਆਂ,ਅੰਤਰਯਾਮਤਾ ਤੇ ਭਵਿਖ ਬਾਣੀਆਂ ਆਦਿ ਦੇ ਮਨ-ਮੋਹਕ ਤੋਹਫੇ ਲੈ ਕੇ ਪਹੁੰਚ ਜਾਂਦੇ ਹਨ। ਜਿਸ ਤਰ੍ਹਾਂ ਕਿਸੇ ਦੇ ਘਰ ਬੱਚਾ ਪੈਦਾ ਹੋਵੇ ਤਾਂ ਅਸੀਂ ਤੋਹਫੇ ਦੇ ਤੌਰ 'ਤੇ ਬੱਚੇ ਦੇ ਖੇਡਣ ਲਈ ਸੋਹਣੇ ਸੋਹਣੇ ਖਿਡੌਣੇ ਲੈ ਕੇ ਜਾਂਦੇ ਹਾਂ। ਉਸੇ ਤ੍ਰਰਾਂ ਹੀ ਦੇਵੀ ਦੇਵਤੇ ਭੀ ਦਿਲ ਪਰਚਾਉਣ ਵਾਲੇ ਤੋਹਫੇ ਲੈ ਕੇ ਹਾਜ਼ਰ ਹੋ ਜਾਂਦੇ ਹਨ। ਉਸ ਵੇਲੇ ਇ੍ਰਨਾਂ ਤੋਹਫਿਆਂ ਦੀ ਰੰਗੀਲੀ ਖੇਡ ਵਿਚ ਰਿਝਾ ਕੇ ਦੇਵ-ਪੁਰੀਆਂ ਦੇ ਵਸਨੀਕ ਭਗਤ-ਜਨਾਂ ਨੂੰ ਮਨੁੱਖਾ ਦੇਹੀ ਦੀ ਅਸਲੀ ਮੰਜਿਲ(ਅੰਮ੍ਰਿਤ-ਰਸ)ਦੀ ਪ੍ਰਾਪਤੀ ਤੋਂ ਦੂਰ ਰਖਣ ਵਿਚ ਅਕਸਰ ਕਾਮਯਾਬੀ ਪ੍ਰਾਪਤ ਕਰ ਹੀ ਲੈਂਦੇ ਹਨ। ਗੁਰੂ ਕਿਰਪਾ ਨਾਲ ਹੀ ਕੋਈ ਇਨ੍ਹਾਂ ਤੋਹਫਿਆਂ ਨੂੰ ਅਣ-ਦੇਖਿਆਂ ਕਰਕੇ ਅਗੇ ਪੈਰ ਪੁਟੱਦਾ ਹੈ। ਪਰ ਜਿਹੜੇ ਇਸ ਬਿਖੜੀ ਘਾਟੀ ਨੂੰ ਪਾਰ ਕਰ ਲੈਂਦੇ ਹਨ ਉਹ ਇਨ੍ਹਾਂ ਪ੍ਰਾਹੁਣੀਆਂ ਨੂੰ ਦਾਸੀਆਂ ਬਣਾ ਕੇ ਸਦਾ ਲਈ ਆਪਣੇ ਕੋਲ ਟਿਕਾ ਕੇ ਬਿਠਾ ਲੈਂਦੇ ਹਨ।

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**
**ਜੋ ਹਰਿ ਹਿਰਦੈ ਸਦਾ ਵਸਾਇ ॥ (ਪੰਨਾ ੬੪੯)**

ਇਸ ਖਾਸ ਕਿਸਮ ਦੀ ਸੁਗੰਧੀ ਦੇ ਘੁੱਟ ਭਰਦਿਆਂ ਮਸਤੀ ਦੇ ਬੁੱਲੇ ਪਲਕਾਂ ਦੇ ਦਰਵਾਜੇ ਢੋਅ ਦਿੰਦੇ ਹਨ। ਧੁਰ-ਅੰਦਰੋਂ ਫੁੱਟੇ ਰੰਗਾਂ ਰਸਾਂ ਤੇ ਖੇੜਿਆਂ ਦੇ ਅੰਬਾਰਾਂ ਵਿਚੋਂ ਨਿਕਲਦੀਆਂ ਅਨਹਦ ਸ਼ਬਦ ਦੀਆਂ ਗੁੰਜਾਰਾਂ ਦੀ ਪ੍ਰਾਪਤੀ ਲਈ ਭਗਤ-ਜਨ ਕਰੜੀਆਂ ਘਾਲਣਾਂ ਘਾਲਣ ਪਿਛੋਂ ਪਰਮ-ਅਨੰਦ ਦੀ ਅਵਸਥਾ ਪ੍ਰਾਪਤ ਕਰਦੇ ਹਨ।

**ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥**
**ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥**
**(ਪੰਨਾਂ ੮੩੩-੮੩੪)**

ਯੋਗੀ ਲੋਕ ਸਿਰ ਮੁਨਵਾਉਂਦੇ ਹਨ,ਕੰਨ ਪੜਵਾ ਕੇ ਮੁੰਦਰਾਂ ਪਵਾਉਂਦੇ ਹਨ,ਸਰੀਰ ਉਤੇ ਭਸਮ ਮਲ ਕੇ ਤੀਰਥਾਂ ਉਤੇ ਇਸ਼ਨਾਨ ਕਰਨ ਜਾਂਦੇ ਹਨ। ਕੋਈ ਮੜ੍ਹੀਆਂ ਮਸਾਣਾਂ ਵਿਚ ਜਾਂਦਾ ਹੈ,ਕੋਈ ਘਰ ਘਰ ਜਾ ਕੇ ਅਲਖ ਜਗਾਉਂਦਾ ਹੈ ਤੇ ਕੋਈ ਸੰਨਿਆਸੀ ਬਣ ਕੇ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਘੁੰਮਦਾ ਹੈ ਪਰ ਗੁਰਸਿਖੀ-ਯੋਗ ਵਿਚ 'ਜੀਵਤਿਆ ਮਰ ਰਹੀਏ'ਵਾਲੀ ਵਿਧੀ ਨੂੰ ਅਪਣਾ ਕੇ ਬੀਬੀ ਗੁਰਦੀਪ ਕੌਰ ਜੀ ਵਰਗੇ ਆਪਣੇ ਸੋਹਣੇ ਸਾਫ-

ਸੁਥਰੇ ਘਰ ਵਿਚ ਬੈਠੇ ਹੀ ਯੋਗ ਕਮਾ ਲੈਂਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠਿਆਂ ਪ੍ਰੇਮ-ਯੋਗ ਦੀ ਸਾਧਨਾ ਕਰਕੇ ਰੂਹਾਨੀ ਮੰਜਿਲਾਂ ਤਹਿ ਕਰ ਲੈਂਦੇ ਹਨ।ਪ੍ਰੇਮ-ਰਸ ਵਿਚ ਲੀਨ ਹੋ ਕੇ ਪ੍ਰਭੂ-ਚਰਨਾਂ ਵਿਚ ਨਿਵਾਸ ਕਰ ਲੈਂਦੇ ਹਨ।ਜਿਥੇ ਕੋਈ ਦੁਖ ਦਰਦ ਨਹੀਂ ਤੇ ਦਲਿੱਦਰ ਨੂੰ ਕੋਈ ਥਾਂ ਨਹੀ ਹੁੰਦਾ।ਸਰੀਰਕ ਸੁਖ ਅਰਾਮ ਦਾ ਕੋਈ ਖਿਆਲ ਨਹੀ ਰਹਿੰਦਾ ਤੇ ਦੁਖਾਂ ਸੁਖਾਂ ਦੇ ਅਸਰਾਂ ਤੋਂ ਨਿਰਲੇਪ ਹੋ ਕੇ ਬਾਣੀ ਵਿਚ ਲੀਨ ਹੋ ਕੇ ਯੋਗ-ਸਾਧਨਾ ਹੁੰਦੀ ਰਹਿੰਦੀ ਹੈ।ਹੁਣ ਜੰਗਲਾਂ ਵਿਚ ਜਾਣ ਦੀ ਕੀ ਲੋੜ?

'ਮਨ ਜੀਤੈ ਜਗ ਜੀਤ॥' ਇਸ ਇਲਾਹੀ ਫੁਰਮਾਨ ਵਲ ਧਿਆਨ ਦੇਣ ਦੀ ਲੋੜ ਹੈ।ਜੰਗਲਾਂ ਜਾਂ ਪਹਾੜਾਂ ਵਿਚ ਜਾਣ ਦੀ ਥਾਂ ਘਰ ਵਿਚ ਰਹਿ ਕੇ ਹੀ ਘਰ ਦੇ ਝੁਮੇਲਿਆਂ ਤੋਂ ਛੁਟਕਾਰਾ ਮਿਲਿਆ ਰਹਿੰਦਾ ਹੈ। ਘਰ ਤਾਂ ਕੀ ? ਸਰੀਰ ਦੀ ਵੀ ਸੋਝੀ ਨਹੀਂ ਰਹਿੰਦੀ।ਗਰੀਬੀ ਐਨੀ ਆ ਜਾਂਦੀ ਹੈ ਕਿ ਕੁਝ ਵੀ ਆਪਣਾ ਨਹੀਂ ਲਗਦਾ।ਘਰ ਬਾਰ ਤਾਂ ਕੀ...! ਸ਼ਰੀਰ ਨੂੰ ਵੀ ਆਪਣਾ ਕਹਿਣ ਨੂੰ ਦਿਲ ਨਹੀਂ ਕਰਦਾ।ਦੂਜੇ ਪਾਸੇ ਅਮੀਰੀ ਸਾਰੀਆਂ ਹੱਦ ਬੰਨੇ ਪਾਰ ਕਰ ਜਾਂਦੀ ਹੈ।ਸਿਰਜਨ-ਹਾਰੇ ਦੀ ਸਾਰੀ ਸਿਰਜਨਾ ਹੀ ਆਪਣੀ ਹੋ ਜਾਂਦੀ ਹੈ।ਬਸ...!ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਸਿਰ ਝੁਕਾ ਕੇ ਆਪਾ ਸਮਰਪਿਤ ਕਰਨ ਦੀ ਲੋੜ ਹੈ।ਸ਼ਰਣ ਵਿਚ ਆਉਣ ਵਾਲਿਆਂ ਨੂੰ ਜੁਗੋ-ਜੁਗ ਅਟੱਲ ਦਸੋ ਪਾਤਿਸ਼ਾਹੀਆਂ ਦੀ ਜੋਤ ਸਰੂਪ ਸਤਿਗੁਰੂ ਪਰਗਟ ਰੂਪ ਹੋ ਕੇ ਮਿਲਦੇ ਹਨ,ਸੰਭਾਲਦੇ ਹਨ ਤੇ ਭਗਤੀ ਭੰਡਾਰਾਂ ਨਾਲ ਮਾਲੋ ਮਾਲ ਕਰ ਦਿੰਦੇ ਹਨ।ਕਿੰਨਾਂ ਸੁੰਦਰ ਯੋਗ ਹੈ...ਕਿੰਨਾ ਅਰਾਮਦਾਇਕ...ਤੇ ਕਿੰਨਾਂ ਸੁਖਦਾਇਕ..! ਗੁਰੂ ਜੀ ਆਪਣੇ ਪਿਆਰਿਆਂ ਦੇ ਦਿਲਾਂ ਵਿਚ ਵਸ ਕੇ,ਉਨ੍ਹਾਂ ਦੀ ਰਸਨਾਂ ਰਾਹੀਂ ਰੱਬੀ ਬਾਣੀ ਦਾ ਉਚਾਰਣ ਆਪ ਕਰਵਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣ ਕਿਦਾਂ ਗਾਵੀਏ.......?ਇਸਦੀ ਮਹਿਮਾਂ ਤਾਂ ਅਪਰੰਪਾਰ ਹੈ।ਬੀਬੀ ਗੁਰਦੀਪ ਕੌਰ ਜੀ ਨੇ ੧੦੭ ਸਹਿਜ ਪਾਠ ਸੰਪੂਰਨ ਕਰਨ ਦਾ ਯੋਗ ਕਮਾਇਆ।ਏਨੀ ਦੇਰ ਉਹ ਦੁਨਿਆਵੀ ਰਿਸ਼ਤਿਆਂ ਤੋਂ ਅਤੇ ਸਰੀਰਕ ਲੋੜਾਂ ਤੋਂ ਅਵੇਸਲੇ ਹੋ ਕੇ ਬਾਣੀ ਨਾਲ ਜੁੜੇ ਰਹੇ।ਬਾਹਰਲੀ ਦੁਨੀਆਂ ਵਲੋਂ ਅੱਖੀਆਂ ਮੀਚ ਲਈਆਂ ਤੇ ਅੰਦਰਲੀਆਂ ਦਰਸ-ਪਿਆਸੀਆਂ ਅਖੀਆਂ ਨਾਲ ਇਲਾਹੀ ਬਾਣੀ ਦੇ ਰੰਗਾਂ ਵਿਚ ਭਿੱਜ ਕੇ ਗੁਰਬਾਣੀ ਵਿਚ ਲੀਨ ਹੋਣ ਦੀ ਕਮਾਈ ਕੀਤੀ।

ਗੁਰਵੰਤ ਕੌਰ ਜੀ ਨੇ ਬੀਬੀ ਜੀ ਦੇ ਇਸ ਯੋਗ ਬਾਰੇ ਇਸ ਤਰ੍ਹਾਂ ਦੱਸਿਆ;-"ਬੀਬੀ ਜੀ ਦੇ ਦਿਲ ਵਿਚ ੧੦੧ ਅਖੰਡ ਪਾਠ ਕਰਵਾਉਣ ਦੀ ਬੜੀ ਰੀਝ ਸੀ ਪਰ ਜਦੋਂ ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਆਪ ਹੀ ਪਾਠ ਕਰਨ ਦੀ ਸਮਰੱਥਾ ਦੇ ਦਿੱਤੀ ਤਾਂ ੧੦੧ ਪਾਠ ਪੂਰੇ ਹੋਣ ਪਿੱਛੋਂ ਉਨ੍ਹਾਂ ਨੇ ਹੋਰ ੬ ਸਹਿਜ ਪਾਠ,ਜਿਹੜੇ ਉਹ ਹਰ ਸਾਲ ਪਰਿਵਾਰ ਦੇ ਸਵਰਗ-ਵਾਸੀ ਜੀਆਂ ਲਈ ਕਰਦੇ ਹੁੰਦੇ ਸੀ,ਉਹ ਵੀ ਪੂਰੇ ਕਰ ਲਏ।ਪਾਠ ਸ਼ੁਰੂ ਕਰਨ ਤੋਂ ਪਹਿਲੇ ਉਨ੍ਹਾਂ ਦੀ ਸਭ ਤੋਂ ਪਿਆਰੀ ਸਤ-ਸੰਗਣ ਮਾਤਾ ਰਾਮ ਕੌਰ ਜੀ ਭਗਤੀ ਦੇ ਰਸਤੇ ਉਤੇ ਇਸ ਕਰੜੀ ਘਾਲਣਾਂ ਤੇ ਵਿਚਾਰ ਕਰਨ ਲਈ ਘਰ ਆਏ।ਉਹ ਬਚਪਨ ਤੋਂ ਹੀ ਆਪਣੇ ਸੰਤ ਪਿਤਾ ਅਤੇ ਹੋਰ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਜਪ-ਤਪ ਵਿਚ ਲੀਨ ਹੋਣ ਲਈ ਸਮਾਧੀਆਂ ਲਗਾਉਣ ਦੇ ਸ਼ੌਕ

ਹੰਢਾਉਂਦੇ ਰਹੇ ਸਨ ਤੇ ਉਨ੍ਹਾਂ ਦਾ ਸਾਰਾ ਜੀਵਨ ਇਲਾਹੀ ਕ੍ਰਿਸ਼ਮਿਆਂ ਅਤੇ ਸੇਵਾ ਸਿਮਰਨ ਦੀ ਕਮਾਈ ਦੀ ਇਕ ਅਨੋਖੀ ਮਿਸਾਲ ਸੀ। ਰੂਹਾਨੀ ਰਾਹਾਂ ਦੀਆਂ ਗੂੜ੍ਹੀਆਂ ਰਮਜ਼ਾਂ ਨੂੰ ਸਮਝਦੇ ਸਨ।ਉਨ੍ਹਾਂ ਬੀਬੀ ਜੀ ਨੂੰ ਸਮਝਾਇਆ ਕਿ ਜਿਸ ਚਾਤ੍ਰਿਕ-ਮਨ ਦੀ ਪਿਆਸ ਨਾਲ ਉਨ੍ਹਾਂ ਲੰਬੇ ਸਮੇਂ ਤਕ ਜਪ-ਤਪ ਕਰਨ ਦਾ ਪੱਕਾ ਇਰਾਦਾ ਬਣਾਇਆ ਹੋਇਆ ਹੈ ਉਸ ਹਿਸਾਬ ਨਾਲ ਪਾਠ ਕਰਦੇ ਸਮੇਂ ਕਈ ਅਦਭੁੱਤ ਘਟਨਾਵਾਂ ਵਾਪਰ ਸਕਦੀਆਂ ਹਨ।ਪ੍ਰਕਾਸ਼ ਦਰਸ਼ਨ,ਗੁਰੂ ਦਰਸ਼ਨ ਜਾਂ ਕੋਈ ਹੋਰ ਅਜਿਹਾ ਕ੍ਰਿਸ਼ਮਾਂ ਦਿਖੇ ਤਾਂ ਉਸ ਸਮੇਂ ਅਜਰ ਨੂੰ ਜਰਨ ਲਈ ਸਤਿਗੁਰੂ ਜੀ ਅਗੇ ਬੇਨਤੀ ਕਰਨੀ ਹੈ ਤੇ ਜੇਕਰ ਸੱਪ ਜਾਂ ਕੋਈ ਹੋਰ ਅਜਿਹੀ ਡਰਾਉਣੀ ਚੀਜ਼ ਦਿਖੇ ਤਾਂ ਘਬਰਾਉਣਾ ਨਹੀਂ ਹੈ।

ਬੀਬੀ ਜੀ ਨੇ ਬੜੇ ਸਿਦਕ ਅਤੇ ਭਰੋਸੇ ਨਾਲ ਪਾਠ ਕਰਨਾਂ ਸ਼ੁਰੂ ਕਰ ਦਿਤਾ।ਛੇਤੀ ਹੀ ਬੜੀਆਂ ਹੈਰਾਨੀ ਵਾਲੀਆਂ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ।ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪ੍ਰਕਾਸ਼ ਦਰਸ਼ਨ, ਪ੍ਰਕਾਸ਼ ਵਿਚ ਹੀ ਬਹੁਤ ਭਾਰੇ ਨਾਗ ਦੇ ਦਰਸ਼ਨ ਤੇ ਸ਼ਹੀਦਾਂ ਸਿੰਘਾਂ ਦੇ ਦਰਸ਼ਨ ਪਰ ਸਭ ਤੋਂ ਜ਼ਿਆਦਾ ਹੈਰਾਨੀ ਇਸ ਗੱਲ ਇਹ ਸੀ ਕਿ ਬੀਬੀ ਜੀ ਜਿਥੋਂ ਦੀ ਲੰਘਦੇ ਸੀ ਉਥੇ ਸੁਗੰਧੀਆਂ ਖਿਲਰ ਜਾਂਦੀਆਂ ਸਨ।ਸਾਨੂੰ ਸਾਰੇ ਪਰਿਵਾਰ ਨੂੰ ਪਤਾ ਸੀ ਕਿ ਘਰ ਵਿਚ ਇਹੋ ਜਿਹੀ ਰੂਹ ਨੂੰ ਖਿੜਾਉਣ ਵਾਲੀ ਸੁਗੰਧਿਤ ਚੀਜ਼ ਕੋਈ ਨਹੀਂ ਹੈ।ਇਸ ਲਈ ਬੜੀ ਹੈਰਾਨੀ ਹੋ ਰਹੀ ਸੀ ਪਰ ਨਾਲ ਹੀ ਭਗਤੀ ਦੀਆਂ ਅਚੰਭਿਤ ਕਰਨ ਵਾਲੀਆਂ ਭੇਦ-ਭਰੀਆਂ ਗਲਾਂ ਦੀ ਸਮਝ ਆ ਰਹੀ ਸੀ।ਬੀਬੀ ਜੀ ਦੇ ਹੱਥਾਂ ਨੂੰ ਸੁੰਘ ਕੇ ਬੱਚੇ ਸੁਗੰਧੀਆਂ ਦਾ ਰੰਗ ਮਾਣਦੇ ਸਨ। ਉਹ ਪਰਿਵਾਰ ਦੇ ਜੀਆਂ ਨਾਲ ਬਹੁਤ ਘੱਟ ਗਲ ਬਾਤ ਕਰਦੇ ਸਨ।ਮੈਨੂੰ ਓਨ੍ਹਾਂ ਦੇ ਧਾਰਮਿਕ ਰੰਗ ਜਾਨਣ ਦੀ ਬੜੀ ਲਗਨ ਲੱਗੀ ਰਹਿੰਦੀ ਸੀ ਇਸ ਲਈ ਜੇ ਕਿਧਰੇ ਕੋਈ ਸੰਤ ਮਹਾਤਮਾਂ ਉਨ੍ਹਾਂ ਨੂੰ ਮਿਲਣ ਲਈ ਘਰ ਆ ਜਾਂਦਾ ਤਾਂ ਮੈਂ ਸੇਵਾ ਦੇ ਬਹਾਨੇ ਕੋਲ ਬੈਠ ਕੇ ਗੱਲਾਂ ਸੁਣਨ ਦਾ ਲਾਹਾ ਖੱਟ ਕੇ ਖੁਸ਼ ਹੋ ਲੈਂਦੀ ਸੀ।

ਪਾਠ ਅਰੰਭ ਕੀਤਿਆਂ ਹਾਲੇ ਦੋ ਜਾਂ ਤਿੰਨ ਮਹੀਨੇ ਹੀ ਹੋਏ ਹੋਣਗੇ ਕਿ ਪੰਜਾਬ ਦੇ ਹਾਲਾਤ ਬੜੇ ਖਰਾਬ ਹੋ ਗਏ। ਉਨ੍ਹਾਂ ਦਿਨਾਂ ਵਿਚ ਸਿੱਖਾਂ ਉਤੇ ਬੜੀ ਭਾਰੀ ਪਈ ਹੋਈ ਸੀ।ਖਾਸ ਕਰਕੇ ਸਾਡੇ ਇਲਾਕੇ ਵਿਚ ਕਈ ਲੜਕੇ ਝੂਠੇ ਮੁਕਾਬਲੇ ਬਣਾ ਕੇ ਮੁਕਾ ਦਿਤੇ ਗਏ ਸਨ ਤੇ ਬਾਕੀ ਰਹਿੰਦੇ ਹਾਲਾਤਾਂ ਤੋਂ ਤੰਗ ਆ ਕੇ ਘਰੋਂ ਨਿਕਲ ਗਏ ਸਨ,ਭਗੌੜੇ ਹੋ ਗਏ ਸਨ।ਅਜਿਹੇ ਹਾਲਾਤਾਂ ਵਿਚ ਸਾਡਾ ਘਰ ਪਿੰਡ ਤੋਂ ਬਾਹਰ ਖੇਤਾਂ ਵਿਚ ਹੋਣ ਕਰਕੇ ਸਾਨੂੰ ਬੜੀ ਘਬਰਾਹਟ ਹੋ ਰਹੀ ਸੀ।ਮੇਰਾ ਦਿਓਰ ਉਪਿੰਦਰ ਜੀਤ ਸਿੰਘ ਕਿਸੇ ਰਿੱਧੀਆਂ-ਸਿੱਧੀਆਂ ਵਾਲੇ ਸਿੱਧ ਪੁਰਸ਼ ਨੂੰ ਜਾਣਦਾ ਸੀ। ਉਸਨੇ ਜਾ ਕੇ ਜਪ ਤਪ ਕਰਨ ਵਾਲੇ ਸਿੱਧ ਕੋਲੋਂ ਘਰ ਅਤੇ ਪਰਿਵਾਰ ਦੇ ਜੀਆਂ ਦੀ ਸੁਰੱਖਿਆ ਬਾਰੇ ਪੁੱਛਿਆ।ਸਿੱਧ ਨੇ ਅੱਖੀਆਂ ਮੀਟ ਕੇ ਸਮਾਧੀ ਲਗਾਉਣ ਪਿਛੋਂ ਆਪਣੀ ਭਗਤੀ ਦੀ ਸ਼ਕਤੀ ਨਾਲ ਦੇਖ ਕੇ ਸਾਡੇ ਘਰ ਦੀ ਸਾਰੀ ਬਣਤਰ ਅਤੇ ਆਲੇ ਦੁਆਲੇ ਦਾ ਸਾਰਾ ਨਕਸ਼ਾ ਦੱਸ ਦਿੱਤਾ।ਉਸਨੇ ਬੀਬੀ ਜੀ ਦੀ ਨਾਮ ਬਾਣੀ ਦੀ ਕਰੜੀ ਘਾਲਣਾਂ ਵਾਲੀ ਭਗਤੀ ਵਾਰੇ ਦੱਸ ਕੇ ਕਿਹਾ ਕਿ ਉਸਨੂੰ ਸਾਡੇ ਘਰ ਦੇ ਆਲੇ ਦੁਆਲੇ ਹਰ ਪਾਸੇ ਚਿੱਟੇ ਚੋਗਿਆਂ

ਵਾਲੇ ਸਿਮਰਨ ਕਰਦੇ ਦਿਖਾਈ ਦਿੱਤੇ ਹਨ। ਇਸ ਲਈ ਕੋਈ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋ ਸਕਦਾ। ਉਸਨੇ ਬੀਬੀ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਉਪਿੰਦਰ ਜੀਤ ਨੇ ਉਸਨੂੰ ਘਰ ਬੁਲਾਇਆ ਤੇ ਬੀਬੀ ਜੀ ਨਾਲ ਭਗਤੀ ਦੇ ਰੂਹਾਨੀ ਰਾਹਾਂ ਦੀ ਸਾਂਝ ਕਰਵਾਈ। ਸਿੱਧ ਪੁਰਸ਼ ਦੀ ਇਹ ਗੱਲ ਸੱਚੀ ਨਿਕਲੀ। ਵਾਹਿਗੁਰੂ ਨੇ ਸਾਨੂੰ ਵ੍ਹਰਦੀ ਅੱਗ ਵਿਚੋਂ ਹੱਥ ਦੇ ਕੇ ਬਚਾਈ ਰੱਖਿਆ। ”

ਜਿਥੇ ਨਿਰਸੁਆਰਥ ਭਾਵਨਾਂ ਨਾਲ ਕੋਈ ਪ੍ਰੇਮ-ਭਗਤੀ ਵਿਚ ਲੀਨ ਹੋ ਕੇ ਭਗਤੀ ਦੀ ਚਰਮ-ਸੀਮਾਂ ਉਤੇ ਪਹੁੰਚ ਕੇ ਨਾਮ ਬਾਣੀ ਦੀ ਅਤੁੱਟ ਕਮਾਈ ਕਰ ਰਿਹਾ ਹੋਵੇ ਉਥੇ ਅਣਦਿਸਦੀ ਦੁਨੀਆਂ ਦੇ ਵਸਨੀਕ ਵੀ ਆ ਪਹੁੰਚਦੇ ਹਨ। ਭਗਤੀ ਦੇ ਰੰਗ ਵਿਚ ਵਾਧਾ ਕਰਦੇ ਹਨ ਅਤੇ ਰੁਕਾਵਟਾਂ ਦੂਰ ਕਰਨ ਵਿਚ ਸਹਾਈ ਹੁੰਦੇ ਹਨ। ਪਰ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੀਬੀ ਗੁਰਦੀਪ ਕੌਰ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚੋਂ ਸੁਗੰਧੀਆਂ ਦੀ ਅਨ-ਮੋਲ ਦਾਤ ਪ੍ਰਾਪਤ ਹੋ ਗਈ ਤਾਂ ਸਾਡੇ ਗ੍ਰੰਥੀ ਸਿੰਘ ਜਿਹੜੇ ਸਾਰੀ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬਿਤਾਉਂਦੇ ਹਨ,ਉਨ੍ਹਾਂ ਕੋਲੋਂ ਸੁਗੰਧੀਆਂ ਕਿਉਂ ਨਹੀਂ ਆਉਂਦੀਆਂ ? ਇਸ ਦਾ ਜਵਾਬ ਤਾਂ ਇਹ ਹੀ ਹੋ ਸਕਦਾ ਹੈ ਕਿ ਗ੍ਰੰਥੀ ਸਿੰਘਾਂ ਦੀ ਆਤਮਿਕ ਅਵਸਥਾ ਉਚੀ ਸੁੱਚੀ ਹੋਣੀ ਚਾਹੀਦੀ ਹੈ। ਰਹਿਣੀ ਬਹਿਣੀ ਗੁਰਸਿੱਖੀ ਵਾਲੀ ਹੋਣੀ ਚਾਹੀਦੀ ਹੈ। ਜਿਹੜਾ ਗ੍ਰੰਥੀ-ਸਿੰਘ ਨਿਰਸੁਆਰਥ ਭਾਵਨਾਂ ਨਾਲ ਪਰੇਮਾਂ-ਭਗਤੀ ਵਿਚ ਡੁੱਬ ਕੇ ਪਪੀਹੇ ਵਾਲੀ ਕੂਕ-ਪੁਕਾਰ ਕਰਦਿਆਂ ਅੰਮ੍ਰਿਤ ਬਾਣੀ ਨੂੰ ਸੁਆਂਤ ਬੂੰਦਾਂ ਸਮਝ ਕੇ ਪੀਂਦਾ ਹੋਵੇਗਾ ਅਤੇ ਸਰੋਤਿਆਂ ਦੇ ਹਿਰਦਿਆਂ ਨੂੰ ਅੰਮ੍ਰਿਤ ਬਾਣੀ ਦੀ 'ਝਿੰਮ ਝਿੰਮ ਵਰਸੈ ਅੰਮ੍ਰਿਤ ਧਾਰਾ ॥' ਨਾਲ ਸਿੰਜਦਾ ਹੋਵੇਗਾ,ਉਸ ਨੂੰ ਸੁਗੰਧੀਆਂ ਵਰਗੀਆਂ ਇਲਾਹੀ ਦਾਤਾਂ ਦੀ ਬਖਸ਼ਿਸ਼ ਕਰਨ ਲਗਿਆਂ ਦਾਤਾਰ ਪਿਤਾ ਸੰਕੋਚ ਕਿਊਂ ਕਰੇਗਾ?

ਪਰ ਅਫਸੋਸ ਦੀ ਗੱਲ ਹੈ ਕਿ ਬਹੁਤੇ ਗ੍ਰੰਥੀ ਸਿੰਘਾਂ ਨੇ ਪਾਠ ਕਰਨਾਂ ਰੋਟੀ-ਰੋਜ਼ੀ ਦਾ ਮਸਲਾ ਹੀ ਬਣਾਇਆ ਹੋਇਆ ਹੈ ਤੇ ਲੋਕਾਂ ਨੇ ਪਾਠ ਕਰਵਾਉਣਾਂ ਰੀਤਾਂ ਰਸਮਾਂ ਦੀ ਪੂਰਤੀ ਦਾ ਇਕ ਸਾਧਨ ਬਣਾਇਆ ਹੋਇਆ ਹੈ। ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ਹੈ ਕਿ ਹਰ ਸਿੱਖ ਨੂੰ ਆਪਣੀ ਕਮਾਈ ਦਾ ਦਸਵੰਧ ਧਰਮ ਪ੍ਰਚਾਰ ਵਿਚ ਜਾਂ ਗੁਰੂ ਘਰ ਦੀ ਸੇਵਾ ਵਿਚ ਲਗਾਉਣਾ ਚਾਹੀਦਾ ਹੈ ਤੇ ਸਮੇਂ ਦਾ ਦਸਵੰਧ ਨਾਮ-ਬਾਣੀ ਅਤੇ ਧਰਮ ਕਰਮ ਵਿਚ ਲਗਾਉਣਾਂ ਚਾਹੀਦਾ ਹੇ। ਨਾਲ ਹੀ ਉਨ੍ਹਾਂ ਗੁਰੂ ਘਰ ਦੇ ਪੁਜਾਰੀਆਂ ਲਈ ਪੂਜਾ ਦਾ ਧੰਨ ਸੋਚ ਸਮਝ ਕੇ ਖਾਣ-ਖਰਚਣ ਦਾ ਇਸ਼ਾਰਾ ਕਰਦਿਆਂ ਹੋਇਆਂ ਕਿਹਾ,-

**ਜੇ ਕੋ ਸਿਖ ਪੁਜਾਰੀ ਅਹੈ॥**
**ਤਨ ਨਿਰਭਾਹ ਮਾਤਰ ਹੀ ਲਹੈ॥ ਅਧਿਕ ਹੋਏ ਤੋ ਜਹਾਂ ਤਹਾਂ ਦਹੈ॥**

ਕਾਸ਼....!ਸਾਡੇ ਗ੍ਰੰਥੀ,ਕੀਰਤਨੀਏ ਤੇ ਕਥਾਕਾਰ ਦੁਨਿਆਵੀ ਸੁੱਖਾਂ ਦੀ ਥਾਂ ਨਾਮ-ਬਾਣੀ ਦੇ ਭੁੱਖੇ ਹੋਣ!ਅਸੀਂ ਉਨ੍ਹਾਂ ਦੀ ਸ਼ਖਸੀਅਤ ਦਾ ਅੰਦਾਜ਼ਾ ਉਨ੍ਹਾਂ ਦੇ ਰਹਿਣ ਸਹਿਣ ਦੇ ਢੰਗ ਤੋਂ ਨਾ ਲਗਾਈਏ ਸਗੋਂ ਉਨ੍ਹਾਂ ਦੀ ਭਗਤੀ ਦੇ ਰੰਗਾਂ ਦੀ ਪ੍ਰਾਪਤੀ ਤੋਂ ਲਗਾਈਏ। ਕਾਸ਼......!ਉਨ੍ਹਾਂ

ਦੀ ਰਸਨਾਂ ਰਾਹੀਂ ਸੁਣੀ ਪ੍ਰੇਮ ਬਾਣੀ ਦੀ ਫੁਹਾਰ ਨਾਲ ਮਉਲੀ ਸਾਡੀ ਦਿਲ-ਧਰਤੀ ਉਤੇ ਸੁਗੰਧੀਆਂ ਦੇ ਫੁਲ ਟਹਿਕਣ ਲਗ ਪੈਣ ਤੇ ਅਸੀਂ ਉਨ੍ਹਾਂ ਦੇ ਦਿਲ ਦੀਆਂ ਤਾਰਾਂ ਨਾਲ ਆਪਣੇ ਦਿਲ ਦੀਆਂ ਤਾਰਾਂ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਢਹਿ ਪਈਏ ਤੇ ਮੰਗ ਮੰਗੀਏ,-

**ਹਰਿ ਚਰਣ ਕਵਲ ਮਕਰੰਦ ਲੋਭਿਤ**
**ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ॥**

(ਪੰਨਾਂ ੫੨੬)

*************

# ਅਨਹਦ ਧੁਨੀਆਂ

ਹੇਮਕੁੰਟ ਸਾਹਿਬ ਦੀ ਰਹੱਸਯਮਈ ਧਰਤੀ ਉਤੇ ਕਈ ਪ੍ਰੇਮੀਆਂ ਨੂੰ ਰਸ ਭਿੰਨਾ ਕੀਰਤਨ ਸੁਣਾਈ ਦਿੰਦਾ ਹੈ। ਕਈਆਂ ਨੂੰ ' ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਭਰਵੀਂ ਗੂੰਜ ਸੁਣਾਈ ਦਿੰਦੀ ਹੈ। ਕਈ ਸ਼ਰਧਾਲੂਆਂ ਨੂੰ ਇਨ੍ਹਾਂ ਪੱਥਰਾਂ ਦੇ ਢੇਰਾਂ ਵਿਚੋਂ ਅਤੇ ਝਰਨਿਆਂ ਦੀ ਝੁਨਕਾਰ ਵਿਚੋਂ ਆ ਰਹੀਆਂ ਸੁਰੀਲੇ ਸਾਜਾਂ ਨਾਲ ਅਲਾਪ ਹੋ ਰਹੀਆਂ ਮਧੁਰ ਧੁਨੀਆਂ ਵਾਲਾ ਅੰਮ੍ਰਿਤ ਕੀਰਤਨ ਸੱਚਖੰਡ ਵਾਸੀਆਂ ਦੀਆਂ ਟੋਲੀਆਂ ਦੀ ਹੋਂਦ ਮਹਿਸੂਸ ਕਰਵਾਉਂਦਾ ਹੈ।

੧੯੭੪ ਦੀ ਗੱਲ ਹੈ ਕਿ ਬੀਬੀ ਗੁਰਦੀਪ ਕੌਰ ਜੀ ਤੇ ਮਾਤਾ ਰਾਮ ਕੌਰ ਜੀ ਹੇਮਕੁੰਟ ਸਾਹਿਬ ਦੀ ਪੰਜਵੀਂ ਚੋਟੀ ਕੋਲ ਖੜ੍ਹੀਆਂ ਸੀ। ਸੁਰਤੀ ਗੁਰੂ ਚਰਨਾਂ ਵਿਚ ਸਮਾਈ ਹੋਈ ਸੀ। ਪ੍ਰੇਮ ਦੀਵਾਨੀਆਂ ਆਪਣਾ ਆਪ ਮਿਟਾਈ ਗੁਰੂ ਚਰਨਾਂ ਵਿਚ ਸਮਰਪਿਤ ਹੋ ਰਹੀਆਂ ਸੀ। ਉਹ


ਦਰਸ਼ਨ ਦੀਦਾਰਿਆਂ ਲਈ ਝੋਲੀ ਫੈਲਾਈ ਖੜ੍ਹੀਆਂ ਸੀ ਕਿ ਉਨ੍ਹਾਂ ਨੂੰ ਕੀਰਤਨ ਦੀਆਂ ਅਵਾਜਾਂ ਸੁਣਨ ਲੱਗੀਆਂ।ਢੋਲਕੀ ਛੈਣਿਆਂ ਨਾਲ ਸੰਗਤ ਮਿਲ ਕੇ ਕੀਰਤਨ ਕਰ ਰਹੀ ਸੀ।ਕੀਰਤਨ ਕਰਨ ਵਾਲਾ ਕੋਈ ਨਾ ਦਿਸੇ।ਸਿਰਫ ਅਵਾਜਾਂ ਹੀ ਸੁਣਨ....।ਰੂਹ ਨੂੰ ਟੁੰਬਣ ਵਾਲਾ ਕੀਰਤਨ ਸੁਣ ਕੇ ਉਹ ਉਸੇ ਪਾਸੇ ਤੁਰ ਪਈਆਂ ਜਿਧਰੋਂ ਕੀਰਤਨ ਦੀਆਂ ਅੱਤਿ ਸੁਰੀਲੀਆਂ ਅਵਾਜਾਂ ਆਉਂਦੀਆਂ ਸੀ।ਜਿਉਂ ਜਿਉਂ ਉਹ ਅੱਗੇ ਜਾਣ ਤਿਓਂ ਤਿਉਂ ਅਵਾਜਾਂ ਹੋਰ ਅੱਗੇ ਹੋਈ ਜਾਣ।ਨਿੱਕੇ ਵੱਡੇ ਪੱਥਰਾਂ ਉਤੋਂ ਦੀ ਲੰਘਦੀਆਂ ਹੋਈਆਂ ਉਹ ਅਵਾਜਾਂ ਦੇ ਪਿੱਛੇ ਪਿੱਛੇ ਤੁਰਦੀਆਂ ਜਾ ਰਹੀਆਂ ਸੀ ਕਿ ਸਵਰਗੀ ਰੰਗ ਰਸ ਦੀ ਛਹਿਬਰ ਲਗਾਉਣ ਵਾਲੇ ਅੰਮ੍ਰਿਤ ਕੀਰਤਨ ਦੀਆਂ ਅਵਾਜਾਂ ਨਾਲੋਂ ਉਨ੍ਹਾਂ ਦਾ ਰਿਸ਼ਤਾ ਟੁੱਟ ਗਿਆ।

ਇਕ ਵਾਰੀ ਮੇਜਰ ਤੇਜਾ ਸਿੰਘ ਜੀ ਆਪਣੇ ਸਾਥੀਆਂ ਨਾਲ ਜੀਪ 'ਤੇ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾ ਰਹੇ ਸਨ।ਚਾਤ੍ਰਿਕ-ਮਨ ਦੀ ਪਿਆਸ ਵਾਲੀ ਸੰਗਤ ਦੀਆਂ ਸੁਰਤੀਆਂ ਪ੍ਰਭੂ ਚਰਨਾਂ ਵਿਚ ਜੁੜੀਆਂ ਹੋਈਆਂ ਸੀ ਕਿ ਅਚਾਨਕ ਭਾਈ ਹਰਜਿੰਦਰ ਸਿੰਘ ਦੇ ਕੰਨੀਂ "ਕਨ੍ਹਈਆ...!ਕਨ੍ਹਈਆ...!ਕਨ੍ਹਈਆ..".!ਕਰਕੇ ਅਵਾਜਾਂ ਪੈਣੀਆ ਸ਼ੁਰੂ ਹੋ ਗਈਆਂ।ਜੀਪ ਦੇ ਪਿੱਛਿਓਂ ਕੋਈ ਬਹੁਤ ਹੀ ਸੁਰੀਲੀ ਅਵਾਜ ਵਾਲੀ ਬੀਬੀ ਅਵਾਜਾਂ ਮਾਰ ਰਹੀ ਸੀ।ਐਨੀ ਮਿੱਠੀ ਅਵਾਜ ਉਨ੍ਹਾਂ ਨੇ ਜਿੰਦਗੀ ਵਿਚ ਕਦੀ ਨਹੀਂ ਸੀ ਸੁਣੀ।ਰਸ-ਭਿੰਨੀ ਅਵਾਜ ਦੀ ਮਿਠਾਸ ਉਨ੍ਹਾਂ ਦੇ ਕੰਨਾਂ ਵਿਚ ਰਸ ਘੋਲ ਰਹੀ ਸੀ ਪਰ ਅਵਾਜਾਂ ਦੇਣ ਵਾਲੀ ਬੀਬੀ ਕਿਧਰੇ ਦਿਖਾਈ ਨਹੀ ਸੀ ਦੇ ਰਹੀ।ਉਸ ਮਿੱਠੀ ਅਵਾਜ ਵਾਰੇ ਉਹ ਸੋਚ ਰਹੇ ਸੀ ਕਿ ਉਨ੍ਹਾਂ ਦੇਖਿਆ ਕਿ ਜੀਪ ਦੀ ਅਗਲੀ ਸੀਟ ਉਤੇ ਬੈਠੇ ਮੇਜਰ ਸਾਹਿਬ ਨੇ ਬੜੀ ਹੀ ਉਤਸੁਕਤਾ ਨਾਲ ਡਰਾਈਵਰ ਨੂੰ "ਰੁਕੀਂ....!ਰੁਕੀਂ...!!" ਕਹਿ ਕੇ ਜੀਪ ਰੁਕਵਾ ਲਈ।ਭਾਵੁਕ ਹੋਏ,ਬੜੀ ਤੇਜੀ ਨਾਲ ਉਹ ਜੀਪ ਵਿਚੋਂ ਉਤਰੇ ਤੇ ਪਿੱਛੇ ਵਲ ਦੌੜੇ...।ਥੋੜੀ ਦੇਰ ਪਿਛੋਂ,ਬੜੀ ਬੁਲੰਦ ਅਵਾਜ ਵਿਚ ਵਾਹਿਗੁਰੂ..ਵਾਹਿਗੁਰੂ...ਕਹਿੰਦੇ ਹੋਏ ਉਹ ਜੀਪ ਵਿਚ ਆ ਕੇ ਬੈਠ ਗਏ ਤੇ ਡਰਾਈਵਰ ਨੂੰ ਜੀਪ ਚਲਾਉਣ ਦਾ ਇਸ਼ਾਰਾ ਕੀਤਾ।ਸਿਮਰਨ ਦੀ ਉਚ ਅਸੱਸਥਾ ਤੋਂ ਜਾਣੂ ਸੰਗੀ ਸਾਥੀਆਂ ਨੇ ਮੇਜਰ ਸਾਹਿਬ ਦੀ ਐਸੀ ਦਸ਼ਾ ਵਿਚ ਉਨ੍ਹਾਂ ਤੋਂ ਕੁਝ ਪੁੱਛਣਾ ਮੁਨਾਸਿਬ ਨਾ ਸਮਝਿਆ,ਸਗੋਂ ਸਾਰੇ ਆਪਣੀਆਂ ਸੁਰਤੀਆਂ ਨੂੰ ਗੁਰੂ-ਚਰਨਾ ਵਿਚ ਟਿਕਾ ਕੇ ਸਿਮਰਨ ਵਿਚ ਲੀਨ ਹੋ ਗਏ।

ਸਿਮਰਨ ਦੀਆਂ ਗੁੰਜਾਰਾਂ ਨਾਲ ਹੇਮਕੁੰਟ ਸਾਹਿਬ ਦੇ ਰਾਹਾਂ ਉਤੇ ਭਗਤੀ-ਰਸ ਦੇ ਛਿੱਟੇ ਦਿੰਦੀ ਹੋਈ ਜੀਪ ਚਲਦੀ ਗਈ।ਹਰ ਕੋਈ ਆਪਣੀ ਧੁਨ ਵਿਚ ਮਸਤ ਰਿਹਾ।ਮੇਜਰ ਸਾਹਿਬ ਦੇ ਪਿੱਛੇ ਵਲ ਦੌੜੇ ਜਾਣ ਦੀ ਗੱਲ ਕਿਸੇ ਨੇ ਨਾ ਛੇੜੀ ਪਰ ਭਾਈ ਹਰਜਿੰਦਰ ਸਿੰਘ ਦੇ ਕੰਨਾਂ ਵਿਚ ਉਹੀ ਅਵਾਜ਼ ਗੂੰਜਦੀ ਰਹੀ।ਰਸਤੇ ਵਿਚ ਚਾਹ ਪਾਣੀ ਪੀਣ ਲਈ ਤੇ ਕੁਝ ਦੇਰ ਅਰਾਮ ਕਰਨ ਲਈ ਜੀਪ ਰੁਕੀ ਤਾਂ ਭਾਈ ਹਰਜਿੰਦਰ ਸਿੰਘ ਜੀ ਨੇ ਮੇਜਰ ਸਾਹਿਬ ਨੂੰ "ਕਨ੍ਹਈਆ ਕਨ੍ਹਈਆ..!" ਵਾਲੀ ਅਵਾਜ਼ ਵਾਰੇ ਦੱਸ ਕੇ ਉਸ ਸੁਰੀਲੀ ਅਵਾਜ਼ ਦਾ ਰਾਜ਼ ਪੁੱਛਿਆ ਤਾਂ ਮੇਜਰ ਸਾਹਿਬ ਖੁਸ਼ੀ ਭਰੀ ਹੈਰਾਨਗੀ ਨਾਲ ਉਛਲਦੇ ਹੋਏ ਕਹਿਣ ਲੱਗੇ;-

"ਓਏ..!ਤੈਨੂੰ ਕਿਵੇਂ ਸੁਣ ਪਿਆ..?" ਉਨ੍ਹਾਂ ਦੇ ਕਹਿਣ ਦਾ ਭਾਵ ਇਹ ਸੀ ਕਿ ਅਣਦਿਸਦੀ ਦੁਨੀਆਂ ਦੀਆਂ ਅਵਾਜਾਂ ਭਾਈ ਹਰਜਿੰਦਰ ਸਿੰਘ ਜੀ ਨੂੰ ਕਿਵੇਂ ਸੁਣਾਈ ਦੇਣ ਲੱਗ ਪਈਆਂ?" ਫਿਰ ਹਰਜਿੰਦਰ ਸਿੰਘ ਦੀ ਬੇਨਤੀ ਪਰਵਾਨ ਕਰਕੇ ਉਨ੍ਹਾਂ ਨੇ ਅਣਦਿਸਦੀ ਦੁਨੀਆਂ ਦੀ ਸਚਾਈ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਉਹ ਬੀਬੀ ਜਿਹੜੀ "ਕਨ੍ਹਈਆ....ਕਨ੍ਹਈਆ ..."ਕਹਿ ਕੇ ਅਵਾਜਾਂ ਮਾਰ ਰਹੀ ਸੀ। ਉਹ ਸਰੀਰ ਦਾ ਚੋਲਾ ਛੱਡ ਚੁੱਕੀ ਹੈ। ਆਪਣੇ ਜੀਵਨ ਕਾਲ ਵਿਚ ਉਹ ਮੇਜਰ ਸਾਹਿਬ ਦੀ ਸੰਗਤ ਵਿਚ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾਂਦੀ ਹੁੰਦੀ ਸੀ। ਉਹ ਆਪਣੀ ਬਹੁਤ ਹੀ ਸੁਰੀਲੀ ਅਵਾਜ ਵਿਚ ਕੀਰਤਨ ਕਰਦੀ ਹੁੰਦੀ ਸੀ।

ਮੇਜਰ ਸਾਹਿਬ ਨੇ ਭਾਈ ਹਰਜਿੰਦਰ ਸਿੰਘ ਨੂੰ ਇਸ ਸਚਾਈ ਦੀ ਤੋਂ ਜਾਣੂ ਕਰਵਾਇਆ ਕਿ ਅਜਿਹੀਆਂ ਬਖਸ਼ੀਆਂ ਹੋਈਆਂ ਰੂਹਾਂ ਸਰੀਰ ਦਾ ਚੋਲਾ ਛੱਡਣ ਪਿਛੋਂ ਵੀ ਗੁਰਧਾਮਾਂ ਵਿਚ ਡੇਰੇ ਜਮਾਈ ਰੱਖਦੀਆਂ ਹਨ ਤੇ ਗੁਰੂ-ਪ੍ਰੇਮ ਦੇ ਰਿਸ਼ਤੇ ਨਿਭਾਉਣ ਲਈ ਅਵਾਜਾਂ ਦੇ ਕੇ ਬੁਲਾਉਂਦੀਆਂ ਹਨ।



## ਮੇਜਰ (ਰਿ.) ਤੇਜਾ ਸਿੰਘ ਸਮਰਾ (ਕਨ੍ਹਈਆ ਜੀ)

ਥੋੜ੍ਹਾ ਅਰਾਮ ਕਰਕੇ ਫਿਰ ਸਾਰੇ ਜੀਪ ਵਿਚ ਬੈਠ ਗਏ। ਅੱਗੇ ਇਕ ਐਸੀ ਥਾਂ ਪਹੁੰਚ ਗਏ ਜਿੱਥੇ ਜੀਪ ਵਿਚ ਬੈਠੇ ਸਾਰੇ ਸ਼ਰਧਾਲੂਆਂ ਨੂੰ ਹੀ ਸ਼ਹੀਦਾਂ ਸਿੰਘਾਂ ਦੇ ਇਕ ਜਥੇ ਦੇ ਦਰਸ਼ਨ ਹੋਏ। ਇਸ ਦਰਸ਼ਨ ਝਲਕਾਰੇ ਨਾਲ ਖੁਸ਼ੀਆਂ ਖੇੜਿਆਂ ਦਾ ਕੋਈ ਅੰਤ ਨਾ ਰਿਹਾ। ਸ਼ਹੀਦਾਂ ਸਿੰਘਾਂ ਦੇ ਜਲੌ ਦੀ ਝਲਕ ਨੇ ਸਭ ਦੇ ਸੀਨੇ ਜੋਸ਼ ਨਾਲ ਭਰ ਦਿੱਤੇ ਤੇ ਸਾਰੇ ਹੀ ਨਿਹਾਲ ਹੋ ਕੇ

ਜੈਕਾਰੇ ਗੁੰਜਾਉਣ ਲੱਗੇ..।ਹਰ ਕੋਈ ਪੂਰੇ ਜੋਸ਼ ਨਾਲ ਬੁਲੰਦ ਅਵਾਜ ਵਿਚ ਜੈਕਾਰੇ ਗੁੰਜਾ ਰਿਹਾ ਸੀ।ਬਹੁਤ ਦੇਰ ਤੱਕ ਜੈਕਾਰੇ ਗੂੰਜਦੇ ਰਹੇ।ਇਸ ਨਜਾਰੇ ਦਾ ਵਰਨਣ ਅੱਖਰਾਂ ਵਿਚ ਨਹੀਂ ਕੀਤਾ ਜਾ ਸਕਦਾ।ਇਹ ਤਾਂ ਸਭ ਅਨੁਭਵ ਕਰਨ ਵਾਲੀਆਂ ਗੱਲਾਂ ਹਨ।ਨਾਮ ਦੇ ਰੰਗ ਰਸ ਵਿਚ ਲੀਨ ਹੋਈ ਅਵੱਸਥਾ ਵਿਚ ਸ਼ਹੀਦ ਹੋਣ ਵਾਲੇ ਸਿੰਘ ਕੌਣ ਸੀ..?ਤੇ ਸ਼ਹੀਦੀ ਪ੍ਰਾਪਤ ਕਰਨ ਪਿਛੋਂ ਦਸ਼ਮੇਸ਼ ਪਿਤਾ ਨੇ ਆਪਣੇ ਸ਼ੇਰ ਬੱਚਿਆਂ ਨੂੰ ਕਿਸ ਤਰ੍ਹਾਂ ਅਮਰ ਪਦਵੀਆਂ ਨਾਲ ਸਨਮਾਨਿਤ ਕੀਤਾ....!ਮੇਜਰ ਸਾਹਿਬ ਨੂੰ ਅੰਤ੍ਰਯਾਮਤਾ ਰਾਹੀਂ ਇਹ ਸਾਰੀ ਸੋਝੀ ਹੋਈ ਤੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੇ ਇਕ ਝਲਕਾਰੇ ਨਾਲ ਨਿਹਾਲ ਹੋਏ ਆਪਣੇ ਸਾਥੀਆਂ ਨੂੰ ਸ਼ਹੀਦ ਸਿੰਘਾਂ ਦੀ ਸਾਰੀ ਵਿਥਿਆ ਸੁਣਾਈ।

*****************

# ਸਪਤ ਸ੍ਰਿੰਗ

ਕਣ ਕਣ ਵਿਚ ਰਮਿਆ ਹੋਇਆ ਰਾਮ ਪਿਆਰਾ ਹਰ ਥਾਂ ਉਤੇ ਮੌਜੂਦ ਹੈ।ਇਹ ਧਰਤੀ,ਖੰਡ,ਬ੍ਰਹਮੰਡ ਸਭ ਉਸੇ ਦਾ ਹੀ ਨਿਵਾਸ ਸਥਾਨ ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਨ੍ਹਾਂ ਥਾਵਾਂ ਉਤੇ ਬੰਦਗੀ ਕੀਤੀ ਗਈ ਹੋਵੇ, ਕੀਰਤਨ-ਜੁੜੀਆਂ ਰੂਹਾਂ ਨੇ ਰਸ ਭਿੰਨੇ ਸੰਗੀਤ ਨਾਲ ਵਾਤਾਵਰਣ ਮਹਿਕਾਇਆ ਹੋਇਆ ਹੋਵੇ ਤੇ ਤਪੱਸਵੀਆਂ ਨੇ ਲਿਵ ਲੀਨ ਹੋ ਕੇ ਸਮਾਧੀਆਂ ਲਗਾਈਆਂ ਹੋਣ, ਉਸ ਧਰਤੀ ਦੀ ਰੰਗਤ ਕੁਝ ਹੋਰ ਹੀ ਹੁੰਦੀ ਹੈ।ਤਪ ਅਸਥਾਨ ਦੀ ਹਵਾ ਵਿਚ ਸਾਹ ਲੈਂਦਿਆਂ ਹੀ ਸੀਨੇ ਠੰਡ ਪੈਂਦੀ ਹੈ।ਸੁਰਤੀ ਬਿਰਤੀ ਬਦਲ ਜਾਂਦੀ ਹੈ।ਅਜਿਹੀ ਥਾਂ ਉਤੇ ਮਨ ਦੀ ਭਟਕਣਾਂ ਖਤਮ ਹੋ ਜਾਂਦੀ ਹੈ ਅਤੇ ਚੈਨ ਮਿਲਦੀ ਹੈ।ਜਿਥੇ ਉਚ ਕੋਟੀ ਦੇ ਤਪੱਸਵੀ ਤਪੱਸਿਆ ਕਰਦੇ ਹੋਣ ਅਤੇ ਆਮ ਲੋਕ ਘੱਟ ਜਾਂਦੇ ਹੋਣ।ਉਥੇ ਇਕ ਖਾਸ ਕਿਸਮ ਦੀ ਮਿੱਠੀ, ਪਿਆਰੀ ਤੇ ਨੂਰਾਨੀ ਪ੍ਰਕਾਸ਼ ਦੀ ਛੋਟੀ ਜਿਹੀ ਬੱਦਲੀ ਵਰਗਾ ਪ੍ਰਕਾਸ਼ ਲਰਜ਼ਦਾ ਰਹਿੰਦਾ ਹੈ ਜਿਹੜਾ ਕਿ ਨਿਰਮਲ ਰੂਹਾਂ ਵਾਲਿਆਂ ਨੂੰ ਦਿਖਾਈ ਦਿੰਦਾ ਹੈ।ਅਜਿਹੀਆਂ ਥਾਵਾਂ ਉਤੇ ਮੱਥਾ ਟੇਕਦਿਆਂ ਜਦੋਂ ਮਸਤਕ ਜ਼ਮੀਨ ਨਾਲ ਲਗਦਾ ਹੈ ਤਾਂ ਸਾਡੇ ਅੰਦਰ ਕੁੱਝ ਭਾਰ ਹੁੰਦਾ ਮਹਿਸੂਸ ਹੁੰਦਾ ਹੈ।ਅਜਿਹੀਆਂ ਥਾਵਾਂ ਉਤੇ ਰੂਹਾਨੀ ਦੌਲਤਾਂ ਦੇ ਭੰਡਾਰੇ ਖੁਲ੍ਹੇ ਰਹਿੰਦੇ

ਹਨ। ਤਪ ਸਥਾਨਾਂ ਉਤੇ ਬੈਠ ਕੇ ਬੰਦਗੀ ਕਰਨ ਵਾਲਿਆਂ ਉਤੇ ਰੱਬੀ ਰਹਿਮਤਾਂ ਦੀ ਬਰਸਾਤ ਲੱਗੀ ਰਹਿੰਦੀ ਹੈ ਤੇ ਕਿਣਕੇ ਆਮ ਸੰਗਤਾਂ ਦੀਆਂ ਝੋਲੀਆਂ ਵਿਚ ਵੀ ਕਿਰਦੇ ਰਹਿੰਦੇ ਹਨ।

ਸ੍ਰੀ ਹੇਮਕੁੰਟ ਸਾਹਿਬ ਦੀ ਧਰਤੀ ਵਿੱਚ ਇਹ ਸਾਰੇ ਹੀ ਗੁਣ ਹਨ। ਇਥੇ ਤਾਂ ਪਤਾ ਨਹੀਂ ਕਿੰਨੇ ਕੁ ਯੁਗਾਂ ਤੋਂ ਤਪ ਹੁੰਦਾ ਰਿਹਾ ਹੈ।

**"ਸਪਤਸ੍ਰਿੰਗ ਤਿਹ ਨਾਮ ਕਹਾਵਾ॥ ਪੰਡ ਰਾਜ ਜਹ ਜੋਗ ਕਮਾਵਾ॥"**

**(ਦਸਮ ਗ੍ਰੰਥ : ੫੫)**

ਹੁਣ ਇਸ ਵੇਲੇ ਵੀ ਪਤਾ ਨਹੀਂ ਕਿੰਨੇ ਕੁ ਸਿੱਧ ਯੋਗੀ ਅਤੇ ਤਪੀਸ਼ਰ ਇਹਨਾਂ ਬਰਫਾਨੀ ਚੋਟੀਆਂ ਵਿੱਚ ਸਮਾਧੀ ਅਵਸਥਾ ਵਿੱਚ ਬੈਠੇ ਹੋਏ ਹਨ। ਜਿੰਨ੍ਹਾਂ ਨੂੰ ਖਾਣ ਪੀਣ ਵਾਲੀ ਕਿਸੇ ਚੀਜ਼ ਦੀ ਜਰੂਰਤ ਮਹਿਸੂਸ ਨਹੀਂ ਹੁੰਦੀ ਤੇ ਨਾ ਹੀ ਸਰਦੀ ਤੋਂ ਬਚਣ ਲਈ ਕਿਸੇ ਕਮਰੇ ਜਾਂ ਕੱਪੜੇ ਦੀ ਜਰੂਰਤ ਪੈਂਦੀ ਹੈ। ਧਰਤੀ ਮਾਤਾ ਤਪੱਸਵੀਆਂ ਦੀ ਚਰਨ-ਧੂੜੀ ਸੀਨੇ ਨਾਲ ਲਗਾਉਣ ਲਈ ਤਰਸਦੀ ਰਹਿੰਦੀ ਹੈ। ਪਰਬਤ ਆਪਣੀਆਂ ਕੁੰਦਰਾਂ ਵਿਚ ਤਪੱਸਵੀਆਂ ਦੀਆਂ ਗੁਫਾਵਾਂ ਦੇਖ ਖੁਸ਼ ਹੁੰਦੇ ਹਨ ਤੇ ਨਦੀਆਂ ਸਾਧੂਆਂ ਦੀ ਚਰਨ ਧੂੜ ਲੈਣ ਲਈ ਵਾਹੋ ਦਾਹੀ ਦੌੜੀਆਂ ਜਾਂਦੀਆਂ ਹਨ :-

**"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥"**

**"ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ**

**ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥" ਅੰਗ: ੧੨੬੩ )**

ਸਾਧੂਆਂ ਸੰਤਾਂ ਨੂੰ ਅਜਿਹੀਆਂ ਥਾਵਾਂ ਦੀ ਖਿੱਚ ਪੈਂਦੀ ਰਹਿੰਦੀ ਹੈ ਤੇ ਸੁਰਤੀ ਰਾਹੀਂ ਉਨ੍ਹਾਂ ਨੂੰ ਅਜਿਹੀਆਂ ਥਾਵਾਂ ਦੇਖਣ ਦੇ ਅਨੁਭਵ ਹੁੰਦੇ ਰਹਿੰਦੇ ਹਨ।

ਤੇਰੇ ਸੁਰਤ-ਉਛਾਲੇ ਤੈਨੂੰ ਖਿੱਦੂ ਜਿਉਂ ਬੁੜਕਾਵਨ।
ਫਰਸ਼ੋਂ ਚੁੱਕ ਅਰਸ਼ ਵਲ ਤੇਰੇ ਹੰਭਲੇ ਪਏ ਮੁਰਵਾਵਨ।
ਕਿਸੇ ਉਛਾਲੇ ਸਮੇ ਅਰਸ਼ ਦੇ ਆ ਗਈ ਹੱਥ ਕਲਾਈ।
ਖਿੱਚ ਉਤਾਹਾਂ ਲਿਆ ਤੁਧੇ ਨੂੰ ਬਾਗ ਆਪਣੇ ਲਾਵਨ।


ਭਾਈ ਵੀਰ ਸਿੰਘ

ਸੰਤ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੀ ਸੁਰਤੀ ਦੇ ਉਛਾਲਿਆਂ ਨਾਲ ਅਰਸ਼ਾਂ ਦੇ ਵਾਲੀ ਦੇ ਬਾਗ ਵਿਚ ਜਾ ਪਹੁੰਚੇ। ਉਥੇ ਉਨ੍ਹਾਂ ਨੇ ਭੂਤ ਭਵਿੱਖ ਤੇ ਵਰਤਮਾਨ ਸਮੇ ਦੀ ਸੈਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦਾ ਤਪ-ਸਥਾਨ

ਦੇਖਿਆ।ਦ੍ਰਿਸ਼ਟਾਂਤ ਦੇਖਣ ਦੇ ਪਿੱਛੋਂ ਉਨ੍ਹਾਂ ਨੇ ਸਪਤ ਸ੍ਰਿੰਗ ਦੇ ਵਿਚਕਾਰ ਸਜੇ ਅੰਮ੍ਰਿਤ ਕੁੰਡ ਦੀ ਖੋਜ ਕਰਨੀ ਚਾਹੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦੇ ਤਪਸਥਾਨ ਦੀ ਵਾਰਤਾ ਪੜ੍ਹ ਕੇ ਅਤੇ ਆਪਣੇ ਰੂਹਾਨੀ ਅਨੁਭਵ ਨਾਲ ਭਾਈ ਸਾਹਿਬ ਨੇ ਜੋ ਦੇਖਿਆ ਉਸਦਾ ਥਹੁ ਪਤਾ ਦੱਸ ਕੇ,ਉਨ੍ਹਾਂ ਨੇ ਸੰਤ ਸੋਹਣ ਸਿੰਘ ਜੀ ਨੂੰ ਹੇਮਕੁੰਟ ਸਾਹਿਬ ਦੀ ਖੋਜ ਕਰਨ ਲਈ ਭੇਜਿਆ।ਜਦੋਂ ਸੰਤ ਸੋਹਣ ਸਿੰਘ ਜੀ ਪੂਰੀ ਲਗਨ ਅਤੇ ਹਿੰਮਤ ਨਾਲ ਖੋਜ ਕਰਕੇ ਸਪਤਸ੍ਰਿੰਗ ਦੀ ਵਾਦੀ ਲੱਭਣ ਵਿਚ ਕਾਮਯਾਬ ਹੋ ਗਏ ਤਾਂ ਭਾਈ ਸਾਹਿਬ ਨੇ ਮਾਇਆ ਭੇਟ ਕਰਕੇ ਸਭ ਤੋਂ ਪਹਿਲੇ ਇਕ ਕਮਰੇ ਦੀ ਸੇਵਾ ਕਰਵਾਈ ਤੇ ਹਿਮਾਲਾ ਦੀਆਂ ਬਰਫੀਲੀ ਚੋਟੀਆਂ ਉਪਰ ਖਾਲਸਾ ਪੰਥ ਦਾ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ।

ਬਾਬਾ ਮੋਦਨ ਸਿੰਘ ਵਰਗੇ ਗੁਰੂ ਘਰ ਦੇ ਸੇਵਕਾਂ ਦੀ ਸਖਤ ਘਾਲਣਾ ਅਤੇ ਸੱਚੀ ਲਗਨ ਨਾਲ ਹੇਮਕੁੰਟ ਸਾਹਿਬ ਦੇ ਗੁਰਦਵਾਰਿਆਂ ਦੀ ਸੇਵਾ ਹੋਈ।ਉਨ੍ਹਾਂ ਨੇ ਇਥੇ ਚਿਰੰਜੀਵੀ ਰਾਜ-ਰਿਸ਼ੀਆਂ ਦੇ ਦਰਸ਼ਨ ਵੀ ਕੀਤੇ।ਜਿਹੜੇ ਇੰਨ੍ਹਾਂ ਬਰਫੀਲੀਆਂ ਚੋਟੀਆਂ ਉਤੇ ਨੰਗੇ ਹੀ ਰਹਿੰਦੇ ਹਨ।ਲੰਮੀਆਂ ਉਮਰਾਂ ਵਾਲਿਆਂ ਦੇ ਸਰੀਰ ਉਤੇ ਚਿੱਟੇ ਰੋਮ ਸੋਂਭਦੇ ਹਨ।ਰੂਹਾਨੀ ਤਾਕਤਾਂ ਦੇ ਮਾਲਿਕ ਜਦੋਂ ਕਿਸੇ ਨੂੰ ਮੇਹਰ ਭਰੀ ਨਜ਼ਰ ਨਾਲ ਤੱਕ ਲੈਣ ਤਾਂ ਉਨ੍ਹਾਂ ਦੇ ਕਾਰਜ




ਸੰਵਰ ਜਾਂਦੇ ਹਨ।ਹੇਮਕੁੰਟ ਸਾਹਿਬ ਪਹੁੰਚ ਕੇ ਜਦੋਂ **ਸੰਤ ਸੋਹਣ ਸਿੰਘ ਜੀ** ਨੇ ਸਰੋਵਰ ਵਿਚ ਇਸ਼ਨਾਨ ਕਰਕੇ ਪਾਠ ਕੀਤਾ ਤਾਂ ਉਨ੍ਹਾਂ ਦੇ ਮਨ ਵਿਚ ਸ਼ੰਕਾ ਪੈਦਾ ਹੋਈ ਕਿ ਕੀ ਇਹੋ ਹੀ ਸਪਤਸ੍ਰਿੰਗ ਦੀ ਵਾਦੀ ਹੈ?ਤਦ ਦਿਲਾਂ ਦੀਆਂ ਬੁੱਝਣ ਵਾਲਾ ਇਕ ਰਾਜ ਰਿਸ਼ੀ ਉਥੇ ਆਣ ਪਹੁੰਚਾ।ਉਸ ਨੇ ਹੱਥ ਉਪਰ ਕਰਕੇ ਸੰਤ ਜੀ ਨੂੰ ਅਸ਼ੀਰਵਾਦ ਦਿੱਤਾ ਤੇ ਕਿਹਾ ਕਿ ਇਹੀ ਦੁਸ਼ਟ ਦਮਨ ਦਾ ਤਪ ਅਸਥਾਨ ਹੈ।

*******************

# ਪਹਾੜਨ

**ਸਰਦਾਰ ਜੁਗਿੰਦਰ ਸਿੰਘ ਮਾਨ** ( ਹੇਮਕੁੰਟ ਸਾਹਿਬ ਟਰਸਟ ਦੇ ਪੂਰਬਲੇ ਪਰਧਾਨ ਅਤੇ ਸਰਦਾਰ ਸਿਮਰਨ ਜੀਤ ਸਿੰਘ ਮਾਨ ਦੇ ਪਿਤਾ) ਅਤੇ ਉਨ੍ਹਾਂ ਦੀ ਪਤਨੀ ਨੂੰ ਇਕ ਵਾਰੀ ਪਹਾੜਨ ਦੇ ਰੂਪ ਵਿਚ ਦਰਸ਼ਨ ਹੋਏ।ਉਨ੍ਹਾਂ ਦਿਨਾ ਵਿਚ ਹੇਮ ਕੁੰਟ ਸਾਹਿਬ ਦੇ ਗੁਰਦੁਆਰੇ ਬਣੇ ਨਹੀਂ ਸਨ।ਸਰੋਵਰ ਦੇ ਕੰਢੇ ਇਕ ਛੋਟਾ ਜਿਹਾ ਕਮਰਾ ਹੀ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਨਹੀਂ ਸੀ ਤੇ ਆਵਾ ਜਾਈ ਨਾ ਹੋਣ ਕਰਕੇ ਕੋਈ ਰਸਤਾ ਵੀ ਬਣਿਆ ਹੋਇਆ ਨਹੀਂ ਸੀ।ਮਾਨ ਸਾਹਿਬ ਦੀ ਪਤਨੀ ਨੇ  ਗੋਬਿੰਦ ਧਾਮ ਤੋਂ ਬੜੀ ਸ਼ਰਧਾ ਨਾਲ ਕੜ੍ਹਾ ਪ੍ਰਸ਼ਾਦ ਬਣਾ ਕੇ ਨਾਲ ਲਿਆ ਤੇ ਬਾਬਾ ਨੰਦਾ ਸਿੰਘ (ਨੇੜੇ ਦੇ ਪਿੰਡ ਵਿਚ ਰਹਿਣ ਵਾਲਾ ਇਕ ਸ਼ਰਧਾਲੂ ਪਹਾੜੀਆ) ਕੋਲੋਂ ਰਸਤਾ ਪੁੱਛ ਕੇ ਦੋਨੋ ਪਤੀ ਪਤਨੀ ਹੇਮ ਕੁੰਟ ਸਾਹਿਬ ਦੇ ਰਾਹੇ ਪਏ।ਔਖੀਆਂ ਘਾਟੀਆਂ ਵਿਚ ਆਪਣਾ ਰਸਤਾ ਆਪ ਬਣਾਉਂਦੇ ਹੋਏ ਉਹ ਉਪਰ ਪਹੁੰਚੇ।ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਪ੍ਰੇਮ ਵੈਰਾਗ ਭਰੇ ਹਿਰਦਿਆਂ ਨਾਲ ਅਰਦਾਸ ਕੀਤੀ।ਸਪਤ ਸ੍ਰਿੰਗ ਦੀ ਸੁੰਦਰਤਾ ਨੂੰ ਰੱਜ ਕੇ ਨਿਹਾਰਿਆ।ਆਪਣੇ ਆਪ ਨੂੰ ਭਾਗਾਂ ਵਾਲੇ ਸਮਝ ਕੇ ਸੋਚ ਰਹੇ ਸੀ ਕਿ ਉਹ ਉਸ ਪਵਿੱਤਰ ਥਾਂ ਦੇ ਦਰਸ਼ਨ ਕਰ ਰਹੇ ਹਨ ਜਿਥੇ ਬੈਠ ਕੇ ਸਾਡੇ ਮਹਾਂ-ਤਪੱਸਵੀ ਸਤਿਗੁਰਾਂ ਨੇ ਪੂਰਬਲੇ ਜਨਮ ਵਿਚ ਜੁਗਾਂ-ਜੁਗਾਂਤਰਾਂ ਦੀ ਘੋਰ ਤਪੱਸਿਆ ਕਰਕੇ ਆਪਣੀ 'ਮੈ' ਨੂੰ ਗੁਆ ਕੇ 'ਤੂੰ ਹੀ...! ਤੂੰ ਹੀ....!' ਕਰਦਿਆਂ ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕੀਤੀ ਸੀ।ਉਹ ਇਹੋ ਸਵਰਗੀ ਥਾਂ ਹੈ,ਜਿਥੇ ਬੈਠਿਆਂ ਸਾਡੇ ਪਿਆਰੇ ਪਾਤਿਸ਼ਾਹ ਦੀ ਸੁਰਤੀ ਪ੍ਰਭੂ-ਚਰਨਾ ਵਿਚ ਚੁੱਭੀ ਹੋਈ ਸੀ।

**ਚਿਤ ਨਾ ਭਇਓ ਹਮਰੋ ਆਵਨ ਕਹ॥**
**ਚੁਭੀ ਰਹੀ ਸਰੁਤ ਪ੍ਰਭ ਚਰਨਨ ਮਹਿ॥**

ਤਪ-ਸਥਾਨ ਦੀ ਛੋਹ ਪਾ ਕੇ, ਨਾਮ ਬਾਣੀ ਦੇ ਰਸੀਏ ਮਾਨ ਸਾਹਿਬ ਦੀ ਸੁਰਤੀ ਨੇ ਉਛਾਲੇ ਖਾਧੇ।ਉਹ ਲੋਰ ਵਿਚ ਆ ਕੇ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਲੀਨ ਹੋ ਕੇ ਬਚਿਤ੍ਰ ਨਾਟਕ ਵਿਚ ਲਿਖਿਆ ਹੋਇਆ ਸ਼ਬਦ ਦਾ ਉਚਾਰਨ ਕਰਨ ਲੱਗ ਪਏ;-

**ਹੇਮ ਕੁੰਟ ਪ੍ਰਬਤ ਹੈ ਜਹਾਂ ॥**
**ਸਪਤ ਸ੍ਰਿੰਗ ਸੋਭਿਤ ਹੈ ਤਹਾਂ॥**

ਮਾਨ ਸਾਹਿਬ  ਦੀ ਪਤਨੀ ਨੂੰ ਪਹਾੜਾਂ ਦੇ ਵਿਚਕਾਰ ਖੱਡ ਪ੍ਰਕਾਸ਼ ਨਾਲ ਭਰੀ ਹੋਈ ਦਿਖਾਈ ਦਿਤੀ।ਜਦੋਂ ਵਾਪਿਸ ਪਰਤਣ ਲੱਗੇ ਤਾਂ ਉਨ੍ਹਾਂ ਦੇ ਮਨ ਵਿਚ ਆਇਆ ਕਿ ਹੁਣ ਪ੍ਰਸ਼ਾਦ ਦਾ ਕੀ ਕੀਤਾ ਜਾਵੇ?ਕੋਈ ਹੋਰ ਤਾਂ ਉਥੇ ਹੈ ਨਹੀ ਸੀ ਜਿਸ ਨੂੰ ਵਰਤਾਇਆ ਜਾ ਸਕਦਾ।ਉਦੋਂ ਉਥੇ ਕੋਈ ਸੇਵਾਦਾਰ ਭੀ ਨਹੀਂ ਸੀ ਹੁੰਦਾ।ਕਿਸੇ ਨੂੰ ਦੇਣ ਦੀ ਇੱਛਾ ਨਾਲ ਉਨ੍ਹਾਂ ਪ੍ਰਸ਼ਾਦ ਆਪਣੇ ਨਾਲ ਹੀ ਲੈ ਲਿਆ ਤੇ ਵਾਪਿਸ ਤੁਰ ਪਏ।ਥੋੜੀ ਦੂਰ ਹੀ ਗਏ ਸੀ ਕਿ ਰਸਤਾ ਭੁੱਲ ਗਏ। ਕੁਝ ਪਤਾ ਨਾ ਲੱਗੇ ਕਿ ਕਿੱਧਰ ਨੂੰ ਜਾਣਾ ਹੈ।ਤਦ ਉਨ੍ਹਾਂ ਨੂੰ ਇਕ ਪਹਾੜਨ ਮਿਲੀ।ਮਿਠੀਆਂ ਮਿਠੀਆਂ ਮੁਸਕ੍ਰਾਹਟਾਂ ਦਿੰਦੀ ਹੋਈ ਨੇ ਰਸਤਾ ਦੱਸਿਆ।ਤੇ  ਬੜੇ ਪ੍ਰੇਮ ਸਤਿਕਾਰ ਨਾਲ ਪ੍ਰਸ਼ਾਦ ਲਿਆ।ਪ੍ਰਸ਼ਾਦ ਵਰਤਾ ਕੇ ਮਾਨ ਸਾਹਿਬ ਦੀ ਪਤਨੀ ਨੂੰ ਅਜੀਬ ਖੁਸ਼ੀ ਹੋਈ।ਰਸਤਾ ਦੱਸਣ ਲਈ ਪਹਾੜਨ ਦਾ ਧੰਨਵਾਦ ਕਰਕੇ ਉਨ੍ਹਾਂ ਦੋ ਕਦਮ ਚੱਲ ਕੇ ਪਿੱਛੇ ਦੇਖਿਆ ਤਾਂ ਉਥੇ ਕੋਈ ਵੀ ਨਹੀਂ ਸੀ।ਪਹਾੜਨ ਤਾਂ ਦਾਤੇ ਦੀ ਗੁਹਜ-ਕਲਾ ਦੀ ਅਗੰਮੀ ਖੇਡ ਸੀ।



**ਸ੍ਰੀ ਹੇਮਕੁੰਟ ਸਾਹਿਬ ਦੀ ਪੁਰਾਣੀ ਦਸਵੀਰ**

*******************

# ਬਾਜਾਂ ਵਾਲਾ ਤਾਂ ਮੇਰੇ ਕੋਲ ਹੈ

ਅਚਾਨਕ ਬਰਫ ਪੈਣ ਨਾਲ ਹੇਮਕੁੰਟ ਸਾਹਿਬ ਜਾਣ ਵਾਲਾ ਰਸਤਾ ਬੰਦ ਹੋ ਗਿਆ।ਮਾਤਾ ਰਾਮ ਕੌਰ ਜੀ ਬੀਬੀ ਗੁਰਦੀਪ ਕੌਰ ਜੀ ਅਤੇ ਹੋਰ ਸਿਖ ਸੰਗਤਾਂ ਗੋਬਿੰਦ ਧਾਮ ਵਿਖੇ ਰਸਤਾ ਸਾਫ ਹੋਣ ਦੀ ਇੰਤਜ਼ਾਰ ਕਰਨ ਲੱਗੀਆਂ।ਦੋ ਦਿਨ ਬੀਤ ਗਏ ਪਰ ਮੌਸਮ ਨੇ ਅੱਗੇ ਜਾਣ ਦੀ ਆਗਿਆ ਨਾ ਦਿੱਤੀ।ਤੀਜੇ ਦਿਨ ਅੰਮ੍ਰਿਤ ਵੇਲੇ ਦੇ ਕੀਰਤਨ ਪਿਛੋਂ ਮਾਤਾ ਰਾਮ ਕੌਰ ਜੀ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਇਆ ਕਿਹਾ,"ਸਤਿਗੁਰਾਂ ਦਾ ਹੁਕਮ ਹੋ ਗਿਆ ਹੈ ਕਿ ਸੰਗਤ ਹੇਮਕੁੰਟ ਸਾਹਿਬ ਜੀ ਦੇ ਦਰਸ਼ਨਾਂ ਲਈ ਤੁਰ ਪਏ।ਜਦੋਂ ਮਾਤਾ ਜੀ ਕੋਲੋਂ ਪੁੱਛਿਆ ਗਿਆ ਕਿ ਰਾਤੋਂ ਰਾਤ ਰਸਤੇ ਕਿਸ ਤਰ੍ਹਾਂ ਸਾਫ ਹੋ ਗਏ ਹਨ ਤਾਂ ਮਾਤਾ ਜੀ ਨੇ ਸੰਤਾਂ ਦੇ ਕਾਰਜ ਆਪ ਖਲੋਣ ਵਾਲੇ ਸੱਚੇ ਪਾਤਿਸ਼ਾਹ ਦੀਆਂ ਲੱਖ ਲੱਖ ਵਡਿਆਈਆਂ ਕਰਦਿਆਂ ਦੱਸਿਆ ਕਿ ਸੱਚੇ ਪ੍ਰੀਤਮ ਨੇ ਸ਼ਹੀਦਾਂ ਸਿੰਘਾਂ ਕੋਲੋਂ ਰਸਤੇ ਸਾਫ ਕਰਵਾ ਦਿੱਤੇ ਹਨ,ਸੋ ਸੰਗਤਾਂ ਹੁਣ ਹੇਮਕੁੰਟ ਸਾਹਿਬ ਦੀ ਯਾਤਰਾ ਕਰਕੇ ਖੁਸ਼ੀਆਂ ਨਾਲ ਝੋਲੀਆਂ ਭਰ ਸਕਦੀਆਂ ਹਨ।ਸੰਗਤਾਂ ਵਿਚੋਂ ਨਿਰਾਸ਼ਾ ਦੇ ਬੱਦਲ ਉਡ ਗਏ।ਆਸਾਂ ਦੀਆਂ ਕਿਰਨਾਂ ਦੇ ਖੇੜੇ ਦਾ ਮੀਂਹ ਵਰ੍ਹਨ ਲੱਗਾ।ਚਾਵਾਂ ਸੱਧਰਾਂ ਨਾਲ ਭਰੀਆਂ ਸੰਗਤਾਂ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਈਆਂ।

ਮਾਤਾ ਰਾਮ ਕੌਰ ਜੀ ਦੀ ਗੱਲ ਸੋਲਾਂ ਆਨੇ ਸੱਚੀ ਨਿੱਕਲੀ।ਆਲੇ ਦੁਆਲੇ ਛੇ ਛੇ ਫੁੱਟ ਉਚੀ ਬਰਫ ਦੀਆਂ ਲੰਬੀਆਂ ਕਤਾਰਾਂ ਸਨ ਅਤੇ ਵਿਚਕਾਰ ਸੰਗਤ ਦੇ ਚੱਲਣ ਜੋਗਾ ਰਸਤਾ ਸਾਫ ਕੀਤਾ ਹੋਇਆ ਸੀ।ਇਕ ਥਾਂ ਬਰਫ ਦਾ ਬਹੁਤ ਸੋਹਣਾ ਦਰਵਾਜ਼ਾ ਅਤੇ ਦਰਵਾਜ਼ੇ ਦੇ ਨਾਲ ਸਿਰ ਉਤੇ ਇਕ ਛੱਤਾ ਬਣਿਆ ਹੋਇਆ ਸੀ।ਬਰਫ ਦੇ ਇਸ ਸੁਆਗਤੀ ਦਰਵਾਜ਼ੇ ਵਿਚੋਂ ਸਾਰੀ ਸੰਗਤ ਉਸ ਕਾਰੀਗਰ ਦੀ ਮੇਹਰ ਦੇ ਕਰਿਸ਼ਮੇ ਨਾਲ ਹੈਰਾਨ ਹੁੰਦੀ ਹੋਈ ਲੰਘੀ।ਇਸ ਰਸਤੇ ਉਤੇ ਪੈਰ ਧਰਦਿਆਂ ਸ਼ਹੀਦਾਂ ਸਿੰਘਾਂ ਦੀ ਕਮਾਈ ਅਤੇ ਸੱਚੇ ਪਾਤਿਸ਼ਾਹ ਦੀ ਖਾਤਰਦਾਰੀ, ਦਾ ਅਹਿਸਾਸ ਹੋ ਰਿਹਾ ਸੀ, ਉਸ ਆਪਣੇ ਦੀ ਅਪਣੱਤ ਨਾਲ ਦਿਲ ਭਰਦਾ ਜਾਂਦਾ ਸੀ ।

ਆਲੇ ਦੁਆਲੇ ਦੂਰ ਦੂਰ ਤਕ ਵਸਦੇ ਟਾਂਵੇਂ ਟਾਂਵੇਂ ਪਹਾੜੀ ਲੋਕਾਂ ਨੂੰ ਕੁਝ ਪਤਾ ਹੀ ਨਾ ਲੱਗਾ ਕਿ ਰਾਤੋਂ ਰਾਤ ਰਸਤੇ ਸਾਫ ਕਿਵੇਂ ਹੋ ਗਏ।ਇਹ ਤਾਂ ਸਿਰਫ ਮਾਤਾ ਰਾਮ ਕੌਰ ਜੀ ਹੀ ਜਾਣਦੇ ਸਨ ਕਿ ਉਨ੍ਹਾਂ ਦਾ ਪਿਆਰਾ ਕਿਵੇਂ  ਸੰਗਤ ਦੇ ਰਸਤੇ ਸਾਫ ਕਰਵਾ ਕੇ ਪ੍ਰੇਮ ਮਹਿਕਾਂ

ਦੀ ਧੂਫ ਧੁਖਾਉਂਦਾ ਹੈ ਅਤੇ ਘਰ ਆਇਆ ਦੀ ਪਰਾਹੁਣਾਚਾਰੀ ਲਈ ਕੀ ਕੀ ਘਾਲਣਾ ਘਾਲਦਾ ਹੈ।

ਸ਼ਹੀਦਾਂ ਸਿੰਘਾਂ ਦੀ ਕਮਾਈ ਨਾਲ ਤਿਆਰ ਕੀਤੇ ਰਸਤੇ ਉਤੇ ਚਲਦਿਆਂ ਬੀਬੀ ਗੁਰਦੀਪ ਕੌਰ ਜੀ ਦੇ ਰੋਮ ਰੋਮ ਵਿਚੋਂ ਰੰਗਲੀਆਂ ਚਾਲਾਂ ਚੱਲਣ ਵਾਲੇ ਰੰਗਲੇ ਕੰਤ ਦੀਆਂ ਪ੍ਰੇਮ ਝਰਨਾਹਟਾਂ ਛਿੜ ਰਹੀਆਂ ਸਨ।ਕਲਗੀਧਰ ਦੇ ਪ੍ਰੇਮ ਵਿਚ ਹੰਝੂਆਂ ਦੇ ਹਾਰ ਪ੍ਰੋਂਦਿਆਂ ਉਹ ਉਨ੍ਹਾਂ ਰਾਹਾਂ ਤੋਂ ਕੁਰਬਾਨ ਹੋਈ ਜਾ ਰਹੇ ਸਨ।ਪ੍ਰੇਮ-ਉਮਾਹ ਦੀਆਂ ਛੱਲਾਂ ਠੱਲ੍ਹੀਆਂ ਨਹੀਂ ਸੀ ਜਾ ਰਹੀਆਂ।ਮੇਹਰਾਂ ਵਾਲੇ ਦੇ ਚਰਨਾਂ ਵਿਚ ਆਪਣਾ ਆਪਾ ਵਿਛਾ ਕੇ ਰੱਜ ਨਹੀਂ ਸੀ ਆ ਰਿਹਾ।ਗੋਬਿੰਦ ਧਾਮ ਤੋਂ ਅੱਗੇ ਰਸਤੇ ਵਿਚ ਇਕ ਛੋਟੀ ਜਿਹੀ ਚਾਹ ਦੀ ਦੁਕਾਨ ਉਤੇ ਸੇਬ ਪਏ ਸਨ।ਸਾਰਿਆਂ ਨੇ ਆਪਣੇ ਆਪਣੇ ਖਾਣ ਲਈ ਸੇਬ ਖਰੀਦ ਲਏ।ਬੀਬੀ ਗੁਰਦੀਪ ਕੌਰ ਜੀ ਨੇ ਵੀ ਸੇਬ ਖਰੀਦੇ।ਦੁਕਾਨ ਵਾਲੇ ਨੂੰ ਕਹਿ ਕੇ ਬੀਬੀ ਜੀ ਨੇ ਸੇਬ ਦੀਆਂ ਫਾੜੀਆ ਕਰਵਾ ਕੇ ਇਕ ਸਾਫ ਸੁਥਰੇ ਰੁਮਾਲ ਵਿਚ ਲਪੇਟ ਲਈਆਂ।ਅੱਗੇ ਚਲਦੇ ਹੋਏ ਉਹ ਸੋਚਣ ਲੱਗੇ ਕਿ ਸੰਗਤਾਂ ਨੇ ਆਪਣੇ ਖਾਣ ਲਈ ਤਾਂ ਸੇਬ ਖਰੀਦ ਲਏ ਹਨ ਪਰ ਦਾਤਾਰ ਪਿਤਾ ਦੇ ਚਰਨਾਂ ਵਿਚ ਭੇਟ ਕਰਨ ਲਈ ਕੁਝ ਵੀ ਨਹੀਂ ਲਿਆ।ਉਹ ਦਇਆ ਦੀ ਖਾਣ, ਸਤਿਗੁਰੂ ਜੋ ਐਨਾ ਮਿਹਰਵਾਨ ਹੋ ਹੋ ਬਹੁੜਦਾ ਹੈ ਉਸਦੀ ਸੇਵਾ ਵਿਚ ਕੜਾਹ ਪਰਸ਼ਾਦ ਦੀ ਦੇਗ ਵੀ ਹਾਜ਼ਰ ਨਹੀਂ ਹੋ ਸਕੇਗੀ।

ਪ੍ਰੇਮ-ਰੰਗ ਵਿਚ ਰੰਗੀਜੇ ਦਿਲ ਨਾਲ ਉਹ ਹੇਮਕੁੰਟ ਸਾਹਿਬ ਪਹੁੰਚੇ।ਅੰਮ੍ਰਿਤ-ਕੁੰਡ ਵਿਚ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਜਾ ਬੈਠੇ।ਦਿਲ ਦੀ ਸੇਜਾ ਉੱਤੇ ਕਿਰਪਾ ਨਿਧਾਨ, ਰੰਗਲੇ ਸਜਨ ਨੂੰ ਬਿਠਾ ਕੇ ਪ੍ਰੇਮ ਵਹਿਣਾ ਵਿਚ ਵਹਿੰਦੇ ਹੋਏ ਕਹਿੰਦੇ:- ''ਦਾਤਾ ! ਮੈਂ ਤੈਨੂੰ ਮਿਲਣ ਆਈ ਹਾਂ ਸੱਚਿਆ ਸਾਈਆਂ ! ਤੂੰ ਆਪਣੇ ਲੜ ਲਗਾ ਲੈ।ਮਹਾਂ ਦਿਆਲੂਆ ! ਮੈਂ ਤੇਰੇ ਚਰਨਾ ਵਿਚ ਪਈ ਹਾਂ...!ਮੇਹਰਾਂ ਵਾਲੜਿਆ ! ਮੇਰੇ ਸੋਹਣੇ ਪ੍ਰੀਤਮਾ! ਮੈਂ ਜਾਣਦੀ ਹਾਂ ਕਿ ਮੈਂ ਬੜੀ ਮੈਲੀ ਕੁਚੈਲੀ ਹਾਂ..! ਪਰ ਜਿਹੋ ਜਿਹੀ ਵੀ ਹਾਂ... ! ਤੇਰੀ ਹਾਂ...!ਸਿਰਫ ਤੇਰੀ ਹਾਂ... ! ਤੇਰੇ ਚਰਨਾਂ ਵਿਚ ਡਿੱਗੀ ਹਾਂ ਮੇਰੇ ਪ੍ਰੀਤਮਾ ! ਮੈਨੂੰ - ਆਪਣੀ ਜਾਣ ਕੇ ਦਰਸ ਦਿਖਾ..! ਆਪਣੇ ਚਰਨਾਂ ਦੀ ਛੁਹ ਬਖਸ਼...। ਮੈਂ ਨਿਕੰਮੀ ਤਾਂ ਤੇਰੇ ਲਈ ਪ੍ਰਸ਼ਾਦ ਵੀ ਨਹੀਂ ਲਿਆ ਸਕੀ, ਜੋ ਕੁਝ ਵੀ ਮੇਰੇ ਕੋਲ ਹੈ ਤੂੰ ਕਬੂਲ ਕਰ।'' ਇਹ ਕਹਿੰਦਿਆਂ ਉਨ੍ਹਾਂ ਨੇ ਲੰਬੀ ਬਾਂਹ ਕਰਕੇ ਸੇਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੀੜ੍ਹਾ ਸਾਹਿਬ ਥੱਲੇ ਰੱਖ ਦਿੱਤਾ।

ਚੋਜੀ ਪ੍ਰੀਤਮ ਦੀ ਯਾਦ ਵਿਚ ਗੁਆਚੇ ਹੋਏ ਬੀਬੀ ਜੀ ਮਦਹੋਸ਼ੀ ਜਿਹੀ ਦੀ ਹਾਲਤ ਵਿਚ ਸੀ।ਹੰਝੂ ਕੇਰ ਕੇਰ ਉਹ ਆਪਣੇ ਪ੍ਰੀਤਮ ਨੂੰ ਦਿਲ ਦੇ ਦੁੱਖੜੇ ਸੁਣਾ ਰਹੇ ਸੀ।ਬਿਰਹੋਂ

ਸੱਲੜੇ ਸੀਨੇ ਦੇ ਜ਼ਖਮ ਦਿਖਾ ਰਹੇ ਸੀ। ਦੁਨੀਆਂ ਦੀ ਕੋਈ ਪ੍ਰਵਾਹ ਨਹੀਂ ਸੀ, ਸਿਰਫ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਡੁੱਬੇ ਹੋਏ ਸਨ। ਦਿਲ ਦੀਆਂ ਤੰਦਾਂ ਵਿਚ ਬੰਨ੍ਹੀ ਹੋਈ ਬਿਰਹੜੇ ਦੀ ਗੰਢ ਫਰੋਲ ਕੇ ਆਪਣੇ ਪਿਆਰੇ ਅੱਗੇ ਹੰਝੂਆਂ ਦੇ ਪ੍ਰੇਮ-ਰਤਨ ਭੇਟ ਕਰ ਰਹੇ ਸੀ। ਦੀਵਾਨਗੀ ਦੇ ਸੁੱਚੇ ਨਗਾਂ ਦੀ ਲਿਸ਼ਕੋਰ ਨਾਲ ਅੰਤਾਂ ਦੇ ਪਿਆਰੇ ਪ੍ਰੀਤਮ ਨੂੰ ਰੀਝਾ ਰਹੇ ਸਨ।

ਜਦੋਂ ਲੰਬੀ ਬਾਂਹ ਕਰ ਕੇ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੇਠੋਂ ਸੇਬ ਚੁੱਕਿਆ ਤਾਂ ਰੁਮਾਲ ਦੀਆਂ ਗੰਢਾਂ ਖੁਲ੍ਹੀਆਂ ਹੋਈਆਂ ਸਨ ਅਤੇ ਸੇਬ ਵੀ ਪਹਿਲਾਂ ਨਾਲੋਂ ਤਕਰੀਬਨ ਅੱਧਾ ਕੁ ਰਹਿ ਗਿਆ ਸੀ। ਬੀਬੀ ਜੀ ਜਾਣ ਗਏ ਕਿ ਸੱਚੇ ਸਾਹਿਬ ਦੇ ਦਰ ਉਤੇ ਉਨ੍ਹਾਂ ਦੀ ਭੇਟ ਕਬੂਲ ਹੋ ਚੁੱਕੀ ਹੈ।

ਬਾਹਰੋਂ ਸੰਗਤਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ, ''ਬਾਜ ਆਇਆ...ਔਹ.,. ਦੇਖੋ ਬਾਜ...!'' ਪਰ ਬੀਬੀ ਜੀ ਬਾਜ ਦੇਖਣ ਨਾ ਉੱਠੇ...! ਉੱਥੇ ਹੀ ਬੈਠੇ ਰਹੇ-ਤੇ ਕਹਿਣ ਲੱਗੇ ਕਿ **ਬਾਜਾਂ ਵਾਲਾ ਤਾਂ ਮੇਰੇ ਕੋਲ ਹੈ।** ਉਹ ਤਾਂ ਮੇਰੀ ਭੇਟ ਕਬੂਲ ਕਰ ਰਿਹਾ ਹੈ। ਮੈਂ ਬਾਜ ਦੇਖਣ ਕਾਹਦੇ ਲਈ ਜਾਵਾਂ?

ਦਾਤਾਰ ਪਿਤਾ ਨਾਲ ਰੱਜ ਰੱਜ ਗੱਲਾਂ ਕਰਨ ਪਿਛੋਂ ਉਹ ਉਠ ਕੇ ਸ਼ੁਕਰਾਨੇ ਦੀ ਅਰਦਾਸ ਕਰਨ ਲੱਗੇ।

**"ਚਤੁਰ ਦਿਸਾ ਕੀਨੋ ਬਲੁ ਅਪਨਾ॥ ਸਿਰ ਊਪਰਿ ਕਰੁ ਧਾਰਿਓ॥**
**ਕ੍ਰਿਪਾ ਕਟਾਖੁ ਅਵਲੋਕਨ ਕੀਨੋ॥ ਦਾਸ ਕਾ ਦੂਖੁ ਬਿਦਾਰਿਓ॥**
**ਹਰਿ ਜਨ ਰਾਖੇ ਗੁਰ ਗੋਵਿੰਦ॥**
**ਕੰਠਿ ਲਾਇ ਅਵਗੁਣ ਸਭਿ ਮੇਟੇ॥ ਦਇਆਲ ਪੁਰਖ ਬਖਸੰਦ॥ ਰਹਾਉ ॥**
**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੬੮੧)**

ਕੰਠ ਲਗਾਉਣ ਵਾਲੇ ਬਖਸ਼ਿੰਦ ਪ੍ਰੀਤਮ ਦੇ ਚਰਨਾਂ ਵਿਚ ਅੱਖੀਆਂ ਮੀਟੀ ਜੋਦੜੀਆਂ ਕਰ ਰਹੇ ਸਨ ਕਿ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦੇ ਸਿਰ ਉਤੇ ਕਿਸੇ ਨੇ ਹੱਥ ਰੱਖਿਆ ਹੈ। ਬੀਬੀ ਜੀ ਸਮਝੇ ਕਿ ਮੇਜਰ ਤੇਜਾ ਸਿੰਘ ਜੀ ਨੇ ਆਪਣਾ ਹੱਥ ਬੀਬੀ ਜੀ ਦੇ ਸਿਰ ਉਤੇ ਰੱਖਿਆ ਹੈ। ਦਾਤੇ ਨਾਲ ਗੱਲੀਂ ਰੁੱਝੇ ਹੋਏ ਬੀਬੀ ਜੀ ਆਪਣੇ ਪਿਆਰੇ ਕੋਲ ਸ਼ਕਾਇਤ ਲਗਾਉਂਦੇ ਹੋਏ ਕਹਿਣ ਲੱਗੇ, ਦਾਤਾ ਜੀ..! ਆਹ ਦੇਖੋ..! ਇਹ ਕਨ੍ਹਈਆਂ ਜੀ ਮੇਰੇ ਸਿਰ ਉਤੇ ਹੱਥ ਰੱਖ ਕੇ ਮੇਰੇ ਰੰਗ ਵਿਚ ਭੰਗ ਪਾਉਂਦੇ ਹਨ। ਇਹਨਾਂ ਨੂੰ ਆਖੋ..!.ਇਹ ਪਰ੍ਹਾਂ ਹਟ

ਜਾਣ...।ਮੈਨੂੰ ਤੁਹਾਡੇ ਨਾਲ ਗੱਲਾਂ ਕਰਨ ਦੇਣ....! ਥੋੜੀ ਦੇਰ ਪਿਛੋਂ ਉਨ੍ਹਾਂ ਨੂੰ ਇੰਜ ਲੱਗਿਆ ਜਿਵੇਂ ਕਿਸੇ ਨੇ ਪਿਆਰ ਨਾਲ ਪਿੰਡਾ ਪਲੋਸ ਕੇ ਲਾਡ ਲਡਾਇਆ ਹੋਵੇ।ਗੁਰ-ਸੰਗਮ ਦੀ ਇਸ ਅਲੋਕਿਕ ਛੋਹ ਨੇ ਉਨ੍ਹਾਂ ਦੇ ਰੋਮ ਰੋਮ ਵਿਚ ਅੰਮ੍ਰਿਤ ਰਸ ਘੋਲ ਦਿੱਤਾ।

ਜਦੋਂ ਬੀਬੀ ਜੀ ਦੀਆਂ ਅੱਖੀਆਂ ਖੁੱਲ੍ਹੀਆਂ ਤਾਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਸਾਹਮਣੇ ਚੁੱਪ ਚਾਪ ਖੜ੍ਹੀਆਂ, ਕੁਝ ਅਨੁਭਵੀ ਜਿੰਦੜੀਆਂ ਉਨ੍ਹਾਂ ਦੇ ਚੇਹਰੇ ਦੇ ਜਲੌ ਜਲਾਲ ਨੂੰ ਰੀਝਾਂ ਨਾਲ ਨਿਹਾਰ ਰਹੀਆਂ ਹਨ।ਬੀਬੀ ਜੀ ਦੇ ਰੋਮ ਰੋਮ ਵਿਚ ਘੁਲੀ ਹੋਈ ਮਿਲਣ-ਰਸ ਦੀ ਸੁਗੰਧੀ ਨੇ ਉਨ੍ਹਾਂ ਨੂੰ ਵੀ ਖਿੜਾਇਆ ਹੋਇਆ ਹੈ।ਸਾਹਮਣੇ ਖੜੀ ਸੰਗਤ ਵਿਚੋਂ ਬੀਬੀ ਜੀ ਨੂੰ ਮੇਜਰ ਤੇਜਾ ਸਿੰਘ ਜੀ ਕਿਧਰੇ ਨਜਰ ਨਾ ਆਏ ਤਾਂ ਉਹ ਸਮਝ ਗਏ ਕਿ ਉਨ੍ਹਾਂ ਦੇ ਸਿਰ ਉਤੇ ਹੱਥ ਰੱਖਣ ਵਾਲਾ ਕੋਈ ਹੋਰ ਨਹੀਂ ਸੀ,ਉਹ ਬੀਬੀ ਜੀ ਦਾ ਆਪਣਾ ਪ੍ਰੀਤਮ ਪਿਆਰਾ ਹੀ ਸੀ।

****************************

# ਬਾਲਾ ਪ੍ਰੀਤਮ

ਕਈ ਵਾਰੀ ਸ਼ਹੀਦ ਸਿੰਘ ਬਾਲ-ਖੇਡਾਂ ਖੇਡਦੇ ਹੋਏ ਸ਼ਰਧਾਲੂਆਂ ਦੇ ਦਿਲ ਲੁਭਾ ਜਾਂਦੇ ਹਨ।ਬਿਖੜੇ ਰਾਹਾਂ ਉਤੇ ਤੁਰੇ ਜਾਂਦੇ ਸ਼ਰਧਾਲੂਆਂ ਦੀ ਮਦਦ ਕਰ ਜਾਂਦੇ ਹਨ।ਨੂਰਾਨੀ ਚੇਹਰਿਆਂ 'ਤੋਂ ਮਿੱਠੀਆਂ ਮੁਸਕਾਨਾਂ ਖਲਾਰਦੇ ਹੋਏ ਦਰਸ਼ਨ ਝਲਕਾਂ ਬਖਸ਼ ਜਾਂਦੇ ਹਨ।ਪਿਆਰ ਵਾਲਿਆਂ ਦੀ ਦਰਸ਼ਨ ਪਿਆਸ ਮਿਟਾਉਣ ਲਈ ਬਾਲਾ ਪ੍ਰੀਤਮ ਬਣ ਕੇ ਆ ਬਹੁੜਦੇ ਹਨ।

ਇਕ ਵਾਰੀ ਹੇਮਕੁੰਟ ਸਾਹਿਬ ਸਰੋਵਰ ਵਿਚ ਬੀਬੀਆਂ ਦੇ ਇਸ਼ਨਾਨ ਘਰ ਵਿਚ ਇਕ ਬੀਬੀ ਇਸ਼ਨਾਨ ਕਰ ਰਹੀ ਸੀ ਕਿ ਖੁਸ਼ੀ ਵਿਚ ਆ ਕੇ ਉਸਨੇ ਉਚੀ ਉਚੀ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ।ਵਾਹਿਗੁਰੂ ਵਾਹਿਗੁਰੂ ਪੁਕਾਰਨ ਲੱਗ ਪਈ।ਉਸ ਕੋਲੋਂ ਆਪਣਾ ਆਪ ਸੰਭਾਲਿਆ ਨਾ ਜਾਵੇ।ਅਜਰ ਨੂੰ ਜਰਨਾ ਔਖਾ ਹੋ ਗਿਆ।ਕੁਝ ਦੇਰ ਪਿਛੋਂ ਜਦੋਂ ਉਸ ਵਿਚ ਆਪਣੇ ਆਪ ਨੂੰ ਸੰਭਾਲਣ ਦੀ ਹਿੰਮਤ ਆਈ ਤਾਂ ਪੁੱਛਣ 'ਤੇ ਉਸਨੇ ਦੱਸਿਆ ਕਿ ਉਸਨੂੰ ਸੁੰਦਰ ਸਰੂਪ ਬਾਲਿਕ ਦੇ ਰੂਪ ਵਿਚ ਦਰਸ਼ਨ ਹੋਏ ਹਨ।ਗੁਰੂ ਪ੍ਰੇਮ ਵਿਚ ਭਿੱਜੀ ਹੋਈ ਨੂੰ **ਬਾਲਾ ਪ੍ਰੀਤਮ** ਦੇ ਰੂਪ ਵਿਚ ਦਰਸ਼ਨ ਦੇ ਕੇ ਉਸਦੀ ਆਸ ਪੂਰੀ ਕੀਤੀ।

******************

# ਚਾਂਦੀ ਦਾ ਗਲਾਸ

ਬੀਬੀ ਗੁਰਦੀਪ ਕੌਰ ਜੀ ਨੇ ਉਨ੍ਹਾਂ ਦਿਨਾਂ ਵਿਚ ਹੇਮਕੁੰਟ ਸਾਹਿਬ ਦੀ ਯਾਤਰਾ ਕਰਨੀ ਅਰੰਭ ਕੀਤੀ ਜਿਨ੍ਹਾਂ ਦਿਨਾਂ ਵਿਚ ਰਸਤੇ ਬਣੇ ਹੋਏ ਨਹੀਂ ਸੀ ਪਰ ਸਿਦਕ ਵਾਲਿਆਂ ਨੂੰ ਬਿੱਖੜੇ ਪੈਂਡਿਆਂ ਦੇ ਕੰਡੇ ਵੀ ਫੁੱਲਾਂ ਵਾਂਗੂੰ ਜਾਪਦੇ ਸੀ।ਬਾਬਾ ਨੰਦਾ ਸਿੰਘ ਜੀ ਦੀ ਮਦਦ ਨਾਲ ਰਸਤਾ ਲੱਭਦੇ ਹੋਏ, ਬੀਬੀ ਜੀ ਆਪਣੇ ਸਾਥੀਆਂ ਨਾਲ ਹੇਮਕੁੰਟ ਪਹੁੰਚੇ।ਸਭ ਦੇ ਮਨ ਗੁਰੂ ਪ੍ਰੇਮ ਨਾਲ ਭਰੇ ਹੋਏ ਸਨ।ਦਰਸ਼ਨ ਇਸ਼ਨਾਨ ਕਰਨ ਪਿਛੋਂ ਸਰੋਵਰ ਕੰਢੇ ਬੈਠ ਗਏ ਤੇ ਸਾਜਾਂ ਤੋਂ ਬਿਨਾ ਹੀ, ਸਾਰੇ ਰਲ ਕੇ ਗੁਰੂ ਦਰਸ਼ਨਾਂ ਦੇ ਸ਼ਬਦ ਪੜ੍ਹਨ ਲੱਗ ਪਏ।ਬੀਬੀ ਜੀ ਪ੍ਰੇਮ-ਰਸ ਵਿਚ ਪੂਰੀ ਤਰ੍ਹਾਂ ਲੀਨ ਸੀ।ਪਰ ਨਾਲ ਹੀ ਉਨ੍ਹਾਂ ਨੂੰ ਪਿਆਸ ਲੱਗਣ ਲੱਗ ਪਈ।ਸੰਘ ਸੁੱਕਣ ਲੱਗ ਪਿਆ,ਪਾਣੀ ਤੋਂ ਬਿਨਾ ਰਿਹਾ ਨਾ ਜਾਵੇ।ਦੂਜੇ ਪਾਸੇ ਸ਼ਬਦ ਵਿਚੋਂ ਐਨਾ ਰਸ ਆਵੇ ਕਿ ਉਠੱਣ ਨੂੰ ਦਿਲ ਨਾ ਕਰੇ।ਉਨ੍ਹਾਂ ਨੇ ਪਿਆਸ ਵਲੋਂ ਧਿਆਨ ਹਟਾ ਕੇ ਸ਼ਬਦ ਵਿਚ ਲੀਨ ਹੋਏ ਰਹਿਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਪਾਣੀ ਦੀ ਪਿਆਸ ਸ਼ਬਦ ਦੇ ਰਸ ਵਿਚ ਵਿਘਨ ਪਾਈ ਜਾਵੇ।ਤਦ ਬੀਬੀ ਜੀ ਨੇ ਦੇਖਿਆ ਕਿ ਉਨ੍ਹਾਂ ਦੇ ਸਾਹਮਣੇ ਇਕ ਗਿਆਰਾਂ ਕੁ ਸਾਲ ਦੀ ਲੜਕੀ ਪਾਣੀ ਦਾ ਗਲਾਸ ਲੈ ਕੇ ਖੜ੍ਹੀ ਹੈ।ਉਨ੍ਹਾਂ ਨੇ ਲੜਕੀ ਕੋਲੋਂ ਪਾਣੀ ਦਾ ਗਲਾਸ ਲੈ ਕੇ ਪੀਤਾ।ਫਿਰ ਓਨ੍ਹਾਂ ਨੇ ਉਸ ਚਮਕਦੇ ਸੋਹਣੇ ਗਲਾਸ ਵਲ ਦੇਖਿਆ ਤੇ ਇਸ ਗੱਲ ਦੀ ਪਰਖ ਕੀਤੀ ਕਿ ਗਲਾਸ ਚਾਂਦੀ ਦਾ ਹੈ।ਗਲਾਸ ਲੜਕੀ ਦੇ ਹੱਥ ਫੜਾ ਕੇ ਫਿਰ ਸ਼ਬਦ ਵਿਚ ਲੀਨ ਹੋਣ ਲਈ ਉਨ੍ਹਾਂ ਅਖੀਆਂ ਮੀਟ ਲਈਆਂ ਤੇ ਪੂਰਾ ਅਨੰਦ ਮਾਣਿਆਂ।

ਵਾਪਿਸ ਆਉਣ ਲੱਗਿਆਂ ਉਨ੍ਹਾਂ ਨੂੰ ਉਸ ਲੜਕੀ ਦਾ ਖਿਆਲ ਆਇਆ ਜਿਸ ਨੇ ਉਨ੍ਹਾਂ ਨੂੰ ਚਾਂਦੀ ਦੇ ਗਲਾਸ ਵਿਚ ਪਾਣੀ ਪਿਲਾਇਆ ਸੀ।ਉਹ ਕਿਧਰੇ ਨਜਰ ਨਹੀਂ ਸੀ ਆ ਰਹੀ।ਉਨ੍ਹਾਂ ਆਪਣੇ ਸਾਥੀਆਂ ਕੋਲੋਂ ਉਸ ਲੜਕੀ ਵਾਰੇ ਪੁੱਛਿਆ ਪਰ ਸਾਰੇ ਹੀ ਹੈਰਾਨ ਸੀ ਕਿ ਬੀਬੀ ਜੀ ਕਿਹੜੀ ਲੜਕੀ ਦੀ ਗੱਲ ਕਰ ਰਹੇ ਹਨ।ਸੰਗਤ ਵਿਚ ਤਾਂ ਕੋਈ ਛੋਟੀ ਲੜਕੀ ਨਹੀਂ ਸੀ ਤੇ ਆਲੇ ਦੁਆਲੇ ਦੇ ਪਹਾੜੀ ਪਿੰਡਾਂ ਵਿਚੋਂ ਐਨੇ ਬਿੱਖੜੇ ਤੇ ਲੰਬੇ ਪੈਂਡੇ ਗੱਛ ਕੇ ਕੋਈ ਛੋਟੀ ਲੜਕੀ ਇਕੱਲੀ ਹੀ ਕਿਵੇਂ ਪਹੁੰਚ ਸਕਦੀ ਹੈ।ਸਾਰੇ ਹੀ ਏਧਰ ਓਧਰ ਦੇਖਣ ਲੱਗੇ।ਜਦੋਂ ਉਹ ਕਿਧਰੇ ਵੀ ਨਜਰ ਨਾ ਅਈ ਤਾਂ ਰੂਹਾਨੀ ਰੰਗਾਂ ਵਿਚ ਰੰਗੀ ਹੋਈ ਸੰਗਤ ਸ਼ਹੀਦਾਂ ਸਿੰਘਾਂ ਦੀਆਂ ਰੰਗਲੀਆਂ ਖੇਡਾਂ ਤੋਂ ਬਲਿਹਾਰ ਜਾਣ ਲੱਗੀ।

*********

# ਚਾਰ ਰਿਸ਼ੀ

ਤਪ-ਸਥਾਨ ਦੀ ਗੁਪਤ ਦੁਨੀਆਂ ਦੇ ਵਾਸੀ ਮੌਸਮ ਉਤੇ ਵੀ ਕਾਬੂ ਪਾ ਸਕਣ ਦੇ ਸਮਰੱਥ ਹੁੰਦੇ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਸਭ ਕੁਝ ਕੁਦਰਤ ਦੇ ਅਸੂਲਾਂ ਅੰਦਰ ਰਹਿ ਕੇ ਹੀ ਕਰਦੇ ਹਨ ਪਰ ਜੇ ਕਦੀ ਮੌਸਮ ਵਿਚ ਕੋਈ ਖਾਸ ਤਬਦੀਲੀ ਹੋਵੇ ਤਾਂ ਸਮਝੋ ਕਿ ਇਹ ਅਣਡਿੱਠੀ ਦੁਨੀਆਂ ਦੇ ਵਸਨੀਕਾਂ ਦੀ ਕੋਈ ਚਾਲ ਹੈ ਜਿਹੜੀ ਕਿ ਉਨ੍ਹਾਂ ਨੇ ਕਿਸੇ ਖਾਸ ਕਾਰਨ ਕਰਕੇ ਚੱਲੀ ਹੈ। ਇਕ ਵਾਰੀ ਸਤੰਬਰ ਦੇ ਮਹੀਨੇ ਵਿਚ ਹੀ ਹੇਮਕੁੰਟ ਸਾਹਿਬ ਵਿਖੇ ਐਨੀ ਬਰਫ ਪੈ ਗਈ ਕਿ ਰਸਤੇ ਬੰਦ ਹੋ ਗਏ। ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ ਆਸਣ ਕਰਕੇ ਅਤੇ ਕਿਵਾੜ ਬੰਦ ਕਰਕੇ ਗੋਬਿੰਦ ਧਾਮ ਆ ਗਏ। ਗੋਬਿੰਦ ਧਾਮ ਵੀ ਬਰਫ ਪੈਣੀ ਸ਼ੁਰੂ ਹੋ ਗਈ ਤਾਂ ਉਹ ਗੋਬਿੰਦ ਘਾਟ ਆ ਪਹੁੰਚੇ। ਯਾਤਰਾ ਰੁਕ ਗਈ ਪਰ ਕੁਝ ਫੌਜੀ ਹੇਮਕੁੰਟ ਸਾਹਿਬ ਜਾਣ ਲਈ ਅੜੇ ਰਹੇ। ਉਨ੍ਹਾਂ ਨੂੰ ਕਈਆਂ ਨੇ ਰੋਕਿਆ ਪਰ ਉਹ ਨਹੀਂ ਰੁਕੇ। ਬਰਫਾਂ ਵਿਚੋਂ ਦੀ ਔਖੀਆਂ ਘਾਟੀਆਂ ਪਾਰ ਕਰਦੇ ਹੋਏ ਹੇਮਕੁੰਟ ਸਾਹਿਬ ਪਹੁੰਚ ਗਏ। ਉਥੇ ਜਾ ਕੇ ਕੀ ਦੇਖਦੇ ਹਨ ਕਿ ਸਪਤ ਸ਼੍ਰਿੰਗ ਦੀ ਸਾਰੀ ਵਾਦੀ ਨੂੰ ਖਿੜੀ ਹੋਈ ਧੁੱਪ ਨੇ ਖਿੜਾਇਆ ਹੋਇਆ ਹੈ। ਜਦ ਕਿ ਰਸਤੇ ਵਿਚ ਸੂਰਜ ਦਿਖਾਈ ਨਹੀਂ ਸੀ ਦੇ ਰਿਹਾ। ਹਰ ਪਾਸੇ ਧੁੰਦ ਹੀ ਧੁੰਦ ਸੀ ਤੇ ਬਰਫ ਪੈ ਰਹੀ ਸੀ। ਇਹ ਕੌਤਕੀ ਨਜ਼ਾਰਾ ਦੇਖ ਕੇ ਫੌਜੀ ਹੈਰਾਨ ਹੋ ਗਏ। ਜਦੋਂ ਉਹ ਗੁਰਦਵਾਰੇ ਦੇ ਕੋਲ ਪਹੁੰਚੇ ਤਾਂ ਉਥੇ ਚਾਰ ਰਿਸ਼ੀਆਂ ਨੂੰ ਦੇਖਕੇ ਹੋਰ ਵੀ ਅਚੰਭਿਤ ਹੋ ਗਏ। ਅਗੋਂ ਰਿਸ਼ੀਆਂ ਨੂੰ ਫੌਜੀਆਂ ਦਾ ਆਉਣਾ ਚੰਗਾ ਨਾ ਲੱਗਿਆ। ਉਹ ਉਠ ਕੇ ਤੁਰ ਪਏ, ਇਕ ਨੇ ਜਾਂਦੇ ਜਾਂਦੇ ਕਿਹਾ : "**ਇਹ ਕਲਯੁਗੀ ਜੀਵ ਟਲੇ ਨਹੀਂ।**" ਮੌਸਮ ਇਕ ਦਮ ਬਦਲ ਗਿਆ। ਸਪਤ ਸ਼੍ਰਿੰਗ ਦੀ ਵਾਦੀ ਵਿਚ ਖਿੜੀ ਹੋਈ ਧੁੱਪ ਦੀ ਸੁੰਦਰਤਾ ਗਾਇਬ ਹੋ ਗਈ। ਸੂਰਜ ਛੁਪ ਗਿਆ। ਸਭ ਰੰਗੀਨੀਆਂ ਛਪਨ ਹੋ ਗਈਆਂ। ਧੁੰਦ ਦੇ ਘੁਸਮੁਸੇ ਵਿਚ ਰਿਸ਼ੀ ਪਤਾ ਨਹੀਂ ਕਿੱਧਰ ਚਲੇ ਗਏ।

***********************

# ਦਰਸ਼ਨ ਭੇਟਾ

ਛੇ ਸਾਲ ਦੀ ਬੱਚੀ ਦੇ ਬਾਪ ਦੀ ਮੌਤ ਹੋ ਗਈ।ਉਸਦੀ ਮਾਂ ਨੇ ਬੇਟੀ ਨੂੰ ਇਹ ਕਹਿ ਕੇ ਵਰਾ ਦਿੱਤਾ ਕਿ ਅੱਜ ਤੋਂ ਉਸਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਤੇ ਵਾਹਿਗੁਰੂ ਵਾਹਿਗੁਰੂ ਕਹਿਣ ਨਾਲ ਉਹ ਦਰਸ਼ਨ ਦਿੰਦੇ ਹਨ।ਬਾਪ ਦੀ ਲਾਡਲੀ ਨੇ ਦਸ਼ਮੇਸ਼ ਪਿਤਾ ਦੀ ਯਾਦ ਨੂੰ ਸੀਨੇ ਵਿਚ ਵਸਾ ਲਿਆ ਤੇ ਹਰ ਵੇਲੇ ਗੁਰੂ ਜੀ ਦੇ ਮਿਲਾਪ ਲਈ ਤਰਸਣ ਲੱਗੀ।ਘਰ ਵਿਚ ਕੋਠੇ ਉਪਰ ਚੜ੍ਹਨ ਲਈ ਬਾਂਸ ਦੀ ਡੰਡਿਆ ਵਾਲੀ ਪੌੜੀ ਸੀ।ਰਾਤ ਨੂੰ ਜਦੋਂ ਸਾਰੇ ਸੌਂ ਜਾਂਦੇ ਤਾਂ ਉਹ ਪੌੜੀ ਚੜ੍ਹ ਕੇ ਪੌੜੀ ਦੇ ਸਭ ਤੋਂ ਉਪਰਲੇ ਡੰਡੇ ਉਤੇ ਬੈਠ ਜਾਂਦੀ।ਦਸ਼ਮੇਸ਼ ਪਿਤਾ ਦੀ ਯਾਦ ਵਿਚ ਲੀਨ ਹੋ ਕੇ ਸਿਮਰਨ ਕਰਦੀ ਰਹਿੰਦੀ।ਉਹ ਸੌਣਾ ਨਹੀਂ ਸੀ ਚਹੁੰਦੀ ਕਿਉਂਕਿ ਉਸਨੂੰ ਡਰ ਸੀ ਕਿ ਦਸ਼ਮੇਸ਼ ਪਿਤਾ ਕਿਧਰੇ ਉਸਦੀ ਸੁੱਤੀ ਹੋਈ ਤੇ ਹੀ ਆ ਕੇ ਚਲੇ ਨਾ ਜਾਣ, ਪੌੜੀਆਂ ਤੋਂ ਡਿਗਣ ਦਾ ਡਰ ਉਸਨੂੰ ਨੀਂਦ ਤੋਂ ਬਚਾਈ ਰੱਖਦਾ ਸੀ।

ਗੁਰਸਿੱਖ ਮਾਂ ਦੀ ਸੰਗਤ ਨਾਲ ਉਸਨੂੰ ਹੇਮਕੁੰਟ ਸਾਹਿਬ ਜਾਣ ਵਾਲੇ ਜਥੇ ਦੀ ਕੀਰਤਨ ਮੰਡਲੀ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਣ ਲੱਗਾ।ਭੋਲੀ ਭਾਲੀ ਬਾਲੜੀ ਨੂੰ ਗੁਰੂ ਪ੍ਰੇਮ ਵਿਚ ਰੰਗੀ ਹੋਈ ਦੇਖ ਕੇ ਸਾਰੀ ਸੰਗਤ ਖੁਸ਼ ਹੁੰਦੀ ਉਸ ਬਾਲ ਕੰਨਿਆਂ ਨੂੰ ਇਸ ਗੱਲ ਦੀ ਕੋਈ ਸੋਝੀ ਨਹੀਂ ਸੀ ਕਿ ਸੰਗਤ ਉਸ ਵਾਰੇ ਕੀ ਸੋਚਦੀ ਹੈ।ਜਥੇ ਦੀ ਸੰਗਤ ਵਿਚ ਹਰ ਸਾਲ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ ਤੇ ਗੁਰੂ ਪ੍ਰੇਮ ਵਿਚ ਵੀ ਵਾਧਾ ਹੁੰਦਾ ਗਿਆ।ਚੌਦਾਂ ਸਾਲ ਦੀ ਉਮਰ ਵਿਚ ਉਹ ਆਪਣੀ ਕੀਰਤਨੀ ਮੰਡਲੀ ਨਾਲ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾ ਰਹੀ ਸੀ।ਬੱਸ ਵਿਚ ਪਪੀਹੇ ਵਾਲੀ ਕੂਕ ਪੁਕਾਰ ਨਾਲ ਦਰਸ਼ਨ ਪਿਆਸ ਦੇ ਸ਼ਬਦ ਗਾਏ ਜਾ ਰਹੇ ਸੀ।ਲੜਕੀ ਬੱਸ ਦੀ ਖਿੜਕੀ ਵਿਚ ਬੈਠੀ ਹੋਈ ਬਾਹਰ ਹੋ ਰਹੀ ਬਾਰਿਸ਼ ਨੂੰ ਬੜੇ ਧਿਆਨ ਨਾਲ ਦੇਖ ਰਹੀ ਸੀ ਤੇ ਨਾਲ ਹੀ ਆਪਣੇ ਨੈਣ ਕਟੋਰਿਆਂ ਵਿਚੋਂ ਹੰਝੂਆਂ ਦੀ ਝੜੀ ਲਗਾਈ ਜਾ ਰਹੀ ਸੀ।ਉਹ ਆਪਣੇ ਧਿਆਨ ਵਿਚ ਐਨੀ ਖੁੱਭੀ ਹੋਈ ਸੀ ਕਿ ਉਸਦੇ ਨਾਲ ਬੈਠੇ ਬੀਬੀ ਗੁਰਦੀਪ ਕੌਰ ਜੀ ਨੇ ਉਸ ਕੋਲੋਂ ਰੋਣ ਦਾ ਕਾਰਨ ਪੁੱਛਣਾਂ ਠੀਕ ਨਾ ਸਮਝਿਆ।ਉਹ ਚੁੱਪ ਕਰਕੇ ਲੜਕੀ ਨੂੰ ਹੰਝੂਆਂ ਦੇ ਹਾਰ ਪਰੋਂਦਿਆਂ ਦੇਖਦੇ ਰਹੇ।ਕਾਫੀ ਦੇਰ ਪਿੱਛੋਂ ਇੱਕ ਥਾਂ ਜਾ ਕੇ ਬੱਸ ਰੁਕੀ ਤਾਂ ਬੀਬੀ ਜੀ ਨੇ ਬੜੇ ਹੀ ਪਿਆਰ ਨਾਲ ਲੜਕੀ ਕੋਲੋਂ

ਉਸਦੇ ਰੋਣ ਦਾ ਕਾਰਨ ਪੁੱਛਿਆ ਤਾਂ ਲੜਕੀ ਨੇ ਢਸਕੋਰੇ ਭਰਦੀ ਹੋਈ ਨੇ ਕਿਹਾ;-" ਮੈ ਜਦੋਂ ਉਚੇ ਉਚੇ ਪਹਾੜਾਂ ਦੀਆਂ ਖੱਡਾਂ ਵਿਚ ਮੀਂਹ ਪੈਂਦਾ ਦੇਖ ਰਹੀ ਸੀ ਤਾਂ ਮੇਰਾ ਰੋਣਾ ਨਿਕਲੀ ਜਾਂਦਾ ਸੀ।ਮੈਨੂੰ ਰੋ ਰੋ ਕੇ ਰੱਜ ਨਹੀਂ ਸੀ ਆਉਂਦਾ।ਮੇਰਾ ਦਿਲ ਕਰਦਾ ਸੀ ਕਿ ਮੈਨੂੰ ਮੇਰੇ ਦਸ਼ਮੇਸ਼ ਪਿਤਾ ਦੇ ਦਰਸ਼ਨ ਹੋਣ... ਤੇ ਮੈ ਗੁਰੂ ਜੀ ਦੇ ਚਰਨਾਂ ਨੂੰ ਆਪਣੇ ਹੰਝੂਆਂ ਨਾਲ ਧੋਵਾਂ...!ਦਸ਼ਮੇਸ਼ ਪਿਤਾ ਨੂੰ ਭੇਟਾ ਕਰਨ ਲਈ ਹੋਰ ਤਾਂ ਮੇਰੇ ਕੋਲ ਕੁਝ ਨਹੀਂ ਹੈ..! ਜਿੰਨੀਆਂ ਬੂੰਦਾਂ ਉਨ੍ਹਾਂ ਬੱਦਲਾਂ ਵਿਚੋਂ ਨਿੱਕਲ ਨਿੱਕਲ ਕੇ ਉਸ ਖੱਡ ਵਿਚ ਕਿਰ ਰਹੀਆਂ ਸੀ,ਓਨੇ ਹੀ ਪ੍ਰੇਮ ਦੇ ਹੰਝੂ ਮੈ ਕਲਗੀਆਂ ਵਾਲੇ ਦੇ ਚਰਨਾਂ ਵਿਚ ਭੇਟਾ ਚੜ੍ਹਾਉਣਾਂ ਚਾਹੁੰਦੀ ਹਾਂ ...!"

ਗੋਬਿੰਦ ਘਾਟ ਪਹੁੰਚ ਕੇ ਕਮਰਿਆਂ ਵਿਚ ਜਾ ਕੇ ਸੌਣ ਦੀ ਥਾਂ ਨਾਮ ਦੇ ਵਣਜਾਰਿਆਂ ਨੇ ਦਰਬਾਰ ਸਾਹਿਬ ਵਿਚ ਬੈਠ ਕੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ।ਸ਼ਬਦ ਦੀ ਪਹਿਲੀ ਤੁਕ ਨਾਲ ਹੀ ਲੜਕੀ ਦੀ ਸੁਰਤੀ ਜੁੜ ਗਈ।ਪਤਾ ਹੀ ਨਾ ਲੱਗਿਆ ਕਿ ਕਿਸ ਵੇਲੇ ਉਸਦੀ ਸਮਾਧੀ ਲੱਗ ਗਈ।ਸਮਾਧੀ ਵਿਚ ਉਸਨੇ ਦੇਖਿਆ ਕਿ ਗੋਬਿੰਦ ਧਾਮ ਵਲੋਂ ਬਹੁਤ ਸਾਰੇ ਸ਼ਸਤਰ ਧਾਰੀ ਘੋੜ-ਸਵਾਰ ਸ਼ਹੀਦ ਸਿੰਘ ਆਏ ਹਨ ਤੇ ਆ ਕੇ ਦਰਬਾਰ ਸਾਹਿਬ ਵਿਚ,ਕੀਰਤਨ ਦੀ ਸੰਗਤ ਕਰਨ ਲਈ ਬੈਠ ਗਏ ਹਨ।ਉਨ੍ਹਾਂ ਦੇ ਆਉਂਦਿਆਂ ਹੀ ਸੁਗੰਧੀਆਂ ਦੀ ਬੁਛਾੜ ਲੱਗ ਗਈ।ਹਰ ਪਾਸੇ ਖੁਸ਼ਬੂਆਂ ਫੈਲ ਗਈਆਂ ਤੇ ਨਾਲ ਹੀ ਅਨੇਕ ਪ੍ਰਕਾਰ ਦੀਆਂ ਮਠਿਆਈਆਂ ਤੇ ਕੜ੍ਹਾ ਪ੍ਰਸ਼ਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾ ਵਿਚ ਦਿਖਾਈ ਦੇਣ ਲੱਗਾ।ਲੜਕੀ ਨੂੰ ਸਮੇ ਦਾ ਵੀ ਕੋਈ ਖਿਆਲ ਨਾ ਰਿਹਾ।ਜਦੋਂ ਉਸਦੀ ਸਮਾਧੀ ਖੁਲ੍ਹੀ ਤਾਂ ਉਸਨੇ ਦੇਖਿਆ ਕਿ ਰਾਤ ਬੀਤ ਚੁੱਕੀ ਹੈ ਤੇ ਉਹ ਆਪਣੀ ਕੀਰਤਨ ਮੰਡਲੀ ਨਾਲ ਬੈਠੀ ਹੈ।ਸਾਰੀ ਰਾਤ ਰੈਣਸਬਾਈ ਕੀਰਤਨ ਹੁੰਦਾ ਰਿਹਾ।ਉਸਨੂੰ ਪਤਾ ਹੀ ਨਾ ਲੱਗਿਆ ਕਿ ਰਾਤ ਤੋਂ ਸਵੇਰ ਕਿਵੇਂ ਹੋ ਗਈ।ਰਾਤ ਸ਼ੁਰੂ ਹੋਈ ਤਾਂ ਉਸਨੇ ਚੌਂਕੜੀ ਲਗਾਈ।ਚੌਂਕੜੀ ਖੋਲ੍ਹੀ ਤਾਂ ਦਿਨ ਚੜ੍ਹਿਆ ਹੋਇਆ ਸੀ।ਰੂਹਾਨੀ ਰੰਗ ਰਸ ਦੀਆਂ ਬੁਛਾੜਾਂ ਨਾਲ ਭਿੱਜੀ ਹੋਈ ਦਾ ਸਰੀਰ ਹਲਕਾ ਫੁੱਲ ਵਰਗਾ ਸੀ।ਜਦੋਂ ਉਹ ਦਰਬਾਰ ਸਾਹਿਬ ਵਿਚ ਪਹੁੰਚੀ ਸੀ ਤਾਂ ਉਸ ਨਾਲ ਬੀਬੀ ਗੁਰਦੀਪ ਕੌਰ ਤੇ ਹੋਰ ਦੱਸ ਬਾਰਾਂ ਪ੍ਰਾਣੀ ਸੀ ਪਰ ਹੁਣ ਜਦੋਂ ਉਸਨੇ ਅੱਖ ਖੋਲ੍ਹੀ ਤਾਂ ਸਾਰਾ ਦਰਬਾਰ ਸੰਗਤ ਨਾਲ ਭਰਿਆ ਹੋਇਆ ਸੀ।

******************

# ੨੦ ਰੁਪੈ ਦੀ ਐਫ.ਡੀ.

ਬੰਬਈ ਤੋਂ ਕੇਦਾਰ ਨਾਥ ਦੀ ਯਾਤਰਾ ਲਈ ਆਇਆ ਇਕ ਧਨਾਡ ਹਿੰਦੂ ਯਾਤਰੀਆਂ ਦਾ ਜਥਾ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਚਲਿਆ ਗਿਆ।ਐਨੀ ਉਚਾਈ ਉਤੇ ਵੀ ਸਿੱਖਾਂ ਦੇ ਗੁਰਦਵਾਰਿਆਂ ਵਿਚ ਮੁਫਤ ਅਤੇ ਖੁਲ੍ਹਾ ਲੰਗਰ ਵਰਤ ਹੁੰਦਾ ਦੇਖ ਉਨ੍ਹਾਂ ਨੂੰ ਹੈਰਾਨੀ ਹੋਈ।ਉਨ੍ਹਾਂ ਦੇ ਮਨ ਵਿਚ ਖਿਆਲ ਆਇਆ ਕਿ ਸਿੱਖ ਬਹੁਤ ਥੋੜ੍ਹੀ ਜਿਹੀ ਗਿਣਤੀ ਵਿਚ ਹਨ ਅਤੇ ਐਨੇ ਅਮੀਰ ਵੀ ਨਹੀਂ ਹਨ।ਜੇਕਰ ਸਿੱਖ ਲੰਗਰ ਵਰਤਾ ਸਕਦੇ ਹਨ ਤਾਂ ਓਹ ਐਨੇ ਧਨਾਡ ਹੋ ਕੇ ਲੰਗਰ ਦੀ ਪ੍ਰਥਾ ਕਿਉਂ ਨਹੀਂ ਚਲਾ ਸਕਦੇ? ਉਨ੍ਹਾਂ ਨੇ ਆਪਣੇ ਸ਼ਹਿਰ ਜਾ ਕੇ ਲੰਗਰ ਦੀ ਰੀਤ ਤੋਰਨੀ ਚਾਹੀ ਪਰ ਕਾਮਯਾਬੀ ਨਾ ਹੋ ਸਕੀ।ਦੁਬਾਰਾ ਕੋਸ਼ਿਸ਼ ਕੀਤੀ,ਫਿਰ ਵੀ ਨਿਰਾਸ਼ ਹੀ ਹੋਣਾ ਪਿਆ।

ਹਾਰ ਕੇ ਉਹ ਕੇਦਾਰ ਨਾਥ ਗਏ ਅਤੇ ਉੱਥੇ ਇਕ ਮਹਾਨ  ਯੋਗੀ ਪੁਰਸ਼ ਨੂੰ ਮਿਲੇ।ਉਨ੍ਹਾਂ ਨੇ ਆਪਣੇ ਲੰਗਰ ਚਲਾਉਣ ਵਿਚ ਆਈ ਅਸਫਲਤਾ ਦਾ ਕਾਰਨ ਪੁੱਛਿਆ ਤਾਂ ਅਗੋਂ ਯੋਗੀ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਨਾਮ ੨੦ ਰੁਪੈ ਦੀ ਐਫ.ਡੀ. ( ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਨੇ ਗੁਰੂ ਜੀ ਨੂੰ ੨੦ ਰੁਪੈ ਦੇ ਕੇ ਵਿਓਪਾਰ ਕਰਨ ਲਈ ਤੋਰਿਆ।ਸੋਚਿਆ ਸੀ ਕਿ ਬੇਟਾ ਕੁਝ ਖੱਟ ਕੇ ਘਰ ਆਏਗਾ ਪਰ ਗੁਰੂ ਜੀ ਭੁੱਖੇ ਸਾਧੂਆਂ ਨੂੰ ਭੋਜਨ ਖੁਆ ਕੇ ਖਾਲੀ ਹੱਥ ਘਰ ਆ ਗਏ।) ਕਰਵਾ ਗਏ ਹਨ।ਉਸਦੇ ਬਿਆਜ ਵਿਚ ਹੀ ਇਹਨਾਂ ਦੇ ਲੰਗਰ ਚੱਲ ਰਹੇ ਹਨ।

ਧਨਾਡ ਹਿੰਦੂ ਯਾਤਰੂਆਂ ਨੂੰ ਸਮਝ ਆ ਗਈ ਕਿ ਅਸੀਂ ਆਪਣੇ ਬਹੁਤੇ ਧੰਨ ਵਿਚੋਂ ਥੋੜ੍ਹਾ ਧੰਨ ਦਾਨ ਦੇ ਕੇ ਆਪਣੇ ਅਮੀਰ ਹੋਣ ਦੀ ਵਾਹ ਵਾਹ ਖੱਟ ਲੈਂਦੇ ਹਾਂ ਜਾਂ ਪੁੰਨ ਦਾਨ ਕਰਕੇ ਕੋਈ ਚੰਗਾ ਕਰਮ ਕਰ ਲੈਣ ਦੀ ਤਸੱਲੀ ਕਰ ਲੈਂਦੇ ਹਾਂ ਪਰ ਗੁਰੂ ਨਾਨਕ ਨੇ ਤਾਂ ਛੋਟੀ ਉਮਰ ਵਿਚ ਹੀ ਆਪਣੇ ਕੋਲ ਜੋ ਵੀ ਸੀ ਸੱਭ ਕੁਝ ਦੂਜਿਆਂ ਦੀ ਸੇਵਾ ਵਿਚ ਲਗਾ ਦਿੱਤਾ। ਆਪਣੇ ਕੋਲ ਕੁਝ ਵੀ ਨਾ ਰੱਖਿਆ..!ਸਿੱਖਾਂ ਦੇ ਦਸਾਂ ਗੁਰੂਆਂ ਨੇ ਇਹੋ ਰੀਤ ਅਪਣਾਈ।ਦਸਵੇਂ ਗੁਰੂ ਨੇ ਤਾਂ ਆਪਣਾ ਪਰਿਵਾਰ ਭੀ ਧਰਮ ਦੇ ਲੇਖੇ ਲਗਾ ਦਿੱਤਾ।ਇਹੀ ਕਾਰਨ ਹੈ ਕਿ ਸਿੱਖ ਦੇਸ਼ ਲਈ ਤੇ ਧਰਮ ਲਈ ਕੁਰਬਾਨੀਆਂ ਦੇਣੋਂ ਝਿਜਕਦੇ ਨਹੀਂ ਹਨ।

ਦੇਖੋ...!ਬਾਬੇ ਨਾਨਕ ਦੀ ੨੦ ਰੁਪੈ ਦੀ ਐਫ.ਡੀ.ਦੇ ਵਿਆਜ ਦਾ ਲੰਗਰ ਅੱਜ ਸਾਰੀ ਦੁਨੀਆਂ ਵਿਚ ਚੱਲ ਰਿਹਾ ਹੈ।ਕਰੋਨਾ ਵਰਗੀ ਮਹਾਂਮਾਰੀ ਦੀ ਲਪੇਟ ਵਿਚ ਆਈ ਸਾਰੀ ਦੁਨੀਆਂ ਵਿਚ ਬਾਬੇ ਨਾਨਕ ਦੇ ਲੰਗਰ ਦਾ ਐਸਾ ਪ੍ਰਗਟਾਵਾ ਹੋਇਆ ਹੈ ਕਿ ਅਮਰੀਕਾ,ਕੈਨੇਡਾ

ਤੇ ਯੂਰਪ ਵਰਗੇ ਸਾਰੇ ਵੱਡੇ ਵੱਡੇ ਦੇਸ਼ਾਂ ਦੇ ਮੁਖੀਆਂ ਨੇ ਲੰਗਰ ਦੀ ਸੇਵਾ ਲਈ ਸਿੱਖਾਂ ਨੂੰ ਸ਼ਾਬਾਸ਼ ਦਿੱਤੀ ਹੈ ਤੇ ਕਿਹਾ ਇਹ ਵੀ ਹੈ ਕਿ ਦੁਨੀਆਂ ਵਿਚ ਹਰ ਥਾਂ ਗੁਰਦੁਆਰੇ ਹੋਣੇ ਚਾਹੀਦੇ ਹਨ।

ਇਸ ਬਿਪਤਾ ਭਰੇ ਸਮੇ ਵਿਚ ਇਕ ਖਾਸ ਗੱਲ ਦੇਖਣ ਵਿਚ ਆਈ ਹੈ ਕਿ ਪਹਿਲਾਂ ਤਾਂ ਖਾਲਸੇ ਦਾ ਜਨਮ ਦਿਨ ਅਸੀਂ ਬੜੀ ਧੂਮ ਧਾਮ ਨਾਲ ਗੁਰੂਘਰਾਂ ਵਿਚ ਮਨਾਇਆ ਕਰਦੇ ਸਾਂ ਪਰ ਇਸ ਵਾਰ ਕਰੋਨਾਂ ਕਾਰਨ ਇਕੱਠ ਨਹੀਂ ਸੀ ਹੋ ਸਕੇ।ਕੋਈ ਨਗਰ ਕੀਰਤਨ ਵੀ ਨਹੀਂ ਹੋ ਸਕਦਾ ਸੀ।ਇਸ ਲਈ ਸਿੱਖ ਜਗਤ ਨੇ ਆਪਣੇ ਆਪਣੇ ਘਰਾਂ ਵਿਚ ਬੈਠਿਆਂ ਨੇ ਹੀ ਪਾਠ ਪੂਜਾ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਦੁਨੀਆਂ ਭਰ ਦੀਆਂ ਪਾਰਲੀਮੈਂਟਾਂ ਵਿਚ ਸਿੱਖਾਂ ਨੂੰ ਖਾਲਸੇ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਹੋਇਆਂ ਸਿੱਖਾਂ ਦੇ ਲੰਗਰ ਦੀ ਪ੍ਰਸ਼ੰਸਾ ਕੀਤੀ ਗਈ ਹੈ ਕਿਉਂਕਿ ਇਸ ਵੇਲੇ ਕਰੋਨਾ ਦੀ ਬੀਮਾਰੀ ਨਾਲ ਘਿਰੀ ਹੋਈ ਦੁਨੀਆਂ ਵਿਚ ਸਿੱਖਾਂ ਨੇ ਲੰਗਰ ਦੀ ਸੇਵਾ ਕਰਕੇ ਦੁਨੀਆਂ ਵਾਲਿਆਂ ਨੂੰ ਸਾਬਤ ਕਰ ਦਿੱਤਾ ਕਿ ਬਾਬੇ ਨਾਨਕ ਦਾ ਲੰਗਰ ਹਰ ਥਾਂ ਉਤੇ ਤੇ ਹਰ ਲੋੜਵੰਦ ਦੀ ਭੁੱਖ ਮਿਟਾਉਣ ਲਈ ਤਿਆਰ ਰਹਿੰਦਾ ਹੈ।ਇਸ ਵਿਚ ਆਪਣਾ ਪਰਾਇਆ ਜਾਂ ਜਾਤ ਪਾਤ ਨੂੰ ਨਹੀਂ ਦੇਖਿਆ ਜਾਂਦਾ।ਇਕ ਹੀ ਪੰਗਤ ਵਿਚ ਬੈਠ ਕੇ ਸਾਰੀ ਸੰਗਤ ਲੰਗਾਰ ਛਕਦੀ ਹੈ।ਲੰਗਰ ਦੀ ਰਸਮ ਨੇ ਦੁਨੀਆਂ ਵਿਚ ਸਿੱਖਾਂ ਦੀ ਪਛਾਣ ਵਿਚ ਵਾਧਾ ਕੀਤਾ ਹੈ।

ਗੁਰਗੁਆਰੇ ਅੰਦਰ ਵੜਦਿਆਂ ਹੀ ਧੁਰ ਕੀ ਬਾਣੀ ਦੇ ਬੋਲ ਸਾਡੇ ਕੰਨੀਂ ਪੈਂਦੇ ਹਨ।ਲੰਗਰ ਦੀ ਪ੍ਰਥਾ ਸਿਰਫ ਪੇਟ ਦੀ ਭੁੱਖ ਮਿਟਾਣ ਵਿਚ ਹੀ ਪੂਰੀ ਨਹੀਂ ਹੋ ਜਾਂਦੀ।ਰੂਹ ਦੀ ਖੁਰਾਕ ਦੇ ਵੀ ਖੁਲ੍ਹੇ ਗੱਫੇ ਮਿਲਦੇ ਹਨ।ਬਾਬੇ ਨਾਨਕ ਦੇ ਬੋਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਰਹੀਂ ਸਾਡਾ ਮਾਰਗ ਦਰਸ਼ਨ ਕਰਦੇ ਹਨ।ਰੂਹ ਦਾ ਲੰਗਰ ਸਾਡੇ ਮਨ ਦੀ ਤ੍ਰਿਸ਼ਨਾਂ ਬੁਝਾਉਂਦਾ ਹੈ,ਵਿਸ਼ੇ ਵਿਕਾਰਾਂ ਦਾ ਨਾਸ ਕਰਕੇ ਮਨੋ ਬਲ ਬਖਸ਼ਦਾ ਹੈ ਤੇ ਰੂਹ ਨੂੰ ਪ੍ਰਭੂ ਮਿਲਨ ਦੇ ਰੰਗ ਰਸ ਦੇ ਸਾਗਰਾਂ ਵਿਚ ਚੁੱਭੀਆਂ ਮਰਵਾਉਂਦਾ ਹੈ।ਸਫਾਈ ਅਤੇ ਸੁੱਚਮ ਦਾ ਧਿਆਨ ਰੱਖ ਕੇ,ਗੁਰੂ ਪ੍ਰੇਮ ਵਿਚ ਜੁੜ ਕੇ ਤੇ ਨਾਮ ਬਾਣੀ ਦਾ ਜਾਪ ਕਰਦਿਆਂ ਭੋਜਨ ਤਿਆਰ ਕਰਕੇ ਜਦੋਂ ਅਸੀਂ ਸੱਚੇ ਦਿਲ ਨਾਲ  ਗੁਰੂ ਚਰਨਾਂ ਵਿਚ ਭੋਗ ਲਗਾਉਣ ਦੀ ਅਰਦਾਸ ਕਰਦੇ ਹਾਂ ਤਾਂ ਗੁਰੂ ਜੀ ਕਬੂਲ ਕਰਦੇ ਹਨ।ਫਿਰ ਹਲਵਾ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ।ਭੋਜਨ ਲੰਗਰ ਬਣ ਜਾਂਦਾ ਹੈ।ਲੰਗਰ ਵਿਚ ਬਰਕਤ ਪੈਂਦੀ ਹੈ।ਹਰ ਕੋਈ ਰੱਜ ਕੇ ਜਾਂਦਾ ਹੈ।ਕੋਈ ਭੁੱਖਾ ਨਹੀਂ ਰਹਿੰਦਾ।

********************

# ਭੀਮ ਸ਼ਿਲਾ



ਕਹਿੰਦੇ ਨੇ ਸ਼ੇਰਨੀ ਦਾ ਦੁੱਧ ਸੋਨੇ ਦੇ ਭਾਂਡੇ ਵਿਚ ਹੀ ਰਹਿ ਸਕਦਾ ਹੈ। ਕਿਸੇ ਹੋਰ ਧਾਤ ਵਿਚ ਪਾ ਕੇ ਰੱਖੋ ਤਾਂ ਖਰਾਬ ਹੋ ਜਾਂਦਾ ਹੈ, ਫਿੱਟ ਜਾਂਦਾ ਹੈ। ਭਾਵ ਕਿ ਮਹਿੰਗੀ ਚੀਜ ਨੂੰ ਬੜਾ ਸੰਭਾਲ ਕੇ ਰੱਖਣਾ ਪੈਦਾ ਹੈ ਤੇ ਉਸਦੀ ਕੀਮਤ ਵੀ ਦੇਣੀ ਪੈਂਦੀ ਹੈ। ਗੁਰ-ਇਤਹਾਸ ਨਾਲ ਜੁੜੀਆਂ ਤੇ ਭਗਤੀ ਦੇ ਰੰਗ ਨਾਲ ਰੰਗੀਆਂ ਥਾਵਾਂ ਦੀ ਪਵਿੱਤ੍ਰਤਾ ਤੇ ਸੁੱਚਮਤਾ ਨੂੰ ਸੰਭਾਲਣਾਂ ਵੀ ਸ਼ੇਰਨੀ ਦੇ ਦੁੱਧ ਨੂੰ ਸੰਭਾਲਣ ਵਰਗਾ ਹੀ ਹੁੰਦਾ ਹੈ। ਇਹ ਕੋਈ ਸੌਖਾ ਕੰਮ ਨਹੀਂ ਹੈ। ਇਨ੍ਹਾਂ ਦੀ ਸੇਵਾ ਸੰਭਾਲ ਲਈ ਬੜੀਆਂ ਕੀਮਤਾਂ ਚੁਕਾਣੀਆਂ ਪੈਂਦੀਆਂ ਹਨ। ਇਨ੍ਹਾਂ ਦੀ ਸੁਰੱਖਿਆ ਲਈ ਕਈ ਵਾਰੀ ਜਾਨ ਦੀ ਬਾਜੀ ਵੀ ਲਾਉਣੀ ਪੈਂਦੀ ਹੈ।

ਹੇਮਕੁੰਟ ਸਾਹਿਬ ਦੇ ਨਾਲ ਹੀ ਕੇਦਾਰ ਨਾਥ ਦਾ ਪਵਿੱਤਰ ਅਸਥਾਨ ਹੈ। ਹੇਮਕੁੰਟ ਸਾਹਿਬ ਜਾਣ ਵਾਲੇ ਕਈ ਸ਼ਰਧਾਲੂ ਕੇਦਾਰ ਨਾਥ ਦੀ ਯਾਤਰਾ ਦਾ ਲਾਹਾ ਲੈ ਆਉਂਦੇ ਹਨ ਤੇ ਕਈ ਐਸੇ ਵੀ ਹੁੰਦੇ ਹਨ ਜਿਹੜੇ ਕੇਦਾਰ ਨਾਥ ਦੇ ਰਸਤੇ ਵਿਚ ਪੈਂਦੇ ਗੋਬਿੰਦ ਘਾਟ ਉਤਰ ਕੇ, ਹੇਮ ਕੁੰਟ ਸਾਹਿਬ ਮੱਥਾ ਟੇਕ ਜਾਂਦੇ ਹਨ। ਹਰ ਸਾਲ ਹਜਾਰਾਂ ਯਾਤਰੀ ਇਸ ਦੇਵ-ਸਥਾਨ ਉਤੇ

ਆਪਣੀ ਸ਼ਰਧਾ ਭੇਟ ਕਰਨ ਜਾਂਦੇ ਹਨ।ਦੁਨਿਆਵੀ ਝੁਮੇਲਿਆਂ ਤੋਂ ਪਿੱਛਾ ਛੁਡਾ ਕੇ, ਦੀਨ ਦੁਨੀਆਂ ਦੇ ਮਾਲਿਕ ਦੇ ਰੰਗ ਵਿਚ ਰੰਗ ਹੋਣ ਲਈ ਰਾਹਾਂ ਵਿਚ ਸੱਚੇ ਨਾਮ ਦੀ ਧੂਫ ਧੁਖਾਉਂਦੇ ਹੋਏ ਜਾਂਦੇ ਹਨ।ਭਜਨ ਬੰਦਗੀ ਦੇ ਅਸਰ ਨਾਲ ਦੇਵ-ਸਥਾਨ ਦਾ ਆਲਾ ਦੁਆਲਾ ਵੀ ਨਾਮ-ਰਸ ਨਾਲ ਸੁਗੰਧਿਤ ਹੋ ਜਾਂਦਾ ਹੈ।ਜਿਵੇਂ ਮੈਲਾ ਕੱਪੜਾ ਸਾਬਣ ਨਾਲ ਧੋਤਿਆਂ ਸਾਫ ਹੋ ਜਾਂਦਾ ਹੈ ਇਸੇ ਤਰ੍ਹਾਂ ਹੀ ਸ਼ਰਧਾਲੂਆਂ ਦੀ ਪ੍ਰੇਮ-ਭਗਤੀ ਦੀਆਂ ਸੁਗੰਧੀਆਂ ਦੇਵ-ਸਥਾਨ ਨੂੰ ਜਾਂਦੇ ਰਾਹਾਂ ਵਿਚ ਸੁਗੰਧੀਆਂ ਖਲਾਰ ਦਿੰਦੀਆਂ ਹਨ।ਧਰਤੀ ਮਾਂ ਦਾ ਹਿਰਦਾ ਸੁੱਚਾ ਹੋ ਜਾਂਦਾ ਹੈ, ਮਹਿਕ ਜਾਂਦਾ ਹੈ ਤੇ ਫਿਰ ਯਾਤਰੂਆਂ ਨੂੰ ਜੀ ਆਇਆਂ ਕਹਿਣ ਲਈ ਅਣਦਿਸਦੀ ਦੁਨੀਆਂ ਦੇ ਵਸਨੀਕ ਆ ਕੇ ਕਈ ਤਰ੍ਹਾਂ ਦੇ ਕੌਤਕ ਵਰਤਾਉਂਦੇ ਹਨ।ਭਗਤ-ਜਨਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ।ਖੁਸ਼ੀਆਂ ਖੇੜਿਆਂ ਦੇ ਵਰਦਾਨ ਮਿਲਦੇ ਹਨ।

ਉਚੇ ਪ੍ਰਬਤਾਂ ਦੀਆਂ ਔਖੀਆਂ ਘਾਟੀਆਂ ਪਾਰ ਕਰਨ ਨੂੰ ਪਹਿਲਾਂ ਕੋਈ ਰਸਤੇ ਨਹੀਂ ਸੀ ਹੁੰਦੇ।ਨਾ ਹੀਂ ਬੱਸਾਂ,ਜੀਪਾਂ ਤੇ ਹੈਲੀਕਾਪਟਰਾਂ ਦੀ ਸਹੂਲਤ ਸੀ।ਕੋਈ ਵਿਰਲਾ ਹੀ ਪ੍ਰੇਮ-ਦੀਵਾਨਾ ਆਪਣੇ ਚਾਤ੍ਰਿਕ-ਮਨ ਦੀ ਪਿਆਸ ਬੁਝਾਉਣ ਲਈ ਇਨ੍ਹਾਂ ਬਿਖੜੇ ਰਾਹਾਂ ਉਤੇ ਜਾਣ ਦਾ ਹੌਸਲਾ ਕਰਦਾ ਸੀ ਤੇ ਭੈ-ਭਾਵਨੀ ਨਾਲ ਦੇਵ-ਸਥਾਨ ਦੀ ਪਵਿੱਤ੍ਰਤਾ ਨੂੰ ਕਾਇਮ ਰੱਖਦਾ ਹੋਇਆ ਯਾਤਰਾ ਕਰਦਾ ਸੀ ਪਰ ਹੁਣ ਯਾਤਰਾ ਕਰਨ ਲਈ ਬੜੀਆਂ ਸਹੂਲਤਾਂ ਪ੍ਰਾਪਤ ਹਨ ਇਸ ਕਰਕੇ ਯਾਤਰੀਆਂ ਦੀ ਗਿਣਤੀ ਹਜਾਰਾਂ ਗੁਣਾਂ ਵਧ ਗਈ ਹੈ।

ਇਹ ਵੀ ਸੱਚ ਹੈ ਕਿ ਅੱਜ ਵੀ ਰੂਹਾਨੀ ਰੰਗ ਮਾਨਣ ਵਾਲਿਆਂ ਦੀ ਹੋਂਦ ਨੂੰ ਇਨਕਾਰਿਆ ਨਹੀਂ ਜਾ ਸਕਦਾ।ਉਹ ਵੀ ਹਨ ਜਿਹੜੇ ਆਪਣੇ ਗੁਰਧਾਮਾਂ ਦੀ ਯਾਤਰਾ ਵਿਚ ਆਪਣੇ ਗੁਰੂਆਂ ਪੀਰਾਂ ਤੇ ਦੇਵੀ ਦੇਵਤਿਆਂ ਦੇ ਪ੍ਰੇਮ ਵਿਚ ਲੀਨ ਹੋ ਕੇ ਯਾਤਰਾ ਕਰਦੇ ਹਨ।ਇਹੋ ਜੇਹਿਆਂ ਨੂੰ ਹੁਣ ਵੀ ਰੱਬੀ ਕੌਤਕਾਂ ਦੀਆਂ ਬਖਸ਼ਿਸ਼ਾ ਹੁੰਦੀਆਂ ਹਨ।ਦਰਸ਼ਨ ਦਿਦਾਰੇ ਹੁੰਦੇ ਹਨ ਪਰ ਹੁਣ ਬਹੁਤ ਸਾਰੀਆਂ ਸਹੂਲਤਾਂ ਹੋ ਗਈਆਂ ਹਨ।ਯਾਤਰੂਆਂ ਦੇ ਰਹਿਣ ਲਈ ਕਮਰੇ ਤੇ ਸੁੱਖ ਅਰਾਮ ਦੇ ਸਾਰੇ ਸਾਧਨ ਪ੍ਰਾਪਤ ਹਨ ਇਸ ਲਈ ਹੁਣ ਸਾਰੇ ਯਾਤਰੀ ਦਰਸ਼ਨ ਪਿਆਸੀਆਂ ਰੂਹਾਂ ਵਾਲੇ ਨਹੀ ਹੁੰਦੇ।ਇਨ੍ਹਾਂ ਵਿਚੋਂ ਹੀ ਕੁਝ ਐਸੇ ਵੀ ਹੁੰਦੇ ਹਨ ਜਿਹੜੇ ਸਿਰਫ ਸੈਰ ਸਪਾਟੇ ਦੀ ਨੀਅਤ ਨਾਲ ਹੀ ਜਾਂਦੇ ਹਨ।ਯਾਤਰੂਆਂ ਦੀਆਂ ਲਾਪਰਵਾਹੀਆਂ ਕਾਰਨ ਤਪ-ਸਥਾਨ ਦੀ ਪਵਿੱਤ੍ਰਤਾ ਅਤੇ ਸੁੱਚਮਤਾ ਨਾਸ ਹੁੰਦੀ ਹੈ।ਅਜਿਹੀ ਹਾਲਤ ਵਿਚ ਕਈ ਵਾਰੀ ਕੁਦਰਤ ਦੀ ਕਰੋਪੀ ਸਹਿਣੀ ਪੈਂਦੀ ਹੈ।ਉਚੀਆਂ ਸੁੱਚੀਆਂ ਥਾਵਾਂ ਦੀ ਬੇਕਦਰੀ ਤੇ ਲਪਰਵਾਹੀ ਦੇ ਨਤੀਜੇ ਭੁਗਤਣੇ ਪੈਂਦੇ ਹਨ।

ਕੁਦਰਤ ਦੇ ਰੰਗ ਦੇਖੋ...! ਜੂਨ ੨੦੧੩ ਵਿਚ ਕੇਦਾਰ ਨਾਥ ਦੇ ਦੇਵ ਸਥਾਨ ਉਤੇ ਕਹਿਰਾਂ ਦੀ ਤਬਾਹੀ ਮਚਾਉਣ ਵਾਲਾ ਹੜ੍ਹ ਆਇਆ ਪਰ ਨਾਲ ਹੀ ਮੰਦਰ ਦੀ ਰੱਖਿਆ ਕਰਨ ਲਈ **ਭੀਮਸ਼ਿਲਾ** ਦਾ ਪ੍ਰਗਟ ਹੋਣਾਂ ਵੀ ਕੋਈ ਸਧਾਰਣ ਗੱਲ ਨਹੀਂ ਹੈ।ਪ੍ਰਤੱਖ ਰੂਪ ਵਿਚ ਇਕ ਚੱਮਤਕਾਰ ਹੈ।

ਪਹਾੜ ਉਤੇ ਇਕ ਜਬਰਦਸਤ ਧਮਾਕਾ ਹੋਇਆ।ਇਕ ਬੱਦਲ ਫਟਿਆ,ਪਾਣੀ ਪਾਣੀ ਹੋ ਗਿਆ ਤੇ ਨਾਲ ਹੀ ਇਕ ਬਹੁਤ ਵੱਡਾ ਪੱਥਰ ਥੱਲੇ ਵਲ ਰੁੜ੍ਹਨ ਲੱਗਿਆ।ਉਸ ਵੱਡੇ ਪੱਥਰ ਦੇ ਨਾਲ ਹੀ ਕੁਝ ਹੋਰ ਛੋਟੇ ਮੋਟੇ ਪੱਥਰ ਵੀ ਉਸਦੇ ਪਿੱਛੇ ਪਿੱਛੇ ਰੁੜ੍ਹਦੇ ਆਏ।ਇਕ ਰੱਖਿਅਕ ਦੇ ਰੂਪ ਵਿਚ ਇਹ ਪੱਥਰ ਕੇਦਾਰ ਨਾਥ ਮੰਦਰ ਦੇ ਪਿੱਛੇ ਆ ਕੇ ਰੁਕ ਗਿਆ ਤੇ ਇਸ ਦੇ ਪਿੱਛੇ ਆਉਣ ਵਾਲੇ ਪੱਥਰ ਵੀ ਉਥੇ ਹੀ ਰੁਕ ਗਏ।ਇਸ ਵੱਡੇ ਪੱਥਰ ਨੇ ਪਹਾੜ ਤੋਂ ਆ ਰਹੇ ਤੂਫਾਨੀ ਹੜ੍ਹ ਨੂੰ ਆਪਣੇ ਬਲ ਨਾਲ ਰੋਕੀ ਰੱਖਿਆ ਤੇ ਇਕ ਪਹਿਰੇਦਾਰ ਦੇ ਰੂਪ ਵਿਚ ਮੰਦਰ ਦੇ ਪਿੱਛੇ ਆ ਖੜ੍ਹਿਆ।ਪੱਥਰ ਦੇ ਦੋਨੋ ਪਾਸੇ ਹਜਾਰਾਂ ਸ਼ਰਧਾਲੂਆਂ ਦੀਆਂ ਜਾਨਾਂ ਲੈਂਦਾ ਹੋਇਆ ਹੜ੍ਹ ਤਬਾਹੀ ਮਚਾਉਣ ਲੱਗਿਆ।ਮੰਦਰ ਦੇ ਆਲੇ ਦੁਆਲੇ ਦੀਆਂ ਦੁਕਾਨਾਂ ਤੇ ਇਮਾਰਤਾਂ, ਕਾਗਜ਼ ਦੀਆਂ ਕਿਸ਼ਤੀਆਂ ਵਾਂਗੂੰ ਪਾਣੀ ਵਿਚ ਰੁੜ੍ਹਨ ਲੱਗੀਆਂ।ਵਿਨਾਸ਼ਕਾਰੀ ਹੜ੍ਹ ਸਭ ਕੁਝ ਰੁੜ੍ਹਈ ਲਿਜਾ ਰਿਹਾ ਸੀ ਪਰ ਮੰਦਰ ਨੂੰ ਉਸ ਪੱਥਰ ਨੇ ਬਚਾਈ ਰੱਖਿਆ।

ਕੇਦਾਰ ਨਾਥ ਦਾ ਇਹ ਰਹੱਸਮਈ ਹੜ੍ਹ ਅਤੇ ਬਾਰਸ਼ ਦਾ ਕਹਿਰ ਮੰਦਰ ਦੇ ਆਲੇ ਦੁਆਲੇ ਦੇ ਸਾਰੇ ਪਹਾੜੀ ਇਲਾਕੇ ਨੂੰ ਆਪਣੇ ਨਾਲ ਹੀ ਰੋੜ੍ਹ ਕੇ ਲੈ ਗਿਆ।ਵਸਦੇ ਰਸਤੇ ਘਰਾਂ ਦਾ ਨਾਮੋ ਨਿਸ਼ਾਨ ਮਿਟ ਗਿਆ।ਰਾਮਬਾੜਾ ਸ਼ਹਿਰ ਤਾਂ ਸਾਰੇ ਦਾ ਸਾਰਾ ਹੀ ਮੰਕਾਦਨੀ ਨਦੀ ਦੇ ਹੜ੍ਹ ਵਿਚ ਰੁੜ੍ਹ ਗਿਆ।ਕੇਦਾਰ ਨਾਥ ਦੀ ਯਾਤਰਾ ਲਈ ਗਏ ਹਜਾਰਾਂ ਸ਼ਰਧਾਲੂ ਇਸ ਜਲ ਪ੍ਰਲੈ ਦੀ ਭੇਟ ਚੜ੍ਹ ਗਏ।ਲਾਸ਼ਾਂ ਨੂੰ ਪਛਾਨਣਾਂ ਤੇ ਉਨ੍ਹਾਂ ਦਾ ਸਸਕਾਰ ਕਰਨਾ ਔਖਾ ਹੋ ਗਿਆ।ਖੈਰ..! ਇਸ ਕੰਮ ਲਈ ਸਰਬੱਤ ਦੇ ਭਲੇ ਲਈ ਕੰਮ ਕਰ ਰਹੀ ਸਰਦਾਰ ਰਵੀ ਸਿੰਘ ਜੀ ਦੀ ਖਾਲਸਾ ਏਡ ਸੰਸਥਾ ਨੇ ਆਪਣਾ ਧਰਮ ਨਿਭਾਇਆ ਤੇ ਵਿਧੀ ਪੂਰਬਕ ਲਾਸ਼ਾਂ ਦੇ ਸਸਕਾਰ ਕਰਨ ਦੀ ਸੇਵਾ ਨਿਭਾਈ।ਯਾਤਰੀਆਂ ਦੀ ਰਿਹਾਇਸ਼ ਲਈ ਬਣੇ ਹੋਟਲ ਤੇ ਦੁਕਾਨਾਂ ਸਭ ਰੁੜ੍ਹ ਗਏ।ਹੇਮ ਕੁੰਟ ਸਾਹਿਬ ਦੇ ਯਾਤਰੀਆਂ ਅਤੇ ਗੁਰਦੁਆਰਿਆਂ ਉਤੇ ਵੀ ਇਸ ਹੜ੍ਹ ਦਾ ਅਸਰ ਪਿਆ।ਯਾਤਰਾ ਰੁਕ ਗਈ।ਹੇਮਕੁੰਟ ਸਾਹਿਬ ਦਾ ਗੁਰਦੁਆਰਾ ਤਾਂ ਬਚ ਗਿਆ।ਪਰ ਗੋਬਿੰਦ ਘਾਟ ਦੇ ਗੁਰਦੁਆਰੇ ਨੂੰ ਨਦੀ ਦੇ ਪਾਣੀ ਵਿਚ ਆਏ ਹੜ੍ਹ ਨੇ ਕਾਫੀ ਨੁਕਸਾਨ

ਪਹੁੰਚਾਇਆ।ਪਤਾ ਨਹੀਂ ਸਾਡੇ ਕਲਿਯੁਗੀ ਜੀਵਾਂ ਦੀਆਂ ਕਿਹੜੀਆਂ ਭੁੱਲਾਂ ਕਾਰਨ ਸਾਨੂੰ ਕੁਦਰਤ ਦੀ ਐਸੀ ਕਰੋਪੀ ਸਹਿਣੀ ਪਈ ਕਿ ਸਾਰਾ ਇਲਾਕਾ ਹੀ ਤਬਾਹ ਹੋ ਗਿਆ।

ਸ਼ਰਧਾਲੂਆਂ ਨੇ ਗੋਬਿੰਦ ਘਾਟ ਅਤੇ ਕੇਦਾਰ ਨਾਥ ਮੰਦਰ ਵਿਚ ਮੁੜ ਤੋਂ ਪਾਠ ਪੂਜਾ ਸ਼ੁਰੂ ਕਰਨ ਲਈ ਕਰੜੀ ਮੇਹਨਤ ਕੀਤੀ।ਦਾਤਾਰ ਪਿਤਾ ਦੀ ਕਿਰਪਾ ਨਾਲ ਅੱਜ ਫਿਰ ਪਹਿਲੇ ਵਾਂਗ ਹੀ ਰੌਣਕਾਂ ਹਨ ਪਰ ਕੇਦਾਰ ਨਾਥ ਦੇ ਮੰਦਰ ਵਿਚ ਹੁਣ ਉਸ ਪੱਥਰ ਉਤੇ ਸਭ ਦੀ ਨਜਰ ਜਾਂਦੀ ਹੈ ਜਿਹੜਾ ਹਾਲੇ ਵੀ ਮੰਦਰ ਦਾ ਰੱਖਿਅਕ ਹੋਣ ਦਾ ਸਬੂਤ ਦਿੰਦਾ ਹੈ ਪਰ ਹੁਣ ਇਹ ਪੱਥਰ,ਆਮ ਪੱਥਰ ਨਹੀਂ ਰਿਹਾ।ਇਸਨੂੰ ਪੱਥਰ ਕਹਿਣ ਨੂੰ ਦਿਲ ਵੀ ਨਹੀਂ ਕਰਦਾ।ਇਸ ਵਿਚੋਂ ਤਾਂ ਉਸ ਕਲਾਧਾਰ ਪਿਤਾ ਦੀ ਸ਼ਕਤੀ ਦੇ ਦਰਸ਼ਨ ਹੁੰਦੇ ਹਨ..! ਅਦ੍ਰਿਸ਼ਟ ਵਾਹਿਗੁਰੂ ਦਾ ਦ੍ਰਿਸ਼ਟਾਂਤ ਪੈਦਾ ਕਰਨ ਵਾਲੇ ਇਸ ਪੱਥਰ ਨੇ ਤਾਂ ਐਨੇ ਵੱਡੇ ਹੜ੍ਹ ਦਾ ਸੀਨਾ ਚੀਰ ਕੇ ਉਸਨੂੰ



## ਪੂਜਾ ਵਾਲਾ ਪੱਥਰ

ਦੁਫਾੜ ਕਰ ਕੇ ਰੱਖ ਦਿੱਤਾ ਤੇ ਮੰਦਰ ਦਾ ਰੱਖਿਅਕ ਬਣ ਕੇ ਆਪਣਾ ਫਰਜ਼ ਨਿਭਾਇਆ।ਇਸੇ ਲਈ ਹੀ ਅੱਜ ਸ਼ਰਧਾਲੂ ਇਸਨੂੰ ਮਹਾਂਬਲੀ ਭੀਮ ਦੇ ਨਾਮ ਨਾਲ ਜੋੜ ਕੇ **ਭੀਮਸ਼ਿਲਾ** ਕਹਿ ਕੇ ਪੁਕਾਰਦੇ ਹਨ ਤੇ ਇਸ ਦੀ ਪੂਜਾ ਕਰਦੇ ਹਨ।

ਇਹ ਭੀਮਸ਼ਿਲਾ ਸਾਨੂੰ ਸਰਵ-ਕਲਾ-ਭਰਪੂਰ, ਸਰਵ-ਸ਼ਕਤੀ-ਮਾਨ ਤੇ ਸਰਵ-ਵਿਆਪਕ ਪਰਮਾਤਮਾ ਦੀਆਂ ਗੁੱਝੀਆਂ ਰਮਜਾਂ ਸਮਝਾਉਂਦੀ ਹੋਈ ਪੁਕਾਰ ਪਾਕਾਰ ਕੇ ਕਹਿ

ਰਹੀ ਹੈ ਕਿ ਉਸ ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਨੇ ਪਤਾ ਨਹੀਂ ਕਿਹੜੀ ਸ਼ੈ ਵਿਚੋਂ, ਕਿਸ ਥਾਂ ਉਤੇ ਅਤੇ ਕਿਹੜੇ ਸਮੇ ਵਿਚ ਆਪਣਾ ਪ੍ਰਗਟ-ਰੂਪ ਦਿਖਾ ਦੇਣਾ ਹੈ।

ਤੀਰਥਾਂ ਦਾ ਨਾਮ ਹਮੇਸ਼ਾਂ ਰੱਬ ਦੇ ਨਾਮ ਨਾਲ ਜੁੜਿਆ ਹੋਇਆ ਹੁੰਦਾ ਹੈ।ਇਨ੍ਹਾਂ ਦਾ ਸੰਬੰਧ ਦੇਵੀ ਦੇਵਤਿਆਂ ਜਾਂ ਗੁਰੂਆਂ ਪੀਰਾਂ ਨਾਲ ਹੁੰਦਾ ਹੈ।ਪਵਿੱਤਰ ਧਾਮਾਂ ਉਤੇ ਸਾਧੂ ਜਨਾਂ ਦੀ ਆਵਾ ਜਾਈ ਲੱਗੀ ਰਹਿੰਦੀ ਹੈ।ਨਾਮ ਬਾਣੀ ਦੇ ਰੰਗ ਰਸ ਵਿਚ ਭਿੱਜੇ ਹੋਏ ਤੀਰਥ ਯਾਤਰੀਆਂ ਦੇ ਭਗਤੀ ਰਸ ਦਾ ਸੇਂਜਾ ਹੁੰਦਾ ਰਹਿੰਦਾ ਹੈ ਤੇ ਇਲਾਹੀ ਕੌਤਕ ਵਰਤਦੇ ਰਹਿੰਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ-

**"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥**

**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥**

**ਤੀਰਥਿ ਅਠਸਠਿ ਮਜਨੁ ਨਾਈ ॥ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥**

**ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ਹਰਿ ਕਾਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥੪॥੨॥**

(ਸ੍ਰੀ ਗੁਰੂ ਗ੍ਰੰਥ ਸਾਹਿਬ : ਅੰਗ ੧੨੬੩)

ਭਾਵ:-ਗੰਗਾ ਜਮੁਨਾ ਗੁਦਾਵਰੀ ਤੇ ਸਰਸੁਤੀ ਨਦੀਆਂ ਸਾਧੂ ਦੀ ਚਰਨ ਧੂੜ ਪ੍ਰਾਪਤ ਕਰਨ ਲਈ ਯਤਨ ਕਰਦੀਆਂ ਹੋਈਆਂ ਕਹਿੰਦੀਆਂ ਹਨ ਕਿ ਮੈਲ ਭਰੇ ਲੋਕਾਂ ਨੇ ਸਾਡੇ ਪਾਣੀਆਂ ਵਿਚ ਇਸ਼ਨਾਨ ਕਰਕੇ ਸਾਨੂੰ ਮੈਲੀਆਂ ਕਰ ਦਿੱਤਾ ਹੈ।ਸਾਧੂਆਂ ਦੀ ਧੂੜ ਨਾਲ ਵਿਕਾਰਾਂ ਦੀ ਮੈਲ

ਲੱਥ ਜਾਂਦੀ ਹੈ।ਇਸ ਲਈ ਉਹ ਸਾਧੂਆਂ ਦੀ ਧੂੜ ਪ੍ਰਾਪਤ ਕਰਨ ਲਈ ਲੋਚਦੀਆ ਰਹਿੰਦੀਆਂ ਹਨ।ਗੰਗਾ ਨਦੀ ਨੂੰ ਭਾਗੀਰਥ ਤਪੇ ਨੇ ਸਵਰਗਾਂ ਵਿਚੋਂ ਲਿਆਂਦਾ।ਕੇਦਾਰ ਨਾਥ ਦੀ ਅਸਥਾਪਨਾ ਸ਼ਿਵ ਜੀ ਨੇ ਕੀਤੀ।ਬ੍ਰਿੰਦਾਬਨ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਨੇ ਗਊਆਂ ਚਰਾਈਆਂ।ਇਨ੍ਹਾਂ ਸਾਰੀਆਂ ਥਾਵਾਂ ਦੀ ਵਡਿਆਈ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਦੇਵੀ ਦੇਵਤਿਆਂ ਕਰਕੇ ਹੀ ਹੈ।ਦੇਵਤਿਆਂ ਨੇ ਜਿੰਨੇ ਵੀ ਤੀਰਥ ਅਸਥਾਪਨ ਕੀਤੇ ਹੋਏ ਹਨ,ਉਹ ਸਾਰੇ ਸਥਾਨ ਸੰਤ ਜਨਾਂ ਦੀ ਚਰਨ ਧੂੜ ਲਈ ਤਾਂਘਦੇ ਰਹਿੰਦੇ ਹਨ।ਜਦੋਂ ਇਨ੍ਹਾਂ ਨੂੰ ਰੱਬ ਦੇ ਸੱਚੇ ਸ਼ਰਧਾਲੂ ਮਿਲਦੇ ਹਨ,ਉਹ ਉਸਦੇ ਚਰਨਾਂ ਦੀ ਧੂੜ ਮੱਥੇ ਉਤੇ ਲਾਂਦੇ ਹਨ।ਹੇ ਮੇਰੇ ਮਾਲਿਕ!ਤੇਰੀ ਸਿਰਜੀ ਹੋਈ ਸ੍ਰਿਸ਼ਟੀ ਵਿਚ ਸਾਰੇ ਹੀ ਸਾਧੂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਨੀ ਲੋੜਦੇ ਹਨ ਪਰ ਜਿਸ ਦੇ ਮੱਥੇ ਉਤੇ ਲਿਖਿਆ ਹੋਵੇ,ਪ੍ਰਮਾਤਮਾ ਉਸ ਨੂੰ ਗੁਰੂ-ਸਾਧੂ ਦੇ ਚਰਨਾਂ ਦੀ ਧੂੜ ਦੇ ਕੇ ,ਉਸ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ।

ਵਿਗਿਅਨਕਾਂ ਦੀ ਖੋਜ ਮੁਤਾਬਿਕ ਅਰਬ ਸਾਗਰ ਉਤੇ ਇਕ ਮੌਸਚਰ ਦਾ ਬੱਦਲ ਬਣਿਆਂ ਜਿਹੜਾ ਹਿਮਾਲਾ ਪ੍ਰਬਤ ਉਤੇ ਆ ਕੇ ਫਟਿਆ ਤੇ ਜਲ-ਪ੍ਰਲੈ ਬਣ ਕੇ ਤਬਾਹੀ ਦਾ ਕਾਰਣ ਬਣਿਆਂ।ਇਸ ਅਰਬ ਸਾਗਰ ਦੇ ਮੌਸਚਰ ਵਿਚ ਪਤਾ ਨਹੀਂ ਕਿਹੋ ਜਿਹੀਆਂ ਰੂਹਾਂ ਦਾ ਗੁੱਸਾ ਭਰਿਆ ਹੋਇਆ ਸੀ,ਜਿਹੜਾ ਕੇਦਾਰ ਨਾਥ ਵਲ ਮੂੰਹ ਕਰ ਕੇ ਦੌੜਿਆ..! ਅੱਗੋਂ ਇਸਦੇ ਗੁੱਸੇ ਦਾ ਮੁਕਾਬਲਾ ਕਰਨ ਲਈ ਭੀਮ ਸ਼ਿਲਾ ਨੂੰ ਖੰਭ ਲੱਗ ਗਏ। ਉਸਨੇ ਨੇ ਕੇਦਾਰ ਨਾਥ ਮੰਦਰ ਦੀ ਰੱਖਿਅੱਕ ਬਣਨ ਦਾ ਰੂਪ ਧਾਰ ਕੇ ਮੰਦਰ ਨੂੰ ਤਾਂ ਬਚਾ ਲਿਆ ਪਰ ਹਜਾਰਾਂ ਜਾਨਾਂ ਗਈਆਂ।ਸਾਰਾ ਇਲਾਕਾ ਤਬਾਹ ਹੋ ਗਿਆ।

ਕੇਦਾਰ ਨਾਥ ਦੇ ਮੰਦਰ ਦੀ ਬਣਤਰ ਲਈ ਚੌਰਸ ਪੱਥਰ ਵਰਤੇ ਹੋਏ ਹਨ।ਇੱਕੋ ਜਿਹੇ ਨਮੂੰਨੇ ਦੇ ਪੱਥਰ ਤਿਆਰ ਕਰਕੇ ਸਜਾਏ ਹੋਏ ਹਨ।ਇਸ ਅਦਭੁਤ ਮੰਦਰ ਨੂੰ ਪਾਂਡਵਾਂ ਨੇ ਬਣਾਇਆ ਸੀ।ਕੁਦਰਤ ਦੇ ਰੰਗ ਨਿਆਰੇ ਹਨ!ਜੇ ਅਸੀਂ ਇਕ ਛੋਟੇ ਜਿਹੇ ਪੱਥਰ ਦੇ ਟੁਕੜੇ ਨੂੰ ਲੈ ਕੇ ਤੁਰ ਪਈਏ ਤਾਂ ਉਸ ਦੀ ਸ਼ਕਲ ਸੂਰਤ ਵਰਗਾ ਦੂਜਾ ਪੱਥਰ ਕਿਤਿਓਂ ਨਹੀਂ ਲੱਭਦਾ।ਅੱਜ ਸਾਇੰਸ ਦੇ ਜਮਾਨੇ ਦੀ ਟੈਕਨਾਲੋਜੀ ਅਨੁਸਾਰ ਸਾਡੇ ਕੋਲ ਅਜਿਹੀਆਂ ਮਸ਼ੀਨਾਂ ਹਨ ਜਿਹੜੀਆਂ ਇੱਕੋ ਜਿਹੇ ਪੱਥਰ ਘੜ ਲੈਂਦੀਆਂ ਹਨ।ਪਰ ਪਾਂਡਵਾਂ ਨੇ ਇਨ੍ਹਾਂ ਪੱਥਰਾਂ ਦੇ ਇਕੋ ਜਿਹੇ ਨਮੂੰਨੇ ਕਿਸ ਤਰ੍ਹਾਂ ਬਣਾਏ ਹੋਣਗੇ?ਹੁਣ ਤਾਂ ਸਾਡੇ ਕੋਲ ਅਜਿਹੀਆਂ ਮਸ਼ੀਨਾਂ ਹਨ ਕਿ ਬਹੁਤ ਉਚਾਈ ਤੱਕ ਇੱਟਾਂ ਪੱਥਰ ਤੇ ਲੋਹਾ ਲਿਜਾ ਕੇ ਅਸੀਂ ਉਚੀਆਂ ਉਚੀਆਂ ਇਮਾਰਤਾਂ

ਤਿਆਰ ਕਰ ਲੈਂਦੇ ਹਾਂ ਪਰ ਪਾਂਡਵਾਂ ਨੇ ਛੱਤ ਬਣਾਉਂਣ ਵੇਲੇ ਐਨੇ ਲੰਬੇ ਚੌੜੇ ਤੇ ਇਕੋ ਹੀ ਨਾਪ ਦੇ ਪੱਥਰ ਐਨੀ ਉਚੀ ਛੱਤ ਤੱਕ ਕਿਵੇਂ ਪਹੁੰਚਾਏ ਹੋਣਗੇ?

**ਭੀਮ ਸ਼ਿਲਾ ਦੇ ਪ੍ਰਗਟ ਹੋਣ ਵਾਂਗੂੰ ਹੀ ਪਾਕਿਸਤਾਨ ਵਿਚ ਵੀ ਇਕ ਅਨੋਖੀ ਘਟਨਾ ਵਾਪਰੀ।** ਇਕ ਚਮਤਕਾਰ ਹੋਇਆ।ਕਰਤਾਰ ਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਜਾਰ ਅਤੇ ਗੁਰਦੁਆਰੇ ਨੂੰ ਬਚਾਉਣ ਲਈ ਇਕ ਬੰਬ ਪ੍ਰਗਟ ਹੋਇਆ।ਤਬਾਹੀ ਮਚਾਉਣ ਵਾਲਾ ਬੰਬ ਚੁੱਪ ਚੁਪੀਤਾ ਹੀ ਖੂਹ ਵਿਚ ਜਾ ਵੜਿਆ।

੧੯੭੧ ਵਿਚ ਪਾਕਿਸਤਾਨ ਤੇ ਭਾਰਤ ਦੀ ਲੜਾਈ ਵਿਚ ਦੋਨਾ ਦੇਸ਼ਾਂ ਨੇ ਇਕ ਦੂਜੇ ਨੂੰ ਹਰਾਉਣ ਲਈ ਹਵਾਈ ਹਮਲਿਆਂ ਵਿਚ ਬੰਬਾਂ ਦੀ ਵਰਤੋਂ ਕੀਤੀ।ਏਧਰ ਓਧਰ ਜਿਥੇ ਵੀ ਬੰਬ ਡਿਗਦਾ ਧਰਤੀ ਕੰਬਦੀ,ਅੱਗਾਂ ਦੇ ਭਾਬੜ ਮਚਦੇ ਤੇ ਜਾਨੀ ਮਾਲੀ ਨੁਕਸਾਨ ਹੁੰਦਾ।ਇਸ ਲੜਾਈ ਵਿਚ ਭਾਰਤੀ ਹਵਾਈ ਸੈਨਾ ਦਾ ਇਕ ਬੰਬ ਕਰਤਾਰ ਪੁਰ ਗੁਰਦੁਆਰੇ ਉਤੇ ਡਿਗਿਆ।ਪਰ ਇਹ ਬੰਬ ਸ੍ਰੀ ਗੁਰੂ  ਨਾਨਕ ਦੇਵ ਜੀ ਦੇ ਮਜਾਰ ਤੇ ਗੁਰਦੁਆਰੇ ਦੇ ਨਾਲ ਹੀ ਖੂਹ ਵਿਚ ਜਾ ਡਿਗਿਆ।ਉਹ ਖੂਹ..! ਜਿਸ ਦੇ ਪਾਣੀ



**ਗੁਰੂਦਵਾਰਾ ਕਰਤਾਰਪੁਰ ਸਾਹਿਬ ਪਾਕਿਸਤਾਨ**

ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਕਾਲ ਵਿਚ ਆਪਣੇ ਖੇਤਾਂ ਨੂੰ ਪਾਣੀ ਦਿਆ ਕਰਦੇ ਸੀ।

ਲੋਕਾਂ ਨੇ ਇਸ ਚਮਤਕਾਰੀ ਬੰਬ ਨੂੰ ਖੂਹ ਵਿਚੋਂ ਕੱਢ ਲਿਆ ਤੇ ਸ਼ੀਸ਼ੇ ਵਿਚ ਜੜਾ ਕੇ ਇਕ ਮਾਡਲ ਬਣਾ ਕੇ ਸਜਾ ਲਿਆ।ਅਜ ਵੀ ਇਸ ਮਾਡਲ ਨੂੰ ਦੇਖ ਕੇ ਹਰ ਇਕ ਦਾ ਸਿਰ ਝੁਕਦਾ ਹੈ।ਇਸ ਨੂੰ ਦੇਖਕੇ ਬਲਦੀਆਂ ਅੱਗਾਂ ਵਿਚੋਂ ਰੱਖਣ ਵਾਲੇ ਦਾਤਾਰ ਪਿਤਾ ਦੇ ਚਰਨਾਂ ਤੋਂ ਬਲਿਹਾਰ ਜਾਣ ਨੂੰ ਦਿਲ ਕਰਦਾ ਹੈ।ਜੇ ਬੰਬ ਫਟ ਜਾਂਦਾ ਤਾਂ ਗੁਰਦੁਆਰੇ ਤੇ ਮਜਾਰ ਦੋਨਾ ਦਾ ਨੁਕਸਾਨ ਹੋਣਾ ਸੀ ਪਰ ਸਰਵ-ਕਲਾ-ਸਮਰੱਥ ਸਤਿਗੁਰੂ ਨੇ ਜਾਹਰੀ ਕਲਾ ਵਰਤਾਈ।ਰੱਖਿਆ ਕੀਤੀ।

ਸਾਰੀ ਦੁਨੀਆਂ ਵਿਚ ਇਹ ਹੀ ਇਕ ਇਹੋ ਜਿਹੀ ਥਾਂ ਹੈ ਜਿੱਥੇ ਗੁਰਦੁਆਰਾ ਤੇ ਮਜਾਰ ਦੋਨੋ ਇਕੋ ਹੀ ਥਾਂ ਉਤੇ ਦਿਖਾਈ ਦਿੰਦੇ ਹਨ ਤੇ ਬਾਬਾ ਨਾਨਕ ਵੀ ਸਾਰੀ ਦੁਨੀਆਂ ਉਤੇ ਇਕੋ ਇਕ  ਅਜਿਹੀ ਨਿਰੰਕਾਰੀ ਜੋਤ ਹੈ ਜਿਸਦੇ ਅਕਾਲ ਚਲਾਣੇ ਪਿੱਛੋਂ ਹਿੰਦੂਆਂ ਅਤੇ ਮੁਸਲਮਾਨਾਂ ਦੋਨਾਂ ਦੇ ਦਿਲ ਰੋਏ।ਮੁਸਲਮਾਨ ਬਾਬਾ ਜੀ ਦੇ ਪੰਜ ਭੂਤਕ ਸਰੀਰ ਨੂੰ ਦਫਨਾਉਣਾ ਚਾਹੁੰਦੇ ਸੀ ਤੇ ਹਿੰਦੂ ਸਸਕਾਰ ਕਰਨਾ ਚਾਹੁੰਦੇ ਸੀ।ਦੋਨਾਂ ਦੀ ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਲਈ ਬਾਬੇ ਨੇ ਆਪਣੇ ਪੰਜ ਭੂਤਕ ਸਰੀਰ ਨੂੰ ਫੁੱਲਾਂ ਦੀ ਢੇਰੀ ਵਿਚ ਬਦਲ ਕੇ ਚਾਦਰ ਨਾਲ ਢੱਕ ਲਿਆ।ਫੁਲ ਰਹਿ ਗਏ..!ਬਾਬਾ ਕਿਥੇ ਗਿਆ...?ਉਹ ਤਾਂ ਕਲਿਯੁਗ ਦੇ ਘੁੱਪ ਹਨੇਰੇ ਵਿਚ ਸੱਚ ਦਾ ਦੀਵਾ ਜਗਾਉਣ ਆਇਆ ਸੀ..!ਤੇ ਹੁਣ ਉਹ ਧੁਰ ਕੀ ਬਾਣੀ ਦੇ ਪ੍ਰਕਾਸ਼ ਦੀਆਂ ਕਿਰਨਾਂ ਦਾ ਸਰੂਪ ਧਾਰ ਕੇ ਸਾਰੇ ਵਿਸ਼ਵ ਵਿਚ ਪਸਰ ਗਿਆ॥

ਹਿੰਦੂਆਂ ਨੇ ਆਪਣੇ ਹਿੱਸੇ ਦੇ ਅੱਧੇ ਫੁਲ ਅਤੇ ਅੱਧੀ ਚਾਦਰ ਦਾ ਸਸਕਾਰ ਕਰਕੇ ਸਮਾਧ ਬਣਾ ਲਈ ਜਿਹੜੀ ਅਜ ਦੁਨੀਆਂ ਦੇ ਸਭ ਤੋਂ ਵੱਡੇ ਗੁਰਦੁਆਰੇ ਦੇ ਸਰੂਪ ਵਿਚ ਸੁਸ਼ੋਭਿਤ ਹੈ।ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਤੇ ਦਸੋ ਪਾਤਿਸ਼ਾਹੀਆਂ ਦੀ ਜੋਤ ਸਰੂਪ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਜਗਮਗਾ ਰਿਹਾ ਹੈ।**ਜੁਗੋ ਜੁਗ ਅਟੱਲ ਸੰਪੂਰਨ ਗੁਰੂ ਦੇ ਰੂਪ ਵਿਚ ਸਾਡਾ ਮਾਰਗ ਦਰਸ਼ਨ ਹੋ ਰਿਹਾ ਹੈ।ਧੁਰ ਕੀ ਬਾਣੀ ਵਿਚੋਂ ਸਾਨੂੰ ਸਾਡੇ ਬਾਬੇ ਦੇ ਇਲਾਹੀ ਬੋਲ ਸੁਣਾਈ ਦੇ ਰਹੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਬੋਲਦੇ ਹਨ।ਸਾਡੇ ਨਾਲ ਦਿਲਾਂ ਦੀ ਸਾਂਝ ਕਰਦੇ ਹਨ।


ਮਜਾਰ..!ਇੱਥੇ ਅੱਜ ਵੀ ਬਾਬਾ ਜੀ ਦੇ ਫੁੱਲ ਮੌਜੂਦ ਹਨ....! ਇਹ ਫੁੱਲ ਕਿਤੇ ਨਹੀਂ ਗਏ। ਸਾਡੇ ਸਾਹਮਣੇ ਹੀ ਪਏ ਹਨ। ਚਾਦਰ ਨਾਲ ਢੱਕੇ ਹੋਏ ਹਨ..!ਇੱਟਾਂ ਪੱਥਰਾਂ ਨਾਲ ਸੰਭਾਲ ਕੇ ਉਪਰ ਸੁੰਦਰ ਚਾਦਰਾਂ ਵਿਛਾਈਆਂ ਹੋਈਆਂ ਹਨ।

ਇਹ ਫੁਲ ਕੋਈ ਆਮ ਫੁਲ ਨਹੀਂ ਜਿਹੜੇ ਮੁਰਝਾ ਜਾਣ ...! ਜਾਂ ਸੁੱਕ ਜਾਣ...! ਇਹ ਤਾਂ ਸਦ-ਜੀਵੀ ਫੱਲ ਹਨ..!ਇਲਾਹੀ ਦੇਸ਼ ਤੋਂ ਆਏ ਹਨ..!ਗਗਨ ਮੰਡਲ ਦੀ ਦੇਣ ਹੈ...!ਧਰਤੀ ਮਾਂ ਨੇ ਸੰਭਾਲ ਕੇ ਆਪਣੇ ਸੀਨੇ ਨਾਲ ਲਗਾਏ ਹੋਏ ਹਨ। ਇਨ੍ਹਾਂ ਫੁੱਲਾਂ ਦੀ ਤਾਜ਼ਗੀ ਤੇ ਖੇੜਾ ਗਿਆਨ ਰਿਸ਼ਮਾਂ ਦਾ ਮੀਂਹ ਵਰ੍ਹਾ ਰਿਹਾ ਹੈ। ਇਨ੍ਹਾਂ ਵਿਚੋਂ ਰੱਬੀ ਬਾਣੀ ਦੇ ਸੁਰਾਂ ਦੀ ਗੂੰਜ ਸੁਣਾਈ ਦੇ ਰਹੀ ਹੈ। ਇਨ੍ਹਾਂ ਨੇ ਮੁਹੱਬਤਾਂ ਦੇ ਰੰਗ ਰਸ ਦੀ ਬਰਸਾਤ ਲਗਾਈ ਹੋਈ ਹੈ। ਦੇਖੋ...!ਅੱਜ ਸਾਡੇ ਬਾਬੇ ਨਾਨਕ ਦੇ ੫੫੦ ਸਾਲਾ ਜਨਮ ਦਿਨ ਦੀ ਖੁਸ਼ੀ ਵਿਚ ਇਨ੍ਹਾਂ ਫੁਲਾਂ ਦੀ ਖੁਸ਼ਬੂ ਨੇ ਸਾਰੇ ਸੰਸਾਰ ਨੂੰ ਮਹਿਕਾਇਆ ਹੋਇਆ ਹੈ।

ਅੱਜ ਬਾਬੇ ਨਾਨਕ ਦੇ ਨਿਵਾਸ ਸਥਾਨ ਕਰਤਾਰਪੁਰ (ਪਾਕਿਸਤਾਨ) ਵਿਚ ਸੰਸਾਰ ਦੇ ਸੱਭ ਤੋਂ ਵੱਡੇ ਗੁਰਦੁਆਰੇ ਦਾ ਉਦਘਾਟਨ ਹੋ ਰਿਹਾ ਹੈ। ਧੂਮ ਧਾਮ ਨਾਲ ਹੋ ਰਿਹਾ ਹੈ...!ਦੋ ਗਵਾਂਡੀ ਦੇਸ਼ਾਂ (ਹਿੰਦੁਸਤਾਨ ਤੇ ਪਾਕਿਸਤਾਨ) ਦੇ ਵਿਚਕਾਰ ਗੁਰੂ ਨਾਨਕ ਦੇ ਪਿਆਰ ਵਾਲਾ ਰਸਤਾ (ਕਾਰੀਡੋਰ) ਖੁਲ੍ਹ ਰਿਹਾ ਹੈ। ਸਵਾਗਤ ਵਿਚ ਫੁੱਲ ਵਰਸਾਏ ਜਾ ਰਹੇ ਹਨ। ਅੱਜ ਬਾਬੇ ਨਾਨਕ ਨੇ ਐਸੀ ਕਲਾ ਵਰਤਾਈ ਕਿ ਸਿਆਸਤ ਦੀ ਸੜਿਹਾਂਦ ਨਾਲ ਧੁਆਂਖੇ ਹੋਏ ਦਿਲਾਂ ਉਤੇ ਵੀ ਪ੍ਰੇਮ ਅੰਮ੍ਰਿਤ ਦੀਆਂ ਕਣੀਆਂ ਦਾ ਛਿੱਟਾ ਵਰ੍ਹਿਆ ਹੋਇਆ ਹੈ।

ਦੇਖੋ..!ਅੱਜ ਫਿਰ ਇਕ ਚੱਮਤਕਾਰ ਹੋ ਰਿਹਾ ਹੈ। ਬਾਬੇ ਨਾਨਕ ਦਾ ਵਰਤਾਰਾ ਹੋ ਰਿਹਾ ਹੈ। ਕੁਝ ਦਿਨ ਪਹਿਲਾਂ ਇੱਥੇ,ਇਸੇ ਥਾਂ ਉਤੇ ਹੀ ਦੁਬਾਰਾ ੧੯੭੧ ਵਰਗੇ ਹਾਲਾਤ ਬਣਨ ਦੇ ਆਸਾਰ ਨਜ਼ਰ ਆ ਰਹੇ ਸੀ। ਇਸ ਇਲਾਕੇ ਦੇ ਸਾਰੇ ਨਿਵਾਸੀ ਡਰੇ ਹੋਏ ਸੀ ਕਿਉਂਕਿ ਅੱਗਾਂ ਲਗਾਉਣ ਦੇ ਸ਼ੌਕੀਨਾਂ ਦੀਆਂ ਮੀਸਾਈਲਾਂ ਤਿਆਰ ਸਨ ਪਰ ਅੱਜ ਇਸ ਮਜ਼ਾਰ ਵਿਚ ਪਏ ਫੱਲਾਂ ਵਿਚੋਂ ਫੁੱਟ ਫੁੱਟ ਕੇ ਆ ਰਹੀਆਂ ਭਾਈਚਾਰਕ ਸਾਂਝ ਦੀਆਂ ਲਪਟਾਂ ਨਾਲ ਸਾਰਾ ਵਾਤਾਵਰਣ ਪਿਆਰ ਦੇ ਰੰਗ ਵਿਚ ਰੰਗਿਆ ਹੋਇਆ ਹੈ। ਜਿੱਥੇ ਖੂਨ ਖਰਾਬੇ ਹੋਣ ਦੇ ਆਸਾਰ ਨਜਰ ਆਉਂਦੇ ਸੀ ਉਥੇ ਵਿਛੜੀਆਂ ਜਿੰਦਾਂ (ਸਿੱਖਾਂ ਤੇ ਮੁਸਲਮਾਨਾਂ) ਦੀਆਂ ਘੁੱਟ ਘੁੱਟ ਜੱਫੀਆਂ ਪੈ ਰਹੀਆਂ ਹਨ। ਨਵਜੋਤ ਸਿੰਘ ਸਿੱਧੂ ਦੀ ਇਕ ਜੱਫੀ ਰਾਹੀਂ ਬਾਬੇ ਨਾਨਕ ਦੇ ਫੱਲਾਂ ਦੀ ਖੁਸ਼ਬੂ ਨੇ ਐਸੀਆਂ ਲਪਟਾਂ ਮਾਰੀਆਂ ਕਿ ਅੱਗ ਵਰ੍ਹਾਉਣ ਵਾਲੇ ਬੰਬਾਂ ਦੇ ਮੂੰਹ ਠੰਡੇ ਪੈ ਗਏ। ਉਹ ਜਿੱਥੇ ਸੀ ਉੱਥੇ ਹੀ ਸੁੰਗੜ ਕੇ ਬੈਠ ਗਏ। ਉਨ੍ਹਾਂ ਨੂੰ ਖੂਹ ਵਿਚ ਆ ਕੇ ਡਿੱਗਣ ਦੀ ਵੀ ਲੋੜ ਨਹੀਂ ਪਈ। ਜਿੱਥੇ ਸੀ ਉਥੇ ਹੀ ਪਏ ਰਹਿ ਗਏ।

ਕਲਿਯੁਗ ਦੇ ਘੋਰ ਹਨੇਰੇ ਵਿਚ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹ ਉਤੇ ਪਾਉਣ ਲਈ



# ਸ੍ਰੀ ਗੁਰੂ ਨਾਨਕ ਦੇਵ ਜੀ ਨੇ

ਆਪਣੀ ਰੂਹਾਨੀ ਸ਼ਕਤੀ ਨਾਲ ਪੱਥਰਾਂ ਨੂੰ ਵੀ ਖੰਬ ਲਗਾ ਕੇ ਉੜਾ ਦਿੱਤਾ। ਪਾਕਿਸਤਾਨ ਵਿਚ ਹਸਨ ਅਬਦਲ ਦੀਆਂ ਪਹਾੜੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਤੇ ਮਰਦਾਨੇ ਨਾਲ ਜਾ ਰਹੇ ਸਨ।ਮਰਦਾਨੇ ਨੇ ਗੁਰੂ ਜੀ ਨੂੰ ਕਿਹਾ ਕਿ ਉਸਨੂੰ ਪਿਆਸ ਲੱਗੀ ਹੈ।ਗੁਰੂ ਜੀ ਨੇ ਇਸ਼ਾਰਾ ਕਰਕੇ ਦੱਸਿਆ ਕਿ ਇਸ ਪਹਾੜੀ ਦੇ ਉਪਰ ਵਲੀ ਕੰਧਾਰੀ ਰਹਿੰਦਾ ਹੈ ਜਿਹੜਾ ਕਿ ਆਪਣੀਆਂ ਕਰਾਮਾਤਾਂ ਕਾਰਨ ਬਹੁਤ ਮਸ਼ਹੂਰ ਹੈ।ਉਥੇ ਇਕ ਚਸ਼ਮਾ ਹੈ ਤੂੰ ਉਸ ਕੋਲ ਜਾ ਕੇ ਪਾਣੀ ਦੀ ਪਿਆਸ ਬੁਝਾ ਲੈ।ਮਰਦਾਨਾ ਵਲੀ ਕੰਧਾਰੀ ਕੋਲ ਗਿਆ ਪਰ ਵਲੀ ਕੰਧਾਰੀ ਨੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਨਾਲ ਹੀ ਉਸਨੂੰ ਮੇਹਣਾਂ ਮਾਰਿਆ ਕਿ ਜੇ ਤੇਰਾ ਪੀਰ ਸੱਚਾ ਹੈ ਤਾਂ ਉਹ ਉਥੇ ਹੀ ਪਾਣੀ ਕਿਉਂ ਨਹੀਂ ਪੈਦਾ ਕਰ ਦਿੰਦਾ।ਮਰਦਾਨੇ ਨੇ ਆ ਕੇ ਗੁਰੂ ਜੀ ਨੂੰ ਸਾਰੀ ਗੱਲ ਸੁਣਾਈ।ਗੁਰੂ ਜੀ ਨੇ ਮਰਦਾਨੇ ਨੂੰ ਉਥੇ ਪਿਆ ਹੋਇਆ ਇਕ ਪੱਥਰ ਪਰ੍ਹੇ ਹਟਾਉਣ ਲਈ ਕਿਹਾ।ਮਰਦਾਨੇ ਨੇ ਪੱਥਰ ਪਰ੍ਹੇ ਕੀਤਾ ਤਾਂ ਉਥੋਂ ਇਕ ਚਸ਼ਮਾ ਫੁੱਟ ਪਿਆ।ਮਰਦਾਨੇ ਨੇ ਆਪਣੀ ਪਿਆਸ ਬੁਝਾਈ।ਓਧਰ ਵਲੀ ਕੰਦਾਰੀ ਨੇ ਦੇਖਿਆ ਕਿ ਉਸਦੇ ਚਸ਼ਮੇ ਦਾ ਪਾਣੀ ਖਤਮ ਹੋਈ ਜਾ ਰਿਹਾ ਹੈ ਤੇ ਪਹਾੜੀ ਦੇ ਥੱਲੇ ਇਕ ਨਵਾਂ ਚਸ਼ਮਾ ਫੁੱਟ ਰਿਹਾ ਹੈ।ਗੁੱਸੇ ਵਿਚ ਸੜੇ ਬਲੇ ਨੇ ਆਪਣਾ ਕਰਾਮਾਤੀ ਬਲ ਦਿਖਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਉਤੇ ਇਕ ਭਾਰੀ ਪੱਥਰ ਵਗਾਹ ਮਾਰਿਆ।ਜਦੋਂ ਗੁਰੂ ਜੀ ਨੇ ਆਪਣਾ ਹੱਥ ਉਪਰ ਕਰਕੇ ਪੱਥਰ ਨੂੰ ਰੋਕਿਆ ਤਾਂ ਰੱਬੀ-ਰੂਪ ਗੁਰੂ ਜੀ ਦੇ ਹੱਥ ਦੀ ਛੋਹ ਨੂੰ ਪੱਥਰ ਨੇ ਸੀਨੇ ਨਾਲ ਲਗਾ ਲਿਆ।ਉਹ ਉਥੇ ਹੀ ਰੁਕ ਗਿਆ।ਧਰਤੀ ਮਾਤਾ ਦੀ ਗੋਦ ਵਿਚ ਪਿਆ ਹਾਲੇ ਤੱਕ ਉਥੇ ਹੀ ਟਿਕਿਆ ਹੋਇਆ ਹੈ।



ਕੁਦਰਤ ਦੇ ਪਾਣੀਆਂ ਉਤੇ ਹੱਕ ਜਮਾਉਣ ਵਾਲੇ ਵਲੀ ਕੰਧਾਰੀ ਦੇ ਹੰਕਾਰ ਦਾ ਭਾਂਬੜ ਬੁਝਾਉਣ ਲਈ ਧਰਤੀ ਮਾਤਾ ਨੇ ਉਸਦੇ ਚਸ਼ਮੇ ਦੇ ਪਾਣੀ ਨੂੰ ਕਿਸੇ ਹੋਰ ਪਾਸੇ ਹੀ ਤੋਰ ਦਿੱਤਾ।ਵਲੀ ਕੰਧਾਰੀ ਸਤਿਗੁਰਾਂ ਦੇ ਚਰਨਾਂ ਵਿਚ ਢਹਿ ਢੇਰੀ ਹੋਣ ਲਈ ਮਜਬੂਰ ਹੋ ਗਿਆ ਤੇ ਗੁਰੂ ਜੀ ਦਾ ਮੁਰੀਦ ਬਣ ਗਿਆ।

**ਪੱਥਰਾਂ ਵਿਚੋਂ ਪੈਦਾ ਹੋਇਆ ਪਾਣੀ, ਮਰਦਾਨੇ ਦੀ ਪਿਆਸ ਬੁਝਾਉਣ ਲਈ ਵਗਿਆ ਸੀ ਪਰ ਉਹ ਤਾਂ ਹਾਲੇ ਵੀ ਆਤਮਿਕ ਰੰਗ ਰਸ ਦੇ ਪਿਆਸੇ ਪ੍ਰਾਣੀਆਂ ਦੀ ਪਿਆਸ ਬੁਝਾ ਰਿਹਾ ਹੈ।ਰੂਹਾਨੀ ਦੌਲਤਾਂ ਦਾ ਸਰਮਾਇਆ ਵੰਡਣ ਲਈ ਜੁਗਾਂ ਜੁਗਾਂਤਰਾਂ ਤੱਕ ਗੁਰੂ ਨਾਨਕ ਦੇ ਵਰਤਾਰੇ ਦਾ ਪ੍ਰਦਰਸ਼ਨ ਕਰਦਾ ਰਹੇਗਾ।**

ਪ੍ਰੇਮੀ ਜਨ ਗੁਰੂ ਨਾਨਕ ਦੇਵ ਜੀ ਦੇ ਪੰਜੇ ਵਿਚ ਆਪਣਾ ਪੰਜਾ ਰੱਖ ਕੇ ਗੁਰੂ ਜੀ ਦੀ ਛੋਹ ਪ੍ਰਾਪਤ ਕਰਨ ਦਾ ਅਨੁਭਵ ਪ੍ਰਾਪਤ ਕਰਨ ਦੇ ਯਤਨ ਕਰਦੇ ਹਨ।ਐਨੇ ਭਾਰੇ ਪੱਥਰ ਨੂੰ ਆਪਣੇ ਪੰਜੇ ਨਾਲ ਅਟਕਾਉਣ ਵਾਲੇ ਸਤਿਗੁਰੂ ਨੂੰ ਯਾਦ ਕਰਕੇ ਉਸਦੀਆਂ ਰੂਹਾਨੀ ਸ਼ਕਤੀਆਂ ਤੋਂ ਬਲਿਹਾਰ ਜਾਂਦੇ ਹਨ।ਜੀਊਂਦੇ ਇਤਿਹਾਸ ਦੀ ਗਵਾਹੀ ਭਰਨ ਲਈ ਅੱਜ ਪੰਜਾ ਸਾਹਿਬ ਦੇ ਨਾਮ ਨਾਲ ਉਥੇ ਇਕ ਆਲੀਸ਼ਾਨ ਗੁਰਦੁਆਰਾ ਹੈ।



**A woman touching Guru Nanak Dev Ji's hand print**



ਅਵਤਾਰੀ ਪੁਰਸ਼ਾਂ ਦੀ ਛੋਹ ਨਾਲ ਪੱਥਰ ਮੋਮ ਬਣ ਕੇ ਪਿਘਲ ਜਾਂਦੇ ਹਨ ਤੇ ਉਹ ਗੁਰੂਆਂ ਪੀਰਾਂ ਨੂੰ ਆਪਣੀ ਬੁੱਕਲ ਵਿਚ ਲੁਕੋ ਲੈਂਦੇ ਹਨ।

ਗੁਰੂ ਦਵਾਰਾਆਰਾ ਪੱਥਰ ਸਾਹਿਬ

# ਗੁਰੂਦਵਾਰਾ ਸਾਹਿਬ ਦੇ ਸਾਹਮਣੇ ਲਿਖ ਕੇ ਲਗਾਇਆ ਹੋਇਆ ਗੁਰੂਦਵਾਰੇ ਦਾ ਇਤਿਹਾਸ





ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਦੂਜੀ ਉਦਾਸੀ ਵਿਚ ਸ੍ਰੀ ਨਗਰ ਤੋਂ ੨੫ ਕਿੱਲੋ ਮੀਟਰ ਦੂਰ ਇਸ ਬਰਫਾਨੀ ਟਿਕਾਣੇ ਉਤੇ ਪਹੁੰਚੇ। ਇਲਾਕਾ ਨਿਵਾਸੀਆਂ ਕੋਲੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਥੇ ਪਹਾੜ ਉਪਰ ਇਕ ਰਾਖਸ਼ਸ ਰਹਿੰਦਾ ਹੈ ਜਿਹੜਾ ਬੰਦਿਆਂ ਨੂੰ ਮਾਰ ਕੇ ਖਾ ਜਾਂਦਾ ਹੈ। ਇਕ ਦਿਨ ਗੁਰੂ ਜੀ ਉਸ ਪਹਾੜ ਦੇ ਥੱਲੇ ਜਾ ਕੇ ਇਕ ਪੱਥਰ ਉਪਰ ਬੈਠ ਗਏ। ਗੁਰੂ

ਜੀ ਨੂੰ ਦੇਖ ਕੇ ਰਾਖਸ਼ਸ ਗੁੱਸੇ ਵਿਚ ਅੱਗ ਭਵੂਕਾ ਹੋ ਗਿਆ।ਮਾਰਨ ਦੀ ਇੱਛਾ ਨਾਲ ਉਸਨੇ ਪਹਾੜ ਉਪਰੋਂ ਹੀ ਇਕ ਭਾਰੀ ਪੱਥਰ ਗੁਰੂ ਜੀ ਉਤੇ ਸੁੱਟਿਆ ਪਰ ਗੁਰੂ ਜੀ ਨੂੰ ਛੂਹੰਦਿਆਂ ਸਾਰ ਹੀ ਪੱਥਰ ਪਿਘਲ ਕੇ ਮੋਮ ਬਣ ਗਿਆ।ਹੰਕਾਰ ਨਾਲ ਭਰਿਆ ਰਾਖਸ਼ਸ ਸੋਚਦਾ ਸੀ ਕਿ ਗੁਰੂ ਜੀ ਪੱਥਰ ਥੱਲੇ ਦੱਬ ਗਏ ਹਨ।ਪਰ ਜਦੋਂ ਉਸਨੇ ਪੈਰ ਦੇ ਅੰਗੂਠੇ ਨਾਲ ਪੱਥਰ ਨੂੰ ਪਰ੍ਹੇ ਕਰਕੇ, ਥੱਲਿਓਂ ਗੁਰੂ ਜੀ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਮੋਮ ਬਣੇ ਪੱਥਰ ਵਿਚ ਉਸਦੇ ਪੈਰ ਦਾ ਅੰਗੂਠਾ ਅੰਦਰ ਧੱਸ ਗਿਆ।ਗੁਰੂ ਜੀ ਪੱਥਰ ਵਿਚੋਂ ਬਾਹਰ ਨਿੱਕਲ ਆਏ ਤੇ ਪੱਥਰ ਪਹਿਲਾਂ ਵਾਂਗ ਹੀ ਪੱਥਰ ਹੋ ਗਿਆ, ਮੋਮ ਨਾ ਰਿਹਾ।ਗੁਰੂ ਜੀ ਦੇ ਸਰੀਰ ਦਾ ਅਕਾਰ ਸਦਾ ਸਦਾ ਲਈ ਉਸ ਪੱਥਰ ਵਿਚ ਉਕਰਿਆ ਗਿਆ।ਰਾਖਸ਼ਸ ਦੇ ਪੈਰ ਦਾ ਅੰਗੂਠਾ ਵੀ,ਪੱਥਰ ਵਿਚ ਉਸੇ ਤਰ੍ਹਾਂ ਹੀ ਇਕ ਮਘੋਰੇ ਦਾ ਨਿਸ਼ਾਨ ਬਣ ਗਿਆ।ਗੁਰੂ ਜੀ ਦੀ ਮੇਹਰ ਦ੍ਰਿਸ਼ਟੀ ਨਾਲ ਰਾਖਸ਼ਸ ਦਾ ਹੰਕਾਰ ਟੁੱਟਿਆ ਤੇ ਉਹ ਗੁਰੂ ਜੀ ਦੀ ਸ਼ਰਣ ਵਿਚ ਆ ਕੇ ਲੋਕਾਂ ਨੂੰ ਦੁੱਖ ਦੇਣੋ ਹਟ ਗਿਆ।ਲੋਕਾਂ ਨੂੰ ਸੁੱਖ ਦਾ ਸਾਹ ਆਇਆ ਤੇ ਉਹ ਗੁਰੂ ਜੀ ਨੂੰ **ਨਾਨਕ ਲਾਮਾ** ਕਹਿ ਕੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ।

ਲੇਹ ਦੇ ਲੋਕਾਂ ਦੀ ਸ਼ਰਧਾ ਇਸ ਪੱਥਰ ਨਾਲ ਜੁੜੀ ਹੋਈ ਹੈ।ਇਸ ਪੱਥਰ ਨੇ ਇਨ੍ਹਾਂ ਲੋਕਾਂ ਦੇ ਵੱਡੇ ਵਡੇਰਿਆਂ ਨੂੰ ਉਸ ਰਾਖਸ਼ ਤੋਂ ਬਚਾਇਆ ਸੀ ਜਿਹੜਾ ਉਨ੍ਹਾਂ ਨੂੰ ਮਾਰ ਕੇ ਖਾ ਜਾਂਦਾ ਸੀ।ਹੁਣ ਵੀ ਇਨ੍ਹਾਂ ਲੋਕਾਂ ਦੇ ਪ੍ਰੇਮ ਤੇ ਸ਼ਰਧਾ ਭਰੀਆਂ ਭਾਵਨਾਵਾਂ ਨੂੰ ਭਾਗ ਲਗਦੇ ਹਨ।ਜਦੋਂ ਵੀ ਉਹ ਆਪਣੇ ਦੁੱਖ ਸੁੱਖ ਵਿਚ ਸਹਾਈ ਹੋਣ ਵਾਲੇ ਨਾਨਕ ਲਾਮੇ ਦੇ ਚਰਨਾਂ ਵਿਚ ਜੋਦੜੀ ਕਰਨ ਲਈ ਇਸ ਪੱਥਰ ਅੱਗੇ ਆ ਕੇ ਖੜ੍ਹਦੇ ਹਨ ਤਾਂ ਨਾਨਕ ਲਾਮਾਂ ਬਹੁੜਦਾ ਹੈ।ਪ੍ਰੇਮ ਪੁਜਾਰੀਆਂ ਦੀਆਂ ਝੋਲੀਆਂ ਸੁੱਖਾਂ ਨਾਲ ਭਰਦਾ ਹੈ ਤੇ ਦੁੱਖਾਂ ਤੋਂ ਬਚਾਉਂਦਾ ਹੈ।ਕਈਆਂ ਸ਼ਰਧਾਲੂਆਂ ਨੇ ਦੱਸਿਆ ਹੈ ਕਿ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਈਆਂ ਹਨ।ਕਈ ਦੱਸਦੇ ਹਨ ਕਿ ਉਨ੍ਹਾਂ ਨੂੰ ਨਾਨਕ ਲਾਮੇ ਦੇ ਦਰਸ਼ਨ ਹੋਏ ਹਨ।ਕਈਆਂ ਨੂੰ ਇਸ ਪੱਥਰ ਵਿਚੋਂ ਪ੍ਰਕਾਸ਼ ਵਿਚ ਉਕਰੇ ਹੋਏ **੧ਓ** ਦੇ ਦਰਸ਼ਨ ਹੁੰਦੇ ਹਨ।

੧੯੬੨ ਵਿਚ ਭਾਰਤ ਦੀ ਚੀਨ ਨਾਲ ਲੜਾਈ ਹੋਣ ਪਿਛੋਂ ਇਥੇ ਇਕ ਨਵੀਂ ਸੜਕ ਬਣਾਉਣ ਦਾ ਫੈਸਲਾ ਹੋਇਆ।ਉਸ ਸੜਕ ਦੇ ਨਕਸ਼ੇ ਵਿਚ ਇਹ ਪੱਥਰ ਵੀ ਆਉਂਦਾ ਸੀ।ਸੜਕ ਬਣਾਉਣ ਵਾਲਿਆਂ ਨੇ ਇਸ ਪੱਥਰ ਨੂੰ ਪਰ੍ਹੇ ਹਟਾਉਣ ਲਈ ਬਹੁਤ ਕੋਸ਼ਿਸ਼ ਕੀਤੀ।ਬੜੇ ਬੜੇ ਬੁਲਡੋਜ਼ਰ ਲਗਾਏ ਗਏ ਪਰ ਉਹ ਇਸ ਪੱਥਰ ਨੂੰ ਹਿਲਾ ਨਾ ਸਕੇ। ਜਦੋਂ ਉਨ੍ਹਾਂ ਨੂੰ ਇਸ ਇਲਾਕੇ ਦੇ ਲੋਕਾਂ ਤੋਂ ਇਸ ਪੱਥਰ ਦੀ ਮਾਨਤਾ ਵਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੇ ਸੜਕ ਦਾ ਰਸਤਾ ਬਦਲ ਲਿਆ। ੧੯੬੯ ਵਿਚ ਇਹ ਸੜਕ ਮੁਕੰਮਲ ਹੋਈ। ੧੯੯੭

ਵਿਚ ਇਥੇ ਸਿੱਖ ਰਜਮੈਂਟ ਆਈ।ਇਲਾਕਾ ਨਿਵਾਸੀਆਂ ਤੋਂ ਨਾਨਕ ਲਾਮੇ ਦੀਆਂ ਗੱਲਾਂ ਸੁਣ ਕੇ ਸਚਾਈ ਦਾ ਪਤਾ ਲੱਗਿਆ।ਇਕ ਫੌਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ।ਫੌਜੀਆਂ ਦੀਆਂ ਪ੍ਰੇਮ ਭਾਵਨਾਵਾਂ ਦੇ ਸਦਕੇ ਇਥੇ ਗੁਰਦੁਆਰਾ ਸਥਾਪਤ ਹੋਇਆ।





**ਕਲਿਯੁਗ ਦੇ ਘੋਰ ਅੰਧਕਾਰ ਵਿਚ ਸੱਚ ਦੀ ਦੀਵਾ ਜਗਾਉਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਤੀਜੀ ਉਦਾਸੀ ਵਿਚ ਤਿੱਬਤ ਦੇ ਇਕ ਛੋਟੇ ਜਿਹੇ ਕਸਬੇ ਚੁੰਗਥਾਂਗ ਪਹੁੰਚੇ।** ਉਥੇ ਦੇ ਲੋਕ ਵੀ ਇਕ ਰਾਖਸ਼ਸ ਦੇ ਸਤਾਏ ਹੋਏ ਸਨ।ਲੋਕਾਂ ਦਾ ਦੁੱਖ ਦੂਰ ਕਰਨ ਲਈ ਗੁਰੂ ਜੀ ਉਸ ਪਹਾੜ ਦੇ ਥੱਲੇ ਜਾ ਕੇ ਬੈਠ ਗਏ,ਜਿਥੇ ਉਸ ਰਾਖਸ਼ਸ ਦਾ ਟਿਕਾਣਾਂ ਸੀ।ਗੁਰੂ ਜੀ ਨੂੰ ਦੇਖ ਕੇ ਉਸਨੇ ਪਹਾੜ ਉਪਰੋਂ ਇਕ ਭਾਰਾ ਪੱਥਰ ਗੁਰੂ ਜੀ ਉਪਰ ਸੁੱਟਿਆ।

ਪੱਥਰ ਗੁਰੂ ਜੀ ਦੇ ਚਰਨਾਂ ਕੋਲ ਆ ਕੇ ਰੁਕ ਗਿਆ।ਮਰਦਾਨੇ ਨੇ ਗੁਰੂ ਜੀ ਕੋਲੋਂ ਇਸ ਕੌਤਕ ਵਾਰੇ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਪ੍ਰਮਾਤਮਾਂ ਨੇ ਇਹ ਪੱਥਰ ਉਨ੍ਹਾਂ ਦੇ ਆਸਣ ਲਗਾਉਣ ਲਈ ਭੇਜਿਆ ਹੈ।ਇਹ ਕਹਿ ਕੇ ਗੁਰੂ ਜੀ ਉਸ ਪੱਥਰ ਉਤੇ ਚੜ੍ਹਨ ਲੱਗੇ ਤਾਂ ਗੁਰੂ ਜੀ ਦੇ ਚਰਨ ਕਮਲਾਂ ਦੀ ਛੋਹ ਪ੍ਰਾਪਤ ਕਰਦਿਆਂ ਹੀ ਪੱਥਰ ਮੋਮ ਬਣ ਕੇ ਗੁਰੂ ਜੀ ਦੇ ਚਰਨਾਂ ਵਿਚ ਵਿਛ ਗਿਆ।ਉਸਨੇ ਗੁਰੂ ਜੀ ਦੇ ਚਰਨਾਂ ਨੂੰ ਆਪਣੇ ਸੀਨੇ ਨਾਲ ਲਗਾ ਲਿਆ।ਪੱਥਰ ਐਨਾ ਨਰਮ ਹੋ ਗਿਆ ਕਿ ਗੁਰੂ ਜੀ ਦੇ ਪੈਰਾਂ ਦੇ ਨਿਸ਼ਾਨ ਹਮੇਸ਼ਾਂ ਹਮੇਸ਼ਾਂ ਲਈ ਉਸ ਉਤੇ ਛਪ ਗਏ।ਰਾਖਸ਼ਸ ਦਾ ਹੰਕਾਰ ਟੁੱਟਿਆ।ਗੁਰੂ ਜੀ ਦੀ ਮੇਹਰ ਦ੍ਰਿਸ਼ਟੀ ਨਾਲ ਉਹ ਲੋਕਾਂ ਨੂੰ ਦੁਖ ਦੇਣੋ ਹਟ ਗਿਆ।ਅੱਜ ਉਸ ਅਸਥਾਨ ਉਤੇ ਗੁਰਦੁਆਰਾ ਸੁਸ਼ੋਭਿਤ ਹੈ ਤੇ ਨਾਲ ਹੀ ਉਹ ਪੱਥਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ ਦੇ ਇਤਿਹਾਸ ਦੀ ਗਵਾਹੀ ਭਰਦਾ ਹੈ।

ਇਸੇ ਅਸਥਾਨ ਉਤੇ ਹੀ ਮਰਦਾਨੇ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਸਨੂੰ ਪਿਆਸ ਲੱਗੀ ਹੈ ਤਾਂ ਗੁਰੂ ਜੀ ਨੇ ਪੱਥਰ ਵਲ ਇਸ਼ਾਰਾ ਕਰਕੇ ਕਿਹਾ ਕਿ ਉਹ ਉਸ ਥਾਂ ਜਾ ਕੇ ਪਾਣੀ ਪੀ ਲਵੇ।ਮਰਦਾਨੇ ਨੇ ਜਾ ਕੇ ਦੇਖਿਆ ਕਿ ਪੱਥਰ ਵਿਚੋਂ ਪਾਣੀ ਵਗ ਰਿਹਾ ਹੈ।ਉਸਨੇ ਪਾਣੀ ਪੀ ਕੇ ਆਪਣੀ ਪਿਆਸ ਬੁਝਾਈ।ਅੱਜ ਤੱਕ ਇਸ ਪੱਥਰ ਵਿਚੋਂ ਪਾਣੀ ਵਗ ਰਿਹਾ ਹੈ ਜਿਹੜਾ ਕਦੀ ਨਹੀਂ ਸੁੱਕਿਆ।ਸੰਗਤਾਂ ਪ੍ਰਸ਼ਾਦ ਵਜੋਂ ਇਸ ਅੰਮ੍ਰਿਤ ਜਲ ਨੂੰ ਪੀ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੀਆਂ ਹਨ।ਅਜਿਹੇ ਕੌਤਕ ਦੇਖ ਕੇ ਉਥੋਂ ਦੇ ਲੋਕ ਗੁਰੂ ਜੀ ਦੇ ਸ਼ਰਧਾਲੂ ਬਣ ਗਏ।ਉਨ੍ਹਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਇਸ ਪਹਾੜੀ ਇਲਾਕੇ ਵਿਚ ਕੋਈ ਫਸਲ ਨਹੀਂ ਹੁੰਦੀ।ਸਤਿਗੁਰੂ ਜੀ ਨੇ ਆਪਣੀ ਥਾਲੀ ਵਿਚੋਂ ਚਾਵਲਾਂ ਦੀ ਮੁੱਠੀ ਭਰ ਕੇ ਖੇਤ ਵਿਚ ਖਲਾਰ ਦਿੱਤੀ।ਉਥੇ ਚਾਵਲ ਉੱਗ ਪਏ।ਅੱਜ ਤੱਕ ਉਥੇ ਚਾਵਲਾਂ ਦੀ ਭਰਪੂਰ ਫਸਲ ਹੁੰਦੀ ਹੈ।ਸੰਗਤਾਂ ਚਾਵਲਾਂ ਦੇ ਦਾਣੇ ਪਰਸ਼ਾਦ ਸਮਝ ਕੇ ਘਰਾਂ ਨੂੰ ਲੈ ਕੇ ਜਾਂਦੀਆਂ ਹਨ।

ਉਸ ਇਲਾਕੇ ਵਿਚ ਗੁਰੂ ਜੀ ਹਰਮਨ ਪਿਆਰੇ ਹੋ ਗਏ।ਗੁਰੂ ਜੀ ਦੇ ਜਾਣ ਦਾ ਸਮਾ ਆ ਗਿਆ।ਲੋਕਾਂ ਲਈ ਨਾਨਕ ਲਾਮੇ ਦਾ ਵਿਛੋੜਾ ਝੱਲਣਾਂ ਬੜਾ ਔਖਾ ਸੀ।ਗੁਰੂ ਜੀ ਨੇ ਨਿਸ਼ਾਨੀ ਵਜੋਂ ਆਪਣੇ ਹੱਥ ਵਿਚ ਫੜਿਆ ਲੱਕੜੀ ਦਾ ਡੰਡਾ ਇਕ ਥਾਂ ਗੱਡ ਦਿੱਤਾ।ਉਹ ਡੰਡਾ ਹਰਾ ਹੋ ਗਿਆ ਜਿਹੜਾ ਅੱਜ ਵੀ ਇਕ ਦਰਖਤ ਦੇ ਰੂਪ ਵਿਚ ਦਿਖਾਈ ਦੇ ਰਿਹਾ ਹੈ।ਨਾਨਕ ਲਾਮੇ ਦੀ ਯਾਦ ਦੁਆ ਰਿਹਾ ਹੈ।ਪੂਰੇ ਸਿੱਕਮ ਵਿਚ ਇਹੋ ਜਿਹਾ ਕੋਈ ਹੋਰ ਦਰਖਤ ਨਹੀਂ ਹੈ।



ਰੂਹਾਨੀ ਸ਼ਕਤੀਆਂ ਵਾਲਿਆਂ ਦੀ ਇੱਛਾ ਨਾਲ ਇਹ ਧਰਤੀ ਮਾਤਾ ਕਦੀ ਸੁੱਕੇ ਡੰਡਿਆਂ ਨੂੰ ਵੀ ਹਰੇ ਭਰੇ ਕਰਕੇ ਦਰਖਤਾਂ ਦੇ ਰੂਪ ਵਿਚ ਵਟਾ ਦਿੰਦੀ ਹੈ ਤੇ ਕਦੀ ਮੀਸਾਈਲਾਂ ਨੂੰ ਆਪਣੀ ਗੋਦ ਵਿਚ ਛੁਪਾ ਕੇ ਗੁਰੂ ਧਾਮਾਂ ਨੂੰ ਤਬਾਹ ਹੋਣੋ ਬਚਾ ਲੈਂਦੀ ਹੈ।ਭਗਤ ਨਾਮ ਦੇਵ ਜੀ ਵਰਗਿਆਂ ਦੀ ਪ੍ਰੇਮਾ ਭਗਤੀ ਪੱਥਰਾਂ ਦੇ ਬਣੇ ਮੰਦਰਾਂ ਤੇ ਮੂਰਤੀਆਂ ਦੇ ਮੂੰਹ ਭੂੰਆ ਕੇ ਦੂਜੇ ਪਾਸੇ ਕਰ ਦਿੰਦੀ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮੱਕਾ ਫੇਰ ਕੇ ਦੱਸ ਦਿੰਦੇ ਹਨ ਕਿ ਰੱਬ ਦਾ ਪ੍ਰਤਾਪ ਹਰ ਪਾਸੇ ਹੈ।

ਦੁਨੀਆਂ ਦੇ ਦੁੱਖ ਦੂਰ ਕਰਨ ਲਈ,ਦੀਨ ਦੁਨੀਆਂ ਦਾ ਮਾਲਿਕ ਸਮੇ ਸਮੇ ਦੀ ਲੋੜ ਮੁਤਾਬਿਕ ਅਵਤਾਰ ਭੇਜਦਾ ਰਹਿੰਦਾ ਹੈ।ਹਰ ਧਰਮ ਦੇ ਇਤਿਹਾਸ ਵਿਚ ਡੁੱਬਦੇ ਪੱਥਰਾਂ ਨੂੰ ਤਾਰਨ ਵਾਲਿਆਂ ਦਾ ਜ਼ਿਕਰ ਆਉਂਦਾ ਹੈ।ਰੂਹਾਨੀ ਸ਼ਕਤੀਆਂ ਦੇ ਮਾਲਿਕ ਪੱਥਰਾਂ ਨੂੰ ਹਵਾ ਵਿਚ ਹੀ ਲਟਕਾ ਦਿੰਦੇ ਹਨ।ਬੁੱਧ ਧਰਮ ਦੇ ਇਤਿਹਾਸ ਵਿਚ ਅਜਿਹੇ ਪੱਥਰ ਮੌਜੂਦ ਹਨ,ਮੁਸਲਿਮ ਧਰਮ ਦਾ ਇਤਿਹਾਸ ਵੀ ਅਜਿਹੇ ਹਵਾ ਵਿਚ ਅਟਕੇ ਹੋਏ ਪੱਥਰਾਂ ਦੀਆਂ ਰਹੱਸਮਈ ਕਹਾਣੀਆਂ ਨਾਲ ਜੁੜਿਆ ਹੋਇਆ ਹੈ ਤੇ ਹਿੰਦੂ ਧਰਮ ਵਿਚ ਤਾਂ ਜੂਨ ੨੦੧੩ ਵਾਲੀ ਕੇਦਾਰ ਨਾਥ ਦੀ ਜਲ ਪ੍ਰਲੈ ਵਿਚ ਭੀਮਸ਼ਿਲਾ ਦਾ ਪ੍ਰਗਟ ਹੋਣਾ ਕੋਈ ਪੁਰਾਣੀ ਗੱਲ ਨਹੀਂ ਹੈ।

*********************************

# ਪਿੰਗੁਲ ਪਰਬਤ ਪਾਰਿ ਪਰੇ

ਕਰਨਲ ਸ਼ਾਹੀ ਦੀ ਪਤਨੀ ਅਤੇ ਬੱਚਿਆਂ ਨੂੰ ਨਾਲ ਲੈ ਕੇ ਬੀਬੀ ਗੁਰਦੀਪ ਕੌਰ ਜੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾ ਰਹੇ ਸਨ।ਪਿੱਪਲ ਕੋਟੀ ਤੋਂ ਅੱਗੇ ਸੜਕ ਟੁੱਟੀ ਹੋਈ ਹੋਣ ਕਰਕੇ ਪੈਦਲ ਜਾ ਰਹੇ ਸਨ।ਇਕ ਥਾਂ ਰਸਤਾ ਕੋਈ ਨਹੀਂ ਸੀ।ਛੇ ਸੱਤ ਫੁੱਟ ਉਚੀ ਸਿੱਧੀ ਚੜ੍ਹਾਈ ਚੜਨੀ ਔਖੀ ਹੀ ਨਹੀਂ ਸਗੋਂ ਅਸੰਭਵ ਸੀ ਪਰ ਇਸ ਭਿਅੰਕਰ ਰੁਕਾਵਟ ਤੋਂ ਡਰ ਕੇ ਵਾਪਸ ਜਾਣ ਵਾਰੇ ਵੀ ਸੋਚਿਆ ਨਹੀਂ ਸੀ ਜਾ ਸਕਦਾ।ਤਦ ਅੰਗ-ਸੰਗ ਸਹਾਈ ਹੋਣ ਵਾਲੇ ਸਤਿਗੁਰਾਂ ਅੱਗੇ ਅਰਦਾਸ ਕਰਨ ਪਿਛੋਂ ਬੀਬੀ ਜੀ ਨੇ ਦੇਖਿਆ ਕਿ ਇਕ ਤੇਰਾਂ-ਚੌਦਾਂ ਸਾਲਾਂ ਦਾ ਲੜਕਾ ਚੜ੍ਹਾਈ ਦੇ ਉਪਰ ਖੜ੍ਹਾ ਹੈ।ਉਸਨੇ ਆਪਣੀ ਖੂੰਡੀ ਨਾਲ ਉਂਗਲਾਂ ਰੱਖਣ ਦੀ ਥਾਂ ਬਣਾਈ ਤੇ ਫਿਰ ਉਸਨੇ ਹੇਠਾਂ ਲਮਕਾਈ ਹੋਈ ਖੂੰਡੀ ਦਾ ਸਿਰਾ ਬੀਬੀ ਜੀ ਨੂੰ ਫੜਾ ਕੇ ਪੌਡਿਆਂ ਵਿਚ ਪੈਰ ਰਖਾ ਕੇ ਉਪਰ ਖਿੱਚਿਆ ਤੇ ਔਖਾ ਰਸਤਾ ਪਾਰ ਕਰਵਾ ਦਿੱਤਾ।ਇਸੇ ਤਰ੍ਹਾਂ ਹੀ ਉਨ੍ਹਾਂ ਦੇ ਸਾਥੀਆਂ ਨੇ ਵੀ ਚੜ੍ਹਾਈ ਚੜ੍ਹ ਲਈ।ਉਪਰ ਚੜ੍ਹਨ ਲੱਗਿਆਂ ਕਿਸੇ ਨੂੰ ਵੀ ਨਾ ਤਾਂ ਜੋਰ ਲਾਉਣਾ ਪਿਆ ਤੇ ਨਾ ਕੋਈ ਔਖਿਆਈ ਹੋਈ।ਪਤਲੀ ਜਿਹੀ ਖੂੰਡੀ ਦੇ ਸਹਾਰੇ ਚੜ੍ਹਨ ਲੱਗਿਆਂ ਕਿਸੇ ਨੂੰ ਡਰ ਵੀ ਨਹੀਂ ਲੱਗਿਆ ਤੇ ਆਪਣੇ ਜਿਸਮ ਦਾ ਭਾਰ ਵੀ ਕਿਸੇ ਨੂੰ ਮਹਿਸੂਸ ਨਹੀਂ ਹੋਇਆ।

ਬੀਬੀ ਜੀ ਦੇ ਪਿੱਛੇ-ਪਿੱਛੇ ਆਉਂਦੇ ਕਰਨਲ ਸ਼ਾਹੀ ਜਦੋਂ ਉਸ ਚੜ੍ਹਾਈ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਵੀ ਉਹੀ ਮੁਸ਼ਕਿਲ ਸਾਹਮਣੇ ਦਿਖਾਈ ਦਿੱਤੀ।ਸਿੱਧੀ-ਸਪਾਟ ਚੜ੍ਹਾਈ ਦੇਖ ਕੇ ਉਹ ਸੋਚਣ ਲੱਗੇ ਕਿ ਉਨ੍ਹਾਂ ਦੀ ਪਤਨੀ,ਬੱਚੇ ਅਤੇ ਬੀਬੀ ਜੀ ਨੇ ਇਹ ਚੜ੍ਹਾਈ ਕਿਸ ਤਰ੍ਹਾਂ ਪਾਰ ਕੀਤੀ ਹੋਵੇਗੀ?ਉਨ੍ਹਾਂ ਆਪਣੇ ਫੌਜੀ ਜੁੱਸੇ ਅਤੇ ਬਹਾਦਰੀ ਉਤੇ ਮਾਣ ਕਰਦਿਆਂ ਚੜ੍ਹਾਈ ਪਾਰ ਕਰਨ ਦਾ ਹੌਸਲਾ ਕੀਤਾ ਪਰ ਕੋਈ ਪੇਸ਼ ਨਾ ਚੱਲੀ।ਸੋਚਾਂ ਵਿਚ ਡੁੱਬੇ ਹੋਏ ਉਹ ਉਪਰ ਦੇਖ ਰਹੇ ਸਨ ਕਿ ਉਨ੍ਹਾਂ ਨੂੰ ਇਕ ਪਿੰਗਲਾ ਦਿਖਾਈ ਦਿੱਤਾ ਜੋ ਹੇਠਾਂ ਉਤਰਨ ਲੱਗਾ ਸੀ।ਪਿੰਗਲੇ ਨੂੰ ਬਚਾਉਣ ਲਈ ਉਨ੍ਹਾਂ ਨੇ ਦੋਨੋਂ ਹੱਥ ਉਪਰ ਉਠਾ ਕੇ ਹੰਭਲਾ ਮਾਰਿਆ।ਇਕ ਝੱਟਕਾ ਜਿਹਾ ਵੱਜਿਆ ਤਾਂ ਕਰਨਲ ਸਾਹਿਬ ਨੇ ਦੇਖਿਆ ਕਿ ਉਹ ਚੜ੍ਹਾਈ ਚੜ੍ਹ ਕੇ ਉਪਰ ਖੜ੍ਹੇ ਹਨ ਅਤੇ ਪਿੰਗਲਾ ਕਿਧਰੇ ਨਜ਼ਰੀਂ ਨਹੀਂ ਆਉਂਦਾ ।

ਓਧਰ ਬੀਬੀ ਜੀ ਹਾਲੇ ਉਸ ਖੂੰਡੀ ਵਾਲੇ ਲੜਕੇ ਬਾਰੇ ਹੀ ਸੋਚ ਰਹੇ ਸਨ ਕਿ ਉਨ੍ਹਾਂ ਨਾਲ ਇਕ ਹੋਰ ਕ੍ਰਿਸ਼ਮਾ ਹੋ ਗਿਆ।ਬੀਬੀ ਜੀ ਨੂੰ ਬੜੇ ਜੋਰਾਂ ਦੀ ਪਿਆਸ ਲੱਗੀ ਹੋਈ ਸੀ ਪਰ ਕੋਲ ਪਾਣੀ ਨਹੀਂ ਸੀ।ਉਸੇ ਵੇਲੇ ਹੀ ਉਨ੍ਹਾਂ ਦੇ ਸਾਹਮਣੇ ਕਨ੍ਹਈਆ ਜੀ ਆ ਪਹੁੰਚੇ

(ਰਿਟਾਇਰਡ ਮੇਜਰ ਤੇਜਾ ਸਿੰਘ ਜੋ ਹਮੇਸ਼ਾਂ ਆਪਣੇ ਮੋਢਿਆਂ ਨਾਲ ਪਾਣੀ ਦੀਆਂ ਕੇਨੀਆਂ ਲਟਕਾਈ ਸੰਗਤ ਨੂੰ ਪਾਣੀ ਪਿਲਾਣ ਦੀ ਸੇਵਾ ਕਰਿਆ ਕਰਦੇ ਹਨ) ਪਿਆਸ ਹਥੋਂ ਤੰਗ ਆਏ ਬੀਬੀ ਜੀ ਉਨ੍ਹਾਂ ਨੂੰ ਦੇਖ ਕੇ ਖੁਸ਼ ਹੋਏ ਪਰ ਕਨ੍ਹਈਆਂ ਜੀ ਕੋਲ ਸਿਰਫ ਇਕ ਹੀ ਕੇਨੀ ਦੇਖ ਕੇ ਮਿੱਠੀ ਜਿਹੀ ਝਿੜਕ ਨਾਲ ਕਹਿਣ ਲੱਗੇ ਕਿ ਅੱਗੇ ਤਾਂ ਹਮੇਸ਼ਾਂ ਉਹਨਾਂ ਕੋਲ ਤਿੰਨ ਚਾਰ ਕੇਨੀਆਂ ਹੁੰਦੀਆਂ ਹਨ ਪਰ ਅੱਜ ਸਿਰਫ ਇਕ ਹੀ ਕੇਨੀ ਕਿਉਂ ਹੈ? ਇਹ ਪਾਣੀ ਤਾਂ ਉਹ ਇਕੱਲੇ ਹੀ ਪੀ ਜਾਣਗੇ ਅਤੇ ਬਾਕੀ ਸੰਗਤ ਕਿੱਥੇ ਜਾਏਗੀ। ਇਹ ਸੁਣਕੇ ਕਨ੍ਹਈਆਂ ਜੀ ਨੇ ਹੱਸ ਕੇ ਕਿਹਾ: -"ਬੀਬੀ ਜੀ ! ਤੁਸੀਂ ਪਾਣੀ ਪੀਓ। ਬਾਕੀ ਸੰਗਤ ਦੀ ਸੇਵਾ ਲਈ ਮੈਂ ਆਪੇ ਇੰਤਜਾਮ ਕਰ ਲਵਾਂਗਾ। ਬੀਬੀ ਜੀ ਨੇ ਕੇਨੀ ਵਿਚਲਾ ਅੱਧਾ ਪਾਣੀ ਪੀ ਲਿਆ ਤੇ ਬਾਕੀ ਉਨ੍ਹਾਂ ਦੇ ਸਾਥੀਆਂ ਨੇ ਪੀ ਲਿਆ। ਭਾਈ ਕਨ੍ਹਈਆਂ ਜੀ ਪਾਣੀ ਪਿਆ ਕੇ ਅੱਗੇ ਤੁਰ ਪਏ।

ਗੋਬਿੰਦ ਧਾਮ ਪਹੁੰਚ ਕੇ ਬੀਬੀ ਜੀ ਨੂੰ ਪਤਾ ਲੱਗਿਆ ਕਿ ਕਨ੍ਹਈਆ ਜੀ ਤਾਂ ਹੇਮਕੁੰਟ ਸਾਹਿਬ ਗਏ ਹੀ ਨਹੀਂ। ਉਹ ਤਾਂ ਗੋਬਿੰਦ ਧਾਮ ਹੀ ਆਪਣੀ ਸੇਵਾ ਨਿਭਾ ਰਹੇ ਸੀ। ਤਦ ਅੰਗ ਸੰਗ ਰਹਿ ਕੇ ਸੰਗਤਾਂ ਦੀ ਸੇਵਾ ਕਰਨ ਵਾਲੇ ਸ਼ਹੀਦਾਂ ਸਿੰਘਾਂ ਦੀਆਂ ਮੇਹਰਬਾਨੀਆਂ ਵਾਰੇ ਇਹ ਜਾਣਕਾਰੀ ਹੋਈ ਕਿ ਉਹ ਲੋੜ ਪੈਣ ਉਤੇ ਪਿੰਗਲੇ ਦੇ ਰੂਪ ਵਿਚ ਵੀ ਪ੍ਰਗਟ ਹੋ ਕੇ ਪ੍ਰਬਤਾਂ ਦੀਆਂ ਔਖੀਆਂ ਘਾਟੀਆਂ ਨੂੰ ਆਪ ਹੀ ਨਹੀਂ ਪਾਰ ਕਰਦੇ,ਸਗੋਂ ਗੁਰੂ ਘਰ ਆਏ ਸ਼ਰਧਾਲੂਆਂ ਨੂੰ ਵੀ ਆਪਣੀਆਂ ਸੋਟੀਆਂ ਦੇ ਸਹਾਰੇ ਨਾਲ ਪਾਰ ਕਰਵਾਉਂਦੇ ਹਨ ਤੇ ਕਦੀ ਕਨ੍ਹਈਆਂ ਜੀ ਵਰਗੇ ਗੁਰਸਿੱਖ ਸੇਵਾਦਾਰ ਦੇ ਰੂਪ ਵਿਚ ਪ੍ਰਗਟ ਹੋ ਕੇ ਬੀਬੀ ਗੁਰਦੀਪ ਕੌਰ ਜੀ ਵਰਗਿਆਂ ਤੋਂ ਮਿੱਠੀਆਂ ਮਿੱਠੀਆਂ ਪਿਆਰ ਭਰੀਆਂ ਝਿੜਕਾਂ ਵੀ ਖਾ ਜਾਂਦੇ ਹਨ।



*********************

# ਸੂਖਸ਼ਮ ਸਰੀਰ

ਸਿਮਰਨ ਦੇ ਰਸ ਨਾਲ ਰਸੀਆਂ ਹੋਈਆਂ,ਇਲਾਹੀ ਬਾਣੀ ਦੀ ਮਿੱਠੀ ਧੁਨੀ ਨਾਲ ਮਹਿਕੀਆਂ ਹੋਈਆਂ ਤੇ ਕੀਰਤਨ ਦੇ ਰੰਗ ਰਸ ਵਿਚ ਰੰਗੀਆਂ ਹੋਈਆਂ ਥਾਵਾਂ ਉਤੇ ਸ਼ਹੀਦ ਸਿੰਘ ਪਹੁੰਚਦੇ ਹਨ ਤੇ ਕਦੀ ਕਦੀ ਉਹ ਪ੍ਰਗਟ ਰੂਪ ਵਿਚ ਵੀ ਦਿਖਾਈ ਦੇ ਦਿੰਦੇ ਹਨ।

ਜੇ ਕਿਸੇ ਪੂਰਨ ਰਹਿਤ ਮਰਿਆਦਾ ਵਾਲੇ ਗੁਰਸਿੱਖ ਦੇ ਘਰ ਵਿਚ ਭੈ-ਭਾਵਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਨਿਰਸੁਆਰਥ ਭਾਵਨਾ ਨਾਲ ਹੁੰਦੀ ਹੋਵੇ,ਪ੍ਰੇਮਾਂ-ਭਗਤੀ ਦੇ ਰੰਗਾਂ ਵਿਚ ਰਹਿ ਕੇ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਹੁੰਦੀਆਂ ਹੋਣ ਅਤੇ ਸੰਤਾਂ ਮਹਾਂਪੁਰਖਾਂ ਨੂੰ ਘਰ ਬੁਲਾ ਕੇ ਉਨ੍ਹਾਂ ਦੀ ਸੇਵਾ ਕੀਤੀ ਜਾਂਦੀ ਹੋਵੇ ਤਾਂ ਉਥੇ ਵੀ ਸ਼ਹੀਦ ਸਿੰਘਾਂ ਅਤੇ ਸ਼ਹੀਦ ਸਿੰਘਣੀਆਂ ਦੀ ਆਵਾ ਜਾਈ ਲੱਗੀ ਰਹਿੰਦੀ ਹੈ।

ਇਕ ਵਾਰੀ **ਇਕ ਮਾਈ** ਦੇ ਘਰ ਵਿਚ ਸ੍ਰੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਹੋਇਆ ਸੀ।ਉਹ ਸਤਿਗੁਰਾਂ ਦੇ ਚਰਨਾਂ ਵਿਚ ਫੁਲ ਸਜਾਉਣ ਦਾ ਕੰਮ ਬੜੀ ਰੀਝ ਨਾਲ ਕਰਿਆ ਕਰਦੀ ਸੀ।ਇਕ ਦਿਨ ਉਸਨੂੰ ਬਾਗ ਦੇ ਮਾਲੀ ਨੇ ਬਹੁਤ ਸਾਰੇ ਗੁਲਾਬ ਦੇ ਫੁਲ ਲਿਆ ਦਿਤੇ।ਜਦੋ ਉਹ ਸਤਿਗੁਰਾਂ ਦੇ ਚਰਨਾਂ ਵਿਚ ਫੁਲ ਸਜਾਉਣ ਲਈ ਬੈਠੀ ਤਾਂ ਉਸ ਨੂੰ ਇਉਂ ਲਗਿਆ,ਜਿਵੇਂ ਉਸਦੇ ਸੱਜੇ ਪਾਸੇ ਇਕ ਸਿੰਘ ਆਪਣੇ ਸੂਖਸ਼ਮ ਸਰੂਪ ਵਿਚ ਚੌਂਕੜੀ ਲਗਾ ਕੇ ਬੈਠਾ ਹੋਇਆ ਹੈ ਜਿਸ ਨੂੰ ਉਹ ਕਈ ਸਾਲਾਂ ਤੋਂ ਜਾਣਦੀ ਸੀ।ਪਰ ਹੁਣ ਇਕ ਦੋ ਸਾਲਾਂ ਤੋਂ ਉਸਦੀ ਕੋਈ ਖਬਰ ਨਹੀਂ ਸੀ।ਉਹ ਕੀ ਦੇਖਦੀ ਹੈ ਕਿ ਉਹ ਡੀਲ ਡੌਲ ਵਾਲਾ,ਉਚਾ ਲੰਬਾ ਦਰਸ਼ਨੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫੁੱਲਾਂ ਦੀ ਸੇਵਾ ਬੜੇ ਚਾਅ ਨਾਲ ਦੇਖ ਰਿਹਾ ਹੈ।ਬੁੱਢੜੀ ਮਾਈ ਨੂੰ ਇੰਜ ਮਹਿਸੂਸ ਹੋਵੇ ਕਿ ਉਹ ਫੁਲਾਂ ਦੀ ਸਜਾਵਟ ਆਪਣੀ ਮਰਜੀ ਨਾਲ ਨਹੀਂ ਕਰ ਰਹੀ।ਸਗੋਂ ਉਸ ਸਿੰਘ ਦੀ ਇੱਛਾ ਅਨੁਸਾਰ ਉਸਦੇ ਹੱਥ ਚਲ ਰਹੇ ਹਨ।ਉਸਨੇ ਦੋ ਫੁਲਾਂ ਦੇ ਗੁਲਦਸਤੇ ਸਜਾ ਕੇ ਸਤਿਗੁਰਾਂ ਦੇ ਆਲੇ ਦੁਆਲੇ ਰੱਖੇ ਤੇ ਵਿਚਕਾਰ ਫਲੋਟਿੰਗ ਫਲਾਵਰ (ਪਾਣੀ ਵਾਲੇ ਫੂਲਦਾਨ ਵਿਚ ਤਰਦੇ ਫੁਲ) ਦਾ ਇਕ ਵਧੀਆ ਨਮੂਨਾਂ ਬਣਾ ਦਿੱਤਾ ਤੇ ਇਕ ਫੁਲਾਂ ਦਾ ਇਕ ਹਾਰ ਬਣਾ ਕੇ ਸਤਿਗੁਰਾਂ ਅੱਗੇ ਸਜਾ ਦਿੱਤਾ।ਬਾਕੀ ਦੇ ਫੁਲ ਉਸਨੇ ਗੁਰੂ ਮਹਾਰਾਜ ਦੇ ਸੁੱਖ ਆਸਣ ਵਾਲੇ ਪਲੰਘ ਉਤੇ ਖਲਾਰ ਦਿੱਤੇ।ਅੱਜ ਸਾਰਾ ਕਮਰਾ ਗੁਲਾਬ ਦੀ ਸੁਗੰਧੀ ਨਾਲ ਮਹਿਕਿਆ ਹੋਇਆ ਸੀ।ਫੁਲਾਂ ਦੇ ਖੇੜੇ ਉਤੇ ਵੀ ਕੋਈ ਅਲਹਿਦਾ ਰੰਗ ਹੀ ਸੀ।ਮਾਈ ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂੰ ਸੀ ਕਿ ਉਹ ਘਰ ਵਿਚ ਇਕੱਲੀ ਹੀ ਹੈ।ਪਰ ਅੱਜ ਉਹ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਨਹੀਂ ਸੀ ਕਰ ਰਹੀ।ਉਸ ਨੂੰ ਉਸ ਸਿੰਘ ਦੀ ਹਾਜਰੀ ਮਹਿਸੂਸ ਹੋ ਰਹੀ ਸੀ।

ਜੀਵਨ ਵਿਚ ਪਹਿਲੀ ਵਾਰ ਉਸ ਨੇ ਐਸਾ ਅਚੰਭਾ ਦੇਖਿਆ ਸੀ ਪਰ ਉਸ ਨੂੰ ਕਿਸੇ ਕਿਸਮ ਦਾ ਡਰ ਭਓ ਨਹੀਂ ਲੱਗਿਆ।ਉਸ ਵੇਲੇ ਉਸਦੀ ਮਾਨਸਿਕ ਅਵੱਸਥਾ ਕੁਝ ਇਹੋ ਜਿਹੀ

ਬਣੀ ਹੋਈ ਸੀ ਕਿ ਉਸਨੂੰ ਕੁਝ ਵੀ ਓਪਰਾ ਨਹੀਂ ਸੀ ਲੱਗ ਰਿਹਾ। ਨਾ ਹੀ ਉਸਦੇ ਮਨ ਵਿਚ ਕੋਈ ਅਜਿਹਾ ਵਿਚਾਰ ਆਇਆ ਕਿ ਉਹ ਉਸ ਸਿੰਘ ਤੋਂ ਇਹ ਪੁੱਛੇ ਕਿ ਉਹ ਕਿਉਂ ਆਇਆ। ਉਹ ਦ੍ਰਿਸ਼ਟਾ ਬਣ ਕੇ ਦੇਖਦੀ ਹੋਈ ਆਪਣੇ ਇਕੱਲ ਭਰੇ ਜੀਵਨ ਵਿਚ ਨਾਮ ਬਾਣੀ ਦੇ ਰੰਗ ਵਿਚ ਰੰਗੀ ਹੋਈ ਰੋਜਾਨਾ ਜੀਵਨ ਜੀਉਂਦੀ ਰਹੀ। ਇਸ ਨਿਆਰੀ ਤੇ ਦਿਲਚਸਪ ਖੇਡ ਨੂੰ ਖੇਡਦਿਆਂ ਤਿੰਨ ਦਿਨ ਬੀਤ ਗਏ। ਉਸਦਾ ਜ਼ਿਆਦਾ ਸਮਾ ਸਤਿਗੁਰਾਂ ਦੇ ਚਰਨਾ ਵਿਚ ਨਾਮ ਬਾਣੀ ਦੇ ਰੰਗ ਵਿਚ ਹੀ ਬੀਤਿਆ ਤੇ ਸਿੰਘ ਸਤਿਗੁਰਾਂ ਦੇ ਚਰਨਾਂ ਵਿਚ ਚੌਂਕੜਾ ਲਗਾ ਕੇ ਸਮਾਧੀ ਰੂਪ ਵਿਚ ਬੈਠਾ ਰਿਹਾ। ਉਥੋਂ ਜ਼ਰਾ ਨਾ ਹਿੱਲਿਆ।

ਤੀਜੇ ਦਿਨ ਉਹ ਘਰੋਂ ਬਾਹਰ ਗਈ ਤਾਂ ਉਸਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ,ਜਦੋਂ ਉਸਨੇ ਅਖਬਾਰ ਵਿਚ ਉਸ ਸਿੰਘ ਦੀ ਫੋਟੋ ਦੇਖੀ। ਫੋਟੋ ਦੇ ਥੱਲੇ ਲਿਖਿਆ ਹੋਇਆ ਸੀ ਕਿ ਤਿੰਨ ਦਿਨ ਪਹਿਲੇ ਉਹ ਸਿੰਘ ਅਕਾਲ ਚਲਾਣਾ ਕਰ ਗਿਆ ਹੈ। ਅਕਾਲ ਚਲਾਣੇ ਦਾ ਸਮਾ ਉਹੀ ਲਿਖਿਆ ਹੋਇਆ ਸੀ ਜਿਸ ਸਮੇ ਉਹ ਮਾਈ ਦੀ ਸੰਗਤ ਵਿਚ ਬੈਠਾ ਸਤਿਗੁਰਾਂ ਦੇ ਚਰਨਾਂ ਵਿਚ ਗੁਲਾਬ ਸਜਾ ਰਿਹਾ ਸੀ।

ਇਸ ਖਬਰ ਨੇ ਉਸਦੇ ਹੋਸ਼ ਉੜਾ ਦਿੱਤੇ। ਇਕ ਦੰਮ ਕਿਸੇ ਸੂਖਸ਼ਮ ਸਰੀਰ ਦੀ ਘਰ ਵਿਚ ਮੌਜੂਦਗੀ ਹੋਣ ਦਾ ਅਹਿਸਾਸ ਆਇਆ। ਹੁਣ ਉਸਦਾ ਘਰ ਵਾਪਿਸ ਜਾਣ ਦਾ ਹੌਸਲਾ ਨਹੀਂ ਸੀ ਪੈਂਦਾ। ਇਸ ਗੋਹਜ ਨੂੰ ਜਾਨਣ ਦੇ ਲਈ ਮਾਈ ਇਕ ਗੁਰਮੁਖ ਪ੍ਰਾਣੀ ਕੋਲ ਗਈ ਜਿਹੜਾ ਅਣਦਿਸਦੀ ਦੁਨੀਆਂ ਦੇ ਕਈ ਗੁੱਝੇ ਭੇਦਾਂ ਦਾ ਜਾਣੂ ਸੀ। ਰੂਹਾਨੀ ਬਖਸ਼ਿਸ਼ਾਂ ਨਾਲ ਮਾਲੋ ਮਾਲ ਗੁਰਮੁਖ (ਇੰਜਨੀਅਰਿੰਗ ਕਾਲਜ ਵਿਚ ਸਾਇੰਸ ਦਾ ਪ੍ਰੋਫੈਸਰ) ਰਾਤ ਦੇ ੧੨ ਵਜੇ ਉਠ ਕੇ ਇਸ਼ਨਾਨ ਕਰਨ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਸਮਾਧੀ ਅਵੱਸਥਾ ਵਿਚ ਬੈਠ ਕੇ ਅਨਹਦ ਧੁਨੀਆਂ,ਪ੍ਰਕਾਸ਼ ਦਰਸ਼ਨ ਅਤੇ ਦਸਮ ਦੁਆਰ ਦੇ ਰੰਗ ਮਾਣਦਾ ਸੀ। ਰੋਮ ਰੋਮ ਵਿਚੋਂ ਨਾਮ-ਰਸ ਦਾ ਅਨੰਦ ਲੈਣ ਵਾਲੇ ਮਹਾਂ ਪੁਰਖ ਨੇ ਮਾਈ ਨੂੰ ਸਮਝਾਇਆ ਕਿ ਮਨੁੱਖੀ ਜੀਵਨ ਦਾ ਲਾਹਾ ਲੈਣ ਲਈ ਸਾਨੂੰ ਜੀਉਂਦੇ ਜੀਅ ਹੀ ਭਗਤੀ ਕਰਕੇ ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਕਿਉਂਕਿ ਮਰਨ ਪਿਛੋਂ ਬੰਦੇ ਨੂੰ ਆਪਣੀ ਅਵੱਸਥਾ ਅਨੁਸਾਰ ਅਲੱਗ ਅਲੱਗ ਹਾਲਤਾਂ ਵਿਚੋਂ ਦੀ ਲੰਘਣਾਂ ਪੈਦਾ ਹੈ। ਜੰਮਣ ਮਰਣ ਦੇ ਗੇੜ ਵਿਚ ਸਾਨੂੰ ਸਰੀਰ ਦਾ ਚੋਲਾ ਛੱਡ ਕੇ ਦੂਜਾ ਮਿਲ ਜਾਂਦਾ ਹੈ ਪਰ ਆਤਮ-ਹੱਤਿਆ,ਐਕਸੀਡੈਂਟ,ਜੰਗਾਂ ਜੁਧਾਂ ਤੇ ਕੁਝ ਹੋਰ ਹਾਲਤਾਂ ਵਿਚ ਸਰੀਰ ਦਾ ਚੋਲਾ ਨਹੀਂ ਮਿਲਦਾ। ਫਿਰ ਬੁਰੇ ਕਰਮ ਕਰਨ ਵਾਲਿਆਂ ਦੇ ਸੁਖਸ਼ਮ ਸਰੀਰਾਂ ਦਾ ਝੁਕਾ ਬੁਰੇ ਕੰਮਾਂ ਵਲ ਹੋ ਜਾਂਦਾ ਹੈ। ਤ੍ਰਿਸ਼ਨਾਵਾਂ ਦੀ ਅੱਗ ਵਿਚ ਜਲ ਕੇ ਮਰਨ ਵਾਲੇ ਭੂਤ ਪ੍ਰੇਤਾਂ ਦੀ ਜੂਨ ਹੰਡਾਉਂਦੇ ਹਨ ਤੇ ਚੰਗੇ ਕਰਮ ਕਰਨ ਵਾਲਿਆਂ ਦੇ ਅੰਤਸ਼ਕਰਣ ਵਿਚ ਚੰਗਿਆਈਆਂ ਹੀ ਹੁੰਦੀਆਂ ਹਨ। ਉਹ ਅਛਾਈਆਂ ਦਾ ਰਾਹ ਨਹੀਂ ਛੱਡਦੇ। ਪ੍ਰੇਮਾ-ਭਗਤੀ ਵਾਲੇ ਆਪਣੇ ਸੂਖਸ਼ਮ ਸਰੀਰ ਰਾਹੀਂ ਅਜਿਹੀਆਂ ਥਾਵਾਂ ਉਤੇ ਜਾ ਵਸਦੇ ਹਨ ਜਿਥੇ ਨਾਮ ਬਾਣੀ ਦੇ ਰੰਗ ਰਸ ਦੀਆਂ ਬਹਾਰਾਂ ਲੱਗੀਆਂ ਹੋਈਆਂ ਹੋਣ। ਜਦੋਂ ਤਕ ਉਨ੍ਹਾਂ ਦੀ ਭਗਤੀ ਪੂਰੀ ਨਹੀਂ ਹੋ ਜਾਂਦੀ,ਉਦੋਂ ਤਕ ਉਹ ਅਜਿਹੀਆ ਥਾਵਾਂ ਉਤੇ ਨਿਵਾਸ ਕਰਕੇ

ਭਗਤੀ ਭੰਡਾਰਾਂ ਦੇ ਲਾਹੇ ਖੱਟਦੇ ਰਹਿੰਦੇ ਹਨ ਤੇ ਗੁਰੂ-ਪੰਥ ਦੀ ਸੇਵਾ ਕਰਨ ਦੀਆਂ ਸ਼ੁੱਭ ਭਾਵਨਾਵਾਂ ਰੱਖਣ ਵਾਲੇ ਪੰਥ ਦੀ ਚੜ੍ਹਦੀ ਕਲਾ ਲਈ ਜੂਝਣ ਵਾਲਿਆਂ ਦੀ ਗੁਪਤ ਰਹਿ ਕੇ ਸਹਾਇਤਾ ਕਰਦੇ ਹਨ। ਸੱਚਖੰਡ ਵਾਸੀਆਂ ਦੀਆਂ ਗੁਪਤ ਫੌਜਾਂ ਸੱਚ ਉਤੇ ਪਹਿਰਾ ਦੇਣ ਲਈ ਗੁਪਤ ਰਹਿ ਕੇ ਪੰਥ ਦਰਦੀਆਂ ਦੀ ਮਦਦ ਕਰਦੀਆਂ ਹਨ।

ਗੁਰਸਿੱਖੀ ਦੀਆਂ ਗੁੱਝੀਆਂ ਰਮਜਾਂ ਤੋਂ ਜਾਣੂੰ ਗੁਰਸਿੱਖ ਨਾਲ ਵਿਚਾਰ ਵਟਾਂਦਰਾ ਕਰਨ ਪਿਛੋਂ ਮਾਈ ਨੇ ਘਰ ਆ ਕੇ ਨਾਮ ਬਾਣੀ ਦੇ ਪਰਵਾਹ ਚਲਾਉਣ ਲਈ ਰੰਗੀਆਂ ਰੂਹਾਂ ਵਾਲਿਆਂ ਨੂੰ ਘਰ ਬੁਲਾ ਕੇ ਕਈ ਰੈਣ-ਸਬਾਈ ਕੀਰਤਨ ਕਰਵਾਏ। ਕਈ ਵਾਰੀ ਆਪਣੇ ਆਪ ਹੀ ਕੁਝ ਐਸੇ ਹਾਲਾਤ ਬਣ ਜਾਂਦੇ ਰਹੇ ਕਿ ਰੈਣ ਸਬਾਈ ਕੀਰਤਨ ਹੋਣ ਦਾ ਠਿਕਾਣਾ ਬਦਲ ਕੇ ਉਸ ਬੁਢੜੀ ਮਾਈ ਦੇ ਘਰ ਸਾਰੀ ਰਾਤ ਕੀਰਤਨ ਤੇ ਸਿਮਰਨ ਦੀਆਂ ਘੂੰਮਰਾਂ ਪੈਣ ਲਗ ਜਾਂਦੀਆਂ। ਨਾਮ ਬਾਣੀ ਦੇ ਰੰਗ-ਰਸ ਦੀ ਝੜੀ ਲੱਗ ਜਾਂਦੀ। ਭਗਤੀ-ਰੰਗ ਵਿਚ ਚਾਤ੍ਰਿਕ-ਮਨ ਦੀ ਪਿਆਸ ਨਾਲ ਕੂਕ-ਪੁਕਾਰ ਕਰਨ ਵਾਲੇ ਜੀਊੜੇ ਉਸ ਗਰੀਬਣੀ ਦੇ ਘਰ ਵਲ ਭੱਜੇ ਆਉਂਦੇ।

ਮਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਅਤੇ ਸੰਗਤ ਦੀ ਚਾਕਰੀ ਵਿਚ ਸੱਚੇ ਦਿਲੋਂ ਜੁੜ ਗਈ। ਐਸੇ ਹਾਲਾਤ ਬਣ ਗਏ ਕਿ ਬਿਨ ਬੁਲਾਇਆਂ ਹੀ ਉਨ੍ਹਾਂ ਨਾਮ-ਰੱਤੀਆਂ ਬੀਬੀਆਂ ਦਾ ਉਸ ਘਰ ਵਿਚ ਆਉਣਾ ਜਾਣਾ ਸ਼ੁਰੂ ਹੋ ਗਿਆ,ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠ ਕੇ ਆਪਣੇ ਪੂਰਬਲੇ ਜਨਮਾਂ ਦੀ ਭਗਤੀ ਦੇ ਅੰਕੁਰ ਫੁੱਟਣ ਦੇ ਪੂਰੇ ਲਾਹੇ ਲਏ ਤੇ ਲੰਬੀਆਂ ਸਮਾਧੀਆਂ ਰਾਹੀਂ ਇਲਾਹੀ ਮੰਡਲਾਂ ਵਿਚ ਫੇਰੀਆਂ ਮਾਰੀਆਂ। ਚੜ੍ਹਦੀ ਕਲਾ ਦੇ ਰੰਗਾਂ ਵਿਚ ਰਹਿਣ ਵਾਲੀ ਸੰਗਤ ਦਾ ਆਉਣਾ ਜਾਣਾ ਸ਼ੁਰੂ ਹੋਇਆ। ਰੈਣ ਸਬਾਈਆਂ ਵਿਚ ਨਾਮ,ਸਿਮਰਣ ਤੇ ਕੀਰਤਨ ਦੇ ਗੂੜ੍ਹੇ ਰੰਗਾਂ ਦੀਆਂ ਛਹਿਬਰਾਂ ਲੱਗਣ ਲੱਗੀ

******************

# ਹਰਿ ਮਿਲਿਆ ਕੇਲ ਕੇਲਾਲੀ

ਮੱਖਣ ਸ਼ਾਹ ਲੁਬਾਣੇ ਦਾ ਬੇੜਾ ਸਮੁੰਦਰੀ ਤੂਫਾਨ ਵਿਚ ਘਿਰ ਗਿਆ। ਜਦੋਂ ਬਚਾਓ ਦਾ ਕੋਈ ਸਾਧਨ ਨਾ ਰਿਹਾ ਤਾਂ ਉਸਨੇ ਗੁਰੂ ਜੀ ਦੇ ਦਰਬਾਰ ਵਿਚ ੫੦੦ ਮੋਹਰਾਂ ਭੇਟਾ ਕਰਨ ਦੀ ਅਰਦਾਸ ਕਰਕੇ ਡੁਬਦੇ ਬੇੜੇ ਨੂੰ ਪਾਰ ਕਰਨ ਲਈ ਕੂਕ ਪੁਕਾਰ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ, ਬਾਬੇ ਬਕਾਲੇ ਬੈਠਿਆਂ ਨੇ ਹੀ ਦੂਰ ਸਮੁੰਦਰ ਵਿਚ ਘਿਰੇ ਦੁਖਿਆਰੇ ਦੀ ਬੇਨਤੀ ਸੁਣ ਲਈ। ਉਹ ਪਲਾਂ ਵਿਚ ਹੀ ਰੂਹਾਨੀ ਸ਼ਕਤੀ ਨਾਲ ਉਸਦੇ ਬਚਾਓ ਲਈ ਜਾ ਪਹੁੰਚੇ ਤੇ ਡੁਬਦੇ ਜਾਂਦੇ ਬੇੜੇ ਨੂੰ ਆਪਣਾ ਮੋਢਾ ਦੇ ਕੇ ਪਾਰ ਲਗਾਇਆ।

**ਮੱਖਣ ਸ਼ਾਹ ਲੁਬਾਣਾ ਸ਼ੁਕਰਾਨੇ ਦੀ ਅਰਦਾਸ ਕਰਦਾ ਹੋਇਆ**



ਸ਼ੁਕਰਾਨੇ ਕਰਦਾ ਹੋਇਆ ਮੱਖਣ ਸ਼ਾਹ ਲੁਬਾਣਾ ਬਾਬਾ ਬਕਾਲਾ ਪਹੁੰਚਿਆਂ। ਗੁਰੂ ਜੀ ਨੂੰ ਲੱਭਦਾ ਹੋਇਆ ਉਹ ਬਾਈ ਮੰਜੀਆਂ ਅੱਗੇ ਪੰਜ ਪੰਜ ਮੋਹਰਾਂ ਰੱਖ ਕੇ ਮੱਥਾ ਟੇਕਦਾ ਰਿਹਾ ਪਰ ਕਿਸੇ ਨੇ ਵੀ ਉਸਨੂੰ ੫੦੦ ਮੋਹਰਾਂ ਦੀ ਯਾਦ ਨਾ ਦੁਆਈ ਤੇ ਜਦੋਂ ਭੋਰੇ ਵਿਚ ਬੈਠੇ ਗੁਰੂ ਜੀ ਕੋਲ ਜਾ ਕੇ ਪੰਜ ਮੋਹਰਾਂ ਰੱਖ ਕੇ ਮੱਥਾਂ ਟੇਕਿਆਂ ਤਾਂ ਗੁਰੂ ਜੀ ਨੇ ਉਸਨੂੰ ੫੦੦ ਮੋਹਰਾਂ ਦੀ ਯਾਦ ਦੁਆਈ ਤੇ ਨਾਲ ਹੀ ਜਦੋਂ ਉਸਨੂੇ ਗੁਰੂ ਜੀ ਦਾ ਜਖਮਾਂ

ਨਾਲ ਭਰਿਆ ਮੋਢਾ ਦੇਖਿਆ ਤਾਂ ਪ੍ਰੇਮ-ਵੱਸ ਹੋਇਆ ਭੁੱਬਾਂ ਮਾਰ ਕੇ ਰੋਂਦਾ ਹੋਇਆ ਕੋਠੇ ਚੜ੍ਹ ਗਿਆ। ਦੁਹਾਈ ਪਾਉਣ ਲੱਗਿਆ ;-**"ਗੁਰੂ ਲਾਧੋ ਰੇ ... ਗੁਰੂ ਲਾਧੋ ਰੇ....।"**

ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਦੇ ਮੇਲ ਮਿਲਾਪ ਦੀਆਂ ਭੇਦਾਂ ਭਰੀਆਂ ਕਹਾਣੀਆਂ ਕਹਿਣ ਸੁਣਨ ਤੋਂ ਬਾਹਰ ਹਨ। ਕਦੀ ਉਹ ਦੁੱਖਾਂ ਵਿਚ ਬਹੁੜ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਦਿੰਦਾ ਹੈ,ਕਦੀ ਦਰਸ ਪਿਆਸੀਆਂ ਅੱਖੀਆਂ ਨੂੰ ਪ੍ਰਤੱਖ ਦਰਸ਼ਨ ਦੀਦਾਰੇ ਬਖਸ਼ ਕੇ ਸੀਨੇ ਠੰਡ ਪਾਉਂਦਾ ਹੈ ਤੇ ਕਦੀ ਸੁਪਨਿਆਂ ਵਿਚ ਦਰਸ਼ਨ ਝਲਕਾਂ ਦੀ ਮੇਹਰ ਕਰਕੇ ਨਿਹਾਲ ਕਰਦਾ ਹੈ ਪਰ ਕਈ ਵਾਰੀ ਸਾਡਾ ਚੋਜੀ ਪ੍ਰੀਤਮ ਲੋਕਾਂ ਤੋਂ ਲੁਕ ਲੁਕ ਕੇ ਚੋਜ ਵਰਤਾ ਜਾਂਦਾ ਹੈ। ਰੰਗਲੀਆਂ ਖੇਡਾਂ ਖੇਡਦਾ ਹੋਇਆ ਆਪਣੇ ਪਿਆਰਿਆਂ ਨਾਲ ਲਾਡ ਲਡਾ ਜਾਂਦਾ ਹੈ।

**ਜਿਨ ਹਰਿ ਜਪਿਆ ਸੇ ਹਰਿ ਹੋਏ॥ ਹਰਿ ਮਿਲਿਆ ਕੇਲ ਕੇਲਾਲੀ॥**

**(ਅੰਗ: ੬੬੭)**

ਅੱਜ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਅਗੇ ਕੀਤੀ ਹੋਈ ਬੇਨਤੀ ਪ੍ਰਵਾਨ ਹੁੰਦੀ ਹੈ। ਉਹ ਲੋਕਾਂ ਦੇ ਮਾਲ-ਧੰਨ ਦੇ ਬੇੜੇ ਵੀ ਪਾਰ ਕਰਦੇ ਹਨ ਤੇ ਜਿਹੜੇ ਭਗਤ-ਜਨ ਆਪਣੇ ਨਾਮ-ਧੰਨ ਦੇ ਬੇੜੇ ਨੂੰ ਘੋਰ ਕਲਿਯੁਗ ਦੇ ਅੰਧਕਾਰ ਵਿਚੋਂ ਪਾਰ ਲਗਾਉਣ ਦੀ ਅਰਦਾਸ ਕਰਦੇ ਹਨ। ਉਨ੍ਹਾਂ ਉਤੇ ਵੀ ਅਪਾਰ ਕਿਰਪਾ ਕਰਦੇ ਹਨ। ਆਪਣੇ ਪਿਆਰੇ ਭਗਤਾਂ ਨਾਲ ਕੇਲ-ਕਲੋਲ ਕਰਦੇ ਹੋਏ ਅੰਗ ਸੰਗ ਸਹਾਈ ਹੁੰਦੇ ਹਨ। ਘੋਰ ਅੰਧਕਾਰ ਵਿਚ ਫਸਿਆਂ ਹੋਇਆਂ ਨੂੰ ਆਪਣਾ ਸਹਾਰਾ ਦੇ ਕੇ ਪਾਰ ਲਗਾਉਂਦੇ ਹਨ। ਨਾਮ-ਧੰਨ ਨਾਲ ਲੱਦੇ ਹੋਏ ਬੇੜਿਆਂ ਨੂੰ ਦੁਖਾਂ ਤਕਲੀਫਾਂ ਦੇ ਸਮੁੰਦਰਾਂ ਵਿਚ ਰੁੜ੍ਹਦੇ ਜਾਂਦੇ ਦੇਖ ਕੇ, ਉਹ ਆ ਬਹੁੜਦੇ ਹਨ। ਆਪਣਾ ਮੋਢਾ ਦੇ ਕੇ ਪਾਰ ਲਗਾਉਂਦੇ ਹਨ।

ਗੁਰੂ ਜੀ ਪਹਿਲਾਂ ਵੀ ਬੇੜੇ ਪਾਰ ਕਰਦੇ ਸੀ ਤੇ ਅੱਜ ਵੀ ਸੱਚੇ ਦਿਲ ਦੀਆਂ ਅਰਦਾਸਾਂ ਪੂਰੀਆਂ ਕਰਦੇ ਹਨ। ਇਸੇ ਸਾਲ ਹੀ ਰੱਖੜ ਪੰਨਿਆਂ ਦੇ ਮੇਲੇ ਵਿਚ ਇਕ ਗੁਰੂ ਪਿਆਰੇ ਨੇ ਆਪਣੇ ਭਗਤੀ ਦੇ ਰਾਹ ਵਿਚ ਆਈਆਂ ਰੁਕਾਵਟਾਂ ਦੇ ਤੂਫਾਨ ਵਿਚ ਫਸੇ ਨਾਮ-ਧੰਨ ਦੇ ਬੇੜੇ ਨੂੰ ਪਾਰ ਕਰਨ ਦੀ ਅਰਦਾਸ ਕੀਤੀ। ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਬਾਬਾ ਬਕਾਲਾ ਸਾਹਿਬ ਵਿਖੇ ਸੰਗਤ ਜੁੜੀ ਹੋਈ ਸੀ। ਲੰਗਰ ਦੀ ਸੇਵਾ ਵਿਚ ਤਿੰਨ ਦਿਨ ਤੋਂ ਉਸ ਸੋਹਣੇ ਸੁਨੱਖੇ ਇਲਾਹੀ ਨੂਰ ਵਿਚ ਰੰਗੇ ਹੋਏ ਨੌਜਵਾਨ ਨੂੰ ਗੁਰੂ-ਪ੍ਰੇਮ ਦੀਆਂ ਘਨਘੋਰ ਘਟਾਵਾਂ ਨੇ ਐਸਾ ਘੇਰਿਆ ਕਿ ਉਸ ਨੂੰ ਆਪਣਾ ਘਰ ਬਾਰ ਭੁਲ ਗਿਆ,ਸੰਗੀ ਸਾਥੀ ਭੁਲ ਗਏ ਤੇ ਆਪਣੇ ਪਰਾਏ ਦੀ ਕੋਈ ਸੋਝੀ ਨਾ ਰਹੀ। ਚਾਅ ਉਮਾਹ ਨਾਲ ਭਰਿਆ ਹੋਇਆ ਕਦੀ ਵਰਤਾਵਾ ਬਣ ਕੇ ਸੰਗਤਾਂ ਦੇ ਦਰਸ਼ਨਾਂ ਵਿਚੋਂ ਗੁਰੂ ਜੀ ਦਾ ਰੂਪ ਨਿਹਾਰ ਲਵੇ ਤੇ ਕਦੀ ਲੰਗਰ ਤਿਆਰ ਕਰਦਾ

ਹੋਇਆ ਗੁਰੂ ਜੀ ਦੀਆਂ ਖੁਸ਼ੀਆਂ ਦਾ ਅਨੰਦ ਮਾਣ ਲਵੇ..।ਗੁਰੂ ਤੇਗ ਬਹਾਦਰ ਜੀ ਦੇ ਚਰਨ ਕਮਲਾਂ ਦੇ ਭੰਵਰੇ ਨੂੰ ਹਰ ਪਾਸੇ ਗੁਰੂ ਜੀ ਹੀ ਦਿਸਣ ਲੱਗ ਪਏ।ਉਸਦੇ ਮਨ ਵਿਚ ਪ੍ਰੇਮ ਦੀ ਝੜੀ ਲੱਗ ਗਈ ਤੇ ਉਹ ਪ੍ਰੇਮ-ਰੂਪ ਹੀ ਹੋ ਗਿਆ।

ਮੇਲੇ ਦੇ ਅਖੀਰਲੇ ਦਿਨ ਸਿਆਸਤਦਾਨਾਂ ਦੀ ਭੀੜ ਨੇ ਥਾਂ ਥਾਂ ਆਪਣੇ ਦੀਵਾਨ ਸਜਾਏ ਹੋਏ ਸੀ।ਨੀਲੀਆਂ ਪੀਲੀਆਂ ਪੱਗਾਂ ਵਾਲਿਆਂ ਨੇ ਆਪਣੀ ਸਿਆਸਤ ਗਰਮਾਈ ਹੋਈ ਸੀ।ਗੁਰੂ ਦੀਆਂ ਗੋ੍ਲਕਾਂ ਦੇ ਨੋਟਾਂ ਨਾਲ ਵੋਟਾਂ ਦਾ ਵਿਓਪਾਰ ਕਰਨ ਵਾਲੇ ਆਪਣੇ ਆਪ ਨੂੰ ਧਾਰਮਿਕ ਆਗੂ ਅਖਵਾਉਣ ਦਾ ਰੌਲਾ ਪਾ ਰਹੇ ਸਨ।ਇਨ੍ਹਾਂ ਨੂੰ ਦੇਖ ਕੇ ਗੁਰਸਿੱਖ ਨੂੰ ਗੁਰ ਇਤਿਹਾਸ ਦਾ ਉਹ ਸਮਾ ਯਾਦ ਆਇਆ ਜਦੋਂ ਇਸੇ ਹੀ ਥਾਂ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਤੇ ਕਬਜਾ ਕਰਨ ਲਈ ੨੨ ਬੰਦੇ ਮੰਜੀਆਂ ਡਾਹ ਕੇ ਬੈਠੇ ਹੋਏ ਸਨ ਪਰ ਅਜ ਦੇ ਹਾਲਾਤ ਉਸ ਤੋਂ ਵੀ ਭੈੜੇ ਨਜਰ ਆ ਰਹੇ ਸਨ।

ਗੁਰੂ ਘਰਾਂ ਉਤੇ ਕਬਜਾ ਕਰਨ ਦੇ ਦਾਅਵੇਦਾਰਾਂ ਦੀ ਭਰਮਾਰ ਵਲੋਂ ਮੂੰਹ ਮੋੜ ਕੇ ਨੌਜਵਾਨ ਉਸ ਪਾਸੇ ਚਲੇ ਗਿਆ ਜਿਥੇ ਕੁਝ ਸਾਧੂਆਂ ਨੇ ਆਪਣਾ ਪ੍ਰਦਰਸ਼ਨ ਸ਼ੁਰੂ ਕੀਤਾ ਹੋਇਆ ਸੀ। ਉਸਨੇ ਹਰ ਇਕ ਸਾਧੂ ਅੱਗੇ ਨੋਟ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ।ਸਭਨਾਂ ਨੇ ਅਸ਼ੀਰਵਾਦ ਦਿੱਤਾ ਪਰ ਉਸਦੇ ਦਿਲ ਦੀ ਗੱਲ ਕਿਸੇ ਨੇ ਨਾ ਬੁੱਝੀ।ਅਖੀਰ ਉਹ ਇਕ ਐਸੇ ਸਾਧੂ ਕੋਲ ਜਾ ਪਹੁੰਚਾ ਜਿਹੜਾ ਸਰੋਵਰ ਕੋਲ ਚਾਦਰ ਵਿਛਾ ਕੇ ਬੈਠਾ ਹੋਇਆ ਸੀ।ਗੁਰਸਿੱਖ ਨੇ ਉਸ ਅੱਗੇ ੧੦੦ ਰੁਪੈ ਦਾ ਨੋਟ ਰੱਖ ਕੇ ਮੱਥਾ ਟੇਕਿਆ।ਸਾਧੂ ਨੇ ਉਸਨੂੰ ਬੜੇ ਪਿਆਰ ਨਾਲ ਆਪਣੇ ਕੋਲ ਬਿਠਾਇਆ ਤੇ ਆਪਣੀ ਇਕ ਨਿੱਕੀ ਜਿਹੀ ਪੋਟਲੀ ਵਿਚੋਂ ਕੁਝ ਬਦਾਮ ਅਤੇ ਨਿੱਕੀਆਂ ਇਲਾਇਚੀਆਂ ਕੱਡ ਕੇ ਪਰਸ਼ਾਦ ਵਜੋਂ ਦਿੱਤੀਆਂ।ਨੌਜਵਾਨ ਨੂੰ ਉਨ੍ਹਾਂ ਬਦਾਮਾਂ ਅਤੇ ਇਲਾਇਚੀਆਂ ਦੇ ਰੰਗ ਵਿਚ ਕੋਈ ਇਲਾਹੀ ਚਮਕ ਦਿਖਾਈ ਦਿੱਤੀ।ਫਿਰ ਸਾਧੂ ਨੇ ਬਿਬੇਕ ਦਾ ਲੰਗਰ ਛਕਾਇਆ ਜਿਸ ਦੇ ਪਨੀਰ,ਦਾਲ, ਸਬਜੀ ਤੇ ਪ੍ਰਸ਼ਾਦੇ ਵਿਚ ਕੋਈ ਵੱਖਰਾ ਹੀ ਅਨੰਦ-ਰਸ ਭਰਿਆ ਹੋਇਆ ਸੀ।ਇਸ ਪਿੱਛੋਂ ਉਸਨੇ ਅੰਬ ਅਨਾਰ ਤੇ ਹੋਰ ਕਈ ਤਰ੍ਹਾਂ ਦੇ ਫਲ ਗੁਰਸਿੱਖ ਅੱਗੇ ਧਰ ਦਿੱਤੇ।ਸਾਧੂ ਐਨੇ ਫਲ ਫਰੂਟ ਅਤੇ ਤਾਜਾ ਤਾਜਾ ਲੰਗਰ ਕਿਥੋਂ ਪੈਦਾ ਕਰੀ ਜਾ ਰਿਹਾ ਸੀ...?ਰੂਹਾਨੀ ਮੰਜਲਾਂ ਤੈਹ ਕਰ ਰਹੇ ਨੌਜਵਾਨ ਨੂੰ ਇਸ ਇਲਾਹੀ ਖੇਡ ਦੀਆਂ ਗੁੱਝੀਆਂ ਰਮਜਾਂ ਦੀ ਸਾਰੀ ਸਮਝ ਪੈ ਗਈ।ਜਿਸਦੀ ਭਾਲ ਵਿਚ ਉਹ ਬਾਵਰਾ ਹੋ ਕੇ ਮੇਲੇ ਵਿਚ ਘੁੰਮਦਾ ਪਿਆ ਸੀ,ਉਹ ਮਿਲ ਪਿਆ..।ਸਾਧੂ ਦੇ ਰੂਪ ਵਿਚ ਪ੍ਰਗਟ ਹੋ ਕੇ, ਲਾਡ ਲਡਾਉਂਦਿਆਂ ਦੇਖ ਕੇ ਉਸਦੀਆਂ ਖੁਸ਼ੀਆਂ ਖੇੜਿਆਂ ਦਾ ਕੋਈ ਅੰਤ ਨਾ ਰਿਹਾ।

ਨੌਜਵਾਨ ਦੇ ਮਨ ਦਾ ਫੁਰਨਾ ਸੱਚਾ ਹੋ ਗਿਆ।ਆਪ ਮੁਹਾਰੇ ਉਹ ਵੀ ਮੱਖਣ ਸ਼ਾਹ ਲੁਬਾਣਾ ਬਣ ਕੇ "ਗੁਰੂ ਲਾਧੋ ਰੇ....ਗੁਰੂ ਲਾਧੋ ਰੇ...."ਕਹਿ ਕੇ ਦੁਹਾਈ ਪਾਉਣਾ ਚਾਹੁੰਦਾ ਸੀ ਪਰ ਸਾਧੂ ਇਸ ਇਲਾਹੀ ਖੇਡ ਦੇ ਗੋਹਜ ਨੂੰ ਲੋਕਾਂ ਵਿਚ ਉਜਾਗਰ ਕਰਨ ਦੇ ਹੱਕ ਵਿਚ ਨਹੀਂ ਸੀ।ਨੌਜਵਾਨ ਨੂੰ ਸਭ ਕੁਝ ਦੇਖ ਕੇ ਵੀ ਅਣਡਿੱਠ ਕਰਨਾ ਪਿਆ।ਰੂਹਾਨੀ ਰੰਗ ਰਸ ਦੀਆਂ ਬਰਸਾਤਾਂ ਵਿਚ ਭਿੱਜਣ ਵਾਲੇ ਨੌਜਵਾਨ ਦਾ ਜੀਵਨ ਪਹਿਲਾਂ ਹੀ ਇਹੋ ਜਿਹੇ ਅਨੁਭਵਾਂ ਤੋਂ ਖਾਲੀ ਨਹੀਂ ਸੀ।ਉਹ ਇਸ ਪ੍ਰੇਮ ਮਿਲਾਪ ਤੋਂ ਖੀਵਾ ਹੋ ਗਿਆ ਪਰ ਨਾਲ ਹੀ ਉਹ ਪਲ ਪਲ ਲਈ ਇਸ ਗੱਲੋਂ ਸੁਚੇਤ ਰਹਿਣਾ ਚਾਹੁੰਦਾ ਸੀ ਕਿ ਉਸਦੇ ਮੂੰਹੋਂ ਨਿਕਲਣ ਵਾਲਾ ਹਰ ਬੋਲ ਅਦਬ ਸਤਿਕਾਰ ਨਾਲ ਭਰਿਆ ਹੋਇਆ ਹੋਣਾ ਚਾਹੀਦਾ ਹੈ।

ਸਾਧੂ ਜਾਣਦਾ ਸੀ ਕਿ ਨੌਜਵਾਨ ਦਾ ਬੇੜਾ ਨਾਮ ਧੰਨ ਨਾਲ ਲੱਦਿਆ ਹੋਇਆ ਹੈ ਪਰ ਕਲਿਯੁਗ ਦੀਆਂ ਤੂਫਾਨੀ ਲਹਿਰਾਂ ਵਿਚ ਡਗਮਗਾ ਰਿਹਾ ਹੈ।ਸਾਧੂ ਨੂੰ ਪਤਾ ਸੀ ਕਿ ਬੇੜੇ ਨੂੰ ਡੁੱਬਣ ਤੋਂ ਬਚਾਉਣ ਲਈ ਹੀ ਨੌਜਵਾਨ ਗੁਰੂ ਦੇ ਦੁਆਰੇ ਆਇਆ ਹੈ ਤੇ ਤਿੰਨ ਦਿਨ ਤੋਂ ਪ੍ਰੇਮ-ਸਮਾਧੀ ਲਗਾ ਕੇ ਕੂਕ ਪੁਕਾਰ ਕਰ ਰਿਹਾ ਹੈ।ਨੌਜਵਾਨ ਅੱਖੀਆਂ ਮੀਟੀ ਸ਼ੁਕਰਾਨਾ ਕਰਦਾ ਹੋਇਆ ਸਿਰ ਝੁਕਾਈ ਬੈਠਾ ਹੀ ਰਹਿ ਗਿਆ ਤੇ ਸਾਧੂ ਦਾ ਪਤਾ ਹੀ ਨਾ ਲੱਗਿਆ ਕਿ ਉਹ ਕਿੱਧਰ ਚਲੇ ਗਿਆ।ਸਾਧੂ ਨੂੰ ਲੱਭਣ ਲਈ ਉਹ ਬੜੀ ਦੇਰ ਤੱਕ ਮੇਲੇ ਵਿਚ ਏਧਰ ਓਧਰ ਘੰਮਦਾ ਰਿਹਾ ਪਰ ਸਾਧੂ ਕਿਧਰੇ ਨਜਰ ਨਹੀਂ ਆਇਆ

******************************

# ਲੰਬੇ ਚੋਲੇ ਵਾਲਾ

ਲੁਧਿਆਣਾ ਨਿਵਾਸੀ ਸਰਦਾਰ ਗੁਰਭਗਤ ਸਿੰਘ ਦੀ ਬੇਟੀ (ਗੋਗੀ) ੨੦ ਸਾਲਾਂ ਤੋਂ ਹੇਮਕੁੰਟ ਸਾਹਿਬ ਦੀ ਯਾਤਰਾ ਬੜੇ ਚਾਅ-ਉਮਾਹ ਨਾਲ ਕਰਿਆ ਕਰਦੀ ਸੀ।ਹਰ ਸਾਲ ਯਾਤਰਾ ਉਸਦੇ ਜੀਵਨ ਵਿਚ ਗੁਰੂ ਪ੍ਰੇਮ ਦੇ ਨਵੇਂ ਤੋਂ ਨਵੇਂ ਰੰਗ ਭਰਦੀ ਰਹੀ।੧੯੯੫ ਦੀ ਗੱਲ ਹੈ ਕਿ ਉਸ ਰੰਗ-ਰੱਤੜੀ ਨੇ ਆਪਣੇ ਜੀਵਨ ਦੀ ਅਲੌਕਿਕ ਰੰਗਾਂ ਵਾਲੀ ਹੱਡ ਬੀਤੀ ਸੁਣਾਉਂਦਿਆਂ ਦੱਸਿਆ ਕਿ ੧੮ ਸਾਲ ਪਹਿਲੇ ਉਹ ਪਹਿਲੀ ਵਾਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਗਈ।ਔਖੀਆਂ ਘਾਟੀਆਂ ਚੜ੍ਹਦੀ ਥੱਕ ਕੇ ਚੂਰ ਹੋ ਗਈ ਤੇ ਜਦੋਂ ਉਸ ਕੋਲੋਂ ਇਕ ਕਦਮ ਵੀ ਪੁੱਟਿਆ ਨਹੀਂ ਸੀ ਜਾ ਰਿਹਾ ਤਦ ਉਸ ਨੇ ਦੇਖਿਆ ਕਿ ਇਕ ਲੰਬੇ ਚੋਲੇ ਵਾਲਾ ਅੰਮ੍ਰਿਤਧਾਰੀ ਸਿੰਘ (ਸ਼ਹੀਦ ਸਿੰਘ) ਉਸਦੇ ਕੋਲ ਖੜ੍ਹਾ ਹੈ।ਸਿੰਘ ਨੇ ਉਸ ਦੀ ਬਾਂਹ ਫੜੀ ਅਤੇ ਉਸਨੂੰ ਬਰਫਾਂ ਦੇ ਉਤੋਂ ਦੀ ਫੁੱਲਾਂ ਵਾਂਗੂੰ ਉੜਾਉਂਦਾ ਹੋਇਆ ਪਲਾਂ ਵਿਚ ਹੀ ਹੇਮਕੁੰਟ ਸਾਹਿਬ ਪਹੁੰਚਾ ਕੇ ਅਲੋਪ ਹੋ ਗਿਆ।

ਦੁਸ਼ਟ ਦਮਨ ਦੀ ਘੋਰ ਤਪੱਸਿਆ ਅਤੇ ਅਨੇਕਾਂ ਰਿਸ਼ੀਆਂ ਮੁਨੀਆਂ ਦੀ ਤਪ ਸਾਧਨਾ ਨਾਲ ਇਲਾਹੀ ਰੰਗ ਬਰਸਾ ਰਹੀ ਸਪਤ-ਸ੍ਰਿੰਗ ਦੀ ਵਾਦੀ ਵਿਚ ਸ਼ਰਧਾਲੂਆਂ ਨਾਲ ਬੀਤੀਆਂ ਕਈ ਅਲੌਕਿਕ ਗੱਲਾਂ ਬਿਆਨ ਕਰਦਿਆਂ, ਉਸਨੇ ਕਿਹਾ ਕਿ ਪ੍ਰੇਮ-ਵੈਰਾਗ, ਸ਼ਰਧਾ ਅਤੇ ਸੱਚੀ ਸੁੱਚੀ ਭਾਵਨਾ ਨੂੰ ਭਾਗ ਲਗਾਉਣ ਲਈ, ਸਰਵ-ਕਲਾ-ਸਮਰੱਥ ਪਿਤਾ ਕਿਸੇ ਵੀ ਸਮੇ ਪ੍ਰਗਟ ਹੋਣ ਦੀ ਗੁੱਝੀ ਕਲਾ ਵਰਤਾ ਜਾਂਦਾ ਹੈ,ਕਿਸੇ ਵੀ ਥਾਂ ਉਤੇ ਅਣਦਿਸਦੀ ਦੁਨੀਆਂ ਦੇ ਦ੍ਰਿਸ਼ਟਾਂਤ ਦਿਖਾ ਦਿੰਦਾ ਹੈ ਤੇ ਕਿਸੇ ਵੀ ਅਕਾਰ ਵਿਚ ਪ੍ਰਗਟ ਹੋ ਕੇ ਦਰਸ਼ਨ ਪਿਆਸੇ ਭਗਤਾਂ ਦੇ ਸੀਨੇ ਠੰਡ ਵਰਤਾ ਦਿੰਦਾ ਹੈ।ਇੱਛਾ ਪੂਰਕ ਸਤਿਗੁਰੂ ਭਗਤਾਂ ਦੀ ਇੱਛਾ ਪੂਰਨ ਕਰਨ ਲਈ ਕਦੀ ਵੀ ਢਿੱਲ ਨਹੀਂ ਕਰਦਾ।ਅਗਮ ਅਪਾਰ ਨੂੰ ਜਿਸ ਰੂਪ ਵਿਚ ਵੀ ਯਾਦ ਕਰੀਏ ਉਹ ਉਸੇ ਰੂਪ ਵਿਚ ਹੀ ਦਰਸ਼ਨਾਂ ਦੀ ਬਖਸ਼ਿਸ਼ ਨਾਲ ਜਾਹਰੀ ਕਲਾ ਵਰਤਾ ਦਿੰਦਾ ਹੈ।

ਉਸਨੇ ਇਕ ਹਿੰਦੂ ਪ੍ਰਾਣੀ ਦੀ ਵਾਰਤਾ ਸੁਣਾਈ।ਜਿਸਨੇ ਕਿਸੇ ਲਾਗਲੇ ਪਿੰਡ ਵਿਚ ਰਿਹਾਇਸ਼ ਕੀਤੀ ਹੋਈ ਸੀ।ਉਹ ਕਿਸੇ ਯੂਨੀਵਰਸਿਟੀ ਵਿਚ ਪੀ.ਐਚ.ਡੀ.ਦਾ ਵਿਦਿਆਰਥੀ ਸੀ।ਕੁਝ ਸਾਲ ਪਹਿਲੇ ਉਹ ਆਪਣੇ ਇਕ ਦੋਸਤ ਨਾਲ ਕੁਦਰਤ ਦੇ ਰੰਗ ਮਾਨਣ ਲਈ ਹੇਮਕੁੰਟ ਸਾਹਿਬ ਪਹੁੰਚਿਆ।ਫੁਲਾਂ ਦੀ ਘਾਟੀ ਵਿਚ ਕੁਦਰਤੀ ਨਜ਼ਾਰਿਆਂ ਦਾ ਰੰਗ ਮਾਣਦਾ ਹੋਇਆ ਇਕ ਥਾਂ ਆਪਣੇ ਇਸ਼ਟ ਦਾ ਧਿਆਨ ਧਰ ਕੇ ਸਮਾਧੀ ਲਗਾ ਕੇ ਬੈਠ ਗਿਆ।ਉਸਨੂੰ ਬ੍ਰਹਮਾਂ ਵਿਸ਼ਨੂੰ ਮਹੇਸ਼ ਦੀ ਮੂਰਤੀ ਦੇ ਇਲਾਹੀ ਪ੍ਰਕਾਸ਼ ਵਿਚ ਦਰਸ਼ਨ ਹੋਏ।ਉਸਦੇ ਰੋਮ ਰੋਮ ਵਿਚੋਂ

ਅੰਨਦ ਦੀਆਂ ਲਹਿਰਾਂ ਚੱਲਣ ਲੱਗ ਪਈਆਂ।ਇਕੋ ਹੀ ਝਲਕਾਰੇ ਨੇ ਉਸਦਾ ਤਨ ਮਨ ਸੀਤਲ ਕਰਕੇ ਰੰਗ ਰਸ ਨਾਲ ਭਰ ਦਿੱਤਾ।

ਅਨੰਦ ਭਰਪੂਰ ਅਵੱਸਥਾ ਦੇਖ ਕੇ ਉਸਦੇ ਦੋਸਤ ਨੇ ਉਸਦੀ ਪਰਮ-ਅਨੰਦ ਦੀ ਅਵੱਸਥਾ ਨੂੰ ਕਾਇਮ ਰੱਖਣ ਲਈ ਕੁਝ ਦਿਨ ਉਸਦੀ ਸੇਵਾ ਸੰਭਾਲ ਕੀਤੀ।ਆਮ ਲੋਕਾਂ ਦੀਆਂ ਨਜਰਾਂ ਤੋਂ ਬਚਾ ਕੇ ਉਸਨੂੰ ਚਰਚਾ ਦਾ ਵਿਸ਼ਾ ਬਣਾਉਣ ਤੋਂ ਬਚਾਇਆ।ਗੋਬਿੰਦ ਧਾਮ ਰਹਿ ਕੇ ਉਸਨੂੰ ਫੁੱਲਾਂ ਦੀ ਘਾਟੀ ਅਤੇ ਹੇਮਕੁੰਟ ਸਾਹਿਬ ਦੀਆਂ ਵਿਸਮਾਦੀ ਅਨਹਦ ਧੁਨੀਆਂ ਦੇ ਅਨੰਦ ਮਾਨਣ ਵਿਚ ਸਹਿਯੋਗ ਦਿੱਤਾ।ਜਦੋਂ ਉਸਨੇ ਦੇਖਿਆ ਕਿ ਤਪ-ਸਥਾਨ ਦੀ ਵਾਦੀ ਵਿਚ ਰਹਿ ਕੇ ਉਸਦਾ ਭਗਤੀ ਦੇ ਰੰਗ ਰਸ ਵਿਚੋਂ ਨਿਕਲਣ ਨੂੰ ਦਿਲ ਨਹੀਂ ਕਰਦਾ ਤਾਂ ਉਸਨੇ ਲਾਗਲੇ ਪਿੰਡ ਵਿਚ ਹੀ ਉਸਦੀ ਰਿਹਾਇਸ਼ ਦਾ ਠੀਕ ਪ੍ਰਬੰਧ ਕਰ ਦਿੱਤਾ।ਪੂਰੀ ਤਰ੍ਹਾਂ ਸੁੱਖ ਅਰਾਮ ਦੇ ਸਾਰੇ ਪ੍ਰਬੰਧ ਕਰਕੇ ਵਾਪਸ ਚਲੇ ਗਿਆ ਤੇ ਹੁਣ ਤੱਕ ਜਰੂਰਤਾਂ ਪੂਰੀਆਂ ਕਰਨ ਜੋਗੇ ਪੈਸੇ ਭੇਜ ਕੇ ਦੋਸਤੀ ਦਾ ਫਰਜ ਨਿਭਾ ਰਿਹਾ ਹੈ।

****************************

# ਭਾਈ ਜੋਗਾ ਸਿੰਘ

ਭਾਈ ਜੋਗਾ ਸਿੰਘ ਜੀ ਦੀ ਸਾਖੀ ਇਕ ਇਤਿਹਾਸਿਕ ਘਟਨਾ ਹੈ।ਗੁਰੂ ਜੀ ਦਾ ਪਿਆਰਾ ਸਿੰਘ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਨ ਲਈ ਜਾ ਰਿਹਾ ਸੀ ਕਿ ਰਸਤੇ ਵਿਚ ਵੇਸਵਾਵਾਂ ਦਾ ਠਿਕਾਣਾਂ ਦੇਖ ਕੇ ਮੱਤ ਉਤੇ ਪੜਦਾ ਪੈ ਗਿਆ ਤੇ ਉਹ ਉਸੇ ਪਾਸੇ ਹੀ ਤੁਰ ਪਿਆ।ਦਿਲਾਂ ਦੀਆਂ ਬੁੱਝਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਬੈਠਿਆਂ ਹੀ ਜਾਣ ਲਿਆ ਕਿ ਉਨ੍ਹਾਂ ਦਾ ਸਿੰਘ ਗੁਰਸਿੱਖੀ ਦਾ ਰਸਤਾ ਛੱਡ ਕੇ ਗਲਤ ਪਾਸੇ ਤੁਰ ਪਿਆ ਹੈ ਤਾਂ ਉਸੇ ਵੇਲੇ ਹੀ ਸਤਿਗੁਰੂ ਜੀ ਆਪਣੀ ਆਤਮਿਕ ਸ਼ਕਤੀ ਨਾਲ ਹੁਸ਼ਿਆਰਪੁਰ ਪਹੁੰਚ ਗਏ ਤੇ ਵੇਸਵਾਵਾਂ ਦੇ ਠਿਕਾਣੇ ਅੱਗੇ ਪਹਿਰੇਦਾਰ ਬਣ ਕੇ ਖੜ ਗਏ।ਗੁਰੂ ਜੀ ਦੇ ਦਰਸ਼ਨ ਕਰਦਿਆਂ ਹੀ ਭਾਈ ਜੋਗਾ ਸਿੰਘ ਦੀ ਮੱਤ ਠਿਕਾਣੇ ਆ ਗਈ ਤੇ ਉਹ ਗੁਰੂ ਜੀ ਦੇ ਚਰਨਾਂ ਵਿਚ ਢਹਿ ਪਿਆ।ਅੱਜ ਵੀ ਉਸ ਅਸਥਾਨ (ਹੁਸ਼ਿਆਰਪੁਰ) ਉਤੇ ਗੁਰਦਵਾਰਾ ਸੁਸ਼ੋਭਤਿ ਹੈ ਤੇ ਉਸ ਗੁਰਦੁਆਰੇ ਦਾ ਨਾਮ ਵੀ ਭਾਈ ਜੋਗਾ ਸਿੰਘ ਦੇ ਨਾਮ ਉਤੇ ਹੀ ਹੈ।

*************

# ਅਰਸ਼ੀ ਉਡਾਰੀਆਂ

ਕਈ ਵਾਰੀ ਐਸੇ ਅਸਚਰਜ ਜਨਕ ਕੌਤਕ ਹੋ ਜਾਂਦੇ ਹਨ ਕਿ ਉਨ੍ਹਾਂ ਉਤੇ ਯਕੀਨ ਕਰਨਾ ਸਧਾਰਣ ਵਿਅਕਤੀ ਲਈ ਔਖਾ ਹੋ ਜਾਂਦਾ ਹੈ ਪਰ ਜਿਸ ਨੇ ਉਹ ਸੱਚ ਹੰਢਾਇਆ ਹੁੰਦਾ ਹੈ ਉਸ ਲਈ ਸ਼ੰਕਾ ਕਰਨ ਲਈ ਕੋਈ ਗੁੰਜਾਇਸ਼ ਨਹੀਂ ਹੁੰਦੀ।੧੯੮੬ ਵਿਚ ਇਕ ਗੁਰਸਿੱਖ ਬੀਬੀ ਕੈਨੇਡਾ ਨਿਵਾਸੀ,ਗੋਬਿੰਦ ਧਾਮ ਤੋਂ ਹੇਮ ਕੁੰਟ ਸਾਹਿਬ ਦੇ ਦਰਸ਼ਨਾ ਲਈ ਜਾ ਰਹੀ ਸੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ ਵਿਚ ਰੰਗੀ ਹੋਈ ਚੜ੍ਹਾਈਆਂ ਚੜ੍ਹ ਰਹੀ ਸੀ।ਚਲਦਿਆਂ ਚਲਦਿਆਂ ਥਕਾਵਟ ਐਨੀ ਜ਼ਿਆਦਾ ਹੋ ਗਈ ਕਿ ਇਕ ਕਦਮ ਵੀ ਅੱਗੇ ਪੁਟੱਣਾਂ ਔਖਾ ਹੋ ਗਿਆ।ਰਸਤਾ ਹਾਲੇ ਲੰਬਾ ਸੀ।ਗੁਰਦੁਆਰੇ ਦਾ ਕੋਈ ਨਾਮੋ ਨਿਸ਼ਾਨ ਦਿਖਾਈ ਨਹੀਂ ਸੀ ਦੇ ਰਿਹਾ।ਨਾ ਹੀ ਕਿਧਰੇ ਚੋਟੀਆਂ ਉਤੇ ਝੂਲਦੇ ਹੋਏ ਨਿਸ਼ਾਨ ਸਾਹਿਬ ਨਜਰੀਂ ਆਉਣ ਲੱਗੇ ਸੀ।ਉਸਨੇ ਪੂਰੀ ਕੋਸ਼ਿਸ਼ਿ ਕੀਤੀ ਕਿ ਉਹ ਅੱਗੇ ਤੁਰਨ ਲਈ ਹੰਬਲਾ ਮਾਰੇ ਪਰ ਪੈਰ ਪੁੱਟਿਆ ਨਾ ਜਾਵੇ।ਇਸ ਤਰ੍ਹਾਂ ਲੱਗਣ ਲੱਗ ਪਿਆ ਕਿ ਜਿਵੇਂ ਉਸਦੇ ਪੈਰ ਧਰਤੀ ਨਾਲ ਜੁੜ ਗਏ ਹੋਣ।ਅਜਿਹੀ ਹਾਲਤ ਵਿਚ ਉਹ ਜਿੱਥੇ ਸੀ ਉਥੇ ਹੀ ਖੜ੍ਹੀ ਹੋ ਗਈ ਤੇ ਸਤਿਗੁਰਾਂ ਦੀ ਯਾਦ ਵਿਚ ਲੀਨ ਹੋ ਕੇ ਦਰਸ ਪਿਆਸੀਆਂ ਅੱਖੀਆਂ ਮੀਟ ਲਈਆਂ।

ਜਦ ਉਸਦੀ ਅੱਖ ਖੁਲ੍ਹੀ ਤਾਂ ਉਸਨੇ ਦੇਖਿਆ ਕਿ ਉਹ ਸਰੋਵਰ ਦੇ ਕੰਢੇ ਉਤੇ ਖੜ੍ਹੀ ਹੈ।ਐਨਾ ਲੰਬਾ ਤੇ ਬਿੱਖੜਾ ਰਸਤਾ ਉਹ ਕਿਵੇਂ ਪਾਰ ਕਰ ਗਈ...? ਕੌਣ ਉਸਨੂੰ ਆਪਣੇ ਖੰਬਾਂ ਉਤੇ ਬਿਠਾ ਕੇ ਅਰਸ਼ੀ ਉਡਾਰੀਆਂ ਮਰਵਾਉਂਦਾ ਹੋਇਆ ਇਥੇ ਲੈ ਅਇਆ..? ਉੜਾਉਣ ਵਾਲੇ ਦਾ ਪਤਾ ਹੀ ਨਾ ਲੱਗਿਆ...! ਇਨ੍ਹਾਂ ਗੁੱਝੀਆਂ ਰਮਜ਼ਾਂ ਦੀ ਕੋਈ ਸਮਝ ਨਾ ਆਵੇ ਪਰ ਜਦੋਂ ਸਾਹਮਣੇ ਸਚਾਈ ਦਾ ਪ੍ਰਤੱਖ ਨਜ਼ਾਰਾ ਦੇਖਿਆ ਤਾਂ ਆਪਣੇ ਖੰਬਾਂ ਉਤੇ ਬਿਠਾ ਕੇ ਉਡਾਉਣ ਵਾਲੇ ਅਰਸ਼ੀ ਦਾਤੇ ਦੇ ਵਿਸਮਾਦੀ ਖੇਲ ਦੀ ਸਮਝ ਆਈ।ਉਸਦੀਆਂ ਪ੍ਰੇਮ-ਭਾਵਨਾਵਾਂ ਦਾ ਵੇਗ ਸਿਮਰਨ ਦਾ ਰੂਪ ਧਾਰ ਗਿਆ!

*************************

# ਸਰਦਾਰ ਉਪਿੰਦਰ ਜੀਤ ਸਿੰਘ ਜੀ

ਬੀਬੀ ਗੁਰਦੀਪ ਕੌਰ ਜੀ ਨੇ ਆਪਣੇ ਬੇਟੇ ਸਰਦਾਰ ਉਪਿੰਦਰ ਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਦਾ ਕਿਸੇ ਇਤਿਹਾਸਿਕ ਗੁਰਦੁਆਰੇ ਜਾਣ ਨੂੰ ਦਿਲ ਕਰਦਾ ਹੈ।ਪਰ ਪੁੱਤਰ ਨੇ ਬੀਬੀ ਜੀ ਦੀ ਗੱਲ ਨੂੰ ਅਣਗੌਲਿਆਂ ਕਰ ਦਿੱਤਾ।ਦੋ ਦਿਨ ਬੀਬੀ ਜੀ ਲਾਡ ਪਿਆਰ ਨਾਲ ਪੁੱਤਰ ਨੂੰ ਮਨਾਉਂਦੇ ਰਹੇ ਪਰ ਉਹ ਜਵਾਨ ਪੁਤਰਾਂ ਵਾਲੇ ਰੋਅਬ ਨਾਲ ਟਾਲ ਦਿੰਦਾ ਰਿਹਾ।ਅਖੀਰ ਆਪਣੀ ਆਦਤ ਅਨੁਸਾਰ ਬੀਬੀ ਜੀ ਤੋਂ ਵਾਰ ਵਾਰ ਕਹਾਉਣ ਪਿਛੋਂ ਬੀਬੀ ਜੀ ਦੀ ਇੱਛਾ ਮੁਤਾਬਿਕ ਜਿੱਥੇ ਉਹ ਕਹਿੰਦੇ ਸੀ,ਉਥੇ ਲੈ ਗਿਆ।

ਗੁਰੂ ਘਰ ਦੀ ਯਾਤਰਾ ਦਾ ਅਨੰਦ ਮਾਣ ਕੇ ਵਾਪਿਸ ਆਉਂਦਿਆਂ ਬੀਬੀ ਜੀ ਉਪਿੰਦਰ ਜੀਤ ਦੇ ਨਾਲ ਦੀ ਸੀਟ ਉਤੇ ਬੈਠੇ ਹੋਏ ਮ੍ਰਿਨਾਂ ਮ੍ਰਿਨਾਂ ਮੁਸਕਾਈ ਜਾ ਰਹੇ ਸੀ।ਇਉਂ ਲੱਗ ਰਿਹਾ ਸੀ ਕਿ ਉਹ ਕਿਸੇ ਅਨੋਖੀ ਖੁਸ਼ੀ ਦਾ ਰੰਗ ਮਾਣ ਰਹੇ ਹਨ।ਉਪਿੰਦਰ ਜੀਤ ਨੇ ਬੀਬੀ ਜੀ ਨੂੰ ਆਪਣੇ ਆਪ ਵਿਚ ਹੀ ਹੱਸਦਿਆਂ ਦੇਖ ਕੇ ਮਜ਼ਾਕ ਨਾਲ ਪੁੱਛਿਆ ਕਿ ਉਹ ਇਸ ਤਰ੍ਹਾਂ ਕਿਉਂ ਹੱਸ ਰਹੇ ਹਨ।ਤਾਂ ਅੱਗੋਂ ਬੀਬੀ ਜੀ ਖੁੱਲ੍ਹ ਕੇ ਹੱਸਦੇ ਹੋਇਆਂ ਨੇ ਕਿਹਾ ਕਿ ਹੁਣ ਉਨ੍ਹਾਂ ਦਾ ਸੁਲਤਾਨ ਪੁਰ ਲੋਧੀ ਗੁਰਦੁਆਰੇ ਜਾਣ ਨੂੰ ਦਿਲ ਕਰਦਾ ਹੈ।ਇਹ ਗੱਲ ਉਪੰਦਰ ਜੀਤ ਨੂੰ ਬੜੀ ਓਪਰੀ ਜਿਹੀ ਲੱਗੀ।ਉਸ ਨੇ ਬੜਾ ਅਹਿਸਾਨ ਜਤਾਉਂਦਿਆਂ ਕਿਹਾ ਕਿ ਬੀਬੀ ਜੀ ਨੂੰ ਇਸ ਗੱਲ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਇਕ ਗੁਰਦੁਆਰੇ ਦੀ ਯਾਤਰਾ ਕਰਵਾ ਦਿੱਤੀ ਹੈ।ਹੁਣ ਉਹ ਚੁੱਪ ਕਰਕੇ ਘਰ ਜਾ ਕੇ ਬੈਠਣ...। ਐਵੇਂ ਹੀ ਹੋਰ ਥਾਵਾਂ ਉਤੇ ਜਾਣ ਦੇ ਸੁਪਨੇ ਨਾ ਸਜਾਈ ਜਾਣ...।ਉਹ ਕੋਈ ਵੇਹਲਾ ਬੰਦਾ ਨਹੀਂ ਹੈ।

ਉਪਿੰਦਰ ਜੀਤ ਨੇ ਬੀਬੀ ਜੀ ਨੂੰ ਸੁਲਤਾਨ ਪੁਰ ਜਾਣ ਲਈ ਕੋਰਾ ਇਨਕਾਰ ਕਰ ਦਿੱਤਾ ਪਰ ਬੀਬੀ ਜੀ ਉਤੇ ਉਸਦੀ ਨਾਂਹ ਦਾ ਕੋਈ ਅਸਰ ਨਾ ਹੋਇਆ।ਪੁੱਤਰ ਦੀਆਂ ਗੱਲਾਂ ਦਾ ਜਵਾਬ, ਉਸੇ ਦੀ ਬੋਲੀ ਦੇ ਲਹਿਜੇ ਵਿਚ ਦੇਣ ਦੀ ਥਾਂ ਉਹ ਡੁਲ੍ਹ ਡੁਲ੍ਹ ਜਾਂਦੀਆਂ ਖੁਸ਼ੀਆਂ ਖੇੜਿਆਂ ਦੀ ਮਸਤੀ ਵਿਚ ਮਿੱਠੀਆਂ ਮਿੱਠੀਆਂ ਮੁਸਕਾਨਾਂ ਦੇਈ ਜਾਣ..! ਉਪਿੰਦਰ ਜੀਤ ਨੂੰ ਪਤਾ ਹੀ ਨਾ ਲੱਗਿਆ ਕਿ ਕਿਹੜੇ ਵੇਲੇ ਸਫਰ ਤਹਿ ਹੋ ਗਿਆ।ਉਸ ਨੇ ਅਚਾਨਕ ਕਾਰ

ਰੋਕੀ।ਸਾਹਮਣੇ ਸੁਲਤਾਨ ਪੁਰ ਲੋਧੀ ਦਾ ਗੁਰਦੁਆਰਾ ਸਾਹਿਬ ਦੇਖ ਕੇ ਉਸ ਦੀ ਹੈਰਾਨੀ ਦੀ ਕੋਈ ਹੱਦ ਹੀ ਨਾ ਰਹੀ।ਡੌਰ ਭੌਰਿਆਂ ਹੋ ਕੇ ਕਿਹਾ,- **"ਉਫ....! ਹੈਂ..! ਇਹ ਕਿਦਾਂ ਹੋ ਗਿਆ..? ਮੈ ਕਿੱਥੇ ਆਣ ਪਹੁੰਚਿਆ...?"**

ਤਦ ਬੀਬੀ ਜੀ ਨੇ ਪੁਤੱਰ ਨੂੰ ਸ਼ਹੀਦਾਂ ਸਿੰਘਾਂ ਦੀ ਹੋਂਦ ਦੇ ਪ੍ਰਗਟਾਵੇ ਦਾ ਅਹਿਸਾਸ ਕਰਵਾਉਂਦਿਆਂ ਕਿਹਾ,-**"ਤੂੰ ਕੌਣ ਹੁੰਦਾ ਹੈਂ...? ਮੈਨੂੰ ਇੱਥੇ ਲਿਆਉਣ ਵਾਲਾ..।ਜਿਸਨੇ ਲਿਆਉਣਾ ਸੀ, ਉਸਨੇ ਲੈ ਆਂਦਾ।"** ਮਾਂ ਦੇ ਚੇਹਰੇ ਦਾ ਜਲਾਲ ਦੇਖ ਕੇ ਬੇਟੇ ਨੂੰ ਸਾਰੀ ਗੱਲ ਸਮਝ ਆ ਗਈ...।ਮਾਂ ਦੇ ਅੰਗ ਰੱਖਿਅਕ ਅਤੇ ਯਾਤਰਾਵਾਂ ਵਿਚ ਸਹਾਈ ਹੋਣ ਵਾਲੇ ਸ਼ਹੀਦਾਂ ਸਿੰਘਾਂ ਦੀਆਂ ਰੰਗ-ਰੰਗੀਲੀਆਂ ਖੇਡਾਂ ਤੋਂ ਪੂਰੀ ਤਰ੍ਹਾਂ ਜਾਣੂੰ ਪੁੱਤਰ ਜਾਣ ਗਿਆ ਕਿ ਇਹ ਸੱਭ ਸ਼ਹੀਦਾਂ ਸਿੰਘਾਂ ਦੀ ਅਗੰਮੀ ਖੇਡ ਸੀ ਕਿ ਉਸ ਨੂੰ ਪਤਾ ਹੀ ਨਹੀਂ ਲੱਗਿਆ ਕਿ ਉਹ ਕਿਹੜੇ ਵੇਲੇ ਆਪਣੇ ਪਿੰਡ ਸਰਹਾਲੀ ਜਾਣ ਵਾਲੀ ਸੜਕ ਉਤੇ ਮੁੜਨ ਦੀ ਥਾਂ ਕਾਰ ਨੂੰ ਸੁਲਤਾਨ ਪੁਰ ਜਾਣ ਵਾਲੀ ਸੜਕ ਵਲ ਮੋੜ ਲਿਆ ਤੇ ਦੂਜੇ ਪਾਸੇ ਮਾਂ ਨੂੰ ਪਤਾ ਸੀ ਕਿ ਸ਼ਹੀਦ ਸਿੰਘ ਉਸਦੀ ਮਦਦ ਕਰ ਰਹੇ ਹਨ ਇਸ ਲਈ ਉਹ ਅਣਦਿਸਦੀ ਦੁਨੀਆਂ ਦੇ ਵਾਸੀਆਂ ਨਾਲ ਮਿਲ ਕੇ ਬੇਬੇ ਨਾਨਕੀ ਦੇ ਗੁਰਦੁਆਰੇ ਆਉਣ ਦੀਆ ਖੁਸ਼ੀਆਂ ਵਿਚ ਨਿਹਾਲ ਹੋ ਰਹੇ ਸੀ।



******************

# ਸਾਧ ਸੰਗਤ ਅਸਥਾਨ ਜਗ ਮਗ ਨੂਰ ਹੈ

ਇਕ ਹਲਕੀ ਉਮਰ ਦਾ ਸਿੰਘ ਪਿਛਲੇ ਜਨਮਾਂ ਦੀ ਕਮਾਈ ਕਰਕੇ,ਬਚਪਨ ਤੋਂ ਹੀ ਇਲਾਹੀ ਮੰਡਲਾਂ ਦੀਆਂ ਬਖਸ਼ਿਸ਼ਾਂ ਦਾ ਅਨੁਭਵ ਕਰਦਾ ਆ ਰਿਹਾਸੀ।ਇਕ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਮਜੋਤ ਦੇ ਰੂਪ ਵਿਚ ਦੇਖਣ ਦੀ ਹੱਡ ਬੀਤੀ ਸੁਣਾਉਂਦਿਆਂ ਉਸ ਨੇ ਪ੍ਰੇਮ ਭਿੱਜੀ ਅਵਾਜ਼ ਵਿਚ ਦੱਸਿਆ ਕਿ ਇਕ ਵਾਰੀ ਉਹ ਦੋਦੜੇ ਪਿੰਡ ਦੇ ਸਮਾਗਮ ਵਿਚ ਹਾਜਰੀ ਭਰਦਾ ਹੋਇਆ ਨਾਮ ਬਾਣੀ ਦੇ ਪ੍ਰਵਾਹ ਵਿਚ ਰੰਗਿਆ ਗਿਆ।ਕੀਰਤਨ ਦੀਆਂ ਘੂੰਮਰਾਂ ਵਿਚ ਜਦੋਂ ਉਸਦੀ ਸੁਰਤੀ ਪੂਰੀ ਤਰ੍ਹਾਂ ਚੜ੍ਹੀ ਹੋਈ ਸੀ ਤਾਂ ਉਸ ਨੇ ਖੁੱਲ੍ਹੀਆਂ ਅੱਖੀਆਂ ਨਾਲ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਪਰ ਪ੍ਰਕਾਸ਼ ਹੀ ਪ੍ਰਕਾਸ਼ ਹੈ ਅਤੇ ਉਸੇ ਪ੍ਰਕਾਸ਼ ਵਿਚੋਂ ਹੀ ਪ੍ਰਕਾਸ਼ ਦੇ ਗੋਲੇ ਨਿੱਕਲ ਨਿੱਕਲ ਕੇ ਸੰਗਤਾਂ ਉਤੇ ਆ ਕੇ ਬਰਸ ਰਹੇ ਹਨ।ਏਨੀ ਗੱਲ ਕਹਿ ਕੇ ਉਸ ਪ੍ਰੇਮ-ਵੱਸ ਹੋਈ ਜਿੰਦੜੀ ਦਾ ਗੱਚ ਭਰ ਗਿਆ,ਉਸਤੋਂ ਬੋਲਿਆ ਨਾ ਜਾਵੇ।ਉਸਦੀਆਂ ਅੱਖੀਆਂ ਮੀਟੀਆਂ ਗਈਆਂ ਤੇ ਉਹ ਰੁਕਦੀ ਹੋਈ ਆਵਾਜ਼ ਵਿਚ ਸ਼ਬਦ ਪੜ੍ਹਨ ਲੱਗ ਪਿਆ-

**"ਸਾਧ ਸੰਗਤ ਅਸਥਾਨ ਜਗ ਮਗ ਨੂਰ ਹੈ॥"**

**(ਭਾਈ ਗੁਰਦਾਸ ਜੀ ਵਾਰਾਂ: ਪੰਨਾ ੩)**

ਇਸ ਸ਼ਬਦ ਦੀਆਂ ਦੋ ਤੁਕਾਂ ਪੜ੍ਹਨ ਪਿਛੋਂ ਉਸਨੇ ਵੈਰਾਗ-ਮਈ ਹਿਰਦੇ ਵ੍ਹਿੰਨੀ ਅਵਾਜ਼ ਵਿਚ ਜੋਦੜੀ ਕਰਨੀ ਸ਼ੁਰੂ ਕਰ ਦਿੱਤੀ -

**"ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੯੫੯)**

'ਜਗ ਮਗ ਨੂਰ ਹੈ' ਵਾਲੀ ਘੜੀ ਨੂੰ ਯਾਦ ਕਰ ਕੇ ਉਸ ਨੇ ਆਪਣੇ ਮੁਰਾਰੀ-ਪ੍ਰੀਤਮ ਕੋਲੋਂ ਉਸ ਇਲਾਹੀ ਨੂਰ ਦੀ ਬਰਸਾਤ ਵਾਲੀ ਰਾਤ ਦੇ ਪਰਮ-ਅਨੰਦ ਲਈ ਪਪੀਹੇ ਵਾਲੀ ਕੂਕ-ਪੁਕਾਰ ਕੀਤੀ।ਅੱਗੋਂ ਭਗਤਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਲੇ ਨੇ ਇਕ ਪਲ ਵੀ ਨਾ ਲਾਇਆ ਤੇ ਉਸ ਨੂੰ ਉਸੇ ਰੰਗ ਵਿਚ ਹੀ ਰੰਗ ਦਿੱਤਾ।ਫਿਰ ਕੀ ਸੀ..? ਅਨੰਦ ਸਾਗਰਾਂ ਵਿਚ ਤਾਰੀਆਂ ਲਾਉਣ ਵਾਲੇ ਕੋਲ ਕੁਝ ਦੱਸਣ ਦੀ ਹਿੰਮਤ ਹੀ ਨਾ ਰਹੀ।ਉਹ ਜਾ ਪਹੁੰਚਾ ਇਲਾਹੀ ਮੰਡਲਾਂ ਦੇ ਬੇਗਮ ਪੁਰੇ ਵਿਚ...।ਭਿੱਜਣ ਲੱਗਿਆ... ਇਲਾਹੀ ਪ੍ਰਕਾਸ਼ ਦੇ ਰੰਗ-ਰਸ

ਦੀਆਂ ਫੁਹਾਰਾਂ ਵਿਚ....।ਗੜੁੰਦ ਹੋ ਗਿਆ ਆਪਣੇ ਮੁਰਾਰੀ ਪ੍ਰੀਤਮ ਦੇ ਮੇਲ-ਮਿਲਾਪ ਵਾਲੀ ਰਾਤ ਦਾ ਅਨੰਦ ਮਾਣਦਾ ਹੋਇਆ....।ਤੇ ਫਿਰ ਪੁੱਛਣ ਵਾਲੇ ਦਾ ਵੀ ਹੌਸਲਾ ਨਾ ਪਿਆ ਕਿ ਉਹ ਪ੍ਰੇਮ-ਮੁਗਧ ਹੋਏ ਸਿੰਘ ਦੀ ਸੁਰਤੀ ਉਖਾੜੇ.......।

**************************

# ਵਾਸੂ ਭਾਰਦਵਾਜ

ਦੁਨੀਆਂ ਵਿਚ ਮੰਨੇਂ ਪ੍ਰਮੰਨੇਂ ਸਾਇੰਸਦਾਨ ਵਾਸੂ ਭਾਰਦਵਾਜ ਦੇ ਇਲਾਜ ਲਈ ਡਾਕਟਰਾਂ ਨੇ ਸਾਰੀ ਵਾਹ ਲਗਾ ਲਈ ਪਰ ਉਸਦੇ ਬਚਣ ਦੀ ਕੋਈ ਉਮੀਦ ਨਾ ਰਹੀ।ਕੈਂਸਰ ਦੀ ਆਖਰੀ ਸਟੇਜ ਵਿਚ ਸਟਰੇਚਰ ਉਤੇ ਪਿਆ ਹੋਇਆ ਉਹ ਹਰਿਮੰਦਰ ਸਾਹਿਬ ਪਹੁੰਚਿਆ ਓਸਨੂੰ ਚੁੱਕ ਕੇ ਕਮਰੇ ਵਿਚ ਲਿਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਲੰਮਾਂ ਪਾਇਆ ਗਿਆ ਤੇ ਸ੍ਰੀ ਅਖੰਡ ਪਾਠ ਦੀ ਬਾਣੀ ਸੁਣਨ ਪਿੱਛੋਂ ਉਹ ਪੈਦਲ ਤੁਰਦਾ ਹੋਇਆ ਗਿਆ।ਉਸਨੇ ਗੁਰੂ ਜੀ ਦੀ ਸ਼ਰਣ ਵਿਚ ਬੈਠੇ ਹੋਏ ਨੇ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਦੂਧੀਆ ਰੰਗ ਦੀ ਜੋਤ ਪ੍ਰਗਟ ਹੋਈ ਤੇ ਉਸਦੇ ਕੰਨ ਰਾਹੀ ਪ੍ਰਵੇਸ਼ ਹੋ ਕੇ ਕੈਂਸਰ ਵਾਲੀ ਥਾਂ ਉਤੇ ਜਾ ਪਹੁੰਚੀ ਤੇ ਉਸਨੂੰ ਨਵਾਂ ਨਰੋਆ ਕਰ ਗਈ।ਦੇਸ਼ ਵਿਦੇਸ਼ ਦੇ ਡਾਕਟਰਾਂ ਅਤੇ ਸਾਇੰਸਦਾਨਾ ਲਈ ਇਹ ਘਟਨਾ ਚਰਚਾ ਦਾ ਵਿਸ਼ਾ ਬਣਿਆ।ਉਸਦੀਆਂ ਡਾਕਟਰੀ ਰੀਪੋਰਟਾਂ ਮੁਤਾਬਿਕ ਇਹ ਇਕ ਕ੍ਰਿਸ਼ਮਾ ਸੀ।ਇਕ ਸਾਲ ਤੱਕ ਉਸਨੇ ਇਹ ਭੇਦ ਨਹੀਂ ਖੋਲ੍ਹਿਆ ਕਿਉਂਕਿ ਡਾਕਟਰਾਂ ਮੁਤਾਬਿਕ ਕੈਂਸਰ ਦੇ ਦੁਬਾਰਾ ਆ ਜਾਣ ਦਾ ਅਨੁਮਾਨ ਲਗਾਇਆ ਜਾ ਸਕਦਾ ਸੀ ਪਰ ਹੁਣ ਉਹ ਧੁਰ ਕੀ ਬਾਣੀ ਦੇ ਗੁਣ ਗਾਉਂਦਾ ਹੋਇਆ ਥੱਕਦਾ ਨਹੀਂ ਹੈ।ਸ੍ਰੀ ਹਰਿਮੰਦਰ ਸਾਹਿਬ ਵਿਚ ਅਜਿਹੀਆਂ ਹੋਰ ਵੀ ਕਈ ਘਟਨਾਵਾਂ ਦੇਖਣ ਵਿਚ ਆਉਂਦੀਆਂ ਹਨ।ਹਰਿਮੰਦਰ ਸਾਹਿਬ ਵਿਚ ਹੀ ਨਹੀਂ ਦੁਨੀਆਂ ਦੇ ਕਿਸੇ ਕੋਨੇ ਵਿਚ ਵੀ,ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾਮ ਬਾਣੀ ਦੇ ਰੰਗਾਂ ਵਿਚ ਰਹਿ ਕੇ ਕੀਤਾ ਹੋਇਆ ਹੋਵੇ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਦੇ ਭੰਡਾਰੇ ਖੁਲ੍ਹੇ ਰਹਿੰਦੇ ਹਨ।

**************************

# ਪ੍ਰਕਾਸ਼ ਦਰਸ਼ਨ

ਇਕ ਸੋਲਾਂ ਕੁ ਸਾਲ ਦੀ ਮਾਸੂਮ ਲੜਕੀ ਦੇ ਪੂਰਬਲੇ ਜਨਮਾ ਦੇ ਅੰਕੁਰ ਐਸੇ ਫੁੱਟੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠੀ ਹੋਈ ਦੀ ਕਈ ਘੰਟੇ ਸਮਾਧੀ ਲੱਗੀ ਰਹਿੰਦੀ।ਫੁਰਨੇ ਸੱਚੇ ਹੋਣ ਲੱਗ ਪਏ।ਅੰਤਰਯਾਮਤਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੋਣ ਲੱਗੀਆਂ।ਰਿੱਧੀਆਂ ਸਿੱਧੀਆਂ ਵੀ ਫੇਰੇ ਮਾਰਨ ਲੱਗੀਆਂ।ਸ਼ਹੀਦਾਂ ਸਿੰਘਾਂ ਦੇ ਮੇਲ ਮਿਲਾਪ ਦੀਆਂ ਬਖਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ।ਉਸਦੀ ਸੁਰਤੀ ਹਰ ਵੇਲੇ ਨਾਮ ਬਾਣੀ ਦੇ ਰੰਗ ਵਿਚ ਰੰਗੀ ਰਹਿੰਦੀ।ਇਕ ਦਿਨ ਉਹ ਦੋਨੋ ਹੱਥ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਖੜ੍ਹੀ ਸਹਿਜ ਪਾਠ ਦੇ ਮੱਧ ਦੇ ਭੋਗ ਦੀ ਅਰਦਾਸ ਕਰ ਰਹੀ ਸੀ ਕਿ ਉਸ ਲਈ ਅਰਦਾਸ ਪੂਰੀ ਕਰਨੀ ਔਖੀ ਹੋ ਗਈ।ਲੰਬੀ, ਪਤਲੀ, ਨਾਜ਼ੁਕ ਜਿਹੀ ਲੜਕੀ ਵਲ ਖਾਂਦੀ ਹੋਈ ਗੁਰੂ ਜੀ ਦੀ ਸ਼ਰਣ ਵਿਚ ਡਿਗ ਪਈ।ਗੁਰੂ ਜੀ ਦੀ ਤਾਬਿਆ ਵਿਚ ਬੈਠੀ ਪਾਠ ਕਰਨ ਵਾਲੀ ਸਿੰਘਣੀ ਨੂੰ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਲੜਕੀ ਦੇ ਪੇਟ ਵਿਚ,ਨਾ ਸਹਾਰੀ ਜਾਣ ਵਾਲੀ ਦਰਦ ਹੋਈ ਹੋਵੇ ਤੇ ਉਹ ਦਰਦ ਦੀ ਮਾਰੀ ਡਿਗ ਪਈ ਹੋਵੇ ਪਰ ਹੋਸ਼ ਆਉਣ ‘ਤੇ ਲੜਕੀ ਨੇ ਦੱਸਿਆ ਕਿ ਅਰਦਾਸ ਕਰਦਿਆਂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪ੍ਰਕਾਸ਼ ਹੀ ਪ੍ਰਕਾਸ਼ ਦਿਸਿਆ ਅਤੇ ਉਸ ਪ੍ਰਕਾਸ਼ ਵਿਚੋਂ ਹੀ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ।ਖਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅੱਖੀਆਂ ਦੀ ਚੁੰਬਕੀ ਖਿੱਚ ਉਸ ਕੋਲੋਂ ਸਹਾਰੀ ਨਹੀਂ ਸੀ ਜਾ ਰਹੀ..।

ਦਰਸ਼ਨ ਝਲਕਾਂ ਦੇ ਵਿਸ਼ੇ ਉਤੇ ਡੂੰਘੀ ਵਿਚਾਰ ਕਰਦਿਆਂ ਇਕ ਦਿਨ ਉਹ ਗੁੰਮ ਸੁੰਮ ਜਿਹੀ ਹੋ ਕੇ ਕਹਿੰਦੀ–“ਸ੍ਰੀ ਗੁਰੂ ਨਾਨਾਕ ਦੇਵ ਜੀ ਦੀਆਂ ਵੱਖੋ ਵੱਖਰੀਆਂ ਸ਼ਕਲਾਂ ਦੀਆਂ ਬਣਾਈਆਂ ਤਸਵੀਰਾਂ ਤਾਂ ਚਿੱਤਰਕਾਰਾਂ ਦੀ ਮਨੋਕਲਪਨਾ ਹੀ ਹੈ।ਗੁਰੂ ਜੀ ਦੀ ਅਸਲੀ ਸ਼ਕਲ ਨੂੰ ਕੌਣ ਜਾਣਦਾ ਹੈ?ਮੈ ਵੀ ਨਹੀਂ ਜਾਣਦੀ।ਦਰਸ਼ਨ ਝਲਕਾਰੇ ਸਮੇ ਮੇਰੇ ਕੋਲ ਖੜ੍ਹਾ ਕੋਈ ਮੈਨੂੰ ਦੱਸ ਵੀ ਨਹੀਂ ਸੀ ਰਿਹਾ ਕਿ ਦਰਸ਼ਨ ਝਲਕਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਹਨ।ਫਿਰ ਵੀ ਮੈਨੂੰ ਇਸ ਗੱਲ ਦਾ ਯਕੀਨ ਕਿਉਂ ਹੈ ਕਿ ਦਰਸ਼ਨ ਦੀਦਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਸਨ?” ਫਿਰ ਆਪੇ ਹੀ ਆਪਣੇ ਸਵਾਲ ਦਾ ਜਵਾਬ ਦੇਣ ਲੱਗ ਪਈ,ਕਹਿੰਦੀ;–“ਇਹ ਸਭ ਸਾਡੀ ਅੰਤਰ ਆਤਮਾਂ ਦੀ ਹੀ ਖੇਡ ਹੈ।ਮੇਰੀ ਅੰਤਰ ਆਤਮਾਂ ਨੇ ਹੀ ਮੈਨੂੰ ਦੱਸ ਦਿੱਤਾ ਕਿ ਦਰਸ਼ਨ ਝਲਕਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ।ਅਸਲ ਵਿਚ ਉਹ ਸਾਡੇ ਅੰਦਰ ਹੀ

ਹੈ। ਦਰਸ਼ਨ ਦੇਣ ਵਾਲਾ ਵੀ ਉਹੀ ਹੈ ਤੇ ਦਰਸ਼ਨ ਕਰਨ ਵਾਲੇ ਵਿਚ ਵੀ ਉਹ ਆਪ ਹੀ ਹੈ। ਉਹ ਆਪਣਾ ਖੇਲ੍ਹ ਆਪ ਹੀ ਖੇਲ ਰਿਹਾ ਹੈ। ਸ਼ਹੀਦਾਂ ਸਿੰਘਾਂ ਦੀਆਂ ਰੰਗ-ਰੰਗਲੀਆਂ ਖੇਡ੍ਹਾਂ ਵਿਚ ਵੀ ਉਹ ਆਪ ਹੀ ਵਿਚਰ ਰਿਹਾ ਹੈ। ਸਭ ਪਾਸੇ ਉਸਦਾ ਆਪਣਾ ਹੀ ਪਸਾਰਾ ਹੈ। ”

ਦਰਸ਼ਨ ਝਲਕਾਂ ਦੀ ਬਖਸ਼ਿਸ਼ ਪਿੱਛੋਂ ਲੜਕੀ ਦਾ ਧਿਆਨ ਹਰ ਵੇਲੇ ਸਿਮਰਨ ਵਿਚ ਟਿਕਿਆ ਰਹਿੰਦਾ। ਗੁਰੂ ਜੀ ਦੇ ਚਰਨ-ਕਮਲ ਹਿਰਦੇ ਵਿਚ ਵਸਾ ਕੇ ਅੰਤ੍ਰ-ਆਤਮੇ ਸੰਮ੍ਹਾਲੀ ਰੱਖਦੀ। ਨਾਮ-ਖੁਮਾਰੀ ਦੀ ਘੂਕੀ ਵਿਚ ਉਹ ਗੁਰੂ ਦੀ ਸ਼ਰਣ ਵਿਚ ਟਿਕ ਕੇ ਬੈਠੀ ਰਹਿੰਦੀ। ਕੁਝ ਦਿਨਾ ਪਿੱਛੋਂ ਨਾਮ-ਬਾਣੀ ਦੇ ਰਸੀਆਂ ਦੀ ਰੈਣ ਸਬਾਈ ਦਾ ਕੀਰਤਨ ਬੜੀ ਚੜ੍ਹਦੀ ਕਲਾ ਦੇ ਰੰਗਾਂ ਵਿਚ ਹੋ ਰਿਹਾ ਸੀ। ਸੰਗਤ ਉਤੇ ਕੀਰਤਨ ਦਾ ਪ੍ਰਭਾਵ ਬੜੇ ਅਲੌਕਿਕ ਢੰਗ ਨਾਲ ਪੈ ਰਿਹਾ ਸੀ। ਵਿਚਾਰੀ ਲੜਕੀ ਤੋਂ ਅਜਰ ਨੂੰ ਜਰਨਾ ਔਖਾ ਹੋ ਗਿਆ। ਸਾਹ ਨਾਲ ਸਾਹ ਨਾ ਰਲੇ..! ਤੇ ਉਹ ਬੇਸੁੱਧ ਹੋ ਕੇ ਡਿਗ ਪਈ। ਹੋਸ਼ ਆਉਣ ‘ਤੇ ਉਸਨੇ ਦੱਸਿਆ ਕਿ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪ੍ਰਕਾਸ਼ ਹੀ ਪ੍ਰਕਾਸ਼ ਦਿਸਿਆ ਤੇ ਫਿਰ ਉਸ ਅਤਿੱ ਸੁੰਦਰ ਪ੍ਰਕਾਸ਼ ਵਿਚੋਂ ਪ੍ਰਕਾਸ਼ ਦੇ ਗੋਲੇ ਨਿਕਲ ਨਿਕਲ ਕੇ ਬਾਹਰ ਸੰਗਤਾਂ ਉਤੇ ਵਰ੍ਹਨ ਲੱਗ ਪਏ।

ਉਸ ਲੜਕੀ ਦੀ ਨਿੱਜ ਆਤਮਾ ਨੂੰ ਪ੍ਰੇਮਾ-ਭਗਤੀ ਨਾਲ ਸ਼ਿੰਗਾਰ ਹੁੰਦੀ ਦੇਖ ਕੇ, ਇਕ ਗੁਰਸਿੱਖ ਬੀਬੀ ਜਿਹੜੀ ਆਪਣੀਆਂ ਰੂਹਾਨੀ ਸ਼ਕਤੀਆਂ ਦੇ ਭੰਡਾਰਾਂ ਨੂੰ ਲੁਕਾਉਣ ਵਿਚ ਹੀ ਬੇਹਤਰੀ ਸਮਝਦੀ ਸੀ, ਉਸਨੂੰ ਆਪਣਾ ਆਪ ਲੁਕਾ ਕੇ ਰੱਖਣ ਦਾ ਖਿਆਲ ਨਾ ਰਿਹਾ। ਇਕ ਦਿਨ ਲੜਕੀ ਨੂੰ ਇਕਲਿਆਂ ਖੜ੍ਹੀ ਦੇਖ ਕੇ ਉਹ ਉਸ ਕੋਲ ਗਈ। ਉਸਦੀ ਬੇਕਾਬੂ ਹੋਈ ਰਸਨਾਂ, ਗੁਰ-ਗਿਆਨ ਦੀਆਂ ਫੁਲਝੜੀਆਂ ਬਣ ਕੇ ਲੜਕੀ ਦੇ ਅੰਤ੍ਰੀਵ-ਮਨ ਉਤੇ ਚਾਨਣ ਦੇ ਛੱਟੇ ਖਲਾਰ ਗਈ। ਉਸਨੇ ਲੜਕੀ ਨੂੰ ਸਮਝਾਇਆ ਕਿ ਉਸਦੀ ਪ੍ਰੇਮਾ-ਭਗਤੀ ਨੂੰ ਸੋਹਣੇ ਢੰਗ ਨਾਲ ਰੰਗ ਲੱਗ ਰਿਹਾ ਹੈ ਇਸ ਲਈ ਉਹ ਨਾਮ ਬਾਣੀ ਦੀ ਕਮਾਈ ਇਸੇ ਤਰ੍ਹਾਂ ਹੀ ਕਰਦੀ ਰਹੇ...ਪਰ ਰਿੱਧੀਆਂ ਸਿੱਧੀਆਂ ਦੇ ਚੱਕਰ ਤੋਂ ਬਚ ਕੇ ਰਹੇ...।

ਸਿੰਘਣੀ ਦੀ ਸ਼ਖਸੀਅਤ ਅਤੇ ਵਾਰਤਾਲਾਪ ਨੇ ਲੜਕੀ ਦੀ ਅੰਤ੍ਰ-ਆਤਮਾ ਨੂੰ ਟੁੰਬਿਆ ਪਰ ਰਿੱਧੀਆਂ ਸਿੱਧੀਆਂ ਵਾਲੀ ਗੱਲ ਨੂੰ ਉਸ ਨੇ ਅਣਗੌਲਿਆਂ ਹੀ ਕਰ ਛੱਡਿਆ ਤੇ ਉਹ ਇਸ ਦਿਲਚਸਪ ਖੇਡ ਵਿਚ ਮਸਤ ਰਹੀ। ਸੰਗੀਆਂ ਸਾਥੀਆਂ ਵਿਚ ਇਸ ਗੱਲ ਦੀ ਚਰਚਾ ਅਤੇ ਆਪਣੀ ਵਡਿਆਈ ਹੁੰਦੀ ਦੇਖ ਕੇ ਉਸ ਨੂੰ ਚੰਗਾ ਲਗਦਾ ਸੀ। ਉਸਤਤੀ ਦੇ ਨਸ਼ੇ ਵਿਚ ਉਹ ਲੋਕਾਂ ਵਲ ਖਿੱਚੀ ਗਈ ਤੇ ਉਸਦੇ ਪ੍ਰੇਮ-ਵੈਰਾਗ ਦੇ ਹੰਝੂਆਂ ਅੱਗੇ ਬੰ੍ਹਨ ਲਗ ਗਿਆ। ਉਸ ਦੇ ਸਾਰੇ ਹੰਝੂ ਸੁੱਕ ਗਏ ਤੇ ਫਿਰ ਉਸਨੂੰ ਉਸ ਗੁਰਮੁੱਖ ਪਿਆਰੀ ਦੀ ਗੱਲ ਯਾਦ ਆਉਣ ਲੱਗੀ। ਉਸਨੂੰ ਆਪਣੇ ਜੀਵਨ ਦੀਆਂ ਓਹ ਘੜੀਆਂ ਯਾਦ ਆਉਣ ਲੱਗੀਆਂ ਜਦੋਂ ਉਸਨੂੰ ਪ੍ਰਭੂ

ਪ੍ਰੀਤਮ ਦੇ ਪ੍ਰੇਮ ਵੈਰਾਗ ਵਿਚ ਹੰਝੂਆਂ ਦੀਆਂ ਧਾਰਾਂ ਵਗਾ ਕੇ ਕਦੀ ਰੱਜ ਹੀ ਨਹੀਂ ਸੀ ਆਉਂਦਾ।ਪ੍ਰੇਮ-ਵੈਰਾਗ ਦੀਆਂ ਝੜੀਆਂ ਤੋਂ ਬਿਨਾ,ਉਸਨੂੰ ਆਪਣਾ ਆਪਾ ਰੁੱਖਾ ਰੁੱਖਾ ਲੱਗਣ ਲੱਗਿਆ।ਉਸਦੀਆਂ ਅੱਖੀਆਂ ਵਿਚੋਂ ਵਗਦੀਆਂ ਬ੍ਰਿਹੜੇ ਦੇ ਮੋਤੀਆਂ ਦੀਆਂ ਲੜੀਆਂ,ਪੱਕੀਆਂ ਕੜੀਆਂ ਬਣ ਕੇ ਉਸਨੂੰ ਉਸਦੇ ਪ੍ਰਭੂ-ਪ੍ਰੀਤਮ ਨਾਲ ਮਿਲਾਈ ਰੱਖਦੀਆਂ ਸੀ।ਗੁਰੂ ਚਰਨਾਂ ਨੂੰ ਹਿਰਦੇ ਵਿਚ ਵਸਾਈ ਰੱਖਦੀਆਂ ਸੀ ਤੇ ਆਲੇ ਦੁਆਲੇ ਤੋਂ ਬੇਖਬਰ ਬਣਾਈ ਰੱਖਦੀਆਂ ਸੀ ਪਰ ਹੁਣ ਉਨ੍ਹਾਂ ਹੰਝੂਆਂ ਦੇ ਮੋਤੀਆਂ ਦੀਆਂ ਲੜੀਆਂ ਟੁੱਟਣ ਨਾਲ ਉਸਨੂੰ ਆਪਣਾ ਆਪ ਸੁੰਨਾਂ ਸੁੰਨਾ ਲੱਗਣ ਲੱਗ ਪਿਆ।ਬ੍ਰਿਹੋਂ-ਬਾਣਾਂ ਦੀਆਂ ਝੜੀਆਂ ਦੀ ਹਰਿਆਵਲ ਤੋਂ ਬਿਨਾਂ ਉਸਦੇ ਸਿਮਰਣ ਵਿਚ ਸੋਕਾ ਛਾ ਗਿਆ ਤੇ ਉਸਦੇ ਪੱਲੇ ਬੱਸ...ਯਾਦਾਂ ਹੀ ਰਹਿ ਗਈਆਂ।

ਇਕ ਦਿਨ ਪ੍ਰੇਮ ਵੈਰਾਗ ਦੇ ਸੇਂਜੇ ਲਈ ਤਰਸਦੀ ਹੋਈ ਉਹ ਘਰ ਦੇ ਬਾਹਰ ਕੁਦਰਤ ਦੇ ਰੰਗਾਂ ਵਿਚੋਂ ਸਿਰਜਨਹਾਰੇ ਦੀ ਕਿਰਤ ਨੂੰ ਨਿਹਾਰਦੀ ਹੋਈ ਇਕ ਦ੍ਰਖਤ ਥੱਲੇ ਜਾ ਬੈਠੀ।ਅੱਖੀਆਂ ਮੀਟੀ ਸਿਮਰਨ ਵਿਚ ਲਿਵਲੀਨ ਹੋਣ ਲਈ ਤਰਲੇ ਲੈ ਰਹੀ ਸੀ ਪਰ ਧਿਆਨ ਆਲੇ ਦੁਆਲੇ ਘੁੰਮ ਰਿਹਾ ਸੀ।ਅੱਖੀਆਂ ਖੋਲ੍ਹੀਆਂ ਤਾਂ ਕੀ ਦੇਖਦੀ ਹੈ ਕਿ ਦਰਖਤ ਦੀ ਉਪਰਲੀ ਟਾਹਣੀ ਤੋਂ ਲਮਕਦੀ ਹੋਈ ਇਕ ਮੱਕੜੀ ਆਪਣੇ ਹੀ ਮੂੰਹ ਵਿਚੋਂ ਕੱਢੀ ਹੋਈ ਅੱਤਿ ਬਰੀਕ ਤਾਰ ਨਾਲ ਲਟਕ ਰਹੀ ਹੈ।ਐਨੀ ਬਰੀਕ ਤੇ ਐਨੀ ਨਾਜ਼ੁਕ ਤਾਰ ਨਾਲ ਲਟਕਦੀ ਹੋਈ,ਉਹ ਤਾਰ ਨੂੰ ਟੁੱਟਣ ਤੋਂ ਬਚਾਉਂਦੀ ਹੈ ਤੇ ਆਪਣਾ ਭਾਰ ਪਤਾ ਨਹੀਂ ਉਸਨੇ ਕਿਸ ਤਰ੍ਹਾਂ ਸੰਭਾਲਿਆ ਹੋਇਆ ਹੈ....? ਉਹ ਆਪਣੀਆਂ ਹੀ ਆਦਰਾਂ ਵਿਚੋਂ ਕੱਢੀਆਂ ਮਹੀਨ ਤੰਦਾਂ ਨਾਲ ਬੁਣੇ ਹੋਏ ਜਾਲ ਲਈ ਆਪਾ ਵਾਰਨ ਦੀ ਲਗਨ ਵਿਚ ਲਿਵਲੀਨ ਹੋਈ ਪਈ ਹੈ ਅਤੇ ਉਸੇ ਵਿਚ ਹੀ ਸਮਾ ਜਾਣ ਲਈ ਧਿਆਨ-ਰੂਪ ਹੋ ਕੇ ਆਪਣਾ ਕਰਮ ਕਰਦੀ ਹੋਈ ਨਾ ਥੱਕਦੀ ਹੈ, ਨਾ ਅੱਕਦੀ ਹੈ,ਮੀਂਹ ਹਨੇਰੀ ਅੱਗੇ ਵੀ ਉਹ ਕਦੀ ਨਹੀਂ ਹਾਰਦੀ ਤੇ ਕੋਈ ਵੀ ਝੱਖੜ ਉਸਦਾ ਧਿਆਨ ਉਖਾੜਨ ਵਿਚ ਅਸਮਰੱਥ ਹੈ।ਮੱਕੜੀ ਦੇ ਪ੍ਰੇਮ-ਜਾਲ ਨੇ ਲੜਕੀ ਦੀਆਂ ਦਿਲ-ਤਰਬਾਂ ਉਤੇ ਕੋਈ ਐਸੀ ਟੁਣਕਾਰ ਕੀਤੀ ਕਿ ਉਸਦੀ ਸੁਰਤੀ ਗੁਰੂ ਚਰਨਾਂ ਨਾਲ ਜਾ ਚੰਬੜੀ।ਮੱਕੜੀ ਦੀ ਧਿਆਨ-ਰੂਪ ਹੋ ਕੇ ਲਿਵਲੀਨ ਹੋਣ ਦੀ ਵਿਧੀ ਨੇ ਲੜਕੀ ਦੀ ਸੁਰਤੀ ਟਿਕਾਣੇ ਲਿਆ ਦਿੱਤੀ।ਵੈਰਾਗ ਦਾ ਸੋਮਾਂ ਫੁੱਟਿਆ ਤੇ ਨੈਣਾਂ ਰਾਹੀਂ ਹੰਝੂਆਂ ਦੀਆਂ ਧਾਰਾਂ ਬਣ ਕੇ ਵਹਿਣ ਲੱਗ ਪਿਆ।"**ਸੂਕੇ ਕਾਸਟ ਹਰਿਆ॥** " ਵਾਲੀ ਗੱਲ ਹੋ ਗਈ।

ਫਿਰ ਇਕ ਦਿਨ ਕਿਸੇ ਦੇ ਘਰ ਕੀਰਤਨ ਸਮਾਗਮ ਵਿਚ ਲੜਕੀ ਨੇ ਦੇਖਿਆ ਕਿ ਉਹੀ ਗੁਰਮੁਖ ਪਿਆਰੀ ਸਾਰੀ ਸੰਗਤ ਦੇ ਪਿੱਛੇ ਕੰਧ ਨਾਲ ਢਾਸਣਾਂ ਲਗਾ ਕੇ ਬੈਠੀ ਹੋਈ ਹੈ।ਉਸਨੇ ਸੁਰਤੀ ਰਾਹੀਂ ਉਸ ਸਿੰਘਣੀ ਦੀ ਸੰਗਤ ਕਰਨੀ ਚਾਹੀ।ਭਗਤ-ਜਨ ਸਰੀਰਾਂ ਨਾਲ

ਨਹੀਂ...! ਸੁਰਤੀਆਂ ਰਾਹੀਂ ਇਕ ਦੂਜੇ ਦੀ ਸੰਗਤ ਕਰ ਲੈਂਦੇ ਹਨ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿੰਨਾ ਦਿਆਲੂ ਹੋਰ ਕੌਣ ਹੋ ਸਕਦਾ ਹੈ? ਭਗਤ ਜਨਾਂ ਦੇ ਆਤਮ-ਮਾਰਗ ਉਤੇ ਗੁਰੂ ਜੀ ਆਪ ਸਹਾਈ ਹੁੰਦੇ ਹਨ। ਡੁੱਬਦੇ ਜਾਂਦਿਆਂ ਦੀਆਂ ਬਾਹਾਂ ਫੜਕੇ ਪਾਰ ਉਤਾਰੇ ਕਰਨ ਵਿਚ ਕਦੀ ਦੇਰ ਨਹੀਂ ਲਾਉਂਦੇ। ਸਤਿਗੁਰਾਂ ਦੀ ਮੇਹਰ ਦ੍ਰਿਸ਼ਟੀ ਨਾਲ ਲੜਕੀ ਨੂੰ ਪ੍ਰੇਮ-ਵੈਰਾਗ ਦੀ ਬਖਸ਼ਿਸ਼ ਹੋਈ। ਉਹ ਬ੍ਰਿਹੋਂ ਕੁੱਠੇ ਦਿਲ ਨਾਲ ਪ੍ਰੇਮ-ਹੰਝੂਆਂ ਦੇ ਹਾਰ ਪ੍ਰੋ ਪ੍ਰੋ ਕੇ ਸਤਿਗੁਰਾਂ ਦੇ ਚਰਨਾ ਵਿਚ ਸਜਾਉਣ ਲੱਗੀ। ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਸਰੂਪ ਅੱਗੇ ਸਿਰ ਝੁਕਾ ਕੇ ਸਿਮਰਨ ਵਿਚ ਸੁਰਤੀ ਟਿਕਾ ਲਈ। ਸਾਹਾਂ ਦਾ ਦੌਰ ਮੱਧਮ ਹੁੰਦਾ ਹੋਇਆ ਪਤਾ ਹੀ ਨਾ ਲੱਗੇ ਕਿ ਸਾਹ ਆਉਂਦਾ ਵੀ ਹੈ ਕਿ ਨਹੀਂ। ਲੜਕੀ ਦੇ ਸਾਹਮਣੇ ਇਕ ਇਲਾਹੀ ਦ੍ਰਿਸ਼ਟਾਂਤ ਸੱਜ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਚੰਦੋਏ ਦੇ ਵਿਚਕਾਰ ਪ੍ਰਕਾਸ਼ ਲਹਿਰਾ ਰਿਹਾ ਸੀ। **'ਪੂਰਨ ਪਰਮ ਜੋਤਿ ਪਰਮੇਸਰ'** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋਤ-ਸਰੂਪ ਹੋ ਕੇ ਪ੍ਰਗਟ ਹੋਏ। ਅੱਤਿ ਸੋਹਲ,ਸੁਖਾਵਾਂ,ਨਿਰਮਲ,ਅਗੰਮੀ ਲਹਿਰਾਂ ਨਾਲ ਸੱਜਿਆ ਹੋਇਆ ਤੇ ਤਾਰਿਆਂ ਦੇ ਰੰਗ ਵਿਚ ਰੰਗਿਆ ਹੋਇਆ ਨੂਰ ਉਸਦੇ ਸਾਹਮਣੇ ਸੀ। ਉਹ ਉਸ ਝਿਲਮਿਲ ਕਰਦੇ ਪ੍ਰਕਾਸ਼ ਵਿਚ ਲੀਨ ਸੀ ਕਿ ਸੰਗਤ ਵਿਚ ਸਭ ਤੋਂ ਪਿੱਛੇ ਬੈਠੀ ਸਿੰਘਣੀਂ ਦੀ ਸ਼ਕਲ ਉਸ ਪ੍ਰਕਾਸ਼ ਵਿਚ ਆ ਕੇ ਇਸ ਤਰ੍ਹਾਂ ਸੱਜ ਗਈ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਚੰਦੋਏ ਦੇ ਵਿਚਕਾਰ ਕੋਈ ਨੂਰਾਨੀ ਚਿੱਤ੍ਰ ਝਿਲਮਿਲਾ ਰਿਹਾ ਹੋਵੇ। **'ਵਾਹੁ ਵਾਹੁ ਬਾਣੀ ਨਿਰੰਕਾਰ ਹੈ'** ਨਿਰੰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰਾਹੀਂ ਦਰਸ਼ਨ ਦੇਣ ਦਾ ਅਡੰਬਰ ਰਚਿਆ ਤੇ ਫਿਰ ਉਸ ਨਿਰੰਕਾਰੀ ਪ੍ਰਕਾਸ਼ ਵਿਚ ਸਿੰਘਣੀ ਦਾ ਸਰੂਪ ਅਸਚਰਜ ਰੂਪ ਧਾਰ ਕੇ ਆਣ ਸਮਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪ੍ਰਮ-ਪ੍ਰਕਾਸ਼ ਦੇ ਅਲੌਕਿਕ ਨਜਾਰੇ ਦੇ ਅਨੁਭਵ ਨੇ ਲੜਕੀ ਨੂੰ ਸੋਝੀ ਕਰਵਾਈ ਕਿ **'ਪ੍ਰਕਾਸ਼ ਦਰਸ਼ਨ ਵਾਹਿਗੁਰੂ ਦਰਸ਼ਨ ਹੈ'** ਤੇ ਇਸ ਪ੍ਰਕਾਸ਼ ਵਿਚ ਸਿੰਘਣੀ ਦੇ ਦਰਸ਼ਨ ਹੋਣੇ ,ਉਸ ਸਿੰਘਣੀ ਦਾ ਵਾਹਿਗੁਰੂ ਨਾਲ ਅਭੇਦਤਾ ਦ੍ਰਸਾਉਣ ਸਾ ਸੰਕੇਤ ਹੈ।

**"ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ**
**ਭੇਦੁ ਨ ਜਾਣਹੁ ਮੂਲ ਸਾਈਂ ਜੇਹਿਆ ॥"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੩੯੭)**

ਲੜਕੀ ਜਾਣ ਗਈ ਕਿ ਪ੍ਰਮ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ-ਪ੍ਰਕਾਸ਼ ਵਿਚ ਸਮਾ ਕੇ ਦਰਸ਼ਨ ਦੇਣ ਵਾਲੀ ਸਿੰਘਣੀਂ,ਆਪਣੇ **ਪ੍ਰਕਾਸ਼ ਰੂਪੀ** ਪ੍ਰਭੂ-ਪ੍ਰੀਤਮ ਦੇ ਅੰਗੀਂ

ਸਮਾਈ ਹੋਈ ਹੈ।ਮੋਹ ਮਾਇਆ ਦੇ ਜਾਲ ਤੋਂ ਪਰ੍ਹੇ ਦਾ ਪ੍ਰਮ-ਪ੍ਰਕਾਸ਼...! ਜਿੱਥੇ ਦੁਨਿਆਵੀ ਤ੍ਰਿਸ਼ਨਾਵਾਂ ਦਾ ਲੇਪ ਮਾਤ੍ਰ ਭੀ ਨਹੀਂ ਹੈ ਅਤੇ ਗਿਆਨ-ਅੰਮ੍ਰਿਤ ਦੇ ਅਥਾਹ ਸਾਗਰਾਂ ਦੀਆਂ ਅਮਿਣਵੀਆਂ ਦੂਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੇ ਪੰਨਿਆਂ ਵਿਚ ਸਮਾਇਆ ਹੋਇਆ ਹੈ...! ਉਸ ਅਲੌਕਿਕ ਪ੍ਰਕਾਸ਼ ਵਿਚ ਸੱਜ ਧੱਜ ਕੇ ਬੈਠੀ ਹੋਈ ਗੁਰਮੁੱਖ ਸਖੀ ਸਹੇਲੀ ਦੇ ਦਰਸ਼ਨ ਕਰਕੇ ਲੜਕੀ ਨੂੰ ਬ੍ਰਹਮ ਗਿਆਨੀਆਂ ਦੇ ਅਸਲੀ ਟਿਕਾਣੇ ਦੀ ਸੋਝੀ ਹੋਈ।

ਇਕ ਵਾਰੀ ਉਸ ਲੜਕੀ ਨੂੰ ਆਪਣੀ ਰਿਸ਼ਤੇਦਾਰ, ਇਕ ਬੁੱਢੀ ਮਾਈ ਦੇ ਘਰ ਵਿਚ ਰਹਿਣ ਦਾ ਮੌਕਾ ਮਿਲਿਆ ਜਿਸਨੇ ਆਪਣੇ ਇਕੱਲਪੁਣੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮ ਪ੍ਰਕਾਸ਼ ਨਾਲ ਸੰਵਾਰਿਆ ਹੋਇਆ ਸੀ।ਨਾਮ ਬਾਣੀ ਦੇ ਮਹੌਲ ਵਿਚ ਰਹਿ ਕੇ ਉਸ ਲੜਕੀ ਦੀ ਭਗਤੀ ਦੇ ਰੰਗਾਂ ਵਿਚ ਦੂਣ ਸਵਾਇਆ ਵਾਧਾ ਹੋਣ ਲੱਗਿਆ।ਜਿਉਂ ਜਿਉਂ ਭਗਤੀ-ਭੇਦਾਂ ਦੇ ਅਲੌਕਿਕ ਨਜਾਰੇ ਸਾਹਮਣੇ ਆਉਂਦੇ, ਤਿਉਂ ਤਿਉਂ ਉਸਦੀ ਨਾਮ ਬਾਣੀ ਵਿਚ ਲੀਨ ਹੋਣ ਦੀ ਰੁਚੀ ਵਧਦੀ ਜਾਂਦੀ।ਕਈ ਵਾਰੀ ਦੂਰ ਨੇੜੇ ਵਾਪਰ ਰਹੀਆਂ ਘਟਨਾਵਾਂ ਸਮਾਧੀ ਅਵਸਥਾ ਵਿਚ ਦਿਸ ਪੈਂਦੀਆਂ ਤੇ ਸਮਾ ਬੀਤ ਜਾਣ ਪਿਛੋਂ ਪਤਾ ਲਗਦਾ ਕਿ ਜੋ ਕੁਝ ਉਸਨੇ ਸਮਾਧੀ ਵਿਚ ਬੈਠੀ ਹੋਈ ਨੇ ਦੇਖਿਆ ਸੀ ਉਹ ਹਕੀਕਤ ਹੀ ਸੀ।

ਇਕ ਦਿਨ ਉਹ ਲੰਮੇ ਸਮੇ ਤੋਂ ਬਿਨਾ ਕੁਝ ਖਾਧਿਆਂ ਪੀਤਿਆਂ ਕਮਰੇ ਦਾ ਦਰਵਾਜਾ ਬੰਦ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ, ਪੱਥਰ ਦੀ ਮੂਰਤੀ ਬਣ ਕੇ ਬੈਠੀ ਹੋਈ ਸੀ।ਬੁੱਢੀ ਮਾਈ ਨੂੰ ਮਿਲਣ ਲਈ ਯੁਨੀਵਰਸਿਟੀ ਵਿਚ ਪੜ੍ਹ ਰਹੀਆਂ ਪੀ.ਐਚ.ਡੀ.ਦੀਆਂ ਦੋ ਵਿਦਿਆਰਥਣਾਂ ਆਣ ਪਹੁੰਚੀਆਂ।ਕੜਾਕੇ ਦੀ ਗਰਮੀ ਵਿਚ ਬੱਸਾਂ ਦੇ ਲੰਬੇ ਸਫਰ ਨਾਲ ਉਨ੍ਹਾਂ ਦੇ ਕਪੜੇ ਪਸੀਨੇ ਨਾਲ ਭਿੱਜੇ ਹੋਏ ਸਨ।ਬੁੱਢੀ ਮਾਈ ਨੇ ਪ੍ਰੇਮ ਨਾਲ ਜੀ ਆਇਆਂ ਕਹਿਣ ਪਿੱਛੋਂ ਉਨ੍ਹਾਂ ਨੂੰ ਇਸ਼ਨਾਨ ਕਰਨ ਲਈ ਕਿਹਾ ਤੇ ਆਪ ਉਨ੍ਹਾਂ ਦੇ ਖਾਣ ਪੀਣ ਦੀ ਸੇਵਾ ਕਰਨ ਲਈ ਰਸੋਈ ਵਿਚ ਜਾ ਵੜੀ।ਉਨ੍ਹਾਂ ਦੋਨਾਂ ਲੜਕੀਆਂ ਨੇ ਬੜੇ ਆਦਰ ਸਤਿਕਾਰ ਨਾਲ ਬੁੱਢੀ ਮਾਈ ਨੂੰ ਕਿਹਾ ਕਿ ਰਸੋਈ ਦਾ ਕੰਮ ਉਹ ਆਪ ਕਰਨਗੀਆਂ।ਤੇ ਫਿਰ ਨਹਾ ਧੋ ਕੇ ਗੁਰੂ ਮਹਾਰਾਜ ਦੀ ਸ਼ਰਣ ਵਿਚ ਜਾ ਕੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਨਗੀਆਂ।

ਇਕ ਲੜਕੀ ਰਸੋਈ ਵਿਚ ਚਲੇ ਗਈ ਤੇ ਦੂਜੀ ਨੇ ਘਰ ਦੀ ਸਫਾਈ ਲਈ ਝਾੜੂ ਪੋਚਾ ਫੜ ਲਿਆ।ਉਹ ਘਰ ਦੀ ਇਕ ਇਕ ਪੌੜੀ ਉਤੇ ਪੋਚਾ ਫੇਰਦੀ ਹੋਈ ਮੱਥਾ ਟੇਕੀ ਜਾਵੇ ਤੇ ਨਾਲੇ ਆਪਣੇ ਹਿਰਨੀ ਵਰਗੇ ਸੁੰਦਰ ਨੈਣ-ਕਟੋਰਿਆਂ ਵਿਚੋਂ ਪ੍ਰਭੂ ਪ੍ਰੀਤਮ ਦੇ ਪ੍ਰੇਮ-ਹੰਝੂ ਛਲਕਾਈ ਜਾਵੇ।ਬੁਢੀ ਮਾਈ ਉਸਨੂੰ ਦੇਖ ਕੇ ਭੀਲਣੀ ਨੂੰ ਯਾਦ ਕਰ ਰਹੀ ਸੀ।ਭੀਲਣੀ ਨੇ ਰਾਮ ਚੰਦਰ ਜੀ ਦੇ ਰਾਹਾਂ ਨੂੰ ਫੁੱਲਾਂ ਨਾਲ ਸਜਾਇਆ ਤੇ ਰਾਮ ਚੰਦਰ ਜੀ ਉਸਦੇ ਜੂਠੇ ਬੇਰ

ਖਾਣ ਲਈ ਆ ਬਹੁੜੇ।ਅੱਜ ਉਹ ਲੜਕੀ ਆਪਣੇ ਪ੍ਰਭੂ-ਪ੍ਰੀਤਮ ਦੇ ਰਾਹਾਂ ਨੂੰ ਪ੍ਰੇਮ-ਹੰਝੂਆਂ ਦੀਆਂ ਲੜੀਆਂ ਨਾਲ ਸਜਾ ਰਹੀ ਸੀ।ਮਜੀਠੇ ਰੰਗਾਂ ਵਿਚ ਰੰਗੀ ਹੋਈ ਲੜਕੀ ਨੂੰ ਵਿਸ਼ਵਾਸ ਸੀ ਕਿ ਉਸਦਾ ਪ੍ਰੀਤਮ ਇਨ੍ਹਾਂ ਪੌੜੀਆਂ ਉਤੇ ਪੈਰ ਧਰਦਾ ਹੋਇਆ ਆਏਗਾ।

ਰਹਿਰਾਸ ਸਾਹਿਬ ਦਾ ਸਮਾ ਹੋ ਗਿਆ।ਦੋਨਾਂ ਕੁੜੀਆਂ ਨੇ ਆਪੋ ਆਪਣਾ ਕੰਮ ਕਰਦੀਆਂ ਹੋਈਆਂ ਨੇ ਰਹਿਰਾਸ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਲਿਆ।ਰਸੋਈ ਵਿਚ ਕੰਮ ਕਰਨ ਵਾਲੀ ਲੜਕੀ ਪਾਠ ਦੀ ਸਮਾਪਤੀ ਪਿਛੋਂ ਅਰਦਾਸ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਚਲੇ ਗਈ।ਕਮਰੇ ਦਾ ਦਰਵਾਜਾ ਖੋਲ੍ਹਦਿਆ ਹੀ ਉਸਦਾ ਰੋਮ ਰੋਮ ਕਾਸਮਿਕ ਅਨਰਜੀ ਦੀਆਂ ਤਰੰਗਾਂ ਨਾਲ ਖਿੜ ਉਠਿਆ।ਮੱਥਾ ਟੇਕਿਆ ਤਾਂ ਸਾਹਮਣੇ ਸਮਾਧੀ ਅਵਸਥਾ ਵਿਚ ਬੈਠੀ ਲੜਕੀ ਉਤੇ ਨਜਰ ਪਈ।ਉਹ ਦੋਨੋਂ ਇਕ ਦੂਜੇ ਨੂੰ ਨਹੀਂ ਸੀ ਜਾਣਦੀਆਂ।ਸਮਾਧੀ ਵਾਲੀ ਲੜਕੀ ਨੂੰ ਕਮਰੇ ਤੋਂ ਬਾਹਰ ਕਿਸੇ ਦੇ ਆਉਣ ਦੀ ਕੋਈ ਖਬਰ ਨਹੀਂ ਸੀ ਤੇ ਬਾਹਰੋਂ ਆਈਆਂ ਲੜਕੀਆਂ ਨੂੰ ਬੁੱਢੀ ਮਾਈ ਤੋਂ ਬਿਨਾ ਘਰ ਵਿਚ ਕਿਸੇ ਹੋਰ ਦੇ ਹੋਣ ਦੀ ਕੋਈ ਖਬਰ ਨਹੀਂ ਸੀ।

ਬਿਨਾ ਕਿਸੇ ਜਾਣ ਪਛਾਣ ਤੋਂ ਦੋਨਾ ਲੜਕੀਆਂ ਦਾ ਮਿਲਨ ਕੁਝ ਇਸ ਤਰ੍ਹਾਂ ਹੋਇਆ ਕਿ ਦੋਨਾਂ ਦਾ ਸਿਮਰਨ ਸੋਮੇ ਵਾਂਗੂੰ ਫੁੱਟ ਕੇ ਬੇਕਾਬੂ ਹੋ ਕੇ ਵਹਿ ਤੁਰਿਆ ਹੋਵੇ।ਉਨ੍ਹਾਂ ਨੂੰ ਆਪਣੇ ਆਪ ਦੀ ਕੋਈ ਸੁੱਧ ਬੁੱਧ ਨਾ ਰਹੀ।

ਸਿਮਰਨ ਦੀ ਅਵਾਜ ਸੁਣ ਕੇ ਬੁੱਢੀ ਮਾਈ ਅੰਦਰ ਪਹੁੰਚੀ ਤੇ ਉਹ ਵੀ ਨਾਮ ਦੇ ਰੰਗ ਵਿਚ ਰੰਗੀ ਗਈ।ਦੂਜੀ ਕੁੜੀ ਆਪਣਾ ਕੰਮ ਖਤਮ ਕਰਨ ਪਿਛੋਂ ਇਸ਼ਨਾਨ ਕਰ ਰਹੀ ਸੀ।ਵਾਸ਼ ਰੂਮ ਵਿਚੋਂ ਬਾਹਰ ਨਿਕਲੀ ਤਾਂ ਉਹ ਵੀ ਸਿਮਰਨ ਦੀ ਗੁੰਜਾਰ ਦੀ ਚੁੰਬਕੀ ਖਿੱਚ ਨਾਲ ਖਿੱਚੀ ਗਈ।ਗੁਰੂ ਜੀ ਦੀ ਸ਼ਰਣ ਵਿਚ ਨਾਮ ਦੇ ਰੰਗ ਦੀ ਇਲਾਹੀ ਝੜੀ ਲੱਗੀ ਹੋਈ ਦੇਖ ਕੇ ਉਹ ਗਦ ਗਦ ਹੋ ਗਈ।ਸਤਿਗੁਰਾਂ ਦੇ ਚਰਨਾਂ ਵਿਚ ਰੱਜ ਰੱਜ ਕੇ ਪ੍ਰੇਮ-ਹੰਝੂਆਂ ਦੀ ਭੇਟ ਚੜ੍ਹਾਉਣ ਪਿੱਛੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਕੇ ਚੌਰ ਸਾਹਿਬ ਦੀ ਸੇਵਾ ਕਰਨ ਲੱਗ ਪਈ।ਸਖੀਆਂ ਸਹੇਲੀਆਂ ਨੂੰ **ਲੋਟ ਪੋਟ ਹੋਇ ਗਈਆ** ਦੀ ਅਵਸਥਾ ਵਿਚ ਦੇਖ ਕੇ ਉਹ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾ ਰਹੀ ਸੀ।ਪ੍ਰੇਮ-ਹੰਝੂਆਂ ਦੇ ਮੋਤੀਆਂ ਦੀਆਂ ਲੜੀਆਂ ਲਗਾਤਾਰ ਓਸਦੀਆਂ ਗਲ੍ਹਾਂ ਉਤੇ ਵਹਿ ਰਹੀਆਂ ਸਨ।ਉਸਨੇ ਬੁੱਢੀ ਮਾਈ ਨਾਲ ਸਲਾਹ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਣ ਦੀ ਸੇਵਾ ਕਰਨ ਦੀ ਥਾਂ ਰੈਣ ਸਬਾਈ ਸਿਮਰਣ ਦੇ ਮਹਾਂ ਅਨੰਦ ਦੀਆਂ ਪੀਂਘਾਂ ਝੂਟੀਆਂ ਜਾਣ.. ।

ਰਾਤ ਪੈ ਗਈ ਪਰ ਉਹ ਦੋਨੋਂ ਲੜਕੀਆਂ ਬੇਸੁੱਧ ਹੋਈਆਂ ਇਕੋ ਨਾਮ ਦੀ ਧੁਨੀ ਗੁੰਜਾਉਂਦੀਆਂ ਰਹੀਆਂ।ਇਸੇ ਰੰਗ ਵਿਚ ਸਮਾ ਬੀਤਦਾ ਗਿਆ ਅੱਧੀ ਰਾਤ ਹੋ ਗਈ।ਸੁੰਨ ਸਾਂਨ ਥਾਂ ਵਿਚ ਬਣੇ ਘਰ ਅਗਿਓਂ ਕੁੱਤਿਆਂ ਦੀ ਹੂ..ਹੂ..ਦੀ ਅਵਾਜ ਆਉਣ ਲੱਗੀ।ਬੁੱਢੀ ਮਾਈ ਘਰ ਤੋਂ ਬਾਹਰ ਨਿੱਕਲੀ।ਕੁੱਤਿਆਂ ਦੀ ਮਸਤਾਨੀ ਦਸ਼ਾ ਦੇਖ ਕੇ ਉਹ ਦੰਗ ਰਹਿ ਗਈ।ਉਸਦੇ ਸਾਹਮਣੇ ਚਾਰ ਕੁੱਤੇ ਮੂੰਹ ਉਪਰ ਚੁੱਕੀ, ਘਰ ਦੇ ਅੰਦਰ ਹੋ ਰਹੇ ਕੁੜੀਆਂ ਦੇ ਸਿਮਰਨ ਦੀ ਅਵਾਜ ਨਾਲ ਅਵਾਜ ਮਿਲਾਈ ਅਤੇ ਲੈਅ ਨਾਲ ਲੈਅ ਮਿਲਾਈ ਹੂ..ਹੂ..ਕਰ ਰਹੇ ਸਨ।ਬੁੱਢੀ ਮਾਈ ਨੂੰ ਇੰਜ ਪ੍ਰਤੀਤ ਹੋਇਆ ਕਿ ਜਿਵੇਂ ਕਿਸੇ ਦੀ ਮੌਤ ਸਮੇ,ਜਦੋਂ ਜਮ ਆਉਂਦੇ ਹਨ ਤਾਂ ਸਾਨੂੰ ਮਨੁੱਖ ਜਾਤੀ ਨੂੰ ਜਮ ਨਜਰੀਂ ਨਹੀਂ ਆਉਂਦੇ ਪਰ ਕੁੱਤਿਆਂ ਨੂੰ ਜਮ ਦਿਸ ਪੈਂਦੇ ਹੁੰਦੇ ਹਨ ਤੇ ਉਹ ਜਮਾ ਨੂੰ ਦੇਖ ਕੇ ਲੰਬੀਆਂ ਹੇਕਾਂ ਕੱਢ ਕੱਢ ਕੇ ਰੋਂਦੇ ਹਨ ਇਸੇ ਤਰ੍ਹਾਂ ਹੀ ਸ਼ਹੀਦ ਸਿੰਘਾਂ ਦੀ ਹੋਂਦ ਨੂੰ ਵੀ ਮਨੁੱਖਾਂ ਨਾਲੋਂ ਕੁੱਤੇ ਜ਼ਿਆਦਾ ਪਛਾਣਦੇ ਹਨ।ਘਰ ਦੇ ਅੰਦਰ ਲੜਕੀਆਂ ਦਾ ਸਿਮਰਨ ਵੀ ਸ਼ਹੀਦ ਸਿੰਘਾਂ ਦੀ ਮੇਹਰ ਨਾਲ ਹੀ ਚੱਲ ਰਿਹਾ ਸੀ ਅਤੇ ਬਾਹਰ ਕੁੱਤਿਆਂ ਦੀ ਹੂ..ਹੂ...ਦੀ ਅਵਾਜ਼ ਦੇ ਨਜਾਰੇ ਵਿਚ ਵੀ ਸ਼ਹੀਦ ਸਿੰਘਾਂ ਦਾ ਹੱਥ ਸੀ।

ਰਹਿਰਾਸ ਸਾਹਿਬ ਦੇ ਸਮੇ ਤੋਂ ਅੰਮ੍ਰਿਤ ਵੇਲੇ ਦੇ ਚਾਰ ਵੱਜ ਗਏ।ਦੋਨਾਂ ਲੜਕੀਆਂ ਦਾ ਮਿਲਾਪ, ਅਖੰਡ ਸਿਮਰਨ ਵਿਚ ਲੀਨ ਹੋ ਕੇ ਬੀਤਿਆ।ਨਾਮ ਖੁਮਾਰੀ ਦੀ ਮਸਤੀ ਵਿਚੋਂ ਕੁਝ ਹੋਸ਼ ਆਈ ਤਾਂ ਬੁੱਢੀ ਮਾਈ ਨੇ ਕੁੜੀਆਂ ਦੀ ਆਪਸ ਵਿਚ ਜਾਣ ਪਛਾਣ ਕਰਵਾਈ।ਅਸੀਂ ਪਾਠ ਪੂਜਾ ਕਰਨ ਲਈ ਇਸ਼ਨਾਨ ਕਰਕੇ ਸਾਫ ਸੁਥਰੇ ਕੱਪੜੇ ਪਾ ਕੇ ਬੈਠਦੇ ਹਾਂ ਪਰ ਉਸ ਕੁੜੀ ਦੇ ਕਪੜੇ ਤਾਂ ਪਸੀਨੇ ਨਾਲ ਭਿੱਜੇ ਹੋਏ ਸੀ।ਅਗੋਂ ਰਸੋਈ ਵਿਚ ਸਟੋਵ ਅੱਗੇ ਕੰਮ ਕਰਨ ਨਾਲ ਹੋਰ ਭਿੱਜ ਗਏ ਹੋਣਗੇ।ਉਸਨੇ ਤਾਂ ਸਾਰਾ ਕੰਮ ਮੁਕਾ ਕੇ ਇਸ਼ਨਾਨ ਕਰਕੇ ਕੱਪੜੇ ਬਦਲਣੇ ਸੀ।ਪਰ ਸਤਿਗੁਰਾਂ ਨੇ ਉਸਨੂੰ ਮੈਲੇ ਕੁਚੈਲੇ ਲਿਬਾਸ ਵਿਚ ਹੀ ਅਪਣਾ ਲਿਆ।ਇਸ ਤੋਂ ਪਹਿਲੇ ਉਸਨੂੰ ਸਵਾਸ ਗਿਰਾਸ ਸਿਮਰਨ ਦਾ ਐਸਾ ਅਭਿਆਸ ਕਦੀ ਨਹੀਂ ਸੀ ਹੋਇਆ ਪਰ ਅਜ ਉਹ ਨਾਮ ਦੇ ਰੰਗ ਵਿਚ ਰੰਗ ਹੋ ਕੇ ਸੱਚੀ ਸੁਹਾਗਣ ਦੇ ਰੂਪ ਵਿਚ ਦਿਖਾਈ ਦੇ ਰਹੀ ਸੀ।ਸਿਮਰਨ ਦੀ ਘੂਕੀ ਵਿਚ ਲੜਖੜਾਉਂਦੇ ਕਦਮਾ ਨਾਲ ਤੁਰਦੀ ਹੋਈ ਉਹ ਵਾਸ਼ ਰੂਮ ਵਿਚ ਗਈ।ਇਸ਼ਨਾਨ ਕਰਕੇ ਸਾਫ ਸੁਥਰੇ ਕੱਪੜੇ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਆ ਕੇ ਸ਼ੁਕਰਾਨੇ ਦੀ ਅਰਦਾਸ ਕੀਤੀ।ਅੰਮ੍ਰਿਤ ਵੇਲੇ ਦੇ ਨਿੱਤ ਨੇਮ ਦੀ ਬਾਣੀ ਅਰੰਭ ਕਰਨ ਤੋਂ ਪਹਿਲੇ ਬੁੱਢੀ ਮਾਈ ਨੇ ਉਸ ਕੁੜੀ ਨੂੰ ਸਿਰੋਪੇ ਦੀ ਬਖਸ਼ਿਸ਼ ਨਾਲ ਸ਼ਗਨ ਮਨਾਏ।

************************

# ਕਾਲਿਆਂ ਦਾ ਗੁਰਦੁਆਰਾ

ਇਹ ਇਕ ਅਟੱਲ ਸਚਾਈ ਹੈ ਕਿ ਜਿੱਥੇ ਵੀ ਪ੍ਰੇਮ ਤੇ ਸ਼ਰਧਾ ਭਾਵਨਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ, ਉਥੇ ਸ਼ਹੀਦ ਸਿੰਘ ਜਾਂ ਸ਼ਹੀਦਾਂ ਸਿੰਘਾਂ ਦੇ ਸਿਰਤਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਹਾਜਰੀ ਭਰਦੇ ਹਨ। ਇਕ ਇਤਿਹਾਸਿਕ ਘਟਨਾਂ ਵਰਨਣ ਯੋਗ ਹੈ। ਜਦੋਂ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਕਦੀ ਨਹੀਂ ਸੀ ਡੁੱਬਦਾ। ਭਾਵ ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਅੰਗਰੇਜ਼ਾਂ ਦੀ ਹਕੂਮਤ ਸੀ ਤਾਂ ਉਸ ਸਮੇ ਅਫਰੀਕਾ ਵਿਚ ਨਿਰੋਬੀ ਤੋਂ ਸੌ ਕਿਲੋ ਮੀਟਰ ਦੀ ਦੂਰੀ ਉਤੇ ਕਿਸੇ ਘਣੇ ਜੰਗਲ ਵਿਚ ਅੰਗਰੇਜ਼ਾਂ ਨੇ ਸੜਕ ਬਣਾਉਣ ਲਈ ਸਿੱਖਾਂ ਨੂੰ ਚੁਣਿਆਂ। ਅੰਗਰੇਜ਼ ਸਿੱਖਾਂ ਨੂੰ ਇਕ ਬਹਾਦਰ ਕੌਮ ਮੰਨਦੇ ਸੀ ਤੇ ਉਹ ਜਾਣਦੇ ਸੀ ਕਿ ਸਿੱਖ ਹੀ ਜੰਗਲੀ ਸ਼ੇਰਾਂ ਵਿਚ ਰਹਿ ਕੇ ਲੰਮੇ ਸਮੇ ਤੱਕ ਕੰਮ ਕਰ ਸਕਦੇ ਹਨ। ਹਵਾਈ ਜਹਾਜ਼ ਰਾਹੀਂ ਸਿੱਖਾਂ ਦਾ ਕਾਫਲਾ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਸਰੂਪ ਲੈ ਕੇ ਅਫਰੀਕਾ ਪਹੁੰਚਿਆ। ਸੜਕ ਬਣਾਉਣ ਦਾ ਕੰਮ ਅਰੰਭ ਕਰਨ ਤੋਂ ਪਹਿਲੇ ਉਨ੍ਹਾਂ ਨੇ ਇਕ ਲੱਕੜੀ ਦਾ ਖੋਖਾ ਤਿਆਰ ਕਰਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਸੜਕ ਬਣਾਉਣ ਦੇ ਨਾਲ ਨਾਲ ਸਿੰਘਾਂ ਦਾ ਨਿਤਨੇਮ ਅਤੇ ਨਾਮ ਬਾਣੀ ਦਾ ਪਰਵਾਹ ਵੀ ਚੜ੍ਹਦੀ ਕਲਾ ਵਿਚ ਹੋਣ ਲੱਗਾ। ਜਿਉਂ ਜਿਉਂ ਸੜਕ ਬਣਕੇ ਅੱਗੇ ਵਧਦੀ ਗਈ,ਤਿਉਂ ਤਿਉਂ ਗੁਰੂ ਜੀ ਦਾ ਖੋਖਾ ਵੀ ਅੱਗੇ ਜਾ ਕੇ ਬਣਾ ਲਿਆ ਜਾਂਦਾ। ਜੰਗਲੀ ਸ਼ੇਰਾਂ ਵਿਚ ਰਹਿ ਕੇ ਸਿੰਘ ਸਤਿਗੁਰੂ ਜੀ ਦੀ ਸੇਵਾ ਵਿਚ ਪ੍ਰੇਮ ਤੇ ਸ਼ਰਧਾ ਦੇ ਫੁਲ ਚੜ੍ਹਾਉਂਦੇ ਰਹੇ।

ਅਖੀਰ ਸੜਕ ਪੂਰੀ ਹੋ ਗਈ। ਅੰਗਰੇਜ਼ਾਂ ਨੇ ਥ੍ਹੋੜੇ ਥ੍ਹੋੜੇ ਕਰਕੇ ਸਿੱਖਾਂ ਨੂੰ ਵਾਪਿਸ ਭੇਜਣਾਂ ਸ਼ੁਰੂ ਕਰ ਦਿੱਤਾ। ਅੰਤ ਵਿਚ ਸਿਰਫ ਇਕ ਹੀ ਸਿੰਘ ਉਥੇ ਰਹਿ ਗਿਆ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਕਰਦਾ ਰਿਹਾ। ਇਕ ਦਿਨ ਉਹ ਸਤਿਗੁਰਾਂ ਦਾ ਪ੍ਰਕਾਸ਼ ਕਰਕੇ ਨਾਮ ਬਾਣੀ ਦੇ ਰੰਗ ਵਿਚ ਬੈਠਾ ਸੀ ਕਿ ਉਸਨੂੰ ਕਿਸੇ ਖਾਸ ਕੰਮ ਲਈ ਛੇਤੀ ਦਫਤਰ ਪੁਜੱਣ ਲਈ ਕਿਹਾ ਗਿਆ। ਉਹ ਖੋਖੇ ਦਾ ਦਰਵਾਜਾ ਬੰਦ ਕਰਕੇ ਚਲੇ ਗਿਆ। ਹਾਲਾਤ ਕੁਝ ਐਸੇ ਬਣ ਗਏ ਕਿ ਉਸਨੂੰ ਉਥੋਂ ਹੀ ਹੁਕਮ ਦੇ ਬੱਧੇ ਨੂੰ ਇੰਡੀਆ ਜਾਣਾ ਪੈ ਗਿਆ। ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਾਰੇ ਬਥੇਰਾ ਕਿਹਾ ਪਰ ਉਸਦੀ ਕੋਈ ਪੇਸ਼ ਨਾ ਗਈ। ਇਸ ਪਿਛੋਂ ਇਕ ਦਿਨ ਇਕ **ਅਫਰੀਕਨ** ਕਾਲੇ ਆਦਮੀ ਨੇ ਉਸ ਖੋਖੇ ਦੇ ਆਲੇ ਦੁਆਲੇ ਇਕ ਨੂਰਾਨੀ ਤੇਜ ਪ੍ਰਤਾਪ ਵਾਲੇ ਘੋੜ-ਸਵਾਰ ਨੂੰ ਘੁੰਮਦਿਆਂ ਦੇਖਿਆ। ਉਸਨੂੰ ਆਪਣੀਆਂ ਅੱਖੀਆਂ

ਉਤੇ ਯਕੀਨ ਨਹੀਂ ਸੀ ਆ ਰਿਹਾ।ਅਰਸ਼ੀ ਫਰਿਸ਼ਤੇ ਵਰਗੇ ਕਲਗੀ ਵਾਲੇ ਸਿੰਘ ਨੂੰ ਖੋਖੇ ਦੇ ਦੁਆਲੇ ਘੁੰਮਦਿਆਂ ਦੇਖ ਉਸਨੇ ਆਪਣੇ ਸਾਥੀਆਂ ਨਾਲ ਗੱਲ ਕੀਤੀ।

## ਮਾਕਿੰਦੂ ਗੁਰਦੁਆਰਾ



ਉਸਨੂੰ ਇਕ ਸਰਦਾਰ ਦੀ ਯਾਦ ਆਈ ਜਿਸ ਦੀ ਪਗੜੀ ਤੇ ਲਿਬਾਸ ਕੁਝ ਕੁਝ ਉਸ ਘੋੜ-ਸਵਾਰ ਨਾਲ ਮਿਲਦਾ ਸੀ।ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਉਸ ਸ਼ਹਿਰ ਵਿਚ ਗਿਆ ਜਿੱਥੇ ਉਹ ਦੁਕਾਨਦਾਰੀ ਦਾ ਕੰਮ ਕਰਦਾ ਸੀ।ਕਾਲੇ ਆਦਮੀਆਂ ਨੇ ਸਰਦਾਰ ਨਾਲ ਸਾਰੀ ਗੱਲ ਕੀਤੀ ਤੇ ਫਿਰ ਉਸ ਨੂੰ ਨਾਲ ਲੈ ਕੇ ਉਸ ਖੋਖੇ ਕੋਲ ਪਹੁੰਚੇ।ਖੋਖਾ ਖੋਲ੍ਹ ਕੇ ਦੇਖਿਆ ਤਾਂ ਸਰਦਾਰ ਨੂੰ ਸਾਰੀ ਗੱਲ ਸਮਝ ਆ ਗਈ।ਉਸਨੇ ਆਪਣੇ ਸਾਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ **ਪ੍ਰਗਟ ਗੁਰਾਂ ਕੀ ਦੇਹ** ਹੋਣ ਵਾਰੇ ਚਾਨਣਾਂ ਪਾਇਆ ਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਖੋਖੇ ਦੁਆਲੇ ਪਹਿਰਾ ਦੇਣ ਦੀ ਸਾਰੀ ਗਲ ਸਮਝਾਈ।ਕਲਗੀਆਂ ਵਾਲੇ ਦੀ ਇਲਾਹੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਕਾਲਿਆਂ ਨੇ ਸ਼ਰਧਾ ਦੇ ਫੁਲ ਚੜ੍ਹਾਏ ਅਤੇ ਸਿੱਖ ਸੰਗਤ ਨਾਲ ਰਲ ਕੇ ੧੯੨੬ ਵਿਚ ਉਸ ਖੋਖੇ ਨੂੰ ਗੁਰਦੁਆਰੇ ਦਾ ਰੂਪ ਦਿੱਤਾ।ਅਜ ਇਥੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਹੈ।ਕੀਰਤਨ ਹੁੰਦਾ ਹੈ ਅਤੇ ਚੋਵੀ ਘੰਟੇ ਲੰਗਰ ਚਲਦਾ ਹੈ।ਕੁਝ ਪ੍ਰਾਣੀਆਂ ਕੋਲੋਂ ਸ਼ਹੀਦਾਂ ਸਿੰਘਾਂ ਦੀਆਂ ਘੋੜ ਸਵਾਰ ਫੌਜਾਂ ਦੇ ਦਰਸ਼ਨ ਹੋਣ ਵਾਰੇ ਵੀ ਸੁਣਿਆ ਹੈ।

******************

# ਬੀਬੀ ਬਲਵੰਤ ਕੌਰ ਜੀ

ਬੀਬੀ ਗੁਰਦੀਪ ਕੌਰ ਜੀ ਦੀ ਇਕ ਬਹੁਤ ਪਿਆਰੀ ਸਤਸੰਗਣ ਬੀਬੀ ਬਲਵੰਤ ਕੌਰ ਜੀ ਨੇ ਗੁਰੂ ਕਿਰਪਾ ਨਾਲ ਰੂਹਾਨੀ ਰਾਹਾਂ ਦੀਆਂ ਉਚੀਆਂ ਮੰਜਿਲਾਂ ਤਹਿ ਕੀਤੀਆਂ ਅਤੇ ਸ਼ਹੀਦਾਂ ਸਿੰਘਾਂ ਦੇ ਸਹਿਯੋਗ ਨਾਲ ਉਨ੍ਹਾਂ ਦੇ ਬੜੇ ਬੜੇ ਕਾਰਜ ਰਾਸ ਹੋਏ।ਇਕ ਵਾਰੀ ਉਨ੍ਹਾਂ ਨੇ ਰੂਹਾਨੀ ਦ੍ਰਿਸ਼ਟਾਂਤ ਰਾਹੀਂ ਸੁਲਤਾਨ ਪੁਰ ਵਿਚ ਇਕ ਖਾਸ ਥਾਂ ਉਤੇ ਬੇਬੇ ਨਾਨਕੀ ਜੀ ਦੇ ਹੱਥੀ ਵਰਤੇ ਬਰਤਣ ਅਤੇ ਚੁਲ੍ਹਾ ਦੇਖਿਆ।ਜਿਸ ਚੁੱਲ੍ਹੇ ਉਤੇ ਰੋਟੀ ਪਕਾਉਂਦਿਆਂ ਉਹ ਆਪਣੇ ਵੀਰ ਨਾਨਕ ਨੂੰ ਯਾਦ ਕਰਦੇ ਸੀ ਅਤੇ ਨਿਰੰਕਾਰੀ ਜੋਤ ਵਾਲਾ ਵੀਰ ਨਾਨਕ ਹਜਾਰਾਂ ਕੋਹਾਂ ਤੋਂ ਪਲਾਂ ਵਿਚ ਹੀ ਪਹੁੰਚ ਕੇ ਭੈਣ ਦੇ ਹੱਥੋਂ ਆ ਕੇ ਤਾਜੀ ਤਾਜੀ ਰੋਟੀ ਖਾਂਦਾ ਸੀ,ਉਹੀ ਚੁਲ੍ਹਾ ਬੀਬੀ ਬਲਵੰਤ ਕੌਰ ਜੀ ਨੇ ਦ੍ਰਿਸਟਾਂਤ ਰਾਹੀਂ ਦੇਖਿਆ।

ਬੀਬੀ ਜੀ ਉਸ ਥਾਂ ਉਤੇ ਪਹੁੰਚੇ।ਜਾ ਕੇ ਦੇਖਿਆ ਤਾਂ ਉਸ ਥਾਂ ਉਤੇ ਕੰਡਿਆਲੀਆਂ ਝਾੜੀਆਂ ਤੋਂ ਸਿਵਾ ਕੁਝ ਨਹੀਂ ਸੀ।ਬੇ-ਅਬਾਦ,ਸੁੰਨ-ਸਾਨ ਥਾਂ ਉਤੇ ਕੋਈ ਧਾਰਮਿਕ ਅਸਥਾਨ ਹੋਣ ਦਾ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ।ਪਰ ਬੀਬੀ ਜੀ ਨੇ ਅਲੌਕਿਕ ਦ੍ਰਿਸ਼ਟਾਂਤ ਉਤੇ ਪੂਰਨ ਭਰੋਸਾ ਰੱਖ ਕੇ ਉਸ ਥਾਂ ਦੀ ਖੁਦਾਈ ਕਰਵਾਉਣੀ ਸ਼ੁਰੂ ਕਰਵਾ ਦਿੱਤੀ।ਲੰਮੇ ਸਮੇ ਤੱਕ ਖੁਦਾਈ ਕਰਨ ਕਰਕੇ ਬਹੁਤ ਪੈਸਾ ਲੱਗ ਗਿਆ ਪਰ ਬੀਬੀ ਜੀ ਨੇ ਹਿੰਮਤ ਨਹੀਂ ਹਾਰੀ।ਉਨ੍ਹਾਂ ਦੇ ਕੋਲ ਜੋ ਵੀ ਸੀ ਸਾਰਾ ਵੇਚ ਵੱਟ ਕੇ ਖੁਦਾਈ ਕਰਨ ਉਤੇ ਲਗਾ ਦਿੱਤਾ।

ਉਜਾੜ ਬੀਆਬਾਨ ਵਿਚ ਖੁਦਾਈ ਕਰਵਾਉਂਦਿਆਂ ਦੇਖ ਕੇ ਲੋਕ ਬੀਬੀ ਜੀ ਉਤੇ ਹੱਸਣ ਲੱਗੇ।ਬੇਬੇ ਨਾਨਾਕੀ ਦੇ ਭਾਂਡਿਆਂ ਦੀ ਗੱਲ ਦਾ ਕਿਸੇ ਨੂੰ ਯਕੀਨ ਨਾ ਆਵੇ।ਖੁਦਾਈ ਕਰਦਿਆਂ ਸੱਪ ਬਹੁਤ ਨਿਕਲੇ।ਲੋਕ ਕਹਿਣ ਲੱਗ ਪਏ ਕਿ ਬੇਬੇ ਨਾਨਕੀ ਦੇ ਘਰ ਦੀ ਨਹੀਂ, ਸੱਪਾਂ ਦੇ ਘਰਾਂ ਦੀ ਖੁਦਾਈ ਹੋ ਰਹੀ ਹੈ।ਪਰ ਬੀਬੀ ਜੀ ਨੇ ਹਿੰਮਤ ਨਾ ਹਾਰੀ।ਉਹ ਪੂਰੀ ਲਗਨ ਨਾਲ ਕੰਮ ਕਰਵਾਉਂਦੇ ਰਹੇ ਅਖੀਰ ਬੀਬੀ ਜੀ ਦੀਆਂ ਗੱਲਾਂ ਸੱਚੀਆਂ ਨਿਕਲੀਆਂ।ਖੁਦਾਈ ਕਰਨ ਪਿਛੋਂ ਬੀਬੀ ਜੀ ਨੂੰ ਉਹ ਸੱਭ ਕੁਝ ਮਿਲ ਗਿਆ ਜੋ ਦ੍ਰਿਸ਼ਟਾਂਤ ਉਨ੍ਹਾਂ ਨੇ ਗੁਰੂ ਕਿਰਪਾ ਨਾਲ ਦੇਖਿਆ ਸੀ।

# ਬੇਬੇ ਨਾਨਕੀ ਦਾ ਗੁਰਦਵਾਰਾ ਸੁਲਤਾਨ ਪੁਰ ਲੋਧੀ



ਬੀਬੀ ਬਲਵੰਤ ਕੌਰ ਜੀ ਨੇ ਬੀਬੀ ਗੁਰਦੀਪ ਕੌਰ ਜੀ ਅਤੇ ਹੋਰ ਸੰਗਤਾਂ ਨਾਲ ਮਿਲ ਕੇ ਉਥੇ ਬਹੁਤ ਸੁੰਦਰ ਗੁਰਦੁਆਰਾ ਬਣਵਾਇਆ। ਫਿਰ ਬੇਬੇ ਨਾਨਕੀ ਦੇ ਨਾਮ ਉਤੇ ਉਸੇ ਤਰ੍ਹਾਂ ਦਾ ਹੀ ਗੁਰਦੁਆਰਾ ਇੰਗਲੈਂਡ ਵਿਚ ਵੀ ਬਣਵਾਇਆ। ਅਨੰਦ ਪੁਰ ਸਾਹਿਬ ਵਿਚ ਇਕ ਅੱਖੀਆਂ ਦਾ ਹਸਪਤਾਲ ਬਣਵਾਇਆ ਅਤੇ ਆਪਣੇ ਜੀਵਨ ਵਿਚ ਗੁਰੂ ਪੰਥ ਦੀ ਤਨ ਮਨ ਧਨ ਨਾਲ ਅਣਥੱਕ ਸੇਵਾ ਕੀਤੀ। ਉਨ੍ਹਾਂ ਦੀ ਸ਼ਖਸੀਅਤ ਵਿਚੋਂ ਗੁਰਸਿੱਖੀ ਦੀ ਅਗੰਮੀ ਝਲਕ ਦੇਖ ਕੇ ਕਈਆਂ ਦੇ ਜੀਵਨ ਗੁਰਸਿੱਖੀ ਦੇ ਰੰਗ ਵਿਚ ਰੰਗੇ ਗਏ। ਇੰਗਲੈਂਡ ਵਿਚ ਬੀਬੀ ਜੀ ਦੇ ਲੋਕ ਸੇਵਾ ਦੇ ਕਾਰਜਾਂ ਤੋਂ ਖੁਸ਼ ਹੋ ਕੇ ਉਥੋਂ ਦੀ ਮਹਾਰਾਣੀ ਐਲਿਜ਼ਬੈਥ ਨੇ ਉਨ੍ਹਾਂ ਨੂੰ ਅਵਾਰਡ ਦੇ ਕੇ ਸਨਮਨਿਤ ਕੀਤਾ।

# ਬੋਲੇ ਸੋ ਨਿਹਾਲ



ਨਾਮ-ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਅਤੇ ਅੰਮ੍ਰਿਤ ਸੰਚਾਰਾਂ ਵਿਚ ਅਨੇਕਾਂ ਪ੍ਰਾਣੀਆਂ ਨੂੰ ਆਪਣੀ ਆਤਮਿਕ ਉਚ ਅਵੱਸਥਾ ਦੀ ਲਾਗ ਨਾਲ ਉਚ ਮੰਡਲੀਂ ਪਹੁੰਚਾਉਣ ਵਾਲੇ ਭਾਈ ਸਾਹਿਬ ਭਾਈ ਸੂਰਤ ਸਿੰਘ ਜੀ (ਪੂਰਨ ਜੀ) ਹੇਮਕੁੰਟ ਸਾਹਿਬ ਦੀਆਂ ਚੜ੍ਹਾਈਆਂ ਚੜ੍ਹਦੇ ਹੋਏ, ਚੜ੍ਹਦੀ ਕਲਾ ਦੇ ਰੰਗਾਂ ਵਿਚ ਰੰਗ ਹੋ ਕੇ ਇਸ ਤਰ੍ਹਾਂ ਤੁਰਨ ਜਿਵੇਂ ਹਵਾ ਵਿਚ ਉਡਾਰੀਆਂ ਮਾਰਦੇ ਹੋਣ।ਆਪੇ ਹੱਸੀ ਜਾਣ ਤੇ ਕਦੀ ਆਲੇ ਦੁਆਲੇ ਦੇਖਦੇ ਹੋਏ ਜੋਸ਼ ਵਿਚ ਉਛਲ ਉਛਲ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ" ਗਜਾ ਕੇ ਮਸਤੀ ਵਿਚ ਝੂੰਮਣ ਲੱਗ ਪੈਣ।ਦੇਖਣ ਵਾਲਿਆਂ ਨੂੰ ਇਸ ਤ੍ਹਰਾਂ ਲੱਗੇ ਜਿਵੇਂ ਹਵਾ ਨਾਲ ਗੱਲਾਂ ਕਰਦੇ ਪਏ ਹੋਣ।ਤਦ ਉਨ੍ਹਾਂ ਦੇ ਇਕ ਬਹੁਤ ਕਰੀਬੀ ਸਾਥੀ (ਜਿਹੜਾ ਉਨ੍ਹਾਂ ਦੇ ਆਤਮਿਕ ਰੰਗਾਂ ਦੀ ਖੇਡ੍ਹ ਤੋਂ ਚੰਗੀ ਤਰ੍ਹਾਂ ਜਾਣੂੰ ਸੀ ) ਨੇ ਪੁੱਛਿਆ ਕਿ ਉਹ ਇਸ ਤ੍ਹਰਾਂ ਕਿਉ ਕਰਦੇ ਪਏ ਹਨ ਤਾਂ ਭਾਈ ਸਾਹਿਬ ਨੇ ਆਤਮਿਕ ਮੰਡਲਾਂ ਦੇ ਖੇੜੇ ਦੀ ਅਵੱਸਥਾ ਦੇ ਰੰਗ ਵਿਚ ਰੰਗਿਆਂ ਹੋਇਆਂ ਨੇ ਕਿਹਾ;-"ਓਹ ਦੇਖ ....! ਸ਼ਹੀਦ ਸਿੰਘ ਕਿਸ ਤਰ੍ਹਾਂ ਘੁੰਮ ਰਹੇ ਹਨ..।ਫਤਿਹ ਗਜਾਉਂਦੇ ਪਏ ਹਨ...।ਹਿੰਦੁਸਤਾਨ ਦੀਆਂ ਫੌਜਾਂ ਇ੍ਹਨਾਂ ਦੀ ਸਹਾਇਤਾ ਨਾਲ ਹੀ ਲੜਾਈਆਂ ਵਿਚ ਜਿੱਤਾਂ ਪ੍ਰਾਪਤ ਕਰਦੀਆਂ ਹਨ।"

ਇਹ ਸੱਚ ਹੀ ਹੈ।ਜੰਗ ਦੇ ਮੈਦਾਨ ਵਿਚ ਸ਼ਹੀਦ ਸਿੰਘ ਆਉਂਦੇ ਹਨ।'ਜੂਝ ਮਰਨ ਕੇ ਚਾਓ' ਵਿਚ ਸ਼ਹੀਦ ਹੋਣ ਵਾਲਿਆਂ ਦੇ ਅੰਤਸ਼ਕਰਨ ਵਿਚ ਮਰਨ ਪਿੱਛੋਂ ਵੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਦੀ ਭਾਵਨਾ ਛੁਪੀ ਰਹਿੰਦੀ ਹੈ।ਸ਼ਹੀਦਾਂ ਸਿੰਘਾਂ ਦੀ ਸੰਗਤ ਵਿਚ ਗੁੰਜਾਏ 'ਬੋਲੇ ਸੋ ਨਿਹਾਲ'ਦੇ ਜੈਕਾਰਿਆਂ ਦੀਆਂ ਗੂੰਜਾਂ ਸਰਹੱਦਾਂ ਉਤੇ ਵੈਰੀਆਂ ਨੂੰ ਭਾਜੜਾਂ ਪਾ ਦਿੰਦੀਆਂ ਹਨ। ੧੯੭੧ ਦੀ ਲੜਾਈ ਵਿਚ ਇਕ ਮੋਰਚੇ ਵਿਚੋਂ ਜਦੋਂ ਥੋੜੇ ਜਿੰਨੇ ਸਿੱਖ ਫੌਜੀਆਂ ਨੇ ਰਲ ਕੇ 'ਬੋਲੋ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਗੁੰਜਾਇਆ ਤਾਂ ਵੈਰੀਆਂ ਨੂੰ ਇਸ ਤਰ੍ਹਾਂ

ਲੱਗਿਆ ਜਿਵੇਂ ਬਹੁਤ ਸਾਰੇ ਸਿੱਖ ਫੌਜੀ ਉਨ੍ਹਾਂ ਉਤੇ ਟੁੱਟ ਪਏ ਹੋਣ। ਜੈਕਾਰੇ ਦੀ ਗੂੰਜ ਹੀ ਐਸੀ ਸੀ ਕਿ ਵੈਰੀ ਮੈਦਾਨ ਛੱਡ ਕੇ ਭੱਜ ਗਏ।


ਜੂਨ ੨੦੨੦ ਵਿਚ ਜਦੋਂ ਚੀਨ ਤੇ ਭਾਰਤ ਦੀ ਸਰਹੱਦ ਉਤੇ ਚੀਨੀ ਫੌਜੀਆਂ ਨੇ ਭਾਰਤੀ ਫੌਜ ਉਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕੀਤਾ ਤਾਂ ਸੰਗਰੂਰ ਦੇ ਇਕ ਅੰਮ੍ਰਿਤਧਾਰੀ ਸਿੰਘ ਗੁਰਬਿੰਦਰ ਸਿੰਘ ਨੇ ਐਨੀ ਗਰਜਵੀਂ ਅਵਾਜ ਵਿਚ "ਬੋਲੇ ਸੋ ਨਿਹਾਲ..ਸਤਿ ਸ੍ਰੀ ਅਕਾਲ"ਦਾ ਜੈਕਾਰਾ ਗੁੰਜਾਇਆ ਕਿ ਚੀਨੀ ਫੌਜੀਆਂ ਦੇ ਹੋਸ਼ ਉਡ ਗਏ। ਸਿੰਘ ਨੇ ਆਪਣੀ ਕਿਰਪਾਨ ਕੱਢੀ ਤੇ ਇਕੱਲਾ ਹੀ ਕਈਆਂ ਨਾਲ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ।

ਜਿਸ ਵੇਲੇ ਭਾਈ ਪੂਰਨ ਜੀ ਨੂੰ ਹੇਮਕੁੰਟ ਸਾਹਿਬ ਸ਼ਹੀਦ ਸਿੰਘ ਫਤਹਿ ਗੁੰਜਾਉਂਦੇ ਦਿਖਾਈ ਦਿੰਦੇ ਸਨ ਤਾਂ ਭਾਈ ਸਾਹਿਬ ਦੇ ਪੈਰ ਜਮੀਨ ਉਤੇ ਨਹੀਂ ਸੀ ਟਿਕਦੇ। ਉਹ ਆਪਣੇ ਆਪ ਨੂੰ ਹਵਾ ਵਿਚ ਉਡਦੇ ਹੋਏ ਮਹਿਸੂਸ ਕਰਦੇ ਸਨ। ਜ਼ਰਾ ਸੋਚੋ ਤਾਂ ਭਲਾ..!ਜਦੋਂ ਸਾਡੇ ਫੌਜੀਆਂ ਦੀ ਮਦਦ ਕਰਨ ਲਈ ਸ਼ਹੀਦ ਸਿੰਘ ਆ ਬਹੁੜਦੇ ਹੋਣਗੇ ਤਾਂ ਫੌਜੀਆਂ ਦੇ ਹੌਸਲੇ ਕਿਉਂ ਨਾ ਬੁਲੰਦ ਹੋਣਗੇ..?

ਹਿਮਾਲਾ ਦੀਆਂ ਬਰਫਾਨੀ ਚੋਟੀਆਂ ਉਪਰ,ਜਦੋਂ ਫੌਜੀ ਗੁਰਬਿੰਦਰ ਸਿੰਘ ਦੀ ਅਵਾਜ ਨਾਲ ਆਪਣੀ ਅਵਾਜ ਮਿਲਾ ਕੇ "ਬੋਲੇ ਸੋ ਨਿਹਾਲ ..ਸਤਿ ਸ੍ਰੀ ਅਕਾਲ" ਦਾ ਜੈਕਾਰਾ ਗੁੰਜਾਉਣ ਲਈ ਸ਼ਹੀਦ ਸਿੰਘ ਆਣ ਪਹੁੰਚੇ ਹੋਣਗੇ ਤਾਂ ਉਸ ਵੇਲੇ ਜੈਕਾਰੇ ਦੀ ਗੂੰਜ ਕਿਹੋ ਜਿਹੀ ਹੋਵੇਗੀ...? ਉਸ ਮੌਕੇ ਦੇ ਗਵਾਹ ਗੁਰਬਿੰਦਰ ਸਿੰਘ ਦੇ ਸਾਥੀ ਫੌਜੀ ਦੱਸਦੇ ਹਨ ਕਿ ਉਸਨੇ ਆਪਣੀ ਸ੍ਰੀ ਸਾਹਿਬ (ਕਿਰਪਾਨ) ਕੱਢੀ ਤੇ ਗੁਰੂ ਦਾ ਬੱਬਰ ਸ਼ੇਰ ਵੈਰੀਆਂ ਉਤੇ ਝਪਟ ਪਿਆ। ਵੈਰੀਆਂ ਨੂੰ ਮਾਰ ਮੁਕਾਉਂਦਾ ਹੋਇਆ ਉਹ ਸ਼ਹੀਦ ਹੋ ਗਿਆ। ਉਹ ਜਾ ਰਲਿਆ ਸ਼ਹੀਦ ਸਿੰਘਾਂ ਦੀ ਟੋਲੀ ਵਿਚ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਆਪਣੇ ਵਤਨ ਲਈ ਜਾਨ ਦੇ ਗਿਆ। ਉਹ ਅਮਰ ਗਿਆ।

*****************

# ਭਾਈ ਜੀਤ ਸਿੰਘ ਜੀ




ਇਕਾਂਤ ਦੇ ਨਜਾਰਿਆਂ ਵਿਚ ਪ੍ਰਭੂ-ਪ੍ਰੇਮ ਦੀਆਂ ਪੀਂਘਾਂ ਝੂਟਣ ਲਈ,ਆਪਣੇ ਖੇਤਾਂ ਵਿਚ ਪਾਈ ਹੋਈ ਭਾਈ ਜੀਤ ਸਿੰਘ ਜੀ ਦੀ ਕੁਟੀਆ ਨਾਮ-ਰਸੀਆਂ ਲਈ ਇਲਾਹੀ ਬੇਗਮਪੁਰਾ ਹੀ ਸੀ।ਜਿਥੇ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਰੰਗਲੇ ਸੱਜਣ ਰੰਗ ਮਾਨਣ ਲਈ ਜਾਇਆ ਕਰਦੇ ਸਨ।

੨੦੦੬ ਵਿਚ ਭਾਈ ਸਾਹਿਬ ਦੀ ਅਗਵਾਈ ਹੇਠ ਦਰਸ਼ਨ ਅਭਿਲਾਖੀਆਂ ਦਾ ਇਕ ਜਥਾ ਹੇਮ ਕੁੰਟ ਸਾਹਿਬ ਦੀ ਯਾਤਰਾ ਲਈ ਗਿਆ।ਜਾਣ ਤੋਂ ਪਹਿਲਾਂ ਉਸ ਜੁੜੀ ਹੋਈ ਸੁਰਤੀ

ਵਾਲੇ ਗੁਰੂ ਪਿਆਰੇ ਨੇ ਸੰਗਤਾਂ ਨੂੰ ਇਕ ਥਾਂ ਇਕੱਠੇ ਕੀਤਾ।ਗੁਰੂ-ਚਰਨਾਂ ਦਾ ਭੰਵਰਾ ਬਣ ਕੇ,ਪ੍ਰੇਮ ਹੰਝੂਆਂ ਦੀਆਂ ਧਾਰਾਂ ਵਹਾਉਂਦਿਆਂ ਨੇ ਯਾਤਰਾ ਅਰੰਭ ਹੋਣ ਦੀ ਅਰਦਾਸ ਕੀਤੀ।ਫਿਰ ਸਾਰੇ ਜਥੇ ਨੂੰ ਯਾਤਰਾ ਦੌਰਾਨ ਵਾਪਰਨ ਵਾਲੀਆਂ ਅਲੌਕਿਕ ਘਟਨਾਵਾਂ ਦੀਆਂ ਗੋਹਜ ਭਰੀਆਂ ਰਮਜਾਂ ਸਮਝਾਈਆਂ ਤੇ ਨਾਲ ਹੀ ਯਾਤਰਾ ਦਾ ਪੂਰਾ ਲਾਹਾ ਲੈਣ ਲਈ ਕੁਝ ਹਦਾਇਤਾਂ ਵੀ ਦਿੱਤੀਆਂ।ਜਿਵੇਂ ਕਿ ਰਸਤੇ ਵਿਚ ਐਵੇਂ ਹੀ ਵਾਧੂ ਗੱਲਾਂ ਨਹੀਂ ਕਰਨੀਆਂ।ਮਨ ਨੂੰ ਸਿਮਰਨ ਤੇ ਕੀਰਤਨ ਵਿਚ ਟਿਕਾਈ ਰੱਖਣਾਂ।ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਸਮੇ ਮਨ-ਚਿੱਤ ਇਕਾਗਰ ਕਰਕੇ ਵੱਧ ਤੋਂ ਵੱਧ ਬਾਣੀ ਪੜ੍ਹਨੀ ਜਾਂ ਸਿਮਰਨ ਕਰਨਾਂ ਤੇ ਯਾਤਰਾ ਸਮਾਪਤ ਹੋਣ ਪਿੱਛੋਂ, ਜਿਸ ਥਾਂ ਉਤੋਂ ਸਾਰੀ ਸੰਗਤ ਨੇ ਇਕੱਠਿਆਂ ਹੋ ਕੇ ਯਾਤਰਾ ਅਰੰਭ ਕੀਤੀ ਸੀ, ਉਸੇ ਹੀ ਥਾਂ ਉਤੇ ਪਹੁੰਚ ਕੇ ਯਾਤਰਾ ਦੀ ਸਮਾਪਤੀ ਦੀ ਅਰਦਾਸ ਕਰਕੇ ਦੇਗ ਛਕਣ ਪਿਛੋਂ ਆਪੋ ਆਪਣੇ ਘਰਾਂ ਨੂੰ ਪਰਤਣਾ।

ਗੁਰੂ ਦੀ ਕਿਰਪਾ ਨਾਲ ਰੰਗੀਆਂ ਰੂਹਾਂ ਵਾਲੇ ਇਸ ਜਥੇ ਦੇ ਸਿੰਘ ਅਤੇ ਬੀਬੀਆਂ ਨੇ ਇਨ੍ਹਾਂ ਨਿਯਮਾਂ ਦੀ ਪਾਲਣਾਂ ਸ਼ਰਧਾ ਭਾਵਨਾਂ ਨਾਲ ਕੀਤੀ। ਦਸ਼ਮੇਸ਼ ਪਿਤਾ ਦੇ ਪ੍ਰੇਮ ਵੈਰਾਗ ਨਾਲ ਭਰੇ ਹੋਏ ਚਾਤ੍ਰਿਕ-ਮਨਾ ਦੀ ਪਿਆਸ ਨਾਲ ਯਾਤਰਾ ਅਰੰਭ ਹੋਈ।ਬੱਸ ਦਾ ਸਫਰ ਕਰਦਿਆਂ ਦਰਸ਼ਨ ਪਿਆਸ ਵਾਲੇ ਸ਼ਬਦਾਂ ਦੀ ਲੜੀ ਚਲੀ ਰਹੀ।ਨਾਮ ਬਾਣੀ ਦੇ ਗੂੜ੍ਹੇ ਰੰਗ ਮਾਣਦੇ ਹੋਏ ਗੋਬਿੰਦ ਘਾਟ ਪਹੁੰਚੇ।ਅਗਲੇ ਦਿਨ ਨਾਮ ਖੁਮਾਰੀ ਦੀਆਂ ਮਸਤੀਆਂ ਵਿਚ ਝੂੰਮਦੇ ਹੋਏ ਗੋਬਿੰਦ ਧਾਮ ਪਹੁੰਚ ਗਏ।ਗੋਬੰਦ ਧਾਮ ਤੋਂ ਹੇਮਕੁੰਟ ਜਾਣ ਲਈ ਖਾਲਸਾ ਪੰਥ ਦਾ ਨਿਸ਼ਾਨ ਸਾਹਿਬ ਹੱਥਾਂ ਵਿਚ ਫੜ ਕੇ ਅਖੰਡ ਕੀਰਤਨ ਦੀ ਅੰਮ੍ਰਿਤ ਵਰਸ਼ਾ ਕਰਦੇ ਹੋਏ ਨੰਗੇ ਪੈਰੀਂ ਰਵਾਨਾ ਹੋਏ।ਰੂਹਾਨੀ ਮੰਜਿਲਾਂ ਤਹਿ ਕਰਨ ਵਾਲਿਆਂ ਨੂੰ ਧੁਰ ਕੀ ਬਾਣੀ ਨੇ ਇਲਾਹੀ ਰੰਗਾਂ ਵਿਚ ਇਸ ਤਰ੍ਹਾਂ ਸਿੰਜੀ ਰੱਖਿਆ ਕਿ ਸਰੀਰਕ ਥਕਾਵਟ ਦਾ ਕੋਈ ਅਸਰ ਹੀ ਨਹੀਂ ਹੋਇਆ।ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਦੀ ਹੋਂਦ ਨੂੰ ਕੀਰਤਨ ਦੀਆਂ ਗੁੰਜਾਰਾਂ ਦੇ ਝਰੋਖੇ ਥਾਣੀ ਨਿਹਾਰਦੇ ਹੋਏ ਉਹ ਆਪਣੇ ਪਿਆਰੇ ਦੇ ਸੋਹਲੇ ਅਲਾਪਦੇ ਹੋਏ ਨੰਗੇ ਪੈਰੀਂ ਤਿੱਖੀਆਂ ਚੜ੍ਹਾਈਆਂ ਚੜ੍ਹਦੇ ਗਏ।ਅਜਿਹੇ ਸ਼ਰਧਾਲੂਆਂ ਦੇ ਨੰਗੇ ਪੈਰਾਂ ਦੀ ਪੈੜ ਨੂੰ ਦੇਖਕੇ ਦਿਲ ਆਪ-ਮੁਹਾਰੇ ਕਹਿ ਉਠਦਾ ਹੈ;-"ਧੂੜੀ ਵਿਚਿ ਲੁਡੰਦੜੀ ਸੋਹਾਂ॥ "

ਨਾਮ-ਖੁਮਾਰੀ ਦੀ ਮਸਤੀ ਵਿਚ ਝੂੰਮਣ ਵਾਲਿਆਂ ਦੇ ਸਿਮਰਨ ਦੀਆਂ ਘੂੰਮਰਾਂ ਅਤੇ ਕੀਰਤਨ ਦੀਆਂ ਗੁੰਜਾਰਾਂ ਨਾਲ ਅੰਬਰ ਨੂਰੋ ਨੂਰ ਹੋ ਜਾਂਦਾ ਹੈ।ਬਾਣੀ ਤੇ ਬਾਣੇ ਦੇ ਧਾਰਣੀ ਖਾਲਸੇ ਸੋਹਣੇ ਲਗਦੇ ਹਨ।ਦਸ਼ਮੇਸ਼ ਪਿਤਾ ਦੇ ਪਿਆਰ ਵਿਚ ਭਿੱਜੇ ਹੋਏ ਉਚੇ ਦੁਮਾਲਿਆਂ ਵਾਲੇ

ਜਦੋਂ ਹੇਮਕੁੰਟ ਪ੍ਰਬਤ ਦੀਆਂ ਚੜ੍ਹਾਈਆਂ ਚੜ੍ਹਦੇ ਹੋਏ ਆਪਣੇ ਬਾਪੂ ਦੇ ਪੂਰਬਲੇ ਜਨਮ ਦੀ ਤਪੋ-ਭੂਮੀ ਦੀ ਸੁਗੰਧੀ ਮਾਣਦੇ ਹਨ ਤਾਂ ਵਿਸਮਾਦੀ ਲਹਿਰਾਂ ਨਾਲ ਅੰਬਰ ਸੱਜ ਜਾਂਦਾ ਹੈ।

ਇਸ ਜਥੇ ਦੇ ਸਿੰਘ ਅਤੇ ਬੀਬੀਆਂ ਨੇ ਨਾਮ ਬਾਣੀ ਨੂੰ ਹਿਰਦੇ ਵਿਚ ਵਸਾ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਗੁਰੂ-ਚਰਨਾਂ ਨਾਲ ਲਿਪਟ ਕੇ ਅਰਦਾਸ ਕਰਨ ਪਿੱਛੋਂ ਸਰੋਵਰ ਵਿਚੋਂ ਬਾਹਰ ਨਿਕਲੇ।ਗੁਰੂ ਪੰਥ ਦਾ ਨਿਸ਼ਾਨ ਸਾਹਿਬ ਝੁਲਾਉਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀਦਾਰਿਆਂ ਲਈ ਪਹੁੰਚੇ।ਗੁਰੂ ਸ਼ਰਣ ਵਿਚ ਸਿਰ ਝੁਕਾਉਂਦਿਆ ਹੀ ਪਲਕਾਂ ਦੇ ਦਰਵਾਜੇ ਬੰਦ ਹੋ ਗਏ ਤੇ ਅੰਤਰ ਆਤਮੇ ਗੁਰ-ਮਿਲਾਪ ਹੋਣ ਲੱਗਿਆ।ਗੁਰ-ਸੰਗਮ ਵਿਚ ਦਿਲ ਖੋ੍ਲ ਕੇ ਗੱਲਾਂ ਹੋਣ ਲੱਗੀਆਂ।

ਧੁਰ ਦਰਗਾਹੋਂ ਬਖਸ਼ੀਆਂ ਰੂਹਾਂ ਵਾਲਿਆਂ ਨੂੰ ਅਣਦਿਸਦੀ ਦੁਨੀਆਂ ਦੇ ਅਨੁਭਵ ਹੋਏ।ਦਾਤਾਰ ਪਿਤਾ ਨੇ ਇਲਾਹੀ ਬਖਸ਼ਿਸ਼ਾਂ ਨਾਲ ਮਾਲੋ ਮਾਲ ਕਰ ਦਿੱਤਾ।ਤਪ-ਸਥਾਨ ਦੀ ਚੁੰਬਕੀ ਛੋਹ ਨੇ ਤੇ ਗੁਰੂ ਪ੍ਰੇਮ ਦੀ ਸਿੱਕ ਨੇ ਕੀਲ ਕੇ ਬਿਠਾਈ ਰੱਖਿਆ।ਕਿਸੇ ਦਾ ਵੀ ਵਾਪਿਸ ਜਾਣ ਨੂੰ ਦਿਲ ਨਾ ਕਰੇ।ਦਿਨ ਢਲ ਗਿਆ।ਸਾਰੀ ਸੰਗਤ ਵਾਪਿਸ ਮੁੜ ਗਈ।ਰੈਣ ਸਬਾਈ ਕੀਰਤਨ ਦੇ ਅਖਾੜਿਆਂ ਦੇ ਰੰਗ ਮਾਨਣ ਵਾਲਿਆਂ ਦੇ ਦਿਲਾਂ ਵਿਚ ਦਸ਼ਮੇਸ਼ ਪਿਤਾ ਦੀ ਯਾਦ ਵਿਚ ਰੈਣ ਸਬਾਈ ਕੀਰਤਨ ਕਰਨ ਦੀ ਰੀਝ ਪੈਦਾ ਹੋਈ।ਪਰ ਸੇਵਾਦਾਰਾਂ ਨੇ ਵਾਪਿਸ ਜਾਣ ਲਈ ਮਜਬੂਰ ਕਰ ਦਿੱਤਾ।

ਗੋਬਿੰਦ ਧਾਮ ਜਾਣ ਲਈ ਮੁੜੇ ਹੀ ਸੀ ਕਿ ਬਾਰਿਸ਼ ਸ਼ੁਰੂ ਹੋ ਗਈ।ਜਿਉਂ ਜਿਉਂ ਬਾਰਿਸ਼ ਤੇਜ ਹੋਈ ਜਾਵੇ ਤਿਉਂ ਤਿਉਂ ਰੰਗ ਰੱਤੜਿਆਂ ਦੇ ਦਿਲਾਂ ਦੀ ਕੂਕ ਪਕਾਰ ਤਿੱਖੀ ਹੋ ਕੇ ਕੀਰਤਨ ਦੀਆਂ ਗੂਜਾਰਾਂ ਦਾ ਰੰਗ ਬੰ੍ਨੀ ਜਾਵੇ।ਉਪਰੋਂ ਰਾਤ ਦਾ ਹਨੇਰਾ ਛਾਈ ਜਾਵੇ।ਉਹ ਹੇਮਕੁੰਟ ਸਾਹਿਬ ਤੋਂ ਨੇੜੇ ਹੀ ਇਕ ਢਾਬੇ ਵਿਚ ਜਾ ਪਹੁੰਚੇ।ਸਭਨਾ ਦੇ ਕੱਪੜੇ ਬਾਰਿਸ਼ ਨਾਲ ਭਿੱਜੇ ਹੋਏ ਸਨ।ਢਾਬੇ ਵਾਲੇ ਨੇ ਅੱਗ ਬਾਲ ਦਿੱਤੀ।ਸਾਰੇ ਅੱਗ ਦੇ ਦੁਆਲੇ ਬੈਠ ਗਏ।ਬਿਨਾ ਵਾਜੇ ਅਤੇ ਤਬਲੇ ਤੋਂ ਕੀਰਤਨ ਦੀਆਂ ਧੁਨੀਆਂ ਅਲਾਪਦੇ ਹੋਇਆਂ ਦੀਆਂ ਸੁਰਤੀਆਂ ਵਿਚ ਦੁਸ਼ਟ ਦਮਨ ਦੇ ਤਪਸਥਾਨ ਦੇ ਚੰਦਨਵਾਸ ਦੀ ਸੁਗੰਧੀ ਘੁਲ ਗਈ।ਜੰਗਲ ਵਿਚ ਮੰਗਲ ਹੋ ਗਿਆ।ਉਸ ਢਾਬੇ ਵਿਚ ਰੈਣ ਸਬਾਈ ਕੀਰਤਨ ਨੇ "ਸਾਧ ਸੰਗਤ ਅਸਥਾਨ ਜਗ ਮਗ ਨੂਰ ਹੈ॥ "ਦੇ ਪ੍ਰਤੱਖ ਨਜਾਰੇ ਦਿਖਾ ਦਿੱਤੇ।

ਅੰਮ੍ਰਿਤ ਵੇਲਾ ਹੋਣ ਵਾਲਾ ਸੀ।ਮੌਸਮ ਸਾਫ ਸੁਥਰਾ ਹੋ ਗਿਆ।ਚੰਦਨਵਾਸ ਦੀ ਸੁਗੰਧੀ ਦੀਆਂ ਲਪਟਾਂ ਮਾਰਦਾ ਹੋਇਆ ਇਕ ਸਿੰਘ ਢਾਬੇ ਵਿਚੋਂ ਨਿੱਕਲ ਕੇ ਬਾਹਰ ਗਿਆ ਤਾਂ ਕੀ ਦੇਖਦਾ ਹੈ ਕਿ ਨੀਲਕੰਠ ਪ੍ਰਬਤ ਇਕ ਅਜਬ ਨਜਾਰੇ ਨਾਲ ਨੂਰੋ ਨੂਰ ਹੋਇਆ ਪਿਆ ਹੈ।ਇਸ

ਅਲੌਕਿਕ ਨਜਾਰੇ ਨਾਲ ਉਸਦਾ ਰੋਮ ਰੋਮ ਖਿੜ ਗਿਆ।**"ਤਨ ਮਨ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰ॥ "** ਵਾਲੀ ਗੱਲ ਹੋ ਗਈ।ਰਾਤ ਦੇ ਹਨੇਰੇ ਵਿਚ ਨੀਲ ਕੰਠ ਉਤੇ ਪ੍ਰਕਾਸ਼ ਹੀ ਪ੍ਰਕਾਸ਼ ਸੀ।ਕੋਈ ਇਲਾਹੀ ਜੋਤ ਪ੍ਰਗਟ ਹੋ ਕੇ ਹਰ ਪਾਸੇ ਨੂਰ ਦੀਆਂ ਕਿਰਨਾਂ ਬਰਸਾ ਰਹੀ ਸੀ।ਸੂਰਜ ਚੜ੍ਹਨ ਵਿਚ ਤਾਂ ਹਾਲੇ ਬੜੀ ਦੇਰ ਸੀ ਪਰ ਨੀਲ ਕੰਠ ਸੂਰਜ ਕਿਰਨਾਂ ਨਾਲ ਨਹੀਂ,ਸਗੋਂ ਰੈਣ ਸਬਾਈ ਕੀਰਤਨ ਦੀਆਂ ਕਿਰਨਾਂ ਦੀ ਵਾਛੜ ਨਾਲ ਵਿਚ ਗੜੁੱਚ ਹੋ ਕੇ, ਪ੍ਰਕਾਸ਼-ਜੋਤ ਵਿਚ ਜਗ ਮਗਾ ਰਿਹਾ ਸੀ।ਇਉਂ ਲੱਗ ਰਿਹਾ ਸੀ ਜਿਵੇਂ ਨੀਲ ਕੰਠ ਦੀ ਚੋਟੀ ਵਿਚੋਂ ਇਲਾਹੀ ਜੋਤ ਫੁੱਟ ਫੁੱਟ ਕੇ ਨਿਕਲ ਰਹੀ ਹੋਵੇ ਅਤੇ ਉਸਦੇ ਪ੍ਰਕਾਸ਼ ਨਾਲ ਹਰ ਪਾਸੇ ਚਾਨਣ ਹੋ ਰਿਹਾ ਹੋਵੇ।ਜਿਵੇਂ ਦਿਨ ਵਿਚ ਸਭ ਕੁਝ ਦਿਖਾਈ ਦਿੰਦਾ ਹੈ ਇਸੇ ਤਰ੍ਹਾਂ ਹੀ ਰਾਤ ਵੇਲੇ ਵੀ ਨੀਲ ਕੰਠ ਦੇ ਜੋਤ-ਪ੍ਰਕਾਸ਼ ਵਿਚ ਸਭ ਕੁਝ ਦਿਖਾਈ ਦੇ ਰਿਹਾ ਸੀ।ਦਿਨ ਵੇਲੇ ਤਾਂ ਸਾਨੂੰ ਸਾਡੇ ਕੋਲ ਪਈਆਂ ਚੀਜਾਂ ਹੀ ਦਿਖਾਈ ਦਿੰਦੀਆਂ ਹਨ, ਦੂਰ ਪਈਆਂ ਚੀਜਾਂ ਸਾਫ ਦਿਖਾਈ ਨਹੀਂ ਦਿੰਦੀਆਂ ਤੇ ਬਹੁਤੀ ਦੂਰ ਕੁਝ ਵੀ ਨਹੀਂ ਦਿਸਦਾ ਪਰ ਨੀ.ਲ ਕੰਠ ਦੇ ਜੋਤ-ਪ੍ਰਕਾਸ਼ ਵਿਚ ਸਿੰਘ ਨੂੰ ਦੂਰ ਦੂਰ ਦੇ ਪਹਾੜਾਂ ਦੇ ਦ੍ਰਿਸ਼ ਵੀ ਇਸ ਤਰ੍ਹਾਂ ਦਿਖਾਈ ਦੇ ਰਹੇ ਸੀ ਜਿਵੇਂ ਉਹ ਉਥੇ ਹੀ ਖੜ੍ਹਾ ਹੋਵੇ।ਉਸਨੂੰ ਦੂਰ ਦੂਰ ਦੇ ਪਹਾੜਾਂ ਉਤੇ ਪਏ ਨਿੱਕੇ ਨਿੱਕੇ ਪੱਥਰ ਵੀ ਸਾਫ ਨਜਰੀਂ ਆਉਣ ਲੱਗੇ।ਸੱਚੀ ਗੱਲ ਤਾਂ ਇਹ ਕਿ ਉਸ ਸਿੰਘ ਦੀਆਂ ਅੱਖੀਆਂ ਉਸ ਵੇਲੇ ਜਗ ਮਗ ਨੂਰ ਦੀ ਐਨਕ ਥਾਣੀ ਦੇਖ ਰਹੀਆਂ ਸਨ।ਸਰਵ-ਵਿਆਪਕ ਸੁਆਮੀ ਨੇ ਉਸਨੂੰ ਉਸ ਵੇਲੇ ਆਪਣੀ ਸਰਵ-ਵਿਆਪਕ-ਨਜਰ ਵਾਲੀ ਐਨਕ ਦੀ ਬਖਸ਼ਿਸ਼ ਕਰਕੇ ਦੂਰ ਨੇੜੇ ਦੇ ਸਾਰੇ ਫਾਸਲੇ ਮਿਟਾ ਦਿੱਤੇ।ਦੂਰ ਦੇ ਨਜਾਰੇ ਵੀ ਇਓਂ ਦਿਸਣ,ਜਿਵੇਂ ਉਹ ਉਥੇ ਹੀ ਖੜ੍ਹਾ ਹੋਵੇ।

ਦੂਜੇ ਦਿਨ ਉਹ ਗੋਬਿੰਦ ਧਾਮ ਪਹੁੰਚ ਕੇ ਨੀਲ ਕੰਠ ਦੇ ਨਜਾਰੇ ਦੀ ਯਾਦ ਵਿਚ ਲੀਨ ਹੋ ਕੇ ਝੂੰਮ ਰਿਹਾ ਸੀ ਕਿ ਉਸਦੀ ਮੁਲਾਕਾਤ ਇਕ ਘੋੜੇ ਵਾਲੇ ਨਾਲ ਹੋਈ ਜਿਹੜਾ ਆਪਣੀ ਰੋਟੀ ਰੋਜੀ ਲਈ ਕਈ ਸਾਲਾਂ ਤੋਂ ਹੇਮਕੁੰਟ ਸਾਹਿਬ ਦੇ ਯਾਤਰੀਆਂ ਲਈ ਘੋੜੇ ਦੀ ਕਮਾਈ ਕਰ ਰਿਹਾ ਸੀ।ਸਿੰਘ ਨੇ ਉਸ ਕੋਲੋਂ ਪੁੱਛਿਆ ਕਿ ਕੀ ਕਦੀ ਉਸਨੇ ਵੀ ਨੀਲ ਕੰਠ ਨੂੰ ਇਸ ਰੂਪ ਵਿਚ ਦੇਖਿਆ ਹੈ ਤਾਂ ਉਸਦੀ ਕੋਰੀ ਨਾਂਹ ਸੁਣ ਕੇ ਸਿੰਘ ਨੂੰ ਯਕੀਨ ਹੋ ਗਿਆ ਕਿ ਇਹੋ ਜਿਹੇ ਇਲਾਹੀ ਅਨੁਭਵ ਦਰਸ਼ਨ ਅਭਿਲਾਖੀਆਂ ਨੂੰ, ਗੁਰੂ ਕਿਰਪਾ ਨਾਲ ਹੀ ਹੁੰਦੇ ਹਨ।

******************

# ਬੀਬੀ ਗੁਰਦੀਪ ਕੌਰ ਜੀ



ਬੀਬੀ ਗੁਰਦੀਪ ਕੌਰ ਜੀ ਦੇ ਮਾਤਾ ਪਿਤਾ ਧਾਰਮਿਕ ਖਿਆਲਾਂ ਦੇ ਸਨ। ਇਹਨਾਂ ਦੇ ਪਿਤਾ ਸਰਦਾਰ ਬਹਾਦਰ ਸਰਦਾਰ ਧਰਮ ਸਿੰਘ ਜੀ ਨੇ ਸਿੰਘ ਸਭਾ ਲਹਿਰ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਕਈ ਖਾਲਸਾ ਸਕੂਲਾਂ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਵਿਚ ਮਹੱਤਵ ਪੂਰਨ ਯੋਗਦਾਨ ਪਾਇਆ। ਇਕ ਉਚ ਘਰਾਣੇ ਵਿਚ ਬੀਬੀ ਜੀ ਦੀ ਸ਼ਾਦੀ ਹੋ ਗਈ ਪਰ ਪੈਂਤੀ ਵਰ੍ਹੇ ਦੀ ਉਮਰ ਵਿਚ ਹੀ ਬੀਬੀ ਜੀ ਦੇ ਪਤੀ ਸ੍ਰਗਵਾਸ ਹੋ ਗਏ। ਗੁਰੂ ਘਰ ਦਾ ਪਿਆਰ ਤਾਂ ਬੀਬੀ ਜੀ ਨੂੰ ਵਿਰਸੇ ਵਿਚੋਂ ਹੀ ਮਿਲਿਆ ਹੋਇਆ ਸੀ,ਪਤੀ ਦੀ ਮੌਤ ਪਿਛੋਂ ਉਨ੍ਹਾਂ ਦਾ ਰਿਸ਼ਤਾ ਕਲਗੀਧਰ ਪਾਤਿਸ਼ਾਹ ਨਾਲ ਜੁੜ ਕੇ ਇਸ਼ਕ ਹਕੀਕੀ ਦੇ ਮਜੀਠੇ ਰੰਗਾਂ ਵਿਚ ਰੰਗਿਆ ਗਿਆ।

ਉਨ੍ਹਾਂ ਦਿਨਾਂ ਵਿਚ ਬਾਬਾ ਝੰਡਾ ਸਿੰਘ ਜੀ ਚੁਬੱਚਾ ਸਾਹਿਬ ਗੁਰਦਵਾਰੇ ਦੀ ਸੇਵਾ ਕਰਵਾ ਰਹੇ ਸਨ।ਬੀਬੀ ਜੀ ਨੇ ਆਪਣੇ ਸੁਹਾਗਣਾ ਵਾਲੇ ਸਾਰੇ ਗਹਿਣੇ,ਸੋਨੇ ਦੀਆਂ ਬਾਰਾਂ ਚੂੜੀਆਂ ਸਮੇਤ ਗੁਰੂ ਦੇ ਚਰਨਾਂ ਵਿਚ ਧਰ ਕੇ ਅਰਦਾਸ ਕਰਕੇ ਸੱਚੇ ਸਤਿਗੁਰੂ ਨੂੰ ਹੀ ਆਪਣਾ ਸਭ ਕੁਝ ਮੰਨ ਲਿਆ।ਸੇਵਾ ਤਿਆਗ ਅਤੇ ਨਾਮ ਬਾਣੀ ਦੀ ਕਮਾਈ ਵਾਲਾ ਜੀਵਨ ਬਤੀਤ ਕਰਦਿਆਂ ਬਹੁਤ ਸਾਰਿਆਂ ਗੁਰਦਵਾਰਿਆਂ ਦੀ ਸੇਵਾ ਕੀਤੀ।ਖਾਸ ਕਰਕੇ ਹੇਮਕੁੰਟ ਸਾਹਿਬ ਦੇ ਗੁਰਦਵਾਰਿਆਂ ਲਈ ਇਹਨਾਂ ਨੇ ਇੰਗਲੈਂਡ ਅਮਰੀਕਾ ਅਤੇ ਕੈਨੇਡਾ ਜਾ ਕੇ ਉਗਰਾਹੀ ਕੀਤੀ ਅਤੇ ਆਪਣੇ ਕੋਲੋਂ ਵੀ ਬਹੁਤ ਸਾਰਾ ਧੰਨ ਲਗਾਇਆ।

ਬੀਬੀ ਜੀ ਦੀ ਸੰਗਤ ਦਾ ਰੰਗ ਮਾਣਦਿਆਂ, ਸਤਿਗੁਰੂ ਵਲ ਮਨ ਮੋਹਿਆ ਜਾਂਦਾ ਹੈ।ਕਣ ਕਣ ਵਿਚ ਸਮਾਇਆ ਪ੍ਰਮਾਤਮਾ ਇਸ ਸੋਹਣੀ ਸ਼ਕਲ ਸੂਰਤ ਵਿਚੋਂ ਕੁਝ ਜ਼ਿਆਦਾ ਹੀ ਝਲਕਦਾ ਹੈ ।ਅੱਖੀਆਂ ‘ਚੋਂ ਵਗਦੀਆਂ ਪ੍ਰੇਮ-ਹੰਝੂਆਂ ਦੇ ਸੁੱਚੇ ਮੋਤੀਆਂ ਲੜੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਸੰਤਾਂ ਦੇ ਮਾਰਗ ਉਤੇ ਚਲਦੀ ਇਸ ਵਡਭਾਗਣ ਨੇ ਦੀਵਾਨਗੀ ਦੇ ਸਹਾਰੇ ਉੱਚੀਆਂ ਉਡਾਰੀਆਂ ਮਾਰੀਆਂ ਹਨ।ਵਸਲ-ਰਸ ਦਾ ਸੁਆਦ ਚੱਖਿਆ ਹੈ ਅਤੇ ਮਹਾਂ-ਅਨੰਦ ਦੇ ਸਾਗਰਾਂ ਵਿਚ ਤਾਰੀਆਂ ਲਾਈਆਂ ਹਨ।ਜਦੋਂ ਉਹ ਕਲਗੀਧਰ ਪਾਤਿਸ਼ਾਹ ਦੀਆਂ ਗੱਲਾਂ ਕਰਦੇ ਹੋਏ ਕਰੂਣਾਂ ਦੀ ਮੂਰਤੀ ਬਣ ਕੇ ਅਖੀਆਂ ਰਾਹੀਂ ਬਿਰਹੜੇ ਦੇ ਮੋਤੀਆਂ ਦੀਆਂ ਝੜੀਆਂ ਲਗਾਉਂਦੇ ਹਨ ਤਾਂ ਉਨ੍ਹਾਂ ਦੇ ਚੇਹਰੇ ਉਤੋਂ ਤਪ-ਸਾਧਨਾਂ ਦਾ ਰੰਗ ਚਮਕਦਾ ਹੈ।ਦਰਸ਼ਨ ਝਲਕਾਂ ਦੀਆਂ ਬਾਤਾਂ ਕਰਦੇ ਹਨ ਤਾਂ ਉਨ੍ਹਾਂ ਦੀਆਂ ਮਿੱਠੀਆਂ ਮੁਸਕਾਨਾਂ ਦੇ ਖੇੜੇ ਵਿਚੋਂ ਰੱਬ ਤਰੇਲ-ਮੋਤੀ ਬਣ ਡਲ੍ਹਕਦਾ ਹੈ।

ਕਈਆਂ ਲੋਕਾਂ ਦਾ ਕਹਿਣਾ ਹੈ ਕਿ ਰੂਹਾਨੀ ਰਾਹ ਉਤੇ ਚਲਦਿਆਂ ਜੇਕਰ ਕੋਈ ਕ੍ਰਿਸ਼ਮਾ ਦਿਖਾਈ ਦੇਵੇ ਤਾਂ ਉਸਦਾ ਜ਼ਿਕਰ ਕਿਸੇ ਕੋਲ ਨਹੀਂ ਕਰਨਾ ਚਾਹੀਦਾ। ਅਜਿਹਾ ਕਰਨ ਨਾਲ ਆਤਮਿਕ ਸ਼ਕਤੀ ਦੀ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟਾਂ ਆਉਂਦੀਆਂ ਹਨ, ਪਰ ਸੱਚੇ ਕੰਤ ਦੇ ਵੈਰਾਗ ਵਿਚ ਬਿਰਹੋਂ ਚੋਟਾਂ ਖਾਂਦੀ ਇਸ ਸੱਚੀ ਸੁਹਾਗਣ ਦਾ ਵਿਸ਼ਵਾਸ ਹੈ ਕਿ ਜੇਕਰ ਗੁਰੂ ਦੀ ਅਪਾਰ ਕਿਰਪਾ ਨਾਲ ਕੋਈ ਕ੍ਰਿਸ਼ਮਾ ਦੇਖਣ ਦਾ ਸੁਭਾਗ ਪ੍ਰਾਪਤ ਹੋ ਜਾਵੇ ਤਾਂ ਗੁਰੂ ਚਰਨਾਂ ਵਿਚ ਜੁੜੀਆਂ ਜਿੰਦੜੀਆਂ ਵਿਚ ਰਲ ਬੈਠ ਕੇ ਖੁਸ਼ੀ ਸਾਂਝੀ ਕਰਨੀ ਚਾਹੀਦੀ ਹੈ।ਗੁਰੂ-ਪ੍ਰੇਮ ਦੀ ਮਹਿਕ ਖਲਾਰ ਕੇ ਹੀ ਅਸੀਂ ਆਲੇ ਦੁਆਲੇ ਨੂੰ ਗੁਰੂ-ਚਰਨਾਂ ਨਾਲ ਬੰਨ੍ਹਣ ਵਿਚ ਕਾਮਯਾਬ ਹੋ ਸਕਦੇ ਹਾਂ। ਕੀ ਜਾਣੀਏ ? ਕੋਈ ਗੁਰੂ-ਪ੍ਰੇਮ ਦੀ ਗਲ ਸੁਣ, ਸਤਿਗੁਰਾਂ ਦੇ ਪ੍ਰੇਮ ਦਾ ਕਿਣਕਾ ਮਨ ਵਸਾ ਕੇ ਪ੍ਰੇਮ ਮਹਿਕ ਦੇ ਪਿੱਛੇ ਲੱਗ ਤੁਰੇ।

ਸੱਚ ਦੇ ਰਾਹ ਉੱਤੇ ਜਾਨ ਜੋਖੋਂ ਵਿਚ ਪਾਉਣ ਵਾਲੇ ਸੂਰਮਿਆਂ ਵਿਚੋਂ ਬੀਬੀ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਝਲਕ ਦਿਖਾਈ ਦਿੰਦੀ ਹੈ।ਇਹਨਾਂ ਸੱਚ ਦੇ ਰਾਹੀਆਂ ਨੂੰ ਦੁੱਖਾਂ ਦੇ ਬੇਲਣੇ ਵਿਚ ਪੀੜ ਹੁੰਦਾ ਦੇਖ ਉਹ ਉਨ੍ਹਾਂ ਦਾ ਦਰਦ ਹੰਢਾਉਂਦੇ ਹੋਏ ਕਹਿੰਦੇ ਹਨ ਕਿ ਜਿਹੜਾ ਗੰਨਾ ਬੇਲਣੇ ਵਿਚ ਪੀੜ ਹੋਏਗਾ ਰਸ ਉਸੇ ਵਿਚੋਂ ਹੀ ਨਿਕਲੇਗਾ।ਜੋ ਪੀੜ ਹੋਣ ਦੇ ਡਰ ਤੋਂ ਬੇਲਣੇ ਤੋਂ ਦੂਰ ਰਹਿ ਕੇ ਫਿਕਰਾਂ ਝੋਰਿਆਂ ਦੀ ਤਪਸ਼ ਵਿਚ ਸੜ ਭੁਜ ਜਾਏਗਾ ਉਸ ਗੰਨੇ ਨੇ ਕਿਸੇ ਦੇ ਕੰਮ ਨਹੀਂ ਆਉਣਾ।

ਯਤੀਮੀ ਦੇ ਸੇਕ ਨਾਲ ਲੂਸਦਿਆਂ ਬੱਚਿਆਂ ਨੂੰ ਉਹ ਦਾਦੀ ਮਾਂ ਦੀ ਠੰਡੀ ਮਿੱਠੀ ਛਾਂ ਦਿੰਦੇ ਹਨ।ਉਨ੍ਹਾਂ ਦੀ ਕਠਿਨ ਅਤੇ ਅਣਥੱਕ ਮੇਹਨਤ ਨਾਲ ਮਰਦੀਆਂ ਮੁਕਦੀਆਂ ਜਿੰਦਾਂ ਵਿਚੋਂ ਨਵਾਂ ਜੀਵਨ ਪੁੰਗਰਦਾ ਹੈ। ਜਦੋਂ ਦੁਖਦੇ ਦਿਲਾਂ ਉਤੇ ਉਹ ਹਮਦਰਦੀ ਦੇ ਫਹੇ ਰੱਖਦੇ ਹਨ ਤਾਂ ਲਾਵਾਰਸਾਂ ਨੂੰ ਆਪਣੇ ਵਿਰਸੇ ਵਿਚੋਂ ਮਿਲੀ ਸੂਰਮਗਤੀ ਦਾ ਅਹਿਸਾਸ ਹੁੰਦਾ ਹੈ।ਪਵਿਤਰ ਖੂਨ ਵਿਚ ਅਣਖ ਦੀ ਰੌਅ ਰੁਮਕਦੀ ਹੈ ਅਤੇ ਗੁਰਸਿਖੀ ਦੀਆਂ ਲੱਗਰਾਂ ਫੁਟਦੀਆਂ ਹਨ। ਬੀਬੀ ਜੀ ਦੀ ਸ਼ਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਕਈਆਂ ਦੇ ਜੀਵਨ ਸਤਿਗੁਰੂ ਪ੍ਰੇਮ ਨਾਲ ਮਹਿਕੇ ਹਨ।ਕਈਆਂ ਨੇ ਬੁਰਾਈਆਂ ਭਰੇ ਜੀਵਨ ਵਿਚੋਂ ਨਿਕਲ ਕੇ ਗੁਰਸਿੱਖੀ ਵਾਲੇ ਜੀਵਨ ਦੇ ਲਾਹੇ ਪ੍ਰਾਪਤ ਕੀਤੇ ਹਨ।ਬੇਮੁਖਾਂ ਦੇ ਜੀਵਨ ਵਿਚ ਸਚ ਦੀ ਚੰਗਿਆਈ ਭਖਾਉਣੀ ਬਹੁਤ ਹੀ ਉਚਾ ਅਤੇ ਸੁੱਚਾ ਕਰਮ ਹੈ ਤੇ ਬੀਬੀ ਜੀ ਇਹ ਕਰਮ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ ਕਦੀ ਕੋਈ ਮੌਕਾ ਹਥੋਂ ਜਾਣ ਨਹੀਂ ਦਿੰਦੇ।



*****************

# ਮਾਤਾ ਰਾਮ ਕੌਰ ਜੀ

ਮਾਤਾ ਰਾਮ ਕੌਰ ਜੀ ਨੇ ਆਪਣੇ ਜੀਵਨ-ਬੂਟੇ ਨੂੰ ਨਾਮ ਬਾਣੀ ਨਾਲ ਸਿੰਜਿਆ ਹੋਇਆ ਹੈ।ਪੂਰਬਲੇ ਜਨਮਾਂ ਦੀ ਕਮਾਈ ਅਤੇ ਇਸ ਜਨਮ ਦੀ ਤਪ-ਸਾਧਨਾ ਨਾਲ ਉਨ੍ਹਾਂ ਦਾ ਜੀਵਨ ਗੁਰੂ-ਮਿਲਾਪ ਦੇ ਖੇੜਿਆਂ ਨਾਲ ਖਿੜਿਆ ਹੋਇਆ ਹੈ।ਸ਼ਹੀਦਾਂ ਸਿੰਘਾਂ ਦੀ ਕਿਰਪਾ ਨਾਲ ਉਹ ਦੂਰਾਂ ਦੂਰਾਂ ਦੀ ਸੈਰ,ਆਤਮਿਕ ਉਡਾਰੀਆਂ ਨਾਲ ਹੀ ਕਰ ਆਉਂਦੇ ਹਨ।ਉਹ ਬਚਪਨ ਤੋਂ ਹੀ ਨਾਮ ਬਾਣੀ ਨਾਲ ਜੁੜੇ ਹੋਏ ਹਨ।ਇਹਨਾਂ ਦੇ ਪਿਤਾ ਜੀ ਅਭਿਆਸੀ ਸਿੰਘ ਸਨ।ਸੰਤ ਪਿਤਾ ਨੂੰ ਨਾਮ ਰਸ ਵਿਚ ਲੀਨ ਦੇਖ, ਉਹ ਨੌ ਦਸ ਸਾਲ ਦੀ ਉਮਰ ਵਿਚ ਹੀ ਸਮਾਧੀ ਲਗਾ ਕੇ ਪਿਤਾ ਜੀ ਦੀ ਰੀਸ ਕਰਨ ਲੱਗੇ ਰਹਿੰਦੇ ਸੀ।ਉਹਨਾਂ ਨੂੰ ਇਹ ਤਾਂ ਪਤਾ ਨਹੀਂ ਸੀ ਕਿ ਪਿਤਾ ਜੀ ਕਿਹੜਾ ਨਾਮ ਜਪਦੇ ਹਨ, ਮਾਤਾ ਜੀ ਵੈਸੇ ਹੀ ਮੂੰਹ ਉਤੇ ਚੁੰਨੀ ਪਾ ਕੇ,ਅੱਖੀਆਂ ਮੀਟੀ ਚੌਕੜੀ ਮਾਰ ਕੇ ਬੈਠ ਜਾਂਦੇ ਅਤੇ ਬੁਲ੍ਹ ਹਿਲਾਉਂਦੇ ਰਹਿੰਦੇ।ਉਨ੍ਹਾਂ ਨੇ ਗੁਰਮੁੱਖ ਪਿਤਾ ਦੇ ਸਤਸੰਗੀ ਨਾਮ ਰਸੀਆਂ ਕੋਲੋਂ ਨਾਮ ਬਾਣੀ ਦਾ ਗਿਆਨ ਪ੍ਰਾਪਤ ਕੀਤਾ।ਸੰਤ ਵਸਾਖਾ ਸਿੰਘ ਜੀ ਦੀ ਮਦਦ ਨਾਲ ਮਾਤਾ ਜੀ ਨੂੰ ਇਕਾਗਰ ਚਿੱਤ ਹੋ ਕੇ ਨਾਮ ਅਭਿਆਸ ਦੇ ਰਸਤੇ ਉਤੇ ਚੱਲਣ ਲਈ ਬੜੀ ਸਫਲਤਾ ਮਿਲੀ।

ਸੰਤ ਪਿਤਾ ਦੀ ਸੰਗਤ ਪਿਛੋ ਇਹਨਾਂ ਨੂੰ ਗੁਰਮੱਖ ਪਤੀ ਦੀ ਸੰਗਤ ਮਾਨਣ ਦਾ ਅਵਸਰ ਮਿਲਿਆ।ਜਿਸ ਨਾਲ ਇਹਨਾਂ ਦੇ ਦਿਲ ਵਿਚ ਗੁਰੂ-ਪ੍ਰੇਮ ਬਣਿਆ ਰਿਹਾ ਅਤੇ ਘਰ ਵਿਚ ਨਾਮ ਬਾਣੀ ਦਾ ਪਰਵਾਹ ਵੀ ਚਲਦਾ ਰਿਹਾ।ਜਦੋਂ ਇਹਨਾਂ ਦੀ ਉਮਰ ੭੫ ਸਾਲ ਦੀ ਸੀ ਤਾਂ ਇਹਨਾਂ ਦੇ ਪਤੀ ਅਕਾਲ ਚਲਾਣਾ ਕਰ ਗਏ।ਇਕ ਦਿਨ ਪਹਿਲਾਂ,ਇਕ ਨੂਰਾਨੀ ਪ੍ਰਕਾਸ਼ ਦਾ ਗੋਹੜਾ ਕਮਰੇ ਵਿਚ ਘੁੰਮਦਾ ਦੇਖ ਮਾਤਾ ਜੀ ਨੂੰ ਪਤੀ ਦੀ ਮੌਤ ਦਾ ਪਹਿਲਾਂ ਹੀ ਪਤਾ ਲੱਗ ਗਿਆ।ਗ੍ਰਹਿਸਤੀ ਪਰਿਵਾਰ ਵਿਚ ਮਾਤਾ ਜੀ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ।ਇਹਨਾਂ ਦੇ ਦੋ ਪੁੱਤਰ ਆਪਣੇ ਪਰਿਵਾਰਾਂ ਨੂੰ ਮਾਤਾ ਜੀ ਦੇ ਸਹਾਰੇ ਛੱਡ ਕੇ ਪ੍ਰਲੋਕ ਸਿਧਾਰ ਗਏ।ਔਕੜਾਂ ਵਿਚ ਮਾਤਾ ਜੀ ਨੇ ਦਿਲ ਨਹੀਂ ਹਾਰਿਆ ਸਗੋਂ ਗੁਰਸਿੱਖਾਂ ਵਾਂਗੂੰ ਦੁੱਖਾਂ ਦਾ ਡਟ ਕੇ ਮੁਕਾਬਲਾ ਕੀਤਾ।ਹੁਣ ੭੭ ਸਾਲ ਦੀ ਉਮਰ ਵਿਚ ਵੀ ਉਨ੍ਹਾਂ ਦਾ ਸਰੀਰ ਬੜਾ ਚੁਸਤ ਹੈ ਅਤੇ ਹਰ ਸਾਲ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾਂਦੇ ਹਨ।

ਹੇਮਕੁੰਟ ਸਾਹਿਬ ਵਾਰੇ ਗੱਲਾਂ ਕਰਦਿਆਂ ਉਹ ਦੱਸਦੇ ਹਨ ਕਿ ਪਹਿਲਾਂ ਤਪੋਸਥਾਨ ਦੇ ਪਹਾੜ ਫੁੱਲਾਂ ਨਾਲ ਭਰੇ ਹੋਏ ਹੁੰਦੇ ਸਨ।ਪਰ ਹੁਣ ਉਥੇ ਨਾ ਹੀ ਐਨੇ ਫੁੱਲ ਖਿੜਦੇ ਹਨ ਅਤੇ ਨਾ ਹੀ ਉਨ੍ਹਾਂ ਉਤੇ ਪਹਿਲੇ ਵਾਲਾ ਖੇੜਾ ਤੇ ਰੰਗ ਦਿਖਾਈ ਦਿੰਦਾ ਹੈ।ਪਹਿਲੇ ਸਰੋਵਰ ਬੜੇ

ਵਿਸ਼ਾਲ ਘੇਰੇ ਵਿਚ ਫੈਲਿਆ ਹੋਇਆ ਸੀ।ਪਰ ਹੁਣ ਸਰੋਵਰ ਬਹੁਤ ਥੋੜੇ ਜਿਹੇ ਘੇਰੇ ਵਿਚ ਹੀ ਰਹਿ ਗਿਆ ਹੈ।

ਮਾਤਾ ਰਾਮ ਕੌਰ ਜੀ ਨੇ ਹਰ ਸਾਲ ਜਥੇ ਲਿਜਾ ਕੇ ਹੇਮਕੁੰਟ ਸਾਹਿਬ ਗੁਰਦੁਆਰਿਆਂ ਦੀ ਬਹੁਤ ਸੇਵਾ ਕੀਤੀ।ਗੋਬਿੰਦ ਘਾਟ ਵਿਖੇ ਬੀਬੀ ਗੁਰਦੀਪ ਕੌਰ ਜੀ ਅਤੇ ਮਾਤਾ ਰਾਮ ਕੌਰ ਜੀ ਦੇ ਨਾਮ ਉਤੇ, ਨਦੀ ਦੇ ਕੰਢੇ ਉਤੇ ਦੋ ਕਮਰੇ ਬਣੇ ਹੋਏ ਹਨ।ਕੁਦਰਤ ਦੇ ਰੰਗ ਮਾਨਣ ਲਈ, ਅੱਗੇ ਵਰਾਂਡਾ ਹੈ, ਪੈਰਾਂ ਵਿਚ ਨਦੀ ਵਗਦੀ ਹੈ ਤੇ ਸਾਹਮਣੇ ਉੱਚੇ ਲੰਬੇ ਪਹਾੜਾਂ ਦਾ ਖੂਬਸੂਰਤ ਨਜਾਰਾ ਹੈ।ਨਾਮ ਅਭਿਆਸੀ ਯਾਤਰੂਆਂ ਲਈ,ਕੁਦਰਤ ਦੀ ਗੋਦ ਵਿਚ ਬਣੇ,ਇਨ੍ਹਾਂ ਕਮਰਿਆਂ ਵਿਚ ਬੈਠ ਕੇ ਨਾਮ-ਰਸ ਦੇ ਗੂੜ੍ਹੇ ਰੰਗ ਮਾਨਣ ਦਾ ਸੁਨਹਿਰੀ ਮੌਕਾ ਪ੍ਰਾਪਤ ਹੁੰਦਾ ਹੈ।ਇਸੇ ਕਰਕੇ ਹੀ ਇਨ੍ਹਾਂ ਕਮਰਿਆਂ ਨੂੰ ਕੁਟੀਆ ਕਿਹਾ ਜਾਂਦਾ ਹੈ।

ਮਾਤਾ ਜੀ ਦਾ ਜੀਵਨ ਚੋਜੀ ਪ੍ਰੀਤਮ ਦੇ ਪ੍ਰੇਮ-ਵੈਰਾਗ ਨਾਲ ਰੰਗਿਆ ਹੋਇਆ ਹੈ।ਹਰ ਸਾਲ ਯਾਤਰਾ ਦੌਰਾਨ ਕਈ ਅਦਭੁਤ ਘਟਨਾਵਾਂ ਵਰਤਦੀਆਂ ਦੇਖ ਕੇ ਯਾਤਰੂ ਬੜੇ ਪ੍ਰਭਾਵਿਤ ਹੁੰਦੇ ਹਨ ਪਰ ਘਰ ਵਿਚ ਵੀ ਉਨ੍ਹਾਂ ਦਾ ਜੀਵਨ ਗੁਰੂ ਜੀ ਦੀਆਂ ਰੰਗਲੀਆਂ ਖੇਡ੍ਹਾਂ ਤੋਂ ਖਾਲੀ ਨਹੀਂ ਹੈ।ਇਕ ਵਾਰੀ ਦਸ਼ਮੇਸ਼ ਪਿਤਾ ਨੇ ਇਕ ਰੰਗੀਨ ਖੇਡ੍ਹ ਖੇਡ੍ਹੀ।ਰਾਤ ਦੇ ਬਾਰਾਂ ਵਜੇ ਸਨ।ਮਾਤਾ ਜੀ ਨਾਮ ਬਾਣੀ ਵਿਚ ਲੀਨ ਆਪਣੇ ਕਮਰੇ ਵਿਚ ਬੈਠੇ ਹੋਏ ਸਨ ਕਿ ਉਨ੍ਹਾਂ ਦੇ ਸਾਹਮਣੇ ਦੋ ਉੱਚੇ ਲੰਬੇ ਸਿੰਘ ਆ ਕੇ ਖੜ੍ਹ ਗਏ ਅਤੇ ਬੜੇ ਅਦਬ ਸਤਿਕਾਰ ਨਾਲ ਕਹਿਣ ਲੱਗੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਹਰ ਖੜ੍ਹੇ ਹਨ ਤੇ ਮਾਤਾ ਜੀ ਨੂੰ ਬੁਲਾ ਰਹੇ ਹਨ।ਮਾਤਾ ਜੀ ਉਠ ਕੇ ਕਮਰੇ ਦੇ ਹਨੇਰੇ ਵਿਚੋਂ ਬਾਹਰ ਨਿਕਲੇ ਤਾਂ ਸੱਜੇ ਪਾਸਿਓਂ ਇਕ ਨੂਰੀ ਚਾਨਣ ਦਾ ਝਲਕਾਰਾ ਪਿਆ।ਕਿਰਣਾਂ ਦੀ ਬੁਛਾੜ ਵਲ ਜਾਣ ਲਈ ਜਦ ਉਹ ਉਸੇ ਪਾਸੇ ਮੁੜੇ ਤਾਂ ਸਾਹਮਣੇ ਸੱਚੀਂ ਮੁੱਚੀਂ ਨੀਲੇ ਘੋੜੇ ਤੇ ਸਵਾਰ ਨੂਰਾਨੀ ਨੁਹਾਰ ਵਾਲੇ ਸੱਚੇ ਪਾਤਿਸ਼ਾਹ ਖੜ੍ਹੇ ਸਨ।ਬੜੇ ਹੀ ਭਾਵੁਕ ਹੋ ਕੇ ਮਾਤਾ ਜੀ ਉਸੇ ਪਾਸੇ ਦੌੜੇ ਤੇ ਜਾਂਦਿਆਂ ਹੀ ਗੁਰੂ ਜੀ ਦੇ ਚਰਨ-ਕਮਲਾਂ ਨੂੰ ਰਕਾਬ ਸਮੇਤ ਦੋਨਾਂ ਹੱਥਾਂ ਨਾਲ ਫੜ ਕੇ ਸੀਸ ਝੁਕਾਇਆ।

ਘੋੜੇ ਉਤੇ ਸਵਾਰ ਸਤਿਗੁਰਾਂ ਨੇ ਝੁਕ ਕੇ ਆਪਣੇ ਹੱਥਾਂ ਨਾਲ ਮਾਤਾ ਜੀ ਦਾ ਸਿਰ ਉਪਰ ਚੁੱਕਿਆ ਤੇ ਮਾਤਾ ਜੀ ਨੂੰ ਹੇਮਕੁੰਟ ਸਾਹਿਬ ਦੇ ਗੁਰਦੁਆਰੇ ਦਾ ਨੀਂਹ ਪੱਥਰ ਰੱਖਣ ਦਾ ਆਦੇਸ਼ ਦਿੱਤਾ।ਗੁਰ ਸੰਗਮ ਦੇ ਅਨੰਦ ਵਿਚ ਖੀਵੇ ਹੋਏ ਮਾਤਾ ਜੀ ਨੇ ਕਿਹਾ ਕਿ ਉਹ ਹੇਮਕੁੰਟ ਸਾਹਿਬ ਵਾਰੇ ਕੁਝ ਨਹੀਂ ਜਾਣਦੇ।

ਗੁਰੂ ਜੀ ਨੇ ਮਾਤਾ ਜੀ ਦਾ ਮੂੰਹ ਠੋਡੀ ਤੋਂ ਫੜ ਕੇ ਉਪਰ ਅਕਾਸ਼ ਵਲ ਕਰ ਦਿੱਤਾ ਅਤੇ ਕਿਹਾ, ''ਜਾਓ... ਦੇਖ ਆਓ.... ?'' ਤਦ ਮਾਤਾ ਜੀ ਨੂੰ ਇਉਂ ਲੱਗਿਆ ਜਿਵੇਂ ਉਹ ਉਥੋਂ

ਚੱਲ ਪਏ ਹੋਣ।ਪੰਜਾਬ ਵਿਚੋਂ ਨਿਕਲ ਗਏ।ਕਈ ਥਾਵਾਂ ਨੂੰ ਪਾਰ ਕਰ ਗਏ।ਫਿਰ ਪਹਾੜ ਆ ਗਏ।ਨਦੀਆਂ ਦਿਸਣ ਲੱਗ ਪਈਆਂ।ਗੋਬਿੰਦ ਧਾਮ ਦੇ ਝਰਨੇ ਕੋਲ ਜਾ ਪਹੁੰਚੇ।ਇਸ ਝਰਨੇ ਦੇ ਕੋਲੋਂ ਹੀ ਉਨ੍ਹਾਂ ਨੇ ਉੱਚੇ ਪਹਾੜਾਂ ਦੀ ਚੜ੍ਹਾਈ ਸ਼ੁਰੂ ਕੀਤੀ।ਬਹੁਤ ਸਖਤ ਚੜ੍ਹਾਈ ਸ਼ੁਰੂ ਹੋ ਗਈ ਰਸਤਾ ਕੋਈ ਨਹੀਂ ਸੀ।ਆਪਣਾ ਰਸਤਾ ਆਪ ਬਣਾਉਂਦਿਆਂ ਹੀ ਜਾ ਰਹੇ ਸਨ।ਸਖਤ ਚੜ੍ਹਾਈ ਕਾਰਨ ਮਾਤਾ ਜੀ ਦੇ ਗੋਡੇ ਰਗੜੇ ਗਏ।ਪੈਰ ਸੁੱਜ ਗਏ।ਬੂਟੇ ਝਾੜੀਆਂ ਫੜ ਫੜ ਕੇ ਹੱਥਾਂ ਵਿਚ ਝਰੀਟਾਂ ਪੈ ਗਈਆਂ।ਅਖੀਰ ਹੇਮਕੁੰਟ ਸਾਹਿਬ ਪਹੁੰਚ ਗਏ।ਸਰੋਵਰ ਕੰਢੇ ਬੈਠ ਕੇ,ਬੁੱਕ ਭਰ ਭਰ ਅੰਮ੍ਰਿਤ ਜਲ ਛਕਿਆ।ਤਦ ਖਿਆਲ ਆਇਆ ਕਿ ਕੀ ਇਹੋ ਹੀ ਹੇਮਕੁੰਟ ਹੈ?

ਮਾਤਾ ਜੀ ਨੇ ਇੱਕ ਛੋਟੇ ਜਿਹੇ ਕਮਰੇ ਅੱਗੇ ਝੂਲਦਾ ਕੇਸਰੀ ਨਿਸ਼ਾਨ ਸਾਹਿਬ ਦੇਖਿਆ।ਤਦ ਗੁਰੂ ਜੀ ਉਥੇ ਆ ਹਾਜਰ ਹੋਏ।ਉਹ ਪੂਰੇ ਜਲੌ ਵਿਚ ਸਨ।ਬਹੁਤ ਹੀ ਸੋਹਣਾ ਚਮਕੀਲਾ ਸ਼ਾਹੀ ਲਿਬਾਸ-ਸੀਸ ਉਤੇ ਕਲਗੀ ਸਜਾਈ ਹੋਈ, ਪੂਰੇ ਸ਼ਸਤਰਾਂ ਨਾਲ ਸਜੇ ਹੋਏ ਸਨ ਅਤੇ ਉਨ੍ਹਾਂ ਦੇ ਨਾਲ ਚਾਰੋਂ ਸਾਹਿਬਜ਼ਾਦੇ ਵੀ ਇਸੇ ਤਰ੍ਹਾਂ ਸ਼ਾਹੀ ਠਾਠ ਬਾਠ ਵਿਚ ਸਨ।ਗੁਰੂ ਜੀ ਘੋੜੇ ਉੱਪਰ ਚੜ੍ਹਨ ਲੱਗੇ ਸਨ।ਇਕ ਹੱਥ ਨਾਲ ਕਾਠੀ ਫੜੀ ਹੋਈ ਸੀ।ਇਕ ਪੈਰ ਜ਼ਮੀਨ ਉਤੇ ਦੂਜਾ ਰਕਾਬ ਵਿਚ, ਮਾਤਾ ਜੀ ਦੀ ਨਜ਼ਰੀਂ ਪੈ ਗਏ? ਮਾਤਾ ਜੀ ਗੁਰੂ ਜੀ ਵਲ ਦੌੜੇ ਉੱਚੀ ਉੱਚੀ ਕਹਿਣ ਲੱਗੇ, “ਗੁਰੂ ਜੀ ! ਗੁਰੂ ਜੀ !! ਠਹਿਰੋ ! ਮੈਨੂੰ ਦਸ ਕੇ ਜਾਇਓ ਕਿ ਹੇਮਕੁੰਟ ਇਹੀ ਹੈ? ਗੁਰ ਜੀ ਨੇ ਹੱਥ ਦਾ ਇਸ਼ਾਰਾ ਕਰਦੇ ਹੋਏ ਕਿਹਾ, ਹਾਂ ਇਹੀ ਹੈ ਹੇਮ ਕੁੰਟ.... ਇਹੀ ਹੈ ।'' ਏਨੀ ਗੱਲ ਕਹਿੰਦਿਆਂ ਹੀ ਗੁਰੂ ਜੀ ਘੋੜੇ ਉਤੇ ਸਵਾਰ ਹੋ ਗਏ ਅਤੇ ਚਾਰੋ ਸਾਹਿਬਜ਼ਾਦਿਆਂ ਸਮੇਤ ਹਵਾ ਵਾਂਗੂੰ ਤੇਜ਼ ਘੋੜਾ ਦੌੜਾਈ ਅਲੋਪ ਹੋ ਗਏ।

ਮਾਤਾ ਜੀ ਨੇ ਉਤਰਾਈ ਸ਼ੁਰੂ ਕੀਤੀ।ਜਿੰਨ੍ਹੀ ਰਾਹੀਂ ਗਏ ਸੀ, ਉਨ੍ਹੀ ਰਾਹੀਂ ਹੀ ਵਾਪਸ ਆ ਗਏ ਜਿੱਥੋਂ ਚੱਲੇ ਸੀ, ਉਥੇ ਹੀ ਵਾਪਸ ਪਹੁੰਚੇ ਗਏ, ਆਪਣੇ ਘਰ ਦੇ ਵੇਹੜੇ ਵਿਚ।ਉਸੇ ਤਰ੍ਹਾਂ ਹੀ ਸਾਹਮਣੇ ਗੁਰੂ ਜੀ ਘੋੜੇ ਉਪਰ ਬੈਠੇ ਸਨ।ਗੁਰੂ ਜੀ ਨੇ ਕਿਹਾ, ''ਦੇਖ ਆਏ?'' ਮਾਤਾ ਜੀ ਕਹਿੰਦੇ, “ਹਾਂ ਜੀ ਮਹਾਰਾਜ ! ਦੇਖ ਲਿਆ।ਤੁਸੀਂ ਵੀ ਤਾਂ ਓਥੇ ਹੀ ਸੀ...ਮਹਾਰਾਜ !”

ਗੁਰੂ ਜੀ ਨੇ ਮਾਤਾ ਜੀ ਨੂੰ ਨੀਂਹ-ਪੱਥਰ ਰੱਖਣ ਦੀ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਅੱਠ ਦਿਨ ਮਗਰੋਂ ਉਨ੍ਹਾਂ ਨੂੰ ਇਕ ਇਸ਼ਤਿਹਾਰ ਮਿਲੇਗਾ।ਉਸ ਇਸ਼ਤਿਹਾਰ ਦੇ ਪ੍ਰੋਗਰਾਮ ਅਨੁਸਾਰ ਉਹ ਸੰਗਤ ਨਾਲ ਮਿਲ ਕੇ ਹੇਮਕੁੰਟ ਜਾਣ..!

ਤਦ ਗੁਰੂ ਜੀ ਨੇ ਜਾਣ ਦੀ ਤਿਆਰੀ ਕੀਤੀ।ਘੋੜੇ ਦੀ ਕਾਠੀ ਦੀਆਂ ਰਕਾਬਾਂ ਫੜ ਕੇ ਦੋਨੋਂ ਸਿੰਘ ਆਸੇ ਪਾਸੇ ਲਟਕਣ ਲਈ ਤਿਆਰ ਹੋ ਗਏ।ਘੋੜੇ ਨੇ ਚਾਰੋ ਪੌੜ ਉੱਪਰ ਚੁੱਕੇ ਤੇ ਉੱਚਾ ਉੱਡਣ ਲੱਗਿਆ।ਪਲ ਦੋ ਪਲ ਵਿਚ ਹੀ ਮਾਤਾ ਜੀ ਦੇ ਸਿਰ ਤੋਂ ਉੱਪਰ ਉੱਡ ਗਿਆ।ਹੌਲੀ

ਹੌਲੀ ਉਪਰ ਉੱਡਦਾ ਗਿਆ। ਹੋਰ ਉਪਰ ਉੱਡਦਾ ਗਿਆ, ਬਹੁਤ ਉਪਰ ਜਾ ਕੇ ਹੇਮਕੁੰਟ ਸਾਹਿਬ ਵਲ ਉੱਡਣਾ ਸ਼ੁਰੂ ਹੋ ਗਿਆ। ਗੁਰੂ ਜੀ ਘੋੜੇ ਉਪਰ ਸਵਾਰ, ਆਲੇ ਦੁਆਲੇ ਰਕਾਬਾਂ ਫੜੀ ਲਟਕਦੇ ਹੋਏ ਦੋਨੋਂ ਸਿੰਘ ਉੱਡੇ ਜਾ ਰਹੇ ਸਨ। ਅਜੀਬ ਨਜ਼ਾਰਾ ਸੀ... ਮਾਤਾ ਜੀ ਦੀਆਂ ਨਜ਼ਰਾਂ ਇਸੇ ਨਜ਼ਾਰੇ ਉਤੇ ਟਿਕੀਆਂ ਰਹੀਆਂ। ਪਹਿਲਾਂ ਤਾਂ ਸਾਫ ਸਾਫ ਦਿਖਾਈ ਦੇ ਰਿਹਾ ਸੀ ਫਿਰ ਥੋੜਾ ਥੋੜਾ ਦਿਖਾਈ ਦੇਣ ਲੱਗਾ ਅਤੇ ਦੇਖਦੇ ਦੇਖਦੇ ਹੀ ਉਹ ਨੂਰ ਦਾ ਇਕ ਫੰਬਾ ਉਡਿਆ ਜਾ ਰਿਹਾ ਦਿਖਾਈ ਦੇਣ ਲੱਗਿਆ ਅਤੇ ਅਖੀਰ ਰਿਸ਼ਮਾ ਨਾਲ ਭਰਿਆ ਹੋਇਆ ਇਕ ਤਾਰਾ ਦਿਖਾਈ ਦੇਣ ਲੱਗਾ, ਤੇ ਫਿਰ ਤਾਰਾ ਵੀ ਅੱਖੀਓਂ ਓਹਲੇ ਹੋ ਗਿਆ। ਇਸ ਪਿਛੋਂ ਮਾਤਾ ਜੀ ਦੀ ਜ਼ੁਬਾਨ ਐਸੀ ਸੂਤੀ ਗਈ ਕਿ ਮੂੰਹੋਂ ਕੋਈ ਗੱਲ ਨਾ ਨਿਕਲੇ। ਨਾ ਕੁਝ ਖਾਣ ਨੂੰ ਦਿਲ ਕਰੇ ਤੇ ਨਾ ਹੀ ਕੁਝ ਪੀਣ ਨੂੰ। ਸੁਰਤੀ ਘੋੜੇ ਦੇ ਨਾਲ ਹੀ ਉਸੇ ਪਾਸੇ ਉੱਡ ਗਈ। ਉਨ੍ਹਾਂ ਅੱਠ ਦਿਨਾਂ ਪਿੱਛੋਂ ਆਉਣ ਵਾਲੇ ਇਸ਼ਤਿਹਾਰ ਦੀ ਉਡੀਕ ਕਰਨੀ ਸ਼ੁਰੂ ਕਰ ਦਿੱਤੀ। ਦਿਨ ਗਿਣਨ ਲੱਗੇ, ਬੜੀ ਬੇਸਬਰੀ ਨਾਲ ਇਸ਼ਤਿਹਾਰ ਉਡੀਕਣ ਲੱਗੇ।

ਉਨ੍ਹਾਂ ਦੇ ਪੈਰਾਂ ਦੀ ਸੋਜਸ਼ ਦਾ ਇਲਾਜ ਹੋਣ ਲੱਗਾ, ਡਾਕਟਰਾਂ ਦਾ ਖਿਆਲ ਸੀ ਕਿ ਬਿਮਾਰੀ ਦੀ ਵਜਹ ਨਾਲ ਪੈਰ ਸੁੱਜੇ ਹਨ। ਕਿਸੇ ਨੂੰ ਪਤਾ ਨਾ ਲੱਗਾ ਕਿ ਪੈਰ ਕਿਉਂ ਸੁੱਜੇ ਹਨ। ਅਖੀਰ ਉਹ ਦਿਨ ਆ ਗਿਆ ਜਿਸ ਦਿਨ ਦੀ ਬੌਰੇ ਹੋ ਚੁਕੇ ਮਾਤਾ ਜੀ ਨੂੰ ਉਡੀਕ ਸੀ। ਗੁਰਦਵਾਰੇ ਤੋਂ ਇਕ ਸਿੰਘ ਆਇਆ ਅਤੇ ਉਨ੍ਹਾਂ ਦੇ ਪਤੀ ਨੂੰ ਇਸ਼ਤਿਹਾਰ ਦੇ ਕੇ ਚਲਾ ਗਿਆ। ਗੁਰਮੁਖ ਪਤੀ ਇਸ਼ਤਿਹਾਰ ਦੇਖਕੇ ਬੜੇ ਖੁਸ਼ ਹੋਏ ਅਤੇ ਹੇਮਕੁੰਟ ਸਾਹਿਬ ਜਾਣ ਲਈ ਤਿਆਰ ਹੋ ਗਏ। ਜਦੋਂ ਉਨ੍ਹਾਂ ਮਾਤਾ ਜੀ ਨੂੰ ਇਸ਼ਤਿਹਾਰ ਦਿਖਾਇਆ ਤਾਂ ਮਾਤਾ ਜੀ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਬੰਦ ਹੋਈ ਜ਼ਬਾਨ ਚੱਲਣ ਲੱਗ ਪਈ। ਉਨ੍ਹਾਂ ਨੇ ਵੀ ਹੇਮਕੁੰਟ ਸਾਹਿਬ ਜਾਣ ਦੀ ਇੱਛਾ ਪਰਗਟ ਕੀਤੀ। ਪਰ ਉਹਨਾਂ ਦੇ ਪਤੀ ਨੇ ਪੈਰਾਂ ਦੀ ਸੋਜਿਸ਼ ਕਾਰਨ ਯਾਤਰਾ ਕਰਨ ਤੋਂ ਮਨ੍ਹਾ ਕੀਤਾ। ਮਾਤਾ ਜੀ ਨੇ ਸੱਚੇ ਪਾਤਿਸ਼ਾਹ ਦੀ ਕਿਰਪਾ ਨਾਲ ਯਾਤਰਾ ਵਿਚ ਸਾਰੇ ਦੁੱਖ ਦੂਰ ਹੋ ਜਾਣ ਦਾ ਭਰੋਸਾ ਦਿਵਾਇਆ ਤਾਂ ਉਹ ਮੰਨ ਗਏ।

ਮਿੱਥੀ ਹੋਈ ਤਰੀਖ 'ਤੇ ਉਹ ਦੋਨੋਂ ਸਟੇਸ਼ਨ ਉਤੇ ਪਹੁੰਚੇ ਤੇ ਸੰਗਤ ਨਾਲ ਜਾ ਮਿਲੇ। ਜਥੇਦਾਰ ਸ਼ਮਸ਼ੇਰ ਸਿੰਘ ਨੇ ਉਨ੍ਹਾਂ ਦਾ ਬੜਾ ਆਦਰ ਸਤਿਕਾਰ ਕੀਤਾ। ਗੋਬਿੰਦ ਘਾਟ ਪਹੁੰਚੇ ਤਾਂ ਮਾਤਾ ਜੀ ਨੇ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਨੀਂਹ ਪੱਥਰ ਰਖਵਾਉਣ ਵਾਲੀ ਸਾਰੀ ਗੱਲ ਸੁਣਾਈ। ਮਾਤਾ ਜੀ ਦੇ ਮੂੰਹੋਂ ਸੱਚੇ ਪਾਤਿਸ਼ਾਹ ਦੇ ਨਿਆਰੇ ਚੋਜਾਂ ਦੀ ਕਹਾਣੀ ਸੁਣ ਕੇ ਸੰਗਤ ਦੇ ਸੀਨੇ ਗੁਰੂ ਪ੍ਰੇਮ ਨਾਲ ਵਿਨ੍ਹੇ ਗਏ। ਦੂਜੇ ਦਿਨ ਸਾਰੀ ਸੰਗਤ ਗੋਬਿੰਦ ਧਾਮ ਪਹੁੰਚੀ, ਉਹੀ ਝਰਨਾ ਅਤੇ ਉਹੀ ਪਹਾੜ ਦੇਖ ਮਾਤਾ ਜੀ ਸਤਿਗੁਰਾਂ ਦੀ ਯਾਦ ਵਿਚ ਗੁੰਮ ਹੋਈ ਜਾ ਰਹੇ

ਸੀ।ਮੂੰਹੋਂ ਕੁਝ ਨਹੀਂ ਸੀ ਬੋਲਿਆ ਜਾਂਦਾ।ਜਿਹੜੀ ਥਾਂ ਉਹ ਪਹਿਲਾਂ ਹੀ ਦੇਖ ਚੁਕੇ ਸਨ, ਜਿਸਦੀ ਉਨ੍ਹਾਂ ਨੂੰ ਪਛਾਣ ਸੀ, ਜਿਥੇ ਦੀਆਂ ਝਾੜੀਆਂ, ਬੂਟਿਆਂ ਨੇ ਉਨ੍ਹਾਂ ਦੇ ਹੱਥਾਂ ਵਿਚ ਝਰੀਟ ਪਾਏ ਸਨ, ਉਸ ਥਾਂ ਨੂੰ ਦੇਖ ਉਹ ਆਪਣੇ ਕਲਗੀਆਂ ਵਾਲੇ ਨੂੰ ਯਾਦ ਕਰ ਰਹੇ ਸਨ।

ਸੱਚੇ ਸਾਹਿਬ ਦੇ ਪ੍ਰੇਮ ਵਿਚ ਗੁੰਮ-ਸੁੰਮ ਹੋਏ ਮਾਤਾ ਜੀ ਹੇਮਕੁੰਟ ਪਹੁੰਚ ਗਏ।ਇਸ਼ਨਾਨ ਕੀਤਾ, ਸਿੱਜਦੇ ਕਰਦੇ ਹੋਏ ਉਹ ਉਸ ਥਾਂ ਵਲ ਨੀਝ ਲਗਾ ਕੇ ਦੇਖਣ,ਜਿਸ ਥਾਂ ਉਤੇ ਖੜ੍ਹ ਕੇ ਕਲਗੀਆਂ ਵਾਲੇ ਨੇ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ ਸੀ, ਇਹੀ ਹੈ ਹੇਮਕੁੰਟ... ਇਹੀ ਹੈ...।ਗੁਰੂ ਪ੍ਰੇਮੀਆਂ ਨੇ ਹੇਮਕੁੰਟ ਸਾਹਿਬ ਪਹੁੰਚ ਕੇ ਬਾਟੇ ਅਤੇ ਸੀਮੈਂਟ ਦਾ ਇੰਤਜ਼ਾਮ ਕੀਤਾ ਹੋਇਆ ਸੀ।ਮਾਤਾ ਜੀ ਨੂੰ ਨੀਂਹ ਪੱਥਰ ਰੱਖਦਿਆਂ ਦੇਖ,ਸੰਗਤ ਬੜੀਆਂ ਆਸਾਂ ਸੱਧਰਾਂ ਤੇ ਚਾਵਾਂ ਨਾਲ ਨਿਹਾਰ ਰਹੀਆਂ ਸੀ।



****************


# ਪਾਏਦਾਨ

ਅਕਾਲ ਪੁਰਖ ਨੇ ਸ਼ਹੀਦਾਂ ਸਿੰਘਾਂ ਨੂੰ ਇਹ ਸ਼ਕਤੀ ਬਖਸ਼ੀ ਹੋਈ ਹੈ ਕਿ ਉਹ ਇਕੋ ਹੀ ਸਮੇਂ ਅਲੱਗ ਅਲੱਗ ਲੋਕਾਂ ਨੂੰ ਵੱਖਰੇ ਵੱਖਰੇ ਰੂਪਾਂ ਵਿਚ ਦਿਖਾਈ ਦੇ ਸਕਦੇ ਹਨ। ਇਕ ਵਾਰੀ ਪ੍ਰੇਮ ਵਿਚ ਰੰਗੇ ਹੋਏ ਬੀਬੀ ਗੁਰਮੀਤ ਕੌਰ ਜੀ ਹੇਮਕੁੰਟ ਸਾਹਿਬ ਜਾ ਰਹੇ ਸੀ। ਜਦੋਂ ਉਹ ਗੋਬਿੰਦ ਘਾਟ ਪਹੁੰਚੇ ਤਾਂ ਉਨ੍ਹਾਂ ਨਾਲ ਇਕ ਗੰਦੇ ਕਪੜਿਆਂ ਵਾਲਾ ਆਦਮੀ ਮਿਲ ਗਿਆ ਅਤੇ ਉਹ ਬੀਬੀ ਜੀ ਦੇ ਨਾਲ-ਨਾਲ ਹੀ ਰਹਿਣ ਲੱਗਾ। ਇਸ ਬੰਦੇ ਨੂੰ ਮਿਲਦਿਆਂ ਸਾਰ ਹੀ ਬੀਬੀ ਜੀ ਦੀ ਜੁਬਾਨ ਬੰਦ ਹੋ ਗਈ ਉਹ ਕੁਝ ਵੀ ਬੋਲਣ ਤੋਂ ਅਸਮੱਰਥ ਹੋ ਗਏ। ਇਕ ਪਾਇਦਾਨ ਉਨ੍ਹਾਂ ਬਗਲ ਵਿਚ ਚੁੱਕਿਆ ਹੋਇਆ ਸੀ ਅਤੇ ਸੱਚੇ ਪ੍ਰੀਤਮ ਦੇ ਚੋਜਾਂ ਤੋਂ ਵਾਰੀ ਜਾਂਦੇ ਹੋਏ ਉਹ ਪੈਦਲ ਗੋਬਿੰਦ ਧਾਮ ਪਹੁੰਚੇ। ਉਥੇ ਜਾ ਕੇ ਫਿਰ ਉਹੀ ਆਦਮੀ ਉਨ੍ਹਾਂ ਨਾਲ ਮਿਲ ਗਿਆ। ਉਪਰ ਹੇਮਕੁੰਟ ਸਾਹਿਬ ਦੇ ਰਸਤੇ ਵਿਚ ਵੀ ਉਹ ਬੀਬੀ ਜੀ ਦੇ ਨਾਲ ਨਾਲ ਰਿਹਾ।

ਵਾਪਸ ਗੋਬਿੰਦ ਘਾਟ ਪਹੁੰਚੇ ਤਾਂ ਬੀਬੀ ਗੁਰਮੀਤ ਕੌਰ ਜੀ ਲੰਗਰ ਵਿਚ ਬੈਠੇ ਸਨ। ਉਨ੍ਹਾਂ ਦੇ ਨਾਲ ਹੀ ਗੰਦੇ ਕਪੜਿਆਂ ਵਾਲਾ ਆਦਮੀ ਬੈਠਾ ਹੋਇਆ ਸੀ। ਲੰਬੀ ਚੁੱਪ ਦਾ ਕਾਰਨ ਪੁੱਛਣ ਲਈ ਬੀਬੀ ਗੁਰਦੀਪ ਕੌਰ ਜੀ ਉਨ੍ਹਾਂ ਦੇ ਕੋਲ ਆ ਬੈਠੇ ਪਰ ਬੀਬੀ ਗੁਰਮੀਤ ਕੌਰ ਜੀ ਕੁਝ ਨਾ ਬੋਲੇ। ਫਿਰ ਬੀਬੀ ਗੁਰਦੀਪ ਕੌਰ ਜੀ ਨੇ ਕਿਹਾ ਕਿ ਉਹ ਇਸ਼ਾਰੇ ਨਾਲ ਹੀ ਦੱਸਣ ਕਿ ਉਨ੍ਹਾਂ ਨੂੰ ਦਰਸ਼ਨ ਹੋਏ ਹਨ ਕਿ ਨਹੀਂ। ਤਦ ਬੀਬੀ ਗੁਰਮੀਤ ਕੌਰ ਜੀ ਨੇ ਇਸ਼ਾਰੇ ਨਾਲ ਕਿਹਾ ਕਿ ਜਿਹੜਾ ਉਨ੍ਹਾਂ ਦੇ ਕੋਲ ਬੈਠਾ ਹੈ। ਉਹ ਸਤਿਗੁਰੂ ਆਪ ਹੀ ਹੈ, ਅਤੇ ਉਹ ਉਸਦੇ ਪੈਰ ਫੜ ਕੇ ਨਮਸਕਾਰ ਕਰ ਲੈਣ ਪਰ ਬੀਬੀ ਗੁਰਦੀਪ ਕੌਰ ਜੀ ਨੂੰ ਉਸਦੇ ਗੰਦੇ ਕੱਪੜਿਆਂ ਕੋਲੋਂ ਕੁਚੈਹਣ ਆ ਰਹੀ ਸੀ ਅਤੇ ਉਹ ਉਸ ਕੋਲੋਂ ਦੂਰ ਰਹਿਣਾ ਚਾਹੁੰਦੇ ਸਨ। ਉਹ ਬੀਬੀ ਗੁਰਮੀਤ ਕੌਰ ਦਾ ਇਸ਼ਾਰਾ ਤਾਂ ਸਮਝ ਗਏ ਪਰ ਉਨ੍ਹਾਂ ਦਾ ਮੱਥਾ ਟੇਕਣ ਨੂੰ ਦਿਲ ਨਹੀਂ ਕੀਤਾ। ਲੰਗਰ ਵਰਤਾਇਆ ਜਾ ਰਿਹਾ ਸੀ। ਬੀਬੀ ਗੁਰਮੀਤ ਕੌਰ ਨੇ ਕੁਝ ਵੀ ਨਾ ਖਾਧਾ। ਉਨ੍ਹਾਂ ਦੇ ਹਿੱਸੇ ਦਾ ਪਰਸ਼ਾਦਾ ਉਹਨਾਂ ਦੇ ਕੋਲ ਬੈਠਾ ਹੀ ਖਾ ਗਿਆ ਤੇ ਆਪਣਾ ਹਿੱਸਾ ਵੀ ਖਾ ਗਿਆ। ਬੀਬੀ ਗੁਰਦੀਪ ਕੌਰ ਜੀ ਨੇ ਉਹਨਾਂ ਲਈ ਦੁੱਧ ਦਾ ਗਲਾਸ ਮੰਗਵਾਇਆ ਤਾਂ ਦੁੱਧ ਵੀ ਉਹ ਹੀ ਪੀ ਗਿਆ। ਬੀਬੀ ਜੀ ਨੇ ਇਕ ਗਲਾਸ ਦੁੱਧ ਦਾ ਹੋਰ ਮੰਗਵਾਇਆ ਤਾਂ ਉਹ ਗਲਾਸ ਵੀ ਉਹੋ ਹੀ ਪੀ ਗਿਆ। ਤਦ ਬੀਬੀ ਗੁਰਦੀਪ ਕੌਰ ਜੀ ਨੇ ਕਿਹਾ ਕਿ ਜੇ ਹਾਲੇ ਵੀ ਰੱਜ ਨਹੀਂ ਆਇਆ ਤਾਂ ਉਹ ਹੋਰ ਦੁਧ ਮੰਗਵਾਉਣ। ਤਦ ਉਸ ਨੇ ਹੱਸ ਕੇ ਹੋਰ ਦੁੱਧ ਮੰਗ ਲਿਆ ਪਰ ਦੁੱਧ ਖਤਮ ਹੋ ਚੁੱਕਾ ਸੀ। ਲਾਂਗਰੀ ਨੇ ਨਵਾਂ ਡੱਬਾ ਖੋਲ੍ਹ ਕੇ ਦੁੱਧ ਬਣਾਉਣਾ ਚਾਹਿਆ ਪਰ ਬੀਬੀ

ਜੀ ਨੇ ਰੋਕ ਦਿੱਤਾ। ਗੱਲਾਂ ਗੱਲਾਂ ਵਿਚ ਗੰਦੇ ਕੱਪੜਿਆਂ ਵਾਲੇ ਨੇ  ਬੀਬੀ ਗੁਰਦੀਪ ਕੌਰ ਜੀ ਨੂੰ ਇਹ ਵੀ ਕਿਹਾ ਕਿ ਉਹ ਸਾਰੇ ਦੇਸ਼ਾਂ ਦੇਸ਼ਾਂਤਰਾਂ ਦੀਆਂ ਖਬਰਾਂ ਜਾਣਦਾ ਹੈ। ਉਸ ਕੋਲੋਂ ਜੋ ਮਰਜੀ ਪੁੱਛ ਲਵੇ ਅਤੇ ਉਹ ਸਾਰੀਆਂ ਬੋਲੀਆਂ ਜਾਣਦਾ ਹੈ ਜਿਹੜੀ ਮਰਜੀ ਬੋਲੀ ਵਿੱਚ ਗੱਲ ਕਰ ਲਵੋ ਪਰ ਬੀਬੀ ਜੀ ਨੇ ਉਸ ਦੀ ਕਿਸੇ ਗੱਲ ਵਲ ਧਿਆਨ ਨਾ ਦਿੱਤਾ।

ਫਿਰ ਉਹ ਪਤਾ ਨਹੀਂ ਕਿੱਧਰ ਚਲੇ ਗਿਆ। ਉਸਦੇ ਜਾਂਦਿਆਂ ਹੀ ਬੀਬੀ ਗੁਰਮੀਤ ਕੌਰ ਜੀ ਦੀ ਜੁਬਾਨ ਚੱਲ ਪਈ। ਉਸ ਨੇ ਦੱਸਿਆ ਕਿ ਉਸਨੂੰ ਉਸ ਆਦਮੀ ਦੇ ਗੰਦੇ ਕਪੜੇ ਨਹੀਂ ਸੀ ਨਜ਼ਰੀਂ ਆ ਰਹੇ। ਸਗੋਂ ਉਸਦੀ ਇਲਾਹੀ ਸ਼ਕਲ ਸੂਰਤ ਅਤੇ ਸ਼ਾਹੀ ਲਿਬਾਸ ਦਾ ਤੇਜ਼ ਪ੍ਰਤਾਪ ਦਿਸ ਰਿਹਾ ਸੀ। ਸੋਹਣੇ ਪ੍ਰੀਤਮ ਦੀ ਸੰਗਤ ਵਿਚ ਗੋਬਿੰਦ ਘਾਟ ਤੋਂ ਹੇਮਕੁੰਟ ਸਾਹਿਬ ਦੀ ਯਾਤਰਾ ਕਰਕੇ ਉਹ ਅਨੰਦ ਭਰਪੂਰ ਹੋ ਕੇ ਸੱਚੇ ਪਾਤਿਸ਼ਾਹ ਦੇ ਸ਼ੁਕਰ ਗੁਜ਼ਾਰ ਹੋ ਰਹੇ ਸਨ। ਜਦੋਂ ਉਨ੍ਹਾਂ ਕੋਲੋਂ ਪਾਇਦਾਨ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਪਾਇਦਾਨ ਉਹਨਾਂ ਹੇਮਕੁੰਟ ਸਾਹਿਬ ਗੁਰਦੁਆਰੇ ਦੇ ਦਰਵਾਜੇ ਅੱਗੇ ਰੱਖ ਕੇ ਅਰਦਾਸ ਕੀਤੀ ਸੀ ਕਿ ਸੱਚੇ ਪਾਤਿਸ਼ਾਹ ਮੈਨੂੰ ਵੀ ਇਸ ਪਾਇਦਾਨ ਦੀ ਤਰ੍ਹਾਂ ਆਪਣੇ ਦਰ ਉਤੇ ਵਿਛਾ ਲੈ...! ਮੈਂ ਤੇਰੇ ਦਰ ਉਤੇ ਇਸੇ ਤਰ੍ਹਾਂ ਹੀ ਵਿਛੀ ਰਹਾਂ। ਤੇਰੀ ਸੰਗਤ ਉਤੇ ਆਪਣੇ ਜੋੜੇ ਝਾੜਦੀ ਹੋਈ ਤੇਰੇ ਦਰਸ਼ਨਾਂ ਲਈ ਜਾਵੇ।



***************

# ਗੁਲਾਬ ਦਾ ਫੁੱਲ

ਮਾਤਾ ਰਾਮ ਕੌਰ ਜੀ ਯਾਤਰੂਆਂ ਨੂੰ ਨਾਲ ਲੈ ਕੇ ਹੇਮਕੁੰਟ ਸਾਹਿਬ ਗਏ।ਉਦੋਂ ਬਹੁਤ ਘੱਟ ਸੰਗਤ ਜਾਇਆ ਕਰਦੀ ਸੀ।ਰਸਤੇ ਵੀ ਅੱਛੇ ਨਹੀਂ ਸਨ।ਬਸਾਂ ਸਿਰਫ ਪਿਪਲ ਕੋਟੀ ਤੱਕ ਹੀ ਜਾਂਦੀਆਂ ਸਨ।ਅਗੋਂ ਮਿਲਟਰੀ ਵਾਲੇ ਯਾਤਰੂਆਂ ਨੂੰ ਆਪਣੀਆਂ ਗੱਡੀਆਂ ਵਿਚ ਬਿਠਾ ਕੇ ਲਿਜਾਂਦੇ ਹੁੰਦੇ ਸਨ।

ਚਾਰ ਬੀਬੀਆਂ ਅਤੇ ਦੋ ਸਿੰਘਾਂ ਨਾਲ ਮਿਲਟਰੀ ਦੀ ਗੱਡੀ ਵਿਚ ਬੈਠੇ ਮਾਤਾ ਜੀ ਕੀਰਤਨ ਵਿਚ ਮਗਨ ਸਨ।ਜੋਸ਼ੀ ਮੱਠ ਤੋਂ ਅੱਗੇ ਬਹੁਤ ਉਚੇ ਉਚੇ ਪਹਾੜਾਂ ਦੇ ਵਿਚਕਾਰ ਜਿੱਥੇ ਨਦੀ ਵਗਦੀ ਹੈ,ਗੱਡੀ ਟੇਢੀ ਹੋ ਗਈ।ਖਿੜਕੀ ਵਿੱਚ ਬੈਠੀ ਹੋਈ ਇਕ ਬੀਬੀ ਹਜੋਕਾ ਲੱਗਣ ਨਾਲ ਭੁੜਕ ਕੇ ਬਾਹਰ ਡਿਗ ਪਈ।ਟੇਢੀ ਹੋਈ ਗੱਡੀ ਵਿਚੋਂ ਮੁਸ਼ਕਿਲ ਨਾਲ ਨਿਕਲ ਕੇ ਮਾਤਾ ਜੀ ਨੇ ਏਧਰ ਓਧਰ ਦੇਖਿਆ ਪਰ ਉਹ ਬੀਬੀ ਕਿਧਰੇ ਨਜ਼ਰ ਨਾ ਪਈ ਜਦੋਂ ਖੱਡ ਵਲ ਨਜ਼ਰ ਮਾਰੀ ਤਾਂ ਦੇਖਿਆ ਕਿ ਉਹ ਨਦੀ ਵਿਚ ਪਏ ਇਕ ਵੱਡੇ ਪੱਥਰ ਉਤੇ ਬੈਠੀ ਉਪਰ ਤੱਕਦੀ ਪਈ ਹੈ।ਮਾਤਾ ਜੀ ਉਸਨੂੰ ਉਪਰ ਲਿਆਉਣ ਦਾ ਉਪਰਾਲਾ ਸੋਚਣ ਲੱਗੇ।ਜਿੰਮੇਵਾਰੀ ਦੇ ਅਹਿਸਾਸ ਨੇ ਜਾਨ ਦੀ ਬਾਜੀ ਲਗਾ ਕੇ ਵੀ ਉਸਨੂੰ ਉਪਰ ਲਿਆਉਣ ਦੀ ਠਾਣ ਲਈ।

ਤਪੋ-ਸਥਾਨ ਦੇ ਕਣ-ਕਣ ਵਿਚ ਜਾਹਰੀ ਕਲਾ ਦਿਖਾਉਣ ਵਾਲੇ ਨੇ ਆਪਣੀ ਕਲਾ ਵਰਤਾਈ।ਐਨੀ ਔਖੀ ਘੜੀ ਵਿਚ ਮਾਤਾ ਜੀ ਦਾ ਦਿਲ ਲੁਭਾਉਣ ਲਈ ਇਕ ਬਹੁਤ ਹੀ ਸੋਹਣਾ ਤੇ ਬਹੁਤ ਬੜੇ ਅਕਾਰ ਵਾਲਾ ਗੁਲਾਬ ਦਾ ਫੁੱਲ ਸਾਹਮਣੇ ਹਵਾ ਵਿਚ ਆ ਲਟਕਿਆ।ਮਾਤਾ ਜੀ ਨੇ ਉਸਨੂੰ ਫੜਨ ਲਈ ਹੱਥ ਪਸਾਰੇ ਤਾਂ ਉਹ ਹੋਰ ਅੱਗੇ ਹੋ ਗਿਆ।ਉਸਨੂੰ ਫੜਨ ਲਈ ਉਹ ਪਹਾੜ ਤੋਂ ਥੱਲੇ ਘਿਸਰਨ ਲੱਗ ਪਏ।ਕਦੀ ਸੱਜੇ ਕਦੀ ਖੱਬੇ ਠੀਕ ਰਸਤੇ ਉਤੇ ਤੁਰੇ ਜਾਂਦੇ ਫੁੱਲ ਨੇ ਮਾਤਾ ਜੀ ਨੂੰ ਫੁੱਲ ਵਾਂਗ ਹੀ ਬਣਾਈ ਰੱਖਿਆ ਤੇ ਅਖੀਰ ਗੰਗਾ ਕੋਲ ਜਾ ਕੇ ਫੁੱਲ ਰੁਕ ਗਿਆ।ਮਾਤਾ ਜੀ ਦੀਆਂ ਨਜ਼ਰਾਂ ਪੱਥਰ ਉਤੇ ਬੈਠੀ ਬੀਬੀ ਉਤੇ ਪਈਆਂ ਤਾਂ ਫੁੱਲ ਅਲੋਪ ਹੋ ਗਿਆ।

ਘਿਸਰਦੇ ਆ ਰਹੇ ਮਾਤਾ ਜੀ ਦੇ ਪੈਰ ਸਿੱਧੇ ਗੰਗਾ ਵਿਚ ਆ ਕੇ ਰੁਕੇ, ਜਿਥੇ ਗਿੱਟੇ ਗਿੱਟੇ ਪਾਣੀ ਸੀ।ਉਹ ਪੱਥਰਾਂ ਉਤੋਂ ਦੀ ਤੁਰ ਕੇ ਉਸ ਬੀਬੀ ਵਲ ਗਏ।ਫੁੱਲ ਨੇ ਤਾਂ ਮਾਤਾ ਜੀ ਨੂੰ ਫੁੱਲ ਬਣਾ ਕੇ ਹੀ ਤੋਰੀ ਰੱਖਿਆ ਸੀ ਪਰ ਹੁਣ ਤੁਰਨਾ ਬਹੁਤ ਹੀ ਮੁਸ਼ਕਿਲ ਜਾਪਦਾ ਸੀ।ਅਖੀਰ ਮੁਸ਼ਕਿਲਾਂ ਨਾਲ ਪੱਥਰ ਪਾਰ ਕਰਦੇ ਹੋਏ ਉਹ ਬੀਬੀ ਕੋਲ ਪਹੁੰਚ ਗਏ।

ਮਾਤਾ ਜੀ ਨੇ ਉਸ ਬੀਬੀ ਨੂੰ ਹੌਸਲਾ ਦੇ ਕੇ ਉਪਰ ਜਾਣ ਲਈ ਕਿਹਾ ਤਾਂ ਅਗੋਂ ਉਸਨੇ ਮਾਤਾ ਜੀ ਨੂੰ ਪਿੱਛੇ ਮੁੜ ਕੇ ਪਹਾੜ ਵਲ ਦੇਖਣ ਲਈ ਇਸ਼ਾਰਾ ਕੀਤਾ।ਐਨੀ ਖਤਰਨਾਕ ਅਤੇ ਭਿਆਨਕ ਘੜੀ ਵਿਚ ਪਹਿਲਾਂ ਤਾਂ ਮਾਤਾ ਜੀ ਫੁੱਲ ਉਤੇ ਲੱਟੂ ਹੋਏ ਰਹੇ ਤੇ ਹੁਣ ਜਦੋਂ ਉਨ੍ਹਾਂ ਪਹਾੜ ਵਲ ਦੇਖਿਆ ਤਾਂ ਕੁਦਰਤ ਨੇ ਇਕ ਹੋਰ ਹੀ ਅਤਿ ਸੋਹਣਾ ਅਡੰਬਰ ਰਚਿਆ ਹੋਇਆ ਸੀ।ਧੁਰ ਉਪਰੋ ਗੱਡੀ ਵਿਚੋਂ ਡਿੱਗ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਰੁਮਾਲਿਆਂ ਵਾਲਾ ਬਕਸਾ ਟੁੱਟ ਕੇ ਫੱਟੀਆਂ ਹੋਇਆ ਪਿਆ ਸੀ ਅਤੇ ਰੰਗ ਬਿਰੰਗੇ ਚਮਕੀਲੇ ਰੁਮਾਲੇ ਪਹਾੜ ਦੀਆਂ ਝਾੜੀਆਂ ਬੂਟਿਆਂ ਉਤੇ ਬਹੁਤ ਹੀ ਸੁੰਦਰ ਤਰੀਕੇ ਨਾਲ ਖਿਲਰੇ ਪਏ ਸਨ ਉਪਰੋਂ ਥੱਲੇ ਤੱਕ ਜਿਵੇਂ ਕਿਸੇ ਨੇ ਖੱਟ ਖਲਾਰੀ ਹੋਈ ਹੋਵੇ।ਪਹਾੜ ਦੀ ਸੁੰਦਰਤਾ ਉਤੇ ਰੁਮਾਲਿਆਂ ਦੀ ਰੰਗ ਬਰੰਗੀ ਚਮਕਾਰ ਦਾ ਪਸਾਰਾ ਦੇਖ ਮਾਤਾ ਜੀ ਮਸਤ ਹੋ ਗਏ।ਪੱਥਰ ਉਤੇ ਬੈਠੀ ਬੀਬੀ ''ਵਾਹਿਗੁਰੂ....ਵਾਹਿਗੁਰੂ......'' ਉਚਾਰ ਰਹੀ ਸੀ ਅਤੇ ਉਸ ਦੀਆਂ ਨਜ਼ਰਾਂ ਬਕਸੇ ਵਿਚੋਂ ਡਿੱਗੇ ਨੋਟਾਂ ਦੀਆਂ ਦੱਥੀਆਂ ਉਤੇ ਟਿਕੀਆਂ ਹੋਈਆਂ ਸਨ।ਉਸਨੇ ਮਾਤਾ ਜੀ ਨੂੰ ਨੋਟ ਚੁੱਕਣ ਲਈ ਕਿਹਾ ਪਰ ਉਨ੍ਹਾਂ ਨੇ ਨੋਟ ਚੁੱਕਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਹ ਤਾਂ ਆਪਣੀ ਸਾਥਣ ਨੂੰ ਲੈਣ ਆਏ ਹਨ,ਨੋਟ ਚੁੱਕਣ ਨਹੀਂ ਆਏ।ਜਦੋਂ ਉਸ ਨੇ ਗੁਰੂ ਦੀ ਗੋਲਕ ਦਾ ਵਾਸਤਾ ਪਾਇਆ ਤਾਂ ਉਹ ਥੋੜਾ ਉਪਰ ਚੜ੍ਹ ਕੇ ਨੋਟ ਚੁੱਕ ਲਿਆਏ।

ਸਤਿਗੁਰੂ ਉਤੇ ਭਰੋਸਾ ਰੱਖ ਕੇ ਮਾਤਾ ਜੀ ਨੇ ਉਸਨੂੰ ਪੱਥਰ ਉਤੋਂ ਉਠਾ ਕੇ ਆਪਣੇ ਸਹਾਰੇ ਨਾਲ ਉਪਰ ਚੜਾਉਣਾ ਸ਼ੁਰੂ ਕੀਤਾ।ਤੱਤੇ ਘਾਓ ਹੋਣ ਕਰਕੇ ਉਸ ਵੇਲੇ ਤਾਂ ਐਨਾ ਦਰਦ ਨਹੀਂ ਸੀ ਹੋ ਰਿਹਾ ਪਰ ਥੋੜ੍ਹੀ ਦੂਰ ਚੱਲ ਕੇ ਦਰਦ ਐਨਾ ਤੇਜ਼ ਹੋ ਗਿਆ ਕਿ ਵਿਚਾਰੀ ਨੇ ਰੋ ਰੋ ਕੇ ਵਾਹਿਗੁਰੂ ਨਾਮ ਪੂਕਾਰਨਾ ਸ਼ੁਰੂ ਕਰ ਦਿੱਤਾ।ਮਾਤਾ ਜੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰਨ।ਅਚਾਨਕ ਇਕ ਪਹਾੜੀਆ ਉਨ੍ਹਾਂ ਝਾੜੀਆਂ ਵਿਚੋਂ ਆ ਬਹੁੜਿਆ।ਉਸਨੇ ਦਰਦ ਨਾਲ ਕੁਰਲਾ ਰਹੀ ਬੀਬੀ ਨੂੰ ਇਕ ਪਾਸਿਓਂ ਫੜ ਲਿਆ ਦੂਜੇ ਪਾਸਿਓਂ ਮਾਤਾ ਜੀ ਨੇ ਫੜ ਲਿਆ,ਥੋੜਾ ਅੱਗੇ ਜਾ ਕੇ ਮਾਤਾ ਜੀ ਬਹੁਤ ਥੱਕ ਗਏ।ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਤਾਂ ਹੁਣ ਆਪਣਾ ਆਪ ਸੰਭਾਲ ਕੇ ਚਲਣਾ ਵੀ ਬਹੁਤ ਮੁਸ਼ਕਿਲ ਹੈ।ਬੀਬੀ ਨੂੰ ਆਸਰਾ ਦੇ ਕੇ ਚੱਲਣ ਦੀ ਉਨ੍ਹਾਂ ਵਿਚ ਸਮਰੱਥਾ ਨਹੀਂ,ਤਦ ਉਥੋਂ ਹੀ ਕਿਤਓ ਇਕ ਹੋਰ ਪਹਾੜੀਆਂ ਆ ਟਪਕਿਆ।ਉਜਾੜ ਬੀਆਬਾਨ ਜੰਗਲਾਂ ਵਿਚ ਦੋਨਾਂ ਪਹਾੜੀਆਂ ਨੇ ਦਰਦੀਲੇ ਸੁਰਾਂ ਵਿਚ ਵਾਹਿਗੁਰੂ ਨਾਮ ਧਿਆਉਂਦੀ ਔਰਤ ਨੂੰ ਆਸੇ ਪਾਸੇ ਤੋਂ ਸੰਭਾਲ ਕੇ ਫੜ ਲਿਆ ਅਤੇ ਉਪਰ ਚੜ੍ਹਨ ਲੱਗੇ।ਸੜਕ ਉਤੇ ਪਹੁੰਚੇ ਤਾਂ ਠੀਕ ਉਸੇ ਵੇਲੇ ਹੀ ਇਕ ਪੰਜਾਬਣ ਕਾਰ ਉਤੇ ਹੇਮਕੁੰਟ ਸਾਹਿਬ ਦੀ ਯਾਤਰਾ ਕਰਕੇ ਆ ਰਹੀ ਸੀ।ਉਹ ਮਾਤਾ ਜੀ ਅਤੇ ਉਸ ਔਰਤ ਨੂੰ ਕਾਰ ਵਿਚ


ਬਿਠਾ ਕੇ ਮਿਲਟਰੀ ਹਸਪਤਾਲ ਲੈ ਗਈ।ਡਾਕਟਰਾਂ ਨੇ ਇਲਾਜ ਸ਼ੁਰੂ ਕੀਤਾ।ਮਾਤਾ ਜੀ ਨੂੰ ਵਿਸ਼ਵਾਸ ਸੀ ਕਿ ਉਸ ਦੀ ਬਿਮਾਰੀ ਦਾ ਇਲਾਜ ਦੁਨੀਆਂ ਦੇ ਸਭ ਤੋਂ ਵੱਡੇ ਡਾਕਟਰ ਸ੍ਰੀ ਹੇਮਕੁੰਟ ਨਿਵਾਸੀ ਕੋਲ ਜਾ ਕੇ ਹੀ ਹੋਣਾ ਹੈ।ਉਨ੍ਹਾਂ ਨੇ ਡਾਕਟਰਾਂ ਕੋਲੋਂ ਦਵਾਈਆਂ ਲਈਆਂ ਅਤੇ ਬੀਬੀ ਨੂੰ ਪਾਲਕੀ ਵਿਚ ਬਿਠਾ ਕੇ ਗੋਬਿੰਦ ਘਾਟ ਲੈ ਗਏ।ਦੂਜੇ ਦਿਨ ਉਸ ਔਰਤ ਨੇ ਕਿਹਾ ਕਿ ਉਹ ਆਪਣੀ ਮਾਂ (ਮਾਤਾ ਰਾਮ ਕੌਰ ਜੀ) ਨਾਲ ਸ੍ਰੀ ਹੇਮਕੁੰਟ ਸਾਹਿਬ ਜਾਏਗੀ ।

ਸੁੱਜਿਆ ਹੋਇਆ ਮੂੰਹ ਅਤੇ ਬੁਰੀ ਹਾਲਤ ਦੇਖ ਸੰਗਤ ਹੈਰਾਨ ਹੋ ਰਹੀ ਸੀ ਪਰ ਮਾਤਾ ਜੀ ਨੇ ਉਸਨੂੰ ਪਾਲਕੀ ਵਿਚ ਬਿਠਾਇਆ ਅਤੇ ਗੋਬਿੰਦ ਧਾਮ ਦੇ ਰਸਤੇ ਪਏ।ਸੋਜਿਸ਼ ਵਧ ਗਈ, ਅੱਖੀਆਂ ਦਾ ਰੰਗ ਨੀਲਾ ਹੋ ਗਿਆ ਅਤੇ ਸ਼ਕਲ ਬੜੀ ਅਜੀਬ ਜਿਹੀ ਹੋ ਗਈ।ਰਾਤ ਰਹਿ ਕੇ ਜਦੋਂ ਦੂਜੇ ਦਿਨ ਹੇਮਕੁੰਟ ਸਾਹਿਬ ਲਈ ਰਵਾਨਾ ਹੋਣ ਲੱਗੇ ਤਾਂ ਸਤਿਗੁਰਾਂ ਦੀਆਂ ਰਮਜਾਂ ਤੋਂ ਅਣਜਾਣ ਲੋਕੀਂ ਮਾਤਾ ਜੀ ਨੂੰ ਬੋਲ-ਕੁਬੋਲ ਬੋਲਣ ਲੱਗੇ।ਚੋਜੀ ਪ੍ਰੀਤਮ ਦੇ ਚੋਜਾਂ ਤੋਂ ਬੇਖਬਰ ਲੋਕੀਂ ਕਹਿ ਰਹੇ ਸੀ, “ਇਹ ਬੀਬੀ ਤਾਂ ਸ਼ਾਇਦ ਬਚ ਹੀ ਜਾਂਦੀ ਪਰ ਇਸ ਮਾਈ ਨੇ ਇਸ ਨੂੰ ਮਾਰ ਕੇ ਹੀ ਦੰਮ ਲੈਣਾ ਹੈ।” ਮਾਤਾ ਜੀ ਸਭ ਦੀਆਂ ਗੱਲਾਂ ਸੁਣਦੇ ਹੋਏ ਪਾਲਕੀ ਦੇ ਨਾਲ ਨਾਲ ਹੇਮਕੁੰਟ ਸਾਹਿਬ ਦੇ ਰਾਹਾਂ ਦੀ ਚਰਨ ਧੂੜ ਮੱਥੇ ਉਤੇ ਲਗਾਉਂਦੇ ਹੋਏ ਆਪਣੇ ਸਾਹਿਬ ਦੇ ਦਰ ਉਤੇ ਜਾਣ ਲਈ ਅੱਗੇ ਵਧੇ। ਪਾਲਕੀ ਵਿਚ ਬੈਠੀ ਔਰਤ ਦੀ ਹਾਲਤ ਬਹੁਤ ਗੰਭੀਰ ਹੋ ਚੁੱਕੀ ਸੀ।ਉਸਦੀਆਂ ਅੱਖੀਆਂ ਬਿਲਕੁਲ ਬੰਦ ਹੋ ਜਾਣ ਕਾਰਨ ਦਿਖਾਈ ਕੁਝ ਨਹੀਂ ਸੀ ਦੇ ਰਿਹਾ ਪਰ ਉਹ ਮਧਮ ਅਵਾਜ਼ ਵਿਚ ਦਾਤੇ ਨੂੰ ਪੁਕਾਰਦੀ ਹੋਈ ਲਿਵ ਲਗਾ ਕੇ ''ਵਾਹਿਗੁਰੂ......ਵਾਹਿਗੁਰੂ'' ਲਗਾਤਾਰ ਕਹੀ ਜਾ ਰਹੀ ਸੀ ।ਮਾਤਾ ਜੀ ਘਬਰਾਏ ਨਹੀਂ।ਦੁਖ ਭੰਜਨ ਦਾਤੇ ਦਾ ਨਾਮ ਧਿਆਉਂਦੇ ਹੇਮਕੁੰਟ ਸਾਹਿਬ ਗੁਰਦਵਾਰੇ ਤੋਂ ਥੋੜਾ ਜਿੰਨਾ ਉਰ੍ਹੇ ਇਕ ਤੰਬੂ ਵਿਚ ਜਾ ਪਹੁੰਚੇ।ਰਾਤ ਭਰ ਬੇਨਤੀਆਂ ਵਿਚ ਲੀਨ ਰਹੇ।ਸ਼ਰਨ ਪਿਆਂ ਦੀ ਲਾਜ ਰੱਖਣ ਵਾਲੇ ਸਰਬ ਕਲਾ ਸਮਰੱਥ ਦੇ ਚਰਨਾਂ ਵਿਚ ਬੇਨਤੀ ਕਰਦੇ ਰਹੇ ਕਿ ਉਹ ਉਸ ਔਰਤ ਦਾ ਦੁਖ ਦੂਰ ਕਰਨ।ਨਾ ਕੁਝ ਖਾਧਾ ਨਾ ਪੀਤਾ।ਸਿਰਫ ਬੇਨਤੀਆਂ ਵਿਚ ਲੱਗੇ ਰਹੇ।ਦੋ ਬੀਬੀਆ ਉਸ ਔਰਤ ਨੂੰ ਫੜ ਕੇ ਤਿੰਨ ਵਾਰੀ ਸਰੋਵਰ ਵਿਚ ਇਸ਼ਨਾਨ ਕਰਵਾਉਣ ਗਈਆਂ।ਅੰਮ੍ਰਿਤ ਜਲ ਦੇ ਚੂਲੇ ਭਰ ਭਰ ਕੇ ਉਸਦੀ ਫਿਸੀ ਹੋਈ ਖੋਪੜੀ ਵਿਚ ਪਾਉਂਦੀਆਂ ਰਹੀਆਂ ਅਤੇ ਨਾਲੇ ਉਸਨੂੰ ਪਿਲਾਉਂਦੀਆਂ ਰਹੀਆਂ।

ਸਵੇਰ ਹੋਈ ਤਾਂ ਮਾਤਾ ਜੀ ਸਰੋਵਰ ਵਲ ਗਏ।ਇਸ਼ਨਾਨ ਕੀਤਾ ਅਤੇ ਗੁਰਦਵਾਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਉਸ ਔਰਤ ਦੀ ਤੰਦਰੁਸਤੀ ਲਈ ਜੋਦੜੀ ਕੀਤੀ।ਉਸ ਬੀਬੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਇਕ ਖੂੰਜੇ ਵਿਚ ਕੰਬਲਾਂ ਦਾ ਢਾਸਣਾ ਦੇ ਕੇ

ਬਿਠਾਇਆ। ਉਸਦੀਆਂ ਅੱਖੀਆਂ ਥੋੜੀਆਂ ਥੋੜੀਆਂ ਖੁਲ੍ਹ ਰਹੀਆਂ ਹਨ ਅਤੇ ਉਸਨੂੰ ਦਿਖਾਈ ਦੇਣ ਲੱਗ ਪਿਆ।

ਭੋਗ ਪੈ ਚੁੱਕਣ ਪਿਛੋਂ ਸਾਰੀ ਸੰਗਤ ਇਹ ਦੇਖ ਕੇ ਹੈਰਾਨ ਹੋ ਗਈ ਕਿ ਉਸ ਔਰਤ ਦੀਆਂ ਅੱਖੀਆਂ ਖੁਲ੍ਹੀਆਂ ਹਨ ਅਤੇ ਚੇਹਰੇ ਦਾ ਰੰਗ ਵੀ ਬਦਲ ਚੁੱਕਾ ਹੈ। ਸੰਗਤ ਦੇ ਪੁੱਛਣ ਉਤੇ ਮਾਤਾ ਜੀ ਨੇ ਦੱਸਿਆ ਕਿ ਰਿਸ਼ੀਕੇਸ਼ ਪਹੁੰਚਣ ਤੱਕ ਉਹ ਬਿਲਕੁਲ ਠੀਕ ਹੋ ਜਾਵੇਗੀ। ਹੇਮਕੁੰਟ ਸਾਹਿਬ ਤੋਂ ਵਾਪਸ ਜਾ ਰਹੀ ਸੰਗਤ ਦੇਖ ਰਹੀ ਸੀ ਕਿ ਜਿਹੜੀ ਬੀਬੀ ਦਰਦ ਨਾਲ ਪਿੰਜ ਹੋਈ ਪਾਲਕੀ ਵਿਚ ਬੈਠੀ ਜਾ ਰਹੀ ਸੀ...ਉਹ ਪੈਦਲ ਤੁਰੀ ਜਾ ਰਹੀ ਸੀ। ਰਿਸ਼ੀਕੇਸ਼ ਪਹੁੰਚੇ ਤਾਂ ਮਾਤਾ ਜੀ ਦਾ ਬਚਨ ਬਿਲਕੁਲ ਸੱਚਾ ਹੋ ਗਿਆ ਉਹ ਬੀਬੀ ਤੰਦਰੁਸਤ ਨਜ਼ਰੀਂ ਆ ਰਹੀ ਸੀ



***************

# ਬੱਸ ਵਿਚ ਆਏ ਨਵੇਂ ਸੱਜਨ

ਮਾਤਾ ਰਾਮ ਕੌਰ ਜੀ ਬੀਬੀ ਗੁਰਦੀਪ ਕੌਰ ਜੀ ਅਤੇ ਹੋਰ ਸੰਗਤਾਂ ਬੱਸ ਵਿਚ ਬੈਠੀਆਂ ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਜਾ ਰਹੀਆਂ ਸਨ।''ਵਾਹ ਵਾਹ ਗੋਬਿੰਦ ਸਿੰਘ ਜੀ, ਕਲਗੀਆਂ ਵਾਲੇ ਗੋਬਿੰਦ ਸਿੰਘ ਜੀ।ਮਹਾਂ ਦਾਨੀ ਗੋਬਿੰਦ ਸਿੰਘ ਜੀ।ਮਹਾਂ ਤਿਆਗੀ ਗੋਬਿੰਦ ਸਿੰਘ ਜੀ।'' ਦੀ ਧੁਨੀ ਗੂੰਜ ਰਹੀ ਸੀ।ਇਸ ਪਿੱਛੋਂ ਗੁਰਬਾਣੀ ਦੇ ਦਰਸ਼ਨ ਪਿਆਸ ਦੇ ਸ਼ਬਦਾਂ ਦੀ ਲੜੀ ਲੱਗ ਗਈ।ਪਹਾੜੀ ਵਾਦੀਆਂ ਵਿਚ ਅੰਮ੍ਰਿਤ ਬਾਣੀ ਦੇ ਕੀਰਤਨ ਦਾ ਰੰਗ ਘੁਲਣ ਲੱਗਾ।ਸ਼ਹੀਦ ਸਿੰਘ ਵੀ ਕੀਰਤਨ ਦਾ ਅਨੰਦ ਮਾਨਣ ਲਈ ਬੱਸ ਵਿਚ ਆ ਬੈਠੇ।ਇਹ ਨਵੇਂ ਆਏ ਸੱਜਣ ਕਿਸੇ ਨੂੰ ਦਿਖਾਈ ਨਹੀਂ ਸੀ ਦੇ ਰਹੇ, ਸਿਰਫ ਮਾਤਾ ਰਾਮ ਕੌਰ ਜੀ ਹੀ ਇ੍ਹਨਾਂ ਨੂੰ ਦੇਖ ਰਹੇ ਸਨ ਪਰ ਇਹ ਸਭ ਨੇ ਮਹਿਸੂਸ ਕੀਤਾ ਕਿ ਕੀਰਤਨ ਦੀ ਗੂੰਜ ਵਿਚ ਪਹਿਲਾਂ ਨਾਲੋਂ ਵਾਧਾ ਹੋਇਆ ਹੈ।ਗੁਪਤ ਦੁਨੀਆਂ ਦੇ ਵਸਨੀਕਾਂ ਦੀਆਂ ਅਵਾਜ਼ਾਂ ਜਦੋਂ ਬੱਸ ਯਾਤਰੂਆਂ ਦੀਆਂ ਅਵਾਜ਼ਾਂ ਨਾਲ ਮਿਲ ਕੇ ਕੀਰਤਨ ਕਰਨ ਲੱਗੀਆਂ ਤਾਂ ਐਸਾ ਅਨੰਦ ਬੱਝਿਆ ਕਿ ਹਰ ਕੋਈ ਝੂੰਮਣ ਲੱਗ ਪਿਆ।

ਬੱਸ ਡਰਾਈਵਰ ਨੂੰ ਐਨੀ ਸ਼ਕਤੀ ਅਤੇ ਹੌਸਲਾ ਪਤਾ ਨਹੀਂ ਕਿੱਥੋਂ ਆ ਗਿਆ?ਉਸਨੇ ਬੱਸ ਬਹੁਤ ਤੇਜ਼ ਚਲਾਉਣੀ ਸ਼ੁਰੂ ਕਰ ਦਿੱਤੀ।ਐਨੇ ਕਠਿਨ ਅਤੇ ਮੋੜ ਘੇੜ ਵਾਲੇ ਰਸਤੇ ਉੱਤੇ ਉਹ ਬੱਸ ਨੂੰ ਉਡਾਈ ਲਿਜਾ ਰਿਹਾ ਸੀ।ਕੁਝ ਕਮਜ਼ੋਰ ਮਨਾ ਵਾਲੇ ਯਾਤਰੂ ਡੋਲ ਰਹੇ ਸਨ ਅਤੇ ਚਾਹੁੰਦੇ ਸਨ ਕਿ ਡਰਾਈਵਰ ਬੱਸ ਹੌਲੀ ਚਲਾਵੇ ਪਰ ਮਾਤਾ ਰਾਮ ਕੌਰ ਜੀ ਦੇ ਚੇਹਰੇ ਉਤੇ ਜਲਾਲ ਸੀ, ਉਨ੍ਹਾਂ ਨੇ ਕੀਰਤਨ ਦੇ ਸਰੂਰ ਵਿਚ ਝੂੰਮਦਿਆਂ ਹੋਇਆਂ ਨੇ ਇਸ਼ਾਰਾ ਕੀਤਾ ਕਿ ਬੱਸ ਨੂੰ ਇਸੇ ਤਰ੍ਹਾਂ ਹੀ ਚੱਲਣ ਦਿਓ।ਇਕ ਵਾਰੀ ਇਸ ਬੱਸ ਨੂੰ ਰਸਤਾ ਨਾ ਦੇਣ ਵਾਲੀ ਕਿਸੇ ਦੂਜੀ ਬੱਸ ਦਾ ਐਕਸੀਡੈਂਟ ਹੋਣ ਲੱਗਾ ਸੀ ਪਰ ਉਹ ਕਰਾਮਾਤੀ ਢੰਗ ਨਾਲ ਹੀ ਬਚ ਗਈ।

ਮਾਤਾ ਰਾਮ ਕੌਰ ਜੀ ਇਕ ਪਾਸੇ ਤਾਂ ਮਾਤ ਲੋਕ ਅਤੇ ਸੱਚ-ਖੰਡ ਵਾਸੀਆਂ ਦੇ ਸਾਂਝੇ ਕੀਰਤਨ ਦਾ ਅਨੰਦ ਮਾਣ ਰਹੇ ਸਨ ਤੇ ਦੂਜੇ ਪਾਸੇ ਉਹ ਇਕ ਨੂਰਾਨੀ ਚੇਹਰੇ ਵਾਲੇ ਭੁਜੰਗੀ ਸ਼ਹੀਦ ਸਿੰਘ ਦੇ ਦਰਸ਼ਨ ਕਰ ਰਹੇ ਸੀ ਜੋ ਬਸ ਦੀ ਖਿੜਕੀ ਤੋਂ ਬਾਹਰ ਬਸ ਦੀ ਰਫਤਾਰ

ਨਾਲ ਹੀ, ਉਡਦਾ ਜਾ ਰਿਹਾ ਸੀ। ਉਹ ਸ਼ਹੀਦ ਸਿੰਘ ਕਿਸੇ ਖਾਸ ਕੰਮ ਲਈ ਹੀ ਸੰਗਤਾਂ ਦੇ ਨਾਲ ਜਾ ਰਿਹਾ ਸੀ।ਜਦੋਂ ਬਸ ਦੀ ਟੱਕਰ ਹੋਣ ਲੱਗੀ ਸੀ ਤਾਂ ਮਾਤਾ ਜੀ ਨੇ ਦੇਖਿਆ ਕਿ ਉਸੇ ਸਿੰਘ ਨੇ ਹੀ ਕਿਸੇ ਨੁਕਸਾਨ ਹੋਣ ਤੋਂ ਬਚਾਇਆ।



*********************

***ਨੋਟ:*** *ਸ਼ਹੀਦਾਂ ਸਿੰਘਾਂ ਦੇ ਸੰਧਰਵ ਵਿਚ ਜੋ ਕੁਝ ਲਿਖਿਆ ਗਿਆ ਹੈ ਉਹ ਸਭ ਬੀਬੀ ਗੁਰਦੀਪ ਕੌਰ ਜੀ ਤੇ ਮਾਤਾ ਰਾਮ ਕੌਰ ਜੀ ਦੇ ਮੂਹੋਂ ਸੁਣੀਆਂ ਉਨ੍ਹਾਂ ਦੀਆਂ ਹੱਡ-ਬੀਤੀਆਂ ਹਨ ਜਾਂ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਗੁਰੂ ਪਿਆਰਿਆਂ ਦੇ ਹੰਢਾਏ ਹੋਏ ਪਲਾਂ ਦੇ ਅਨੁਭਵ ਹਨ।*

# ਕਲਗੀ

ਸਤਿਗੁਰੂ ਜੀ ਦੇ ਦਰਸ਼ਨਾਂ ਲਈ ਅਨੇਕਾਂ ਪ੍ਰੇਮੀਆਂ ਦਾ ਮਨ ਲੋਚਦਾ ਹੈ।ਹਾੜੇ ਕੱਢਦਾ ਹੈ। ਕਰੁਣਾ ਨਿਧਾਨ ਸਤਿਗੁਰੂ ਸਾਡੀ ਦਰਸ਼ਨਾਂ ਦੀ ਪਿਆਸ ਮਿਟਾਉਂਦਾ ਹੈ।ਗੱਲ ਸਿਰਫ ਏਨੀ ਹੀ ਹੈ ਕਿ ਬੀਬੀ ਗੁਰਦੀਪ ਕੌਰ ਜੀ ਦੀ ਤਰ੍ਹਾਂ ਸਾਡੀ ਦੀਵਾਨਗੀ ਵਿਚ ਵੀ ਜਾਨ ਹੋਣੀ ਚਾਹੀਦੀ ਹੈ।ਜਿਹੜੇ ਮਨੁਖ ਦਰਸ਼ਨਾਂ ਦੀ ਪਿਆਸ ਵਿਚ ਬਿਹਬਲ ਹੋ ਕੇ ਕਰੁਣਾ ਦੇ ਸਾਗਰਾਂ ਵਿਚੋਂ ਬਿਰਹੜੇ ਦੇ ਸੁੱਚੇ ਮੋਤੀ ਚੁਗਦੇ ਹਨ।ਸੱਚ, ਸੇਵਾ, ਤਿਆਗ ਅਤੇ ਸੱਚੀ ਕਿਰਤ ਦਾ ਅਹਾਰ ਕਰਦੇ ਹਨ।ਉਨ੍ਹਾਂ ਦੀਆਂ ਰੂਹਾਂ ਨੂੰ ਪ੍ਰੇਮ ਉਡਾਰੀਆਂ ਮਾਰਨ ਲਈ ਖੰਭ ਨਿਕਲ ਆਉਂਦੇ ਹਨ।ਦੁਨੀਆਦਾਰੀ ਦੇ ਝੰਜਟਾਂ ਵਿਚੋਂ ਨਿਕਲ ਕੇ ਉਹ ਇਲਾਹੀ ਮੰਡਲਾਂ ਵਿਚ ਪਹੁੰਚ ਕੇ ਸੋਹਜ ਸੁਖਾਵੀਆਂ ਉਡਾਰੀਆਂ ਮਾਰਦੇ ਹੋਏ ਵਸਲ-ਰਸ ਦਾ ਅਨੰਦ ਮਾਣਦੇ ਹਨ।ਕਾਮ ਕ੍ਰੋਧ ਲੋਭ ਮੋਹ ਅਤੇ ਹੰਕਾਰ ਦੇ ਚਿੱਕੜਾਂ ਵਿਚ ਖੁੱਭੇ ਹੋਏ ਲੋਕੀਂ ਇਸ ਖੰਭਾਂ ਵਾਲੀ ਗੱਲ ਦਾ ਯਕੀਨ ਨਹੀਂ ਕਰਦੇ।ਉਹ ਨਹੀਂ ਜਾਣਦੇ ਕਿ ਹੰਸਾਂ ਦਾ ਚੋਗਾ ਚੁਗਣ ਵਾਲਿਆਂ ਦਾ ਗੈਬੀ ਦੁਨੀਆਂ ਵਿਚ ਆਉਣਾ ਜਾਣਾ ਬਣਿਆ ਰਹਿੰਦਾ ਹੈ।

ਜਿਵੇਂ ਬਾਪ ਆਪਣੇ ਬੱਚੇ ਦੇ ਸੁੱਖ ਅਰਾਮ ਦਾ ਖਿਆਲ ਰੱਖਦਾ ਹੈ, ਲਾਡ ਲਡਾਉਂਦਾ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਤੋਹਫੇ ਦੇ ਕੇ ਬੱਚੇ ਦਾ ਮਨ ਬਹਿਲਾਉਂਦਾ ਹੈ।ਇਸੇ ਤਰ੍ਹਾਂ ਹੀ ਦੁਨੀਆਂ ਦਾ ਕਰਤਾ ਧਰਤਾ ਵੀ ਆਪਣੇ ਪਿਆਰਿਆਂ ਨੂੰ ਪ੍ਰੇਮ ਪੀਂਘਾਂ ਝੂਟਾ ਕੇ ਅਜੀਬ ਨਜਾਰੇ ਦਿਖਾਉਂਦਾ ਹੈ।ਅਣਡਿੱਠੀ ਦੁਨੀਆਂ ਵਿਚ ਵਿਚਰਨ ਦੀ ਜਾਚ ਸਿਖਾਉਂਦਾ ਹੈ।ਭਗਤੀ ਰਸ ਦੇ ਭੰਡਾਰਾਂ ਨਾਲ ਮਾਲੋ ਮਾਲ ਕਰਕੇ ਉਹ ਆਪਣੇ ਭਗਤਾਂ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਨਿਹਾਲ ਕਰਦਾ ਹੈ।ਕਿਸੇ ਨੂੰ ਸੁਪਨੇ ਵਿਚ ਦਰਸ ਦਿਖਾ ਕੇ ਵਰਾ ਲੈਂਦਾ ਹੈ।ਕਿਸੇ ਨੂੰ ਸੁੰਨ-ਸਮਾਧੀ ਦੀਆਂ ਉੜਾਨਾਂ ਵਿਚ ਲਿਜਾ ਕੇ ਆਪਣੀ ਪਛਾਣ ਕਰਵਾਉਂਦਾ ਹੈ।ਕੁਦਰਤ ਦੇ ਰਸੀਆਂ ਨੂੰ ਸੋਹਣੀ ਕੁਦਰਤ ਦੇ ਜਲਵਿਆਂ ਵਿਚੋਂ ਆਪਣੀਆਂ ਝਲਕਾਂ ਦਿਖਾ ਦਿੰਦਾ ਹੈ।ਕਈਆਂ ਦੇ ਦਿਲਾਂ ਦੀਆਂ ਤਾਰਾਂ ਉਤੇ ਅਨਹਦ ਸੰਗੀਤ ਦੀਆਂ ਝੁਨਕਾਰਾਂ ਛੇੜ ਕੇ ਆਪਣੇ ਨਾਲ ਜੋੜ ਕੇ ਇਕ ਮਿਕ ਕਰ ਲੈਂਦਾ ਹੈ ਪਰ ਜਿਹਨਾਂ ਦੀ ਕੂਕ ਪੁਕਾਰ ਵਿਚ ਅੱਤਿ ਤੀਖਣਤਾ ਦੀ ਭਾਵਨਾਂ ਹੁੰਦੀ ਹੈ, ਉਨ੍ਹਾਂ ਸੁਭਾਗਿਆਂ ਦੇ ਨੈਣੀਂ ਠੰਡ ਪਾਉਣ ਲਈ ਉਹ ਪ੍ਰਗਟ ਰੂਪ ਵਿਚ ਦਰਸ ਦਿਖਾਉਂਦਾ ਹੈ ਤੇ ਗਲੇ ਵੀ ਲਗਾਉਂਦਾ ਹੈ।

ਚਾਤ੍ਰਿਕ ਮਨ ਦੀ ਪਿਆਸ ਨਾਲ ਦਰਸ਼ਨਾਂ ਲਈ ਸਹਿਕਦੇ ਬੀਬੀ ਗੁਰਦੀਪ ਕੌਰ ਜੀ ਦੇ ਸੱਚੇ ਹਿਰਦੇ ਦੀ ਕੂਕ ਪੁਕਾਰ ਕਈ ਵਾਰੀ ਸੁਣੀ ਗਈ।ਤਰਸਦੇ ਨੈਣਾਂ ਨੇ ਜਦੋਂ ਵੀ ਨੀਰ

ਦੀਆਂ ਧਾਰਾਂ ਵਹਾਉਂਦਿਆਂ ਪ੍ਰੀਤਮ ਦੇ ਰਾਹਾਂ ਉਤੇ ਅੱਖੀਆਂ ਵਛਾਈਆਂ ਸੱਚੇ ਸਤਿਗੁਰਾਂ ਨੇ ਦਰਸ਼ਨ ਦੇ ਕੇ ਨਿਹਾਲ ਕੀਤਾ।ਸ਼ਰਣ ਪਿਆਂ ਦੀ ਲਾਜ ਰੱਖੀ।ਭਗਤਾਂ ਦੀ ਆਸ ਪੁਗਾਉਣ ਵਾਲੇ ਨੇ ਬੀਬੀ ਜੀ ਨੂੰ ਨਿਰਾਸ਼ ਨਹੀਂ ਹੋਣ ਦਿੱਤਾ।ਤਰ੍ਹਾਂ ਤਰ੍ਹਾਂ ਦੇ ਕ੍ਰਿਸ਼ਮੇ ਵਰਤਾ ਕੇ ਆਤਮਿਕ ਹੁਲਾਰੇ ਬਖਸ਼ੇ।ਪਤੀ ਦੀ ਮੌਤ ਪਿੱਛੋਂ ਇਕ ਵਾਰੀ ਬੀਬੀ ਜੀ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਹਜੂਰ ਸਾਹਿਬ ਗਏ।ਸੱਚ-ਖੰਡ ਪਹੁੰਚ ਕੇ ਅਰਦਾਸ ਕੀਤੀ ਕਿ ਦਾਤਾ ਇਹਨਾਂ ਬੱਚਿਆਂ ਦੀ ਬਾਂਹ ਤੂੰ ਹੀ ਫੜ ਲੈ ਤੇ ਮੈਨੂੰ ਆਪਣੇ ਚਰਨ-ਕਮਲਾਂ ਵਿਚ ਰੱਖ।ਤਦ ਬੀਬੀ ਜੀ ਨੂੰ ਸ਼ੀਸ਼ਿਆਂ ਥਾਣੀ ਸ਼ਸਤਰਾਂ ਕੋਲ ਖੜ੍ਹੇ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ।ਖੀਵੇ ਹੋਏ ਬੀਬੀ ਜੀ ਨੇ ਫਿਰ ਬੇਨਤੀ ਕੀਤੀ ਕਿ ਸੱਚਿਆ ਪਾਤਿਸ਼ਾਹਾ..! ਇਕ ਵਾਰੀ ਆਪਣੇ ਚਰਨਾਂ ਕੋਲ ਸਿਰ ਰੱਖ ਲੈਣ ਦੇਹ...! ਤਦ ਬੀਬੀ ਜੀ ਨੇ ਦਰਵਾਜੇ ਦੇ ਅੰਦਰ ਸਿਰ ਕਰਕੇ ਮੱਥਾ ਟੇਕਿਆ।ਚਰਨਾ ਵਿਚ ਮੱਥਾ ਟੇਕਣ ਦੀ ਰੀਝ ਪੂਰੀ ਹੋਈ।ਉਸ ਵੇਲੇ ਉਨ੍ਹਾਂ ਦੀ ਨਜ਼ਰ ਉਥੇ ਪਏ ਸ਼ਸਤਰਾਂ ਦੇ ਕੋਲ ਪਈ ਇਕ ਕਲਗੀ ਉਤੇ ਟਿਕ ਗਈ। ਭਾਵੁਕ ਹੋਏ ਬੀਬੀ ਜੀ ਦੇ ਦਿਲ ਵਿਚ ਸੱਧਰ ਪੈਦਾ ਹੋਈ ਕਿ ਉਹ ਆਪਣੇ ਕਲਗੀਆਂ ਵਾਲੇ ਲਈ ਕਲਗੀ ਬਣਵਾਉਣ...! ਨੂਰੀ ਪ੍ਰੀਤਮ ਦੇ ਸੀਸ ਉਤੇ ਸੋਹਣੀ ਤੋਂ ਸੋਹਣੀ ਕਲਗੀ ਸਜਾਉਣ ਲਈ ਜੀਅੜਾ ਤਰਸਿਆ। ਸਤਿਗੁਰਾਂ ਦੇ ਨੂਰਾਨੀ ਮੱਥੇ ਉਤੇ ਕਿਹੋ ਜਿਹੀ ਕਲਗੀ ਸਜੇਗੀ ? ਇਹਨਾਂ ਸੋਚਾਂ ਵਿਚ ਹੀ ਦਿਨ ਰਾਤ ਬੀਤਣ ਲੱਗੇ।ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੋਟੋਆਂ ਖਰੀਦਣੀਆਂ ਸ਼ੁਰੂ ਕੀਤੀਆਂ।ਸੋਚਿਆ ਕਿ ਸ਼ਾਇਦ ਕਿਸੇ ਫੋਟੋ ਉਤੋਂ ਹੀ ਕਲਗੀ ਦਾ ਮਨ-ਪਸੰਦ ਦਾ ਨਮੂਨਾ ਮਿਲ ਜਾਏ ਪਰ ਕਿਤੋਂ ਵੀ ਤਸੱਲੀ ਨਾ ਹੋਈ।ਅਖੀਰ ਉਨ੍ਹਾਂ ਆਪਣੇ ਮਨ ਵਿਚ ਕਲਪਿਤ ਹੋਏ ਨਮੂਨੇ ਵਾਲੀ ਕਲਗੀ ਬਣਾਉਣ ਦਾ ਹੀ ਇਰਾਦਾ ਬਣਾ ਲਿਆ।

੧੯੫੪-੫੫ ਦੀ ਗੱਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਬਣਵਾਉਣ ਲਈ ਬੀਬੀ ਜੀ ਕੋਲ ਜਿੰਨਾਂ ਵੀ ਸੋਨਾ ਅਤੇ ਪੈਸਾ ਸੀ, ਲੈ ਕੇ ਉਹ ਬੰਬਈ ਵਿਚ ਇਕ ਵਾਕਿਫ ਸੁਨਿਆਰੇ ਕੋਲ ਚਲੇ ਗਏ।ਸੋਨਾ ਵੇਚ ਕੇ ਪੈਸੇ ਇਕੱਠੇ ਕੀਤੇ ਅਤੇ ਕਲਗੀ ਦਾ ਸਮਾਨ ਖਰੀਦਣਾ ਸ਼ੁਰੂ ਕੀਤਾ।ਸੁਨਿਆਰਾ ਗੁਰੂ ਘਰ ਦਾ ਪ੍ਰੇਮੀ ਸਿੰਧੀ ਸਿੱਖ ਸੀ।ਉਸਨੇ ਬੀਬੀ ਜੀ ਨੂੰ ਕਿਹਾ ਕਿ ਉਹ ਕਲਗੀ ਬਣਾਉਣ ਦਾ ਕੰਮ ਸ਼ਰਧਾ ਤੇ ਪ੍ਰੇਮ ਨਾਲ ਕਰੇਗਾ ਅਤੇ ਬਣਵਾਈ ਵੀ ਨਹੀਂ ਲਏਗਾ।ਗੁਰੂ ਪਿਆਰੇ ਨੇ ਕਲਗੀ ਬਣਾਉਣ ਦੀ ਸੇਵਾ ਕਰਕੇ ਆਪਣੇ ਹੱਥ ਸੁੱਚੇ ਕਰਨ ਦਾ ਫੈਸਲਾ ਕੀਤਾ। ਸਤਿਗੁਰਾਂ ਦੀ ਕਲਗੀ ਦਾ ਨਾਮ ਸੁਣ ਕੇ ਹੀਰੇ, ਪੰਨੇ, ਰੂਬੀ ਅਤੇ ਮੋਤੀ ਵੇਚਣ ਵਾਲੇ ਨੇ ਵੀ ਗੁਰੂ ਜੀ ਦੀ ਕਲਗੀ ਵਿਚ ਆਪਣਾ ਹਿੱਸਾ ਪਾਉਣ ਲਈ ਸ਼ਰਧਾ ਪ੍ਰਗਟ ਕੀਤੀ ਅਤੇ ਘਟ ਤੋਂ ਘਟ ਪੈਸਿਆਂ ਵਿਚ ਸਮਾਨ ਵੇਚਣ ਲਈ ਤਿਆਰ ਹੋ ਗਿਆ। ਬੀਬੀ ਜੀ ਨੇ

ਸਾਰਾ ਸੋਨਾ ਅਤੇ ਪੈਸਾ ਲਗਾ ਦਿੱਤਾ ਫਿਰ ਵੀ ਤੀਹ ਪੈਂਤੀ ਹਜ਼ਾਰ ਰੁਪਿਆ ਥੁੜਦਾ ਸੀ। ਇਹ ਪੈਸਾ ਬੰਬਈ ਦੀ ਸੰਗਤ ਨੇ ਇਕੱਠਾ ਕਰਕੇ ਕਲਗੀ ਲਈ ਭੇਟ ਕੀਤਾ। ਉਸ ਸਮੇਂ ਅਜੱ ਦੇ ਰੁਪੈ ਦੀ ਕਿੰਨੀ ਕੀਮਤ ਸੀ..? ਇਸ ਦਾ ਹਿਸਾਬ ਕੀਤਿਆਂ ਹੀ ਇਸ ਕਲਗੀ ਦੀ ਕੀਮਤ ਦਾ ਠੀਕ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਤਕਰੀਬਨ ਸਵਾ ਲੱਖ ਰੁਪਿਆ ਕਲਗੀ ਉਤੇ ਖਰਚ ਆਇਆ ।

ਆਸਾਂ ਸੱਧਰਾਂ ਨਾਲ ਸੌ ਸੌ ਸ਼ਗਨ ਮਨਾਉਂਦਿਆਂ ਬੀਬੀ ਜੀ ਨੇ ਕਲਗੀ ਤਿਆਰ ਕਰਵਾਈ। ਚਿੱਟੇ ਗਰਮ ਕਪੜੇ ਦਾ ਬਾਣਾ ਸਿਲਵਾਇਆ। ਨੀਲੀ ਦਸਤਾਰ ਖਰੀਦੀ ਤੇ ਕਮਰ-ਕੱਸੇ ਨੂੰ ਕੇਸਰੀ ਰੰਗ ਰੰਗਵਾਇਆ। ਸਾਰੀਆਂ ਚੀਜ਼ਾਂ ਲੈ ਕੇ ਉਹ ਆਪਣੇ ਨਿਵਾਸ-ਸਥਾਨ ਸਰਹਾਲੀ ਜਾ ਰਹੇ ਸਨ। ਕਾਰ ਦੀ ਪਿਛਲੀ ਸੀਟ ਉਤੇ ਬੀਬੀ ਜੀ ਅਤੇ ਉਨ੍ਹਾਂ ਦੇ ਭੈਣ ਜੀ ਬੈਠੇ ਹੋਏ ਸਨ। ਅਗਲੀ ਸੀਟ ਉਤੇ ਉਨ੍ਹਾਂ ਦੇ ਇਕ ਰਿਸ਼ਤੇਦਾਰ ਸਰਦਾਰ ਸੁਰਜੀਤ ਸਿੰਘ ਜੀ ਬੈਠੇ ਹੋਏ ਸਨ। ਬੀਬੀ ਜੀ ਦੇ ਵਡੇ ਬੇਟੇ ਗੁਰਬਰਿੰਦਰ ਸਿੰਘ ਜੀ ਕਾਰ ਚਲਾ ਰਹੇ ਸਨ। ਅੰਮ੍ਰਿਤਸਰ ਤੋਂ ਸਰਹਾਲੀ ਜਾਂਦਿਆਂ ਰਸਤੇ ਵਿਚ ਹੀ ਸ਼ਾਮ ਦਾ ਘੁਸਮੁਸਾ ਹੋ ਗਿਆ। ਬੀਬੀ ਜੀ ਦੇ ਭੈਣ ਜੀ ਨੇ ਅੱਖੀਆਂ ਮੀਟ ਕੇ ਰਹਿਰਾਸ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਲਿਆ। ਪਰ ਬੀਬੀ ਜੀ ਕਲਗੀਆਂ ਵਾਲੇ ਦੀ ਯਾਦ ਵਿਚ ਵਿਆਕੁਲ ਹੋਈ ਜਾ ਰਹੇ ਸਨ। ਨੂਰਾਨੀ ਚੇਹਰੇ ਵਾਲੇ ਦੇ ਸੀਸ ਉਤੇ ਕਲਗੀ ਸਜਾਉਣ ਦੀਆਂ ਤਾਂਘਾਂ ਸਿਖਰਾਂ ਉਤੇ ਪਹੁੰਚ ਗਈਆਂ। ਦਿਲ 'ਚੋਂ ਉਠਦੀਆਂ ਹੂਕਾਂ ਸਚੇ ਪਾਤਿਸ਼ਾਹ ਨੂੰ ਆਵਾਜ਼ਾਂ ਮਾਰ ਮਾਰ ਕਲਗੀ ਸਜਾ ਕੇ ਦਿਖਾਉਣ ਲਈ ਪੁਕਾਰਨ ਲੱਗੀਆਂ। ਪ੍ਰੇਮ-ਭਿੱਜੇ ਦਿਲ ਦੀਆਂ ਰੀਝਾਂ ਪੂਰੀਆਂ ਕਰਨ ਲਈ ਲੋਚਦੇ ਬੀਬੀ ਜੀ ਕਦੀ ਕਲਗੀ ਵਾਲੀ ਡੱਬੀ ਖੋਲ੍ਹ ਕੇ ਕਲਗੀ ਵਲ ਦੇਖ ਲੈਣ ਅਤੇ ਕਦੀ ਕਮਰ-ਕੱਸੇ ਵਲ ਦੇਖ ਲੈਣ..!ਕਲਗੀ ਦੇਖਦਿਆਂ ਹੀ ਦਰਸ਼ਨ ਦੀਦਾਰਿਆਂ ਲਈ ਤਰਸਦੀਆਂ ਅੱਖੀਆਂ ਵਿਚ ਹੰਝੂ ਲਟਕਣ ਲੱਗ ਪੈਣ..!ਅੱਖੀਆਂ ਰਾਹੀਂ ਨੁੱਚੜਦਾ ਦਿਲ ਪੁਕਾਰ ਪੁਕਾਰ ਕੇ ਕਹੇ, ਆ....ਵੇ...ਮੇਰੇ ਕਲਗੀਆਂ ਵਾਲੜਿਆ..! ਦੇਖ ਮੈਂ ਕਿੰਨੀ ਰੀਝ ਨਾਲ ਤੇਰੇ ਲਈ ਕਲਗੀ ਬਣਵਾਈ ਹੈ ? ਤੂੰ ਇਕ ਵਾਰੀ ਆਪਣੇ ਸੀਸ ਉਤੇ ਸਜਾ ਕੇ ਦਿਖਾ ਤਾਂ ਸਹੀ....! ਇਹ ਕਮਰਕੱਸਾ... ਦੇਖ...ਇਸ ਉਤੇ ਕਿੰਨਾ ਸੋਹਣਾ ਰੰਗ ਚੜ੍ਹਿਆ ਹੈ......। ਤੂੰ ਇਕ ਵਾਰੀ ਇਸਨੂੰ ਆਪਣੇ ਸਜਾ ਕੇ ਦਿਖਾ ਤਾਂ ਸਹੀ..... ਸੋਹਣਿਆ ਪ੍ਰੀਤਮਾ! ਤੂੰ ਇਕ ਵਾਰੀ..... ਬੱਸ ਇਕ ਵਾਰੀ .... ਦਰਸ ਦਿਖਾ ਕੇ ਮੇਰੀਆਂ ਅੱਖੀਆਂ ਦੀ ਪਿਆਸ ਮਿਟਾ ......!

ਬੀਬੀ ਜੀ ਦਾ ਰੋਮ ਰੋਮ ਸਤਿਗੁਰਾਂ ਨੂੰ ਪੁਕਾਰ ਰਿਹਾ ਸੀ। ਪ੍ਰੇਮ-ਵਿੰਨਿਆ ਦਿਲ ਇਹੀ ਚਾਹੁੰਦਾ ਸੀ ਕਿ ਜਿਹੜੀ ਕਲਗੀ ਉਨ੍ਹਾਂ ਨੇ ਹੱਥਾਂ ਵਿਚ ਫੜੀ ਹੋਈ ਹੈ ਉਹੀ ਕਲਗੀਧਰ

ਪਾਤਿਸ਼ਾਹ ਦੇ ਸੀਸ ਉਤੇ ਸੋਹੰਦੀ ਹੋਵੇ ਅਤੇ ਕਮਰ ਕੱਸਾ..! ਜਿਸਨੂੰ ਉਨ੍ਹਾਂ ਬੜੇ ਚਾਵਾਂ ਮਲ੍ਹਾਰਾਂ ਨਾਲ ਰੰਗਵਾਇਆ ਹੈ ਉਹ ਸਤਿਗੁਰਾਂ ਦੀ ਕਮਰ ਦੁਆਲੇ ਸਜਿਆ ਹੋਇਆ ਹੋਵੇ..! ਦਸਮ ਪਾਤਿਸ਼ਾਹ ਦੇ ਦਿਦਾਰਿਆਂ ਲਈ ਵਿਲਕਦੇ ਦਿਲ ਨਾਲ ਬੀਬੀ ਜੀ ਕਾਰ ਦੇ ਸਾਹਮਣਲੇ ਸ਼ੀਸ਼ੇ ਥਾਣੀ ਬਾਹਰ ਦੇਖ ਰਹੇ ਸਨ ਕਿ ਉਨ੍ਹਾਂ ਦੇਖਿਆ ਕਿ ਇਕ ਅੰਮ੍ਰਿਤਧਾਰੀ ਸਿੰਘ ਤੁਰਿਆ ਆ ਰਿਹਾ ਹੈ।ਗੁਰਬਰਿੰਦਰ ਸਿੰਘ ਜੀ ਨੂੰ ਇਕ ਅਣਜਾਣ ਆਦਮੀ ਕਾਰ ਨੂੰ ਹੱਥ ਦਿੰਦਾ ਦਿਖਾਈ ਦਿੱਤਾ ਅਤੇ ਉਨ੍ਹਾਂ ਨੇ ਕਾਰ ਰੋਕ ਲਈ।ਅਗਲੀ ਸੀਟ ਉਤੇ ਬੈਠੇ ਸਰਦਾਰ ਸੁਰਜੀਤ ਸਿੰਘ ਜੀ ਨੂੰ ਇਕ ਤੇਜੱਸਵੀ ਸਿੰਘ ਦੇ ਦਰਸ਼ਨ ਹੋਏ,ਜਿਸ ਦੇ ਚੇਹਰੇ ਉਪਰ ਇਲਾਹੀ ਤੇਜ ਪ੍ਰਤਾਪ ਲਿਸ਼ਕਾਰੇ ਮਾਰ ਰਿਹਾ ਸੀ।ਉਸਨੇ ਹੱਥ ਉਪਰ ਕੀਤਾ ਤਾਂ ਹਥੇਲੀ ਵਿਚੋਂ ਸੋਨ-ਸੁਨਹਿਰੀ ਮਿੱਠੀ ਰੋਸ਼ਨੀ ਦੀਆਂ ਰਿਸ਼ਮਾਂ ਦੀ ਫੁਹਾਰ ਨਿਕਲ ਕੇ ਸਰਦਾਰ ਸੁਰਜੀਤ ਸਿੰਘ ਦਾ ਤਨ ਮਨ ਰੰਗ ਗਈ।ਬੀਬੀ ਜੀ ਨੂੰ ਕਲਗੀਆਂ ਵਾਲੇ ਦੇ ਇਲਾਹੀ ਤੇਜ ਪ੍ਰਤਾਪ ਦੇ ਦਰਸ਼ਨ ਹੋਏ।ਜਿਹੜੀ ਕਲਗੀ ਬੀਬੀ ਜੀ ਦੇ ਹੱਥ ਵਿਚ ਫੜੀ ਹੋਈ ਸੀ-ਉਹੀ ਕਲਗੀ ਸਾਹਮਣੇ ਖੜੇ ਸਤਿਗੁਰਾਂ ਦੇ ਸੀਸ ਉਤੇ ਸੋਭ ਰਹੀ ਸੀ।ਕਮਰ ਕੱਸਾ ਵੀ ਲੱਕ ਦੁਆਲੇ ਸਜਿਆ ਹੋਇਆ ਕੇਸਰੀ ਲਿਸ਼ਕਾਰੇ ਮਾਰ ਰਿਹਾ ਸੀ।ਉਹੀ ਨੀਲੀ ਦਸਤਾਰ..ਗੁਰੂ ਜੀ ਦੇ ਸੀਸ ਉਤੇ ਸੋਭ ਰਹੀ ਸੀ! ਕ੍ਰੋੜਾਂ ਸੂਰਜਾਂ ਦਾ ਚਾਨਣ,ਸਾਹਮਣੇ ਆ ਟਿਕਿਆ..!ਬੀਬੀ ਜੀ ਦੀਆਂ ਅੱਖੀਆਂ ਵਿਚ ਇਹ ਤੇਜ ਪ੍ਰਤਾਪ ਝੱਲਣ ਦੀ ਤਾਕਤ ਸੀ।ਕਿਉਂਕਿ ਉਨ੍ਹਾਂ ਨੇ ਪਹਿਲਾਂ ਵੀ ਕਈ ਵਾਰੀ ਆਪਣੇ ਨੂਰੀ ਪ੍ਰੀਤਮ ਦੇ ਇਲਾਹੀ ਝਲਕਾਰਿਆਂ ਦਾ ਅਨੰਦ ਮਾਣਿਆ ਹੋਇਆ ਸੀ।ਬੀਬੀ ਜੀ ਦੇ ਭੈਣ ਜੀ ਅੱਖੀਆਂ ਮੀਟੀ ਪਾਠ ਕਰਨ ਵਿਚ ਹੀ ਮਗਨ ਰਹੇ ਤੇ ਸਰਦਾਰ ਗੁਰਬਰਿੰਦਰ ਸਿੰਘ ਨੂੰ ਇਕ ਸਧਾਰਣ ਅਣਜਾਣ ਬੰਦੇ ਤੋਂ ਸਿਵਾ ਕੁਝ ਵੀ ਨਾ ਲੱਗਿਆ। ਜਦੋਂ ਬੀਬੀ ਜੀ ਨੂੰ ਕਲਗੀ ਪਰਵਾਨ ਹੋ ਜਾਣ ਦੀ ਤਸੱਲੀ ਹੋ ਗਈ ਤਾਂ ਉਨ੍ਹਾਂ ਨੇ ਪਟਨਾ ਸਾਹਿਬ ਗੁਰਦਵਾਰੇ ਵਿਚ ਜਾ ਕੇ ਕਲਗੀ ਭੇਟ ਕਰ ਦਿੱਤੀ ਤੇ ਸਤਿਗੁਰਾਂ ਲਈ ਸਿਲਵਾਇਆ ਹੋਇਆ ਪੁਸ਼ਾਕਾ ਤੇ ਮਖਮਲੀ ਜੋੜਾ ਇਕ ਗੁਰਸਿੱਖੀ ਵਿਚ ਪੂਰਨ ਦਰਸ਼ਨੀ ਸਿੰਘ ਨੂੰ ਭੇਟ ਕਰ ਦਿੱਤਾ।

**ਬੀਬੀ ਗੁਰਦੀਪ ਕੌਰ ਜੀ ਸਿਰੋਪੇ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹੋਏ**



# ਮੌਤ ਦੇ ਸੁਨਹਿਰੇ ਪਲ

ਲੁਧਿਆਣਾ ਨਿਵਾਸੀ ਸ: ਗੁਰਭਗਤ ਸਿੰਘ ਬਾਹੀਆ ਨੇ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾਂਦਿਆਂ ਗੋਬਿੰਦ ਘਾਟ ਵਿਖੇ ਰੈਣ ਬਸੇਰਾ ਕੀਤਾ। ਇਸ਼ਨਾਨ ਕਰਨ ਲਈ ਵਾਸ਼ਰੂਮ ਗਏ ਤਾਂ ਅੰਦਰ ਉਨ੍ਹਾਂ ਦਾ ਦੋ ਅਣਡਿੱਠੀ ਦੁਨੀਆਂ ਦੇ ਵਸਨੀਕਾਂ ਨਾਲ ਵਾਸਤਾ ਪੈ ਗਿਆ। ਇਕ ਸੋਹਣੇ ਸਰੂਪ ਵਾਲਾ ਜਿਸ ਨੇ ਚਿੱਟੇ ਕਪੜੇ ਪਾਏ ਹੋਏ ਸਨ ਅਤੇ ਦੂਜਾ ਕਾਲਾ ਕਲੂਟਾ ਭੈੜੀ ਸ਼ਕਲ ਵਾਲਾ, ਜਿਸ ਨੇ ਕਾਲੇ ਰੰਗ ਦੇ ਕਪੜੇ ਪਾਏ ਹੋਏ ਸਨ। ਕਾਲੇ ਕੱਪੜਿਆਂ ਵਾਲਾ ਬਾਹੀਆ ਸਾਹਿਬ ਨੂੰ ਮਾਰੀ ਕੁੱਟੀ ਜਾਵੇ ਅਤੇ ਚਿੱਟੇ ਕੱਪੜਿਆਂ ਵਾਲਾ ਕਾਲੇ ਕੱਪੜਿਆਂ ਵਾਲੇ ਦੀ ਮਾਰ ਕੁੱਟ ਤੋਂ ਬਚਾਈ ਜਾਵੇ। ਦੋਨੋ ਹੀ ਚੰਗੀਆਂ ਮਾੜੀਆਂ ਸ਼ਕਤੀਆਂ ਦੇ ਪ੍ਰਤੀਕ ਸਨ। ਕਾਲੇ ਕੱਪੜਿਆਂ ਵਾਲੇ ਨੇ ਜੋਰ ਦੀ ਧੱਕਾ ਮਾਰਿਆ ਤਾਂ ਬਾਹੀਆ ਸਾਹਿਬ ਦਾ ਸਿਰ ਪਾਈਪ ਵਿਚ ਜਾ ਵੱਜਾ।

ਮਾਰ ਕੁੱਟ ਖਾਂਦੇ ਅਤੇ ਮਾਰ ਕੁੱਟ ਤੋਂ ਬਚਦੇ ਹੋਏ ਬਾਹੀਆ ਸਾਹਿਬ ਡਿਗਦੇ ਢਹਿੰਦੇ ਕਿਸੇ ਤਰ੍ਹਾਂ ਵਾਸ਼ਰੂਮ ਵਿਚੋਂ ਬਾਹਰ ਨਿਕਲੇ। ਸਾਰਾ ਸਰੀਰ ਪਸੀਨੇ ਨਾਲ ਗੜੁੱਚ ਅਤੇ ਐਨੀ ਬੁਰੀ ਹਾਲਤ ਵੇਖ ਕੇ ਉਨ੍ਹਾਂ ਦੀ ਪਤਨੀ ਬੀਬੀ ਨਿਹਾਲ ਕੌਰ,ਬੀਬੀ ਗੁਰਦੀਪ ਕੌਰ ਅਤੇ ਹੋਰ ਸੰਗਤ ਘਬਰਾ ਗਈ। ਕੁਦਰਤੀ ਹੀ ਨਾਲ ਦੇ ਕਮਰੇ ਵਿਚ ਇਕ ਲੇਡੀ ਡਾਕਟਰ ਬੀਬੀ ਹਰਭਜਨ ਕੌਰ ਜੀ ਠਹਿਰੇ ਹੋਏ ਸਨ। ਛੇਤੀ ਹੀ ਓਨ੍ਹਾਂ ਨੂੰ ਬੁਲਾਇਆ ਗਿਆ। ਉਸ ਵੇਲੇ ਬਾਹੀਆ ਸਾਹਿਬ ਨੂੰ ਕੱਚੀਆਂ ਤਰੇਲੀਆਂ ਆ ਰਹੀਆਂ ਸਨ ਅਤੇ ਸਾਹ ਵੀ ਰੁਕ ਰੁਕ ਕੇ ਆ ਰਿਹਾ ਸੀ। ਕੁਝ ਦੇਰ ਪਿਛੋਂ ਸਾਹ ਆਉਣਾ ਉਕੱਾ ਹੀ ਬੰਦ ਹੋ ਗਿਆ। ਪੂਰੀ ਜਾਂਚ ਪੜਤਾਲ ਕਰਨ ਪਿਛੋਂ ਡਾਕਟਰ ਨੇ ਬਾਹੀਆ ਸਾਹਿਬ ਨੂੰ ਮ੍ਰਿਤਕ ਕਰਾਰ ਕਰ ਦਿੱਤਾ ਗਿਆ। ਸੰਗਤਾਂ ਵਿਚੋਂ ਕੁਝ ਸਿਆਣਿਆਂ ਨੇ ਨਬਜ਼ਾਂ ਟੋਹੀਆਂ, ਧੜਕਣ ਨੋਟ ਕੀਤੀ ਅਤੇ ਮੌਤ ਬਾਰੇ ਯਕੀਨ ਹੋ ਗਿਆ।

ਰੌਲਾ ਰੱਪਾ ਸੁਣ ਕੇ ਇਕ ਗੁਰਮੁਖ ਪਿਆਰੇ ਆ ਗਏ। ਉਨ੍ਹਾਂ ਸੰਗਤ ਨੂੰ ਚੁੱਪ ਹੋਣ ਦਾ ਇਸ਼ਾਰਾ ਕੀਤਾ ਅਤੇ ਬਾਹੀਆ ਸਾਹਿਬ ਦੇ ਮ੍ਰਿਤਕ ਸਰੀਰ ਕੋਲ ਖੜ੍ਹੇ ਹੋ ਕੇ ਸੁਰਤੀ ਇਕਾਗਰ ਕਰਕੇ ਬੜੀ ਹੀ ਸੁਰੀਲੀ ਅਵਾਜ਼ ਵਿਚ ਪੰਜ ਵਾਰੀ ਇਹ ਸ਼ਬਦ ਪੜ੍ਹਿਆ,-

**ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੇ॥ ਨਮਸਕਾਰ ਡੰਡਉਤਿ ਬੰਦਨਾ॥**
**ਅਨਿਕ ਬਾਰ ਜਾਉ ਬਾਰੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੮੨੨)**

ਬੀਬੀ ਗੁਰਦੀਪ ਕੌਰ ਜੀ ਦੀਆਂ ਮਨ-ਅੱਖੀਆਂ ਅੱਗੇ ਗੁਰਬਾਣੀ ਦੀ ਇਹ ਤੁਕ ਪ੍ਰਕਾਸ਼ਮਾਨ ਹੋਈ;-

## " ਪ੍ਰਭ ਭਾਵੇ ਬਿਨੁ ਸਾਸ ਤੇ ਰਾਖੈ" (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੨੭੭)

ਉਨ੍ਹਾਂ ਨੇ ਇਸ ਤੁਕ ਦਾ ਜਾਪ ਕਰਦਿਆਂ ਬਿਨਾ ਸਾਹਾਂ ਤੋਂ ਜੀਊਂਦੇ ਰੱਖਣ ਵਾਲੇ ਸਤਿਗੁਰਾਂ ਅਗੇ ਜੋਦੜੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਨੂੰ ਆਪਣੇ ਸਾਹਿਬ ਉਤੇ ਭਰੋਸਾ ਸੀ ਕਿ ਸੰਗਤ ਦੀ ਅਰਦਾਸ ਸੁਣ ਕੇ ਪ੍ਰਾਣ-ਦਾਤਾ ਬਾਹੀਆ ਸਾਹਿਬ ਨੂੰ ਜੀਵਨ ਦਾਨ ਬਖਸ਼ ਦੇਵੇਗਾ।ਸੋ ਉਹ ਸਤਿਗੁਰੂ ਅਗੇ ਅਰਦਾਸ ਕਰਨ ਲਈ ਸੰਗਤ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੇ ਅੰਦਰ ਚਲੇ ਗਏ।

ਦਰਬਾਰ ਸਾਹਿਬ ਵਿਚ ਸੰਗਤ ਕੀਰਤਨ ਵਿਚ ਮਗਨ ਸੀ।ਸਰਦਾਰ ਸ਼ਮਸ਼ੇਰ ਸਿੰਘ ਜੀ (ਹੇਮਕੁੰਟ ਟ੍ਰੱਸਟ ਦੇ ਸਾਬਕਾ ਪ੍ਰਧਾਨ) ਨੇ ਮਾਈਕ ਲੈ ਕੇ ਸੰਗਤ ਤੋਂ ਕੀਰਤਨ ਭੰਗ ਕਰਨ ਦੀ ਖਿਮਾ ਮੰਗੀ ਅਤੇ ਬਾਹੀਆ ਸਾਹਿਬ ਦੇ ਜੀਵਨ ਦਾਨ ਲਈ ਸੰਗਤ ਨੂੰ ਅਰਦਾਸ ਵਿਚ ਧਿਆਨ ਜੋੜਨ ਲਈ ਪ੍ਰੇਰਿਆ।ਅਰਦਾਸ ਦੀ ਸਮਾਪਤੀ ਪਿਛੋਂ ਸਾਰੇ ਬਾਹੀਆ ਸਾਹਿਬ ਦੇ ਕਮਰੇ ਵਲ ਆ ਰਹੇ ਸਨ ਕਿ ਗੁਰਦਵਾਰੇ ਦੀਆਂ ਪੌੜੀਆਂ ਵਿਚ ਮਾਤਾ ਰਾਮ ਕੌਰ ਜੀ ਨੂੰ ਬਾਹੀਆ ਸਾਹਿਬ ਦਾ ਸੂਖਸ਼ਮ ਸਰੀਰ ਦਿਖਿਆ।ਦੋਨੋਂ ਹੱਥ ਜੋੜ ਕੇ ਬਾਹੀਆ ਸਾਹਿਬ ਦੇ ਸੂਖਸ਼ਮ ਸਰੀਰ ਨੇ ਮਾਤਾ ਜੀ ਨੂੰ ਗੁਰ ਫਤਿਹ ਗਜਾਈ।ਗੁਰੂ ਦੀ ਬਖਸ਼ਿਸ਼ਿ ਨਾਲ ਗੁੱਝੀਆਂ ਰਮਜ਼ਾਂ ਸਮਝਣ ਵਾਲੇ ਮਾਤਾ ਜੀ ਜਾਣ ਗਏ ਕਿ ਸੱਚੇ ਪਾਤਿਸ਼ਾਹ ਨੇ ਮੇਹਰ ਕਰ ਦਿੱਤੀ ਹੈ।ਜਦੋਂ ਸਾਰਿਆਂ ਨੇ ਕਮਰੇ ਵਿਚ ਪਹੁੰਚੇ ਕੇ ਉਹਨਾਂ ਦੇ ਮੂੰਹ ਤੋਂ ਕੱਪੜਾ ਉਤਾਰ ਕੇ ਦੇਖਿਆ ਤਾਂ ਬਾਹੀਆ ਸਾਹਿਬ ਦੇ ਜਿਸਮ ਵਿਚ ਹਰਕਤ ਆ ਰਹੀ ਸੀ।ਦੇਖਦਿਆਂ ਦੇਖਦਿਆਂ ਸਾਹਾਂ ਦਾ ਦੌਰ ਸ਼ੁਰੂ ਹੋ ਗਿਆ।ਐਨਾਂ ਵੱਡਾ ਇਲਾਹੀ ਕ੍ਰਿਸ਼ਮਾ ਦੇਖ ਸਾਰੀ ਸੰਗਤ ਵਿਚ ਖੁਸ਼ੀਆਂ ਦੀ ਲਹਿਰ ਦੌੜ ਗਈ। ।ਮੋਇਆਂ ਨੂੰ ਜੀਵਨ ਦਾਨ ਬਖਸ਼ਣ ਵਾਲੇ ਦੇ ਚਰਨਾਂ ਵਿਚ ਸਭ ਦੇ ਸਿਰ ਝੁਕ ਗਏ।ਗੁਰਬਾਣੀ ਪੜ੍ਹਨ ਅਤੇ ਵਿਚਾਰਨ ਵਾਲਿਆਂ ਨੂੰ ਜਮਾਂ ਵਾਰੇ ਗਿਆਨ ਤਾਂ ਹੁੰਦਾ ਹੀ ਹੈ ਪਰ ਸਾਰੀ ਸੰਗਤ ਦੇ ਦਿਲ ਵਿਚ ਬਾਹੀਆ ਸਾਹਿਬ ਦੀ ਜ਼ੁਬਾਨੀ ਉਨ੍ਹਾਂ ਦੀ ਹੱਡ-ਬੀਤੀ ਸੁਣਨ ਦੀ ਉਤਸੁਕਤਾ ਸੀ।

ਸੰਗਤ ਦੇ ਪੁੱਛਣ 'ਤੇ ਉਨ੍ਹਾਂ ਦਸਿਆ ਕਿ ਜਦੋਂ ਉਨ੍ਹਾਂ ਦੇ ਮੂੰਹ ਉਤੇ ਕੱਪੜਾ ਤਾਣਿਆ ਹੋਇਆ ਸੀ ਤਾਂ ਉਨ੍ਹਾਂ ਦੇ ਸਰੀਰ ਵਿਚੋਂ ਉਨ੍ਹਾਂ ਦਾ ਸੂਖਮ ਸਰੀਰ ਨਿਕਲ ਕੇ ਸੰਗਤ ਦੇ ਨਾਲ ਨਾਲ ਗੁਰਦਵਾਰਾ ਸਾਹਿਬ ਦੇ ਅੰਦਰ ਪਹੁੰਚਿਆ।ਉਥੇ ਉਨ੍ਹਾਂ ਨੇ ਸਭ ਕੁਝ ਹੁੰਦਾ ਦੇਖਿਆ।ਉਨ੍ਹਾਂ ਬੀਬੀ ਗੁਰਦੀਪ ਕੌਰ ਜੀ ਨੂੰ ਦੱਸਿਆ ਕਿ ਉਹ ਗੁਰਦਵਾਰੇ ਦੇ ਅੰਦਰ ਕਿਹੜੀ ਥਾਂ ਉਤੇ ਅਰਦਾਸ ਵਿਚ ਮਗਨ ਸਨ ਅਤੇ ਬਾਕੀ ਸੰਗਤ ਦੇ ਖੜ੍ਹੇ ਹੋਣ ਦੀ ਥਾਂ ਵੀ ਦਸ ਦਿੱਤੀ।ਕਿਸ ਤਰ੍ਹਾਂ ਸਰਦਾਰ ਸ਼ਮਸ਼ੇਰ ਸਿੰਘ ਨੇ ਕੀਰਤਨੀਏਂ ਸਿੰਘਾਂ ਕੋਲੋਂ ਮਾਈਕ ਲੈ ਕੇ ਅਰਦਾਸ ਕੀਤੀ।ਸਾਰਾ ਦ੍ਰਿਸ਼ ਦੱਸ ਦਿੱਤਾ।ਪੌੜੀਆਂ ਵਿਚ ਮਾਤਾ ਰਾਮ ਕੌਰ ਜੀ ਨੂੰ ਫਤਿਹ ਗਜਾਉਣ ਦੀ ਗੱਲ ਵੀ ਦੱਸ ਦਿੱਤੀ।ਸਭ ਨੂੰ ਪਤਾ ਸੀ ਕਿ ਬਾਹੀਆ ਸਾਹਿਬ ਮ੍ਰਿਤਕ ਰੂਪ ਵਿਚ ਕਮਰੇ ਵਿਚ ਪਏ ਹਨ ਪਰ ਉਨ੍ਹਾਂ ਦੇ ਮੂਹੋਂ ਦਰਬਾਰ ਸਾਹਿਬ ਵਿਚਲਾ ਸਾਰਾ ਦ੍ਰਿਸ਼ ਹੂ-ਬਹੂ ਉਸੇ ਤਰ੍ਹਾਂ ਹੀ

ਸੁਣ ਕੇ ਸੰਗਤਾਂ ਦੇ ਸਾਹਮਣੇ ਮੌਤ ਦੇ ਪਿਛੋਂ ਜੀਵ ਆਤਮਾ ਦੇ ਦਰਬਾਰ ਸਾਹਿਬ ਵਿਚ ਪੁਹੁੰਚਣ ਦੀਆਂ ਭੇਤ ਭਰੀਆਂ ਗੰਢਾਂ ਖਲ੍ਹ ਰਹੀਆਂ ਸੀ।

**ਦੁ**ਬਾਰਾ ਸਾਹਾਂ ਦਾ ਦੌਰ ਚਲਣ ਤੱਕ ਬਾਹੀਆ ਸਾਹਿਬ ਆਪਣੇ ਸਰੀਰ ਤੋਂ ਅਲੱਗ ਹੋ ਕੇ ਜੋ ਜੋ ਦੇਖਦੇ ਤੇ ਸੁਣਦੇ ਰਹੇ, ਸੰਗਤਾਂ ਉਨ੍ਹਾਂ ਦੇ ਮੂੰਹੋਂ ਸੁਣ ਕੇ ਅਸਚਰਜ ਹੋ ਰਹੀਆਂ ਸਨ ਤੇ ਜੀਵਨ ਦਾਨ ਦੇਣ ਵਾਲੇ ਦਾਤਾਰ ਪਿਤਾ ਦੇ ਚਰਨਾਂ ਤੋਂ ਬਲਿਹਾਰੀ ਜਾ ਰਹੀਆਂ ਸੀ।

ਸੰਗਤ ਵਿਚ ਮੌਤ ਦੀਆਂ ਭੇਦ ਭਰੀਆਂ ਗੱਲਾਂ ਹੋ ਰਹੀਆਂ ਸੀ ਕਿ ਇਕ ਬਜੁਰਗ ਨੇ ਆਪਣੀ **ਮੌਤ ਦੇ ਹੰਢਾਏ ਹੋਏ ਪਲਾਂ** ਦੀ ਕਹਾਣੀ ਸੁਣਾਉਣ ਦੀ ਆਗਿਆ ਮੰਗੀ।ਹੱਡ-ਬੀਤੀ ਦੱਸਦਿਆਂ ਉਸਨੇ ਕਿਹਾ,-

"ਇਕ ਵਾਰੀ ਮੈ ਸਖਤ ਬਿਮਾਰ ਹੋ ਗਿਆ।ਬਚਣ ਦੀ ਕੋਈ ਆਸ ਨਹੀਂ ਸੀ।ਇਕ ਦੋ ਦਿਨਾਂ ਤੋਂ ਮੈਨੂੰ ਕਿਸੇ ਕਿਸੇ ਵੇਲੇ ਪ੍ਰਕਾਸ਼ ਦੇ ਤਿੱਖੇ ਝਲਕਾਰੇ ਪੈ ਰਹੇ ਸੀ ।ਘਰ ਵਿਚ ਇਕੱਲਾ ਹੀ ਸੀ।ਕਿਸੇ ਗਵਾਂਢੀ ਨੇ ਮੈਨੂੰ ਹਸਪਤਾਲ ਪਹੁੰਚਾ ਦਿੱਤਾ। ਡਾਕਟਰ ਨੇ ਮੈਨੂੰ ਪ੍ਰਾਈਵੇਟ ਕਮਰਾ ਦੇ ਦਿੱਤਾ।ਮੇਰਾ ਗਵਾਂਢੀ ਮੈਨੂੰ ਬਿਸਤਰੇ ਉਤੇ ਲਿਟਾ ਕੇ ਮੇਰੇ ਲਈ ਕੁਝ ਜਰੂਰੀ ਚੀਜਾਂ ਲੈਣ ਲਈ ਆਪਣੇ ਘਰ ਚਲੇ ਗਿਆ ਤੇ ਨਰਸ ਨੂੰ ਮੇਰਾ ਧਿਆਨ ਰੱਖਣ ਲਈ ਕਹਿ ਗਿਆ।ਡਾਕਟਰ ਦੇ ਬੁਲਾਉਣ ਕਰਕੇ ਨਰਸ ਮੈਨੂੰ ਇਕੱਲਿਆਂ ਛੱਡ ਕੇ ਚਲੇ ਗਈ।ਮੈ ਕੀ ਦੇਖਦਾ ਹਾਂ ਕਿ ਦੋ ਭੂਤਨੀਆਂ ਮੇਰੇ ਕੋਲ ਆ ਕੇ ਖੜ੍ਹ ਗਈਆਂ।ਇਕ ਨੇ ਮੇਰੇ ਹੱਥ ਉਤੇ ਲੱਗੀ ਹੋਈ ਗੁਲੂਕੋਸ ਵਾਲੀ ਸੂਈ ਹਿਲਾ ਕੇ ਦੂਜੀ ਨੂੰ ਕਿਹਾ;-'ਇਥੇ ਕਰੋਲਾ ਕਰੋਲੀ ਕਰਦੀਆਂ ਹਾਂ..।'

ਸੂਈ ਹਿਲਾਉਂਦਿਆਂ ਹੀ ਮੇਰਾ ਹੱਥ ਸੁੱਜਣਾ ਸ਼ੁਰੂ ਹੋ ਗਿਆ।ਮੈਨੂੰ ਯਕੀਨ ਹੋ ਗਿਆ ਕਿ ਮੈ ਜਮਾਂ ਦੇ ਵੱਸ ਪੈ ਗਿਆ ਹਾਂ।ਮੇਰੀ ਮੌਤ ਦਾ ਇੰਤਜ਼ਾਮ ਹੋ ਰਿਹਾ ਹੈ।ਮੈ ਤੜਫ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ।ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੇ ਮੇਰੇ ਸੱਚੇ ਪਾਤਿਸ਼ਾਹ! ਇਸ ਵੇਲੇ ਤਾਂ ਤੈਨੂੰ ਆਉਣਾ ਚਾਹੀਦਾ ਸੀ..। ਬੇਸ਼ਕ ਮੈ ਅੰਮ੍ਰਿਤ ਨਹੀਂ ਛਕਿਆ ਪਰ ਮੈ ਤੈਨੂੰ ਪਿਆਰ ਕਰਦਾ ਹਾਂ..! ਬਾਣੀ ਪੜ੍ਹਦਾ ਰਿਹਾ ਹਾਂ....!ਤਾਂ ਉਸ ਵੇਲੇ ਮੇਰੇ ਸਾਹਮਣੇ ਭੂਤਨੀਆਂ ਦੀ ਥਾਂ ਅਤਿ ਸੁੰਦਰ ਪ੍ਰਕਾਸ਼ ਨਾਲ ਲਿਖਿਆ ਹੋਇਆ 'ਮਨ ਜੀਤੇ ਜਗ ਜੀਤ॥'ਆ ਗਿਆ।ਫਿਰ ਮਨ ਵਿਚ ਫੁਰਨਾ ਆਇਆ ਕਿ ਹੁਣ ਕਿਹੜੀ ਬਾਣੀ ਪੜ੍ਹਾਂ ਜਿਸ ਨਾਲ ਮੇਰਾ ਧਿਆਨ ਪੂਰੀ ਤਰ੍ਹਾਂ ਰੱਬ ਨਾਲ ਜੁੜ ਜਾਵੇ।

ਮੈ ਦੇਖਿਆ ਕਿ ਮੇਰਾ ਸਥੂਲ ਸਰੀਰ ਬਿਸਤਰੇ ਉਤੇ ਪਿਆ ਹੈ ਅਤੇ ਮੈ ਆਪਣੇ ਸੂਖਸ਼ਮ ਸਰੀਰ ਦੇ ਰੂਪ ਵਿਚ ਸਥੂਲ ਸਰੀਰ ਵਿਚੋਂ ਨਿਕਲ ਕੇ ਬਿਸਤਰੇ ਦੇ ਕੋਲ ਖੜਾ ਹਾਂ।ਹੱਡ-ਮਾਸ ਦੇ ਸਰੀਰ ਵਿਚੋਂ ਨਿਕਲ ਕੇ ਮੈ ਆਪਣੇ ਆਪ ਨੂੰ ਹਲਕੇ ਫੁਲ ਵਰਗੇ ਸੋਹਲ ਸੁਖਾਵੇਂ ਅਕਾਰ ਵਿਚ ਦੇਖ ਰਿਹਾ ਸੀ ਪਰ ਉਸ ਭਾਫ ਜਿਹੀ ਦੇ ਬਣੇ ਅਕਾਰ ਵਿਚ ਸਮਝਣ, ਸੋਚਣ ਤੇ ਦੇਖਣ ਦੀ ਸ਼ਕਤੀ ਸਥੂਲ ਸਰੀਰ ਨਾਲੋਂ ਕਿਤੇ ਜ਼ਿਆਦਾ ਸੀ।ਸਰੀਰ ਛੱਡਣ ਦੇ ਨਾਲ ਹੀ ਮੈਨੂੰ ਦੁਨੀਆਂ ਛੁੱਟਣ ਦਾ ਅਹਿਸਾਸ ਵੀ ਹੋਇਆ ਤੇ ਸਭ ਤੋਂ ਪਹਿਲੇ ਮੈਨੂੰ ਆਪਣੇ ਛੋਟੇ

ਬੇਟੇ ਦਾ ਖਿਆਲ ਆ ਕੇ ਇਹ ਗਿਆਨ ਹੋਇਆ ਕਿ ਜਿਸ ਤੋਂ ਬਿਨਾ ਮੈ ਇਕ ਪਲ ਭੀ ਰਹਿ ਨਹੀਂ ਸੀ ਸਕਦਾ ਹੁਣ ਉਹ ਵੀ ਸਾਰੀ ਦੁਨੀਆਂ ਦੇ ਨਾਲ ਨਾਲ ਬੇਗਾਨਾ ਲੱਗਣ ਲਗ ਪਿਆ ਹੈ। ਮੋਹ ਮਾਇਆ ਦਾ ਜਾਲ ਟੁਟਦਿਆਂ ਦੇਰ ਨਾ ਲੱਗੀ। ਪਲਾਂ ਵਿਚ ਹੀ ਸਭ ਕੁਝ ਓਪਰਾ ਲੱਗਣ ਲਗ ਪਿਆ। ਸਥੂਲ ਸਰੀਰ ਅਤੇ ਦੁਨੀਆਂ ਨੂੰ ਛੱਡਣਾਂ ਕੋਈ ਔਖਾ ਨਾ ਲੱਗਿਆ। ਬੜੇ ਅਰਾਮ ਨਾਲ ਸਭ ਕੁਝ ਬਿਗਾਨਾ ਹੋ ਗਿਆ। ਫਿਰ ਅਤਿੱ ਦੀਆਂ ਮਿਠੀਆਂ... !ਮਿੱਠੀਆਂ ਤੋਂ ਵੀ ਮਿੱਠੀਆਂ ਧੁਨੀਆਂ ਵਿਚ ਬਾਬੇ ਨਾਨਕ ਦੀ ਆਰਤੀ ਸੁਣਾਈ ਦੇਣ ਲੱਗੀ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੧੩)**

ਗਾਉਣ ਵਾਲਾ ਕੋਈ ਨਾ ਦਿਖੇ ਪਰ ਅਨੇਕਾਂ ਸੁਰੀਲੇ ਸਾਜ਼ਾਂ ਨਾਲ ਗਾ ਹੋ ਰਹੇ ਆਰਤੀ ਦੇ ਬੋਲਾਂ ਨਾਲ ਸਾਰਾ ਬ੍ਰਹਮੰਡ ਗੂੰਜਦਾ ਸੁਣਾਈ ਦੇਵੇ। ਮੈ ਸੋਚਦਾ ਸੀ ਕਿ ਮੈ ਬੜਾ ਵੱਡਾ ਸੰਗੀਤ ਪ੍ਰੇਮੀ ਹਾਂ ਪਰ ਉਸ ਸੰਗੀਤ ਦੇ ਮੁਕਾਬਲੇ 'ਤੇ ਤਾਂ ਦੁਨੀਆਂ ਦਾ ਮਿੱਠੇ ਤੋਂ ਮਿਠਾ ਸੰਗੀਤ ਵੀ ਕਾਵਾਂ ਰੌਲੀ ਹੀ ਸੀ। ਮੈਨੂੰ ਲੱਗਿਆ ਕਿ ਇਹ ਗੰਧਰਵਾਂ ਦਾ ਸੰਗੀਤ ਹੈ। ਕਿਸੇ ਦੇਵ ਪੁਰੀ ਦੇ ਸੁਰ ਮੇਰੇ ਕੰਨੀਂ ਪੈ ਰਹੇ ਹਨ।

ਇਕ ਪਾਸੇ ਸਵਰਗੀ ਸੰਗੀਤ ਦੇ ਰਸ ਦੀ ਬਰਸਾਤ ਦਾ ਸੇਂਜਾ ਹੋ ਰਿਹਾ ਸੀ ਤੇ ਦੂਜੇ ਪਾਸੇ ਇਲਾਹੀ ਪ੍ਰਕਾਸ਼ ਦੇ ਰੰਗਾਂ ਦਾ ਮੇਲਾ ਲੱਗਿਆ ਹਇਆ ਸੀ। ਮੈ ਉੜਿਆ ਜਾ ਰਿਹਾ ਸੀ। ਅਨੇਕਾਂ ਪ੍ਰਕਾਰ ਦੇ ਰੰਗਾਂ ਦੇ ਅੰਬਾਰਾਂ ਵਿਚ ਲਹਿਰਾਉਂਦਾ ਹੋਇਆ ਖੰਡਾਂ ਬ੍ਰਹਮੰਡਾਂ ਵਿਚ ਤਾਰੀਆਂ ਲਗਾ ਰਿਹਾ ਸੀ। ਐਨਾ ਦੂਰ ਚਲੇ ਗਿਆ ਕਿ ਮੈਨੂੰ ਇਹ ਧਰਤੀ ਇਕ ਗੋਲੇ ਦੇ ਰੂਪ ਵਿਚ ਨਜਰੀਂ ਆਉਣ ਲੱਗੀ। ਮੇਰੀਆਂ ਨਜ਼ਰਾਂ ਵਿਚ ਅਜਿਹੀ ਸ਼ਕਤੀ ਆ ਗਈ ਕਿ ਮੈਨੂੰ ਇਸ ਧਰਤੀ ਦੀ ਸੂਰਜ ਦੁਆਲੇ ਘੁੰਮਣ ਦੀ ਗਤੀ ਅਤੇ ਆਪਣੇ ਆਪ ਦੁਆਲੇ ਘੁੰਮਣ ਦੀ ਗਤੀ..। ਦੋਨੋਂ ਗਤੀਆਂ ਹੀ ਨਜ਼ਰੀਂ ਆਉਣ ਲੱਗੀਆਂ। ਇਕੋ ਹੀ ਸਮੇ ਐਨਾ ਕੁਝ ਦੇਖਣ ਦੀ,ਸੁਣਨ ਦੀ ਅਤੇ ਰੰਗ ਮਾਨਣ ਦੀ ਸਮਰੱਥਾ ਪਤਾ ਨਹੀਂ ਮੇਰੇ ਵਿਚ ਕਿਥੋਂ ਆ ਗਈ। ਮੈਂ ਕਈ ਤਰ੍ਹਾਂ ਦੇ ਖੰਡਾਂ ਬ੍ਰਹਮੰਡਾਂ ਵਿਚ ਘੁੰਮਦਾ ਫਿਰਾਂ... । ਸੂਰਜ ਵਿਚੋਂ ਨਿਕਲ ਕੇ ਬਾਹਰ ਉਡਣ ਵਾਲੀਆਂ ਅੱਗ ਦੀਆਂ ਪਰਤਾਂ ਦੇ ਵਿਚੋਂ ਦੀ ਲੰਘਦੇ ਹੋਏ ਨੂੰ ਸੇਕ ਨਾ ਲੱਗੇ। ਅਸਲ ਵਿਚ ਜਿਹੜੇ ਜਿਸਮ ਨੂੰ ਸੇਕ ਲੱਗਣਾ ਸੀ ਉਹ ਤਾਂ ਹਸਪਤਾਲ ਵਿਚ ਪਿਆ ਹੋਇਆ ਸੀ। ਹੁਣ ਤਾਂ ਮੈਨੂੰ ਲਾਲ ਸੂਹੀਆਂ ਅੱਗ ਦੀਆਂ ਪਰਤਾਂ ਵਿਚੋਂ ਦੀ ਲੰਘਦੇ ਹੋਏ ਨੂੰ ਖੰਡਾਂ ਬ੍ਰਹਮੰਡਾਂ ਨੂੰ ਬਣਾਉਣ ਵਾਲੇ ਦੇ ਤੇਜ ਪਰਤਾਪ ਦੀ ਛੋਹ ਠੰਡ ਪਾ ਰਹੀ ਸੀ। ਇਕ ਖੰਡ ਕੁਝ ਇਹੋ ਜਿਹਾ ਸੀ ਕਿ ਜਿੱਥੇ ਦੀ ਮਿੱਟੀ ਇਸ ਤਰ੍ਹਾਂ ਰਿੱਝ ਰਿਹੀ ਸੀ ਜਿਵੇਂ ਤੇਜ ਅੱਗ ਉਤੇ ਰੱਖਿਆ ਪਾਣੀ ਦਾ ਪਤੀਲਾ ਉਬਾਲੇ ਖਾ ਰਿਹਾ ਹੋਵੇ। ਪਤਾ ਨਹੀਂ ਕਿਉਂ, ਉਹ ਮਿੱਟੀ ਉਬਲਣ ਵਾਲਾ ਦ੍ਰਿਸ਼ ਮੈਨੂੰ ਭੁਲਦਾ ਨਹੀਂ ਹੈ। ਕਦੀ ਕਦੀ ਉਸਦਾ ਖਿਆਲ ਆਉਂਦਾ ਰਹਿੰਦਾ ਹੈ।

ਅਖੀਰ ਮੈ ਇਕ ਬਹੁਤ ਹੀ ਵੱਡੇ ਅਸਮਾਨ ਵਿਚ ਪਹੁੰਚ ਗਿਆ। ਜਿਥੇ ਇਕ ਲੰਬੀ ਕਤਾਰ ਵਿਚ ਦੇਵਤੇ ਆਪਣੇ ਆਪਣੇ ਸਿੰਘਾਸਨਾਂ ਉਤੇ ਸਜੇ ਬੈਠੇ ਸਨ। ਸਥੂਲ ਰੂਪ ਵਿਚ ਨਹੀਂ..। ਇਹ ਸਭ ਕੁਝ ਨੂਰਾਨੀ ਪ੍ਰਕਾਸ਼ ਦੀਆਂ ਰਿਸ਼ਮਾਂ ਵਿਚ ਹੀ ਉਘੜਿਆ ਹੋਇਆ ਦ੍ਰਿਸ਼ ਸੀ। ਸੋਹਣੇ ਸੁਨੱਖੇ ਦੇਵਤਿਆਂ ਦੇ ਚੇਹਰਿਆਂ ਦੇ ਹਾਵ-ਭਾਵ ਦੇਖ ਕੇ ਹੀ ਉਨ੍ਹਾਂ ਦੇ ਦਿਲਾਂ ਦੀਆਂ ਗੱਲਾਂ ਦੀ ਸਮਝ ਪੈ ਰਹੀ ਸੀ। ਓਥੇ ਬੋਲੀ ਕੋਈ ਨਹੀਂ ਸੀ ਪਰ ਇਕ ਦੂਜੇ ਦੇ ਦਿਲ ਦੀਆਂ ਗੱਲਾਂ ਦੀ ਸਮਝ ਪੈ ਰਹੀ ਸੀ। ਮੇਰੇ ਸੂਖਸ਼ਮ ਸਰੀਰ ਦੀਆਂ ਨਜਰਾਂ ਦੇਵਤਿਆਂ ਦੇ ਮੁਕਟਾਂ ਅਤੇ ਗਹਿਣਿਆਂ ਉਤੇ ਕੀਤੀ ਹੋਈ ਸੁੰਦਰ ਕਾਰੀਗਰੀ ਦੇ ਨਮੂੰਨਿਆਂ ਦੀ ਨਿੱਕੀ ਨਿੱਕੀ ਸੁਹੱਪਣ ਦੇਖ ਰਹੀਆਂ ਸੀ। ਜਿਵੇਂ ਅੱਗ ਦੀਆਂ ਲਾਟਾਂ ਵਲ-ਵਲੇਵੇਂ ਖਾਂਦੀਆਂ ਹਨ ਉਸੇ ਤਰ੍ਹਾਂ ਹੀ ਉਨ੍ਹਾਂ ਦੇ ਪਹਿਰਾਵਿਆਂ ਦੇ ਕੱਪੜੇ ਲਹਿਰਾਂਦੇ ਸਨ। ਨਿੱਕੀਆਂ ਵੱਡੀਆਂ ਸਾਰੀਆਂ ਚੀਜ਼ਾਂ ਨੂੰ ਬੜੀ ਬਰੀਕੀ ਨਾਲ ਦੇਖਦਾ ਅਤੇ ਸਮਝਦਾ ਹੋਇਆ ਮੈ ਅਨਹਦੀ ਧੁਨੀਆਂ ਅਤੇ ਪ੍ਰਕਾਸ਼ ਦੇ ਇਲਾਹੀ ਰੰਗਾਂ-ਰਸਾਂ ਨਾਲ ਸਰਸ਼ਾਰ ਹੋਇਆ ਪਿਆ ਸੀ।

ਜਦੋਂ ਮੈ ਇਨ੍ਹਾਂ ਦੇਵਤਿਆਂ ਦੇ ਕੋਲ ਪਹੁੰਚਾ ਤਾਂ ਲੰਬੀ ਕਤਾਰ ਦੇ ਵਿਚਕਾਰ ਬੈਠੇ ਦੋ ਦਵੇਤਿਆਂ ਨੇ ਮੇਰੇ ਵਲ ਦੇਖਕੇ ਆਪਸ ਵਿਚ ਨਜ਼ਰਾਂ ਮਿਲਾ ਕੇ ਕੋਈ ਗੱਲ ਕੀਤੀ। ਜਾਂਦਿਆਂ ਹੀ ਮੈਂ ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕ ਦਿੱਤਾ। ਜਦੋਂ ਮੇਰਾ ਸਿਰ ਉਨ੍ਹਾਂ ਦੇ ਪੈਰਾਂ ਵਿਚ ਟਿਕਿਆ ਹੋਇਆ ਸੀ ਤਾਂ ਮੈਨੂੰ ਖਿਆਲ ਆਇਆ ਕਿ ਹੁਣ ਮੈ ਇਨ੍ਹਾਂ ਕੋਲੋਂ ਮੰਗਾਂ... ਤਾਂ ਕੀ ਮੰਗਾਂ..? ਮੰਗਣ ਨੂੰ ਕੁਝ ਨਾ ਲੱਭੇ....। ਤਾਹੀਓਂ ਖਬਰ....! ਉਸੇ ਵੇਲੇ ਹੀ ਗੰਧਰਵਾਂ ਦੇ ਗਾਇਨ ਵਿਚ ਗਾ ਹੋ ਰਹੀ ਅਰਤੀ ਦੀ ਸਮਾਪਤੀ ਦੇ ਬੋਲਾਂ ਨੇ ਮੈਨੂੰ ਮੇਰੀ ਮੰਗ ਦੱਸ ਦਿੱਤੀ;-

**"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
**ਕਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥ "**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੧੩)**

ਮੈਨੂੰ ਸਮਝ ਆ ਗਈ ਕਿ ਮੈ ਅੰਮ੍ਰਿਤ ਦੀ ਦਾਤ ਮੰਗਣੀ ਹੈ। ਇਸ ਦੇ ਪਿਛੋਂ ਕੀ ਹੋਇਆ..? ਕੁਝ ਪਤਾ ਨਹੀਂ ਲੱਗਿਆ..। ਮੈਨੂੰ ਸਿਰਫ ਏਨਾ ਹੀ ਯਾਦ ਹੈ ਕਿ ਮੈ ਹਸਪਤਾਲ ਵਿਚ ਆਪਣੇ ਬਿਸਤਰੇ ਉਤੇ ਲੇਟਿਆ ਹੋਇਆ ਸੀ। ਮੇਰੀ ਸਰੀਰਕ,ਮਾਨਸਿਕ ਅਤੇ ਆਤਮਿਕ ਹਾਲਤ ਵਿਚ ਖੇੜਾ ਹੀ ਖੇੜਾ ਸੀ। ਮੇਰੇ ਤਨ ਮਨ ਵਿਚ ਇਲਾਹੀ ਰਸ ਦਾ ਸੇਂਜਾ ਹੋਇਆ ਪਿਆ ਸੀ। ਦੇਵ ਲੋਕ ਦੇ ਰੰਗ-ਰਸ ਦੀ ਘੂਕੀ ਚੜ੍ਹੀ ਹੋਈ ਸੀ।

ਮੈ ਦੇਖਿਆ ਨਰਸ ਮੇਰੇ ਕੋਲ ਖੜੀ ਸੀ ਤੇ ਮੇਰਾ ਬੁਰੀ ਤਰ੍ਹਾਂ ਸੁੱਜਿਆ ਹੋਇਆ ਹੱਥ ਦੇਖ ਕੇ ਘਬਰਾਈ ਹੋਈ ਮੈਨੂੰ ਕਹਿ ਰਹੀ ਸੀ;-"ਪਲੀਜ਼..! ਮੈਨੂੰ ਮੁਆਫ ਕਰਨਾ...। ਇਹ ਸਭ ਮੇਰੀ ਗਲਤੀ ਨਾਲ ਹੋਇਆ ਹੈ....। ਮੈ ਹੁਣੇ ਹੀ ਦਵਾਈ ਲਿਆਉਂਦੀ ਹਾਂ ਜਿਸ ਨਾਲ ਸੋਜ ਹਟ ਜਾਵੇਗੀ। " ਉਸਨੂੰ ਵਿਚਾਰੀ ਨੂੰ ਕੀ ਪਤਾ ਕਿ ਇਹ ਤਾਂ ਭੂਤਨੀਆਂ ਦਾ ਕਾਰਾ ਹੈ।

ਡਾਕਟਰ ਆਇਆ,ਮੈ ਆਪਣੇ ਹੱਥ ਨੂੰ ਲੁਕਾਉਣ ਦੀ ਕੋਸ਼ਿਸ਼ ਵਿਚ ਸੀ ਪਰ ਡਾਕਟਰ ਮੇਰੀ ਤੰਦਰੁਸਤੀ ਦੇਖ ਕੇ ਹੈਰਾਨ ਸੀ।ਕੁਝ ਦੇਰ ਤੱਕ ਹੈਰਾਨਗੀ ਨਾਲ ਮੇਰੇ ਵਲ ਦੇਖਦਾ ਰਿਹਾ ਤੇ ਫਿਰ ਕੁਝ ਦੇਰ ਪਹਿਲੇ ਮਰਨ ਕੰਢੇ ਪਏ ਹੋਏ ਨੂੰ,ਪਲਾਂ ਵਿਚ ਹੀ ਠੀਕ ਹੋਣ ਦਾ ਯਕੀਨ ਦੁਆ ਕੇ ਹਸਪਤਾਲ ਤੋਂ ਛੁੱਟੀ ਦੇ ਕੇ ਚਲੇ ਗਿਆ।

ਅਖੀਆਂ ਮੀਟੀ, ਬਿਸਤਰੇ ਉਤੇ ਪਿਆ ਹੋਇਆ ਮੈ ਆਪਣੀ ਮੌਤ ਦੀ ਯਾਤਰਾ ਦੇ ਸੁਨਹਿਰੀ ਪਲਾਂ ਦੇ ਭੰਡਾਰਾਂ ਨੂੰ ਦਿਲ-ਧਰਤੀ ਉਤੇ ਸਜਾ ਰਿਹਾ ਸੀ ਕਿ ਮੇਰੇ ਲਈ ਜਰੂਰੀ ਚੀਜਾਂ ਲੈਣ ਗਿਆ ਹੋਇਆ ਮੇਰਾ ਗਵਾਂਢੀ ਆਣ ਪਹੁੰਚਾ।ਨਾਲ ਹੀ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਵੀ ਸ਼ੁਰੂ ਹੋ ਗਿਆ।ਉਨ੍ਹਾਂ ਨੇ ਮੇਰਾ ਧਿਆਨ ਉਖਾੜਨ ਦੀ ਕੋਈ ਕਸਰ ਨਾ ਛੱਡੀ।ਮੈ ਅੱਖੀਆਂ ਮੀਟ ਮੀਟ ਅੰਦਰਲੀ ਦੁਨੀਆਂ ਦੇ ਰੰਗਾਂ ਵਿਚ ਡੁੱਬਣ ਲਈ ਬਥੇਰੇ ਹੰਬਲੇ ਮਾਰੇ ਪਰ ਜਿਹੜੇ ਲੋਕੀ ਆਪਣੇ ਘਰਾਂ ਦਾ ਕੰਮ ਕਾਰ ਛੱਡ ਕੇ ਮੇਰਾ ਹਾਲ ਪੁੱਛਣ ਲਈ ਹਸਪਤਾਲ ਪਹੁੰਚੇ ਸੀ ਉਹ ਮੈਨੂੰ ਬਿਨ ਬੁਲਾਇਆਂ ਹੀ ਕਿਵੇਂ ਜਾ ਸਕਦੇ ਸੀ? ਹੁਣ ਵੀ ਇਸ ਘਟਨਾਂ ਨੂੰ ਯਾਦ ਕਰਕੇ ਬੜਾ ਅਨੰਦ ਆਉਂਦਾ ਹੈ ਪਰ ਮੈਨੂੰ ਹਮੇਸ਼ਾਂ ਇਹ ਖਿਆਲ ਘੇਰੀ ਰੱਖਦਾ ਹੈ ਕਿ ਕੀ ਇਹ ਸੱਚ ਮੁੱਚ ਮੌਤ ਹੀ ਸੀ ਜਾਂ ਕੋਈ ਸੁਪਨਾ ਸੀ।"

ਬੜੇ ਹੀ ਭਾਵੁਕ ਹੋ ਕੇ ਆਪਣੀ ਹੱਡ-ਬੀਤੀ ਸੁਣਾਉਣ ਪਿਛੋਂ ਬਜੁਰਗ ਨੇ ਕਿਹਾ ਕਿ ਹੁਣ ਵੀ ਜਦੋਂ ਉਹ ਉਸ ਘਟਨਾ ਨੂੰ ਯਾਦ ਕਰਦਾ ਹੈ ਤਾਂ ਉੱਸਦਾ ਰੋਮ ਰੋਮ ਖਿੜ ਜਾਂਦਾ ਹੈ ਪਰ ਕਦੀ ਕਦੀ ਉਸਨੂੰ ਸੁਪਨਾ ਹੋਣ ਦਾ ਭੁਲੇਖਾ ਵੀ ਪੈਂਦਾ ਹੈ।ਉਸਨੇ ਸੰਤ ਪੁਰਸ਼ ਕੋਲੋਂ ਇਸ ਭੇਦ-ਭਰੀ ਘਟਨਾ ਦੀ ਸਚਾਈ ਜਾਨਣ ਲਈ ਬੇਨਤੀ ਕੀਤੀ।ਕਮਰੇ ਵਿਚ ਬੈਠੀ ਬਾਕੀ ਸਾਰੀ ਸੰਗਤ ਜਿਹੜੀ ਬਜੁਰਗ ਦੀ ਵਾਰਤਾ ਨੂੰ ਬੜੀ ਦਿਲਚਸਪੀ ਨਾਲ ਸੁਣ ਰਹੀ ਸੀ, ਉਨ੍ਹਾਂ ਦੇ ਮਨਾਂ ਵਿਚ ਵੀ ਮੌਤ ਦੇ ਸਵਰਗੀ ਦ੍ਰਿੱਸ਼ ਦੀ ਸਚਾਈ ਜਾਨਣ ਦੀ ਤੀਬਰ ਇੱਛਾ ਦੇਖ ਕੇ ਸੰਤਾਂ ਨੇ ਬਜੁਰਗ ਸਮਝਾਇਆ ਕਿ ਇਹ ਕੋਈ ਸੁਪਨਾ ਨਹੀਂ ਸੀ।ਸੱਚ ਮੁੱਚ ਹੀ ਉਸਨੇ ਮੌਤ ਦੇ ਸੁਨਹਿਰੀ ਪਲ ਹੰਡਾਏ ਹਨ ਪਰ ਜਦੋਂ ਉਸਨੇ ਦੇਵਤਿਆਂ ਕੋਲੋਂ ਹੀ ਕਿਰਪਾ ਜਲ (ਅੰਮ੍ਰਿਤ) ਦੀ ਦਾਤ ਮੰਗ ਲਈ ਤਾਂ ਦੇਵਤਿਆਂ ਨੇ ਉਸਨੂੰ ਵਾਪਿਸ ਭੇਜ ਦਿੱਤਾ ਕਿਉਂਕਿ ਦੇਵਤੇ ਤਾਂ ਆਪ ਅੰਮ੍ਰਿਤ ਲਈ ਤਰਸਦੇ ਹਨ।ਇਹ ਕਹਿੰਦਿਆਂ ਸੰਤਾਂ ਦੇ ਪ੍ਰਭੂ-ਪ੍ਰੇਮ ਦੀ ਖੁਮਾਰੀ ਨਾਲ ਭਰੇ ਹੋਏ ਨੈਣ ਮੁੰਦ ਹੋ ਗਏ।ਬੜੀ ਹੀ ਮਧੁਰ ਧੁਨੀ ਵਿਚ ਉਨ੍ਹਾਂ ਨੇ ਨਿਰੰਕਾਰੀ ਬਾਣੀ ਦਾ ਉਚਾਰਣ ਕਰਨਾ ਸ਼ੁਰੂ ਕਰ ਦਿੱਤਾ -

**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ਸਤਿਗੁਰੁ ਮੇਰਾ ਮਾਰਿ ਜੀਵਾਲੈ**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੧੧੪੨)**

ਫਿਰ ਲੋਰ ਵਿਚ ਆ ਕੇ ਬਾਬਾ ਨੰਦ ਸਿੰਘ ਜੀ ਦੇ ਮੁਖਾਰਬਿੰਦ 'ਚੋਂ ਉਚਾਰਿਆ ਹੋਇਆ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇ ਦਾ ਇਕ ਬ੍ਰਿਤਾਂਤ ਸੁਣਾਉਂਦਿਆ ਬਚਨ ਕੀਤਾ ਕਿ ਤਰਨ ਤਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਸੀ।ਇਕ ਪਿੰਡ ਦੇ ਦੋ ਗੁਰਸਿੱਖਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਭੇਟ ਕਰਨ ਲਈ ਦਸਵੰਧ ਦੀ ਮਾਇਆ ਇਕੱਠੀ ਕੀਤੀ ਅਤੇ

ਕੁਝ ਦਿਨਾ ਲਈ ਸੇਵਾ ਕਰਨ ਲਈ ਘਰੋਂ ਤੁਰ ਪਏ। ਪੈਦਲ ਜਾਂਦਿਆਂ ਨੂੰ ਰਸਤੇ ਵਿਚ ਰਾਤ ਪੈ ਗਈ। ਇਕ ਲੋਭੀ ਬੰਦਾ ਉਨ੍ਹਾਂ ਨੂੰ ਰੈਣ-ਬਸੇਰਾ ਕਰਵਾਉਣ ਲਈ ਆਪਣੇ ਘਰ ਲੈ ਗਿਆ। ਉਸਨੇ ਖਾਣੇ ਵਿਚ ਜ਼ਹਿਰ ਮਿਲਾ ਕੇ ਗੁਰਸਿੱਖਾਂ ਨੂੰ ਮਾਰ ਕੇ ਮਾਇਆ ਕਾਬੂ ਕਰ ਲਈ ਅਤੇ ਲਾਸ਼ਾਂ ਰਸਤੇ ਵਿਚ ਸੁੱਟ ਦਿੱਤੀਆਂ। ਦੂਜੇ ਦਿਨ ਪਿੰਡ ਦੇ ਲੋਕਾਂ ਨੇ ਅਣਜਾਣ ਰਾਹੀਆਂ ਦੀਆਂ ਲਾਸ਼ਾਂ ਸਮਝ ਕੇ ਸਸਕਾਰ ਕਰ ਦਿੱਤਾ।

ਬਹੁਤ ਦਿਨ ਬੀਤ ਜਾਣ ਪਿਛੋਂ ਵੀ ਜਦੋਂ ਗੁਰਸਿੱਖ ਵਾਪਿਸ ਘਰ ਨਾ ਪਹੁੰਚੇ ਤਾਂ ਉਨ੍ਹਾਂ ਦੀਆਂ ਪਤਨੀਆਂ ਵੀ ਗੁਰੂ ਘਰ ਦੀ ਸੇਵਾ ਕਰਨ ਦੀ ਭਾਵਨਾ ਨਾਲ ਤੁਰ ਪਈਆਂ। ਉਸੇ ਪਿੰਡ ਪਹੁੰਚ ਕੇ ਉਨ੍ਹਾਂ ਨੂੰ ਵੀ ਪਿੰਡ ਦੀ ਧਰਮਸਾਲਾ ਵਿਚ ਰੈਣ-ਬਸੇਰਾ ਕਰਨਾ ਪਿਆ। ਉਨ੍ਹਾਂ ਨੂੰ ਪਿੰਡ ਦੇ ਲੋਕਾਂ ਤੋਂ ਪਤਾ ਲੱਗਿਆ ਕਿ ਉਨ੍ਹਾਂ ਦੇ ਪਤੀਆਂ ਦਾ ਸਸਕਾਰ ਹੋ ਚੁੱਕਿਆ ਹੈ। ਉਹ ਦੋਨੋਂ ਸ਼ਮਸ਼ਾਨ ਭੂਮੀਂ ਪਹੁੰਚੀਆਂ। ਸਿਵਿਆਂ ਵਿਚੋਂ ਹੱਡੀਆਂ ਚੁੱਕੀਆਂ, ਆਪਣੇ ਕੰਨਾਂ ਨਾਲ ਲਗਾ ਕੇ ਉਨ੍ਹਾਂ ਵਿਚੋਂ ਵਾਹਿਗੁਰੂ ਦੇ ਸਿਮਰਨ ਦੀ ਧੁਨੀਆਂ ਸੁਣ ਕੇ ਆਪਣੇ ਪਤੀਆਂ ਦੀਆਂ ਹੱਡੀਆਂ ਨੂੰ ਪਛਾਣਿਆਂ ਤੇ ਫਿਰ ਪ੍ਰੇਮ-ਭਾਵਨਾਂ ਨਾਲ ਆਪਣੇ ਮੱਥੇ ਉਤੇ ਲਗਾਣ ਪਿਛੋਂ ਹੱਡੀਆਂ ਆਪਣੀਆਂ ਝੋਲੀਆਂ ਵਿਚ ਪਾ ਲਈਆਂ ਤੇ ਗੁਰੂ ਘਰ ਵਲ ਤੁਰ ਪਈਆਂ।

ਉਹ ਗੁਰੂ ਜੀ ਦੇ ਚਰਨਾਂ ਵਿਚ ਪਹੁੰਚੀਆਂ। ਭਰੇ ਦਿਵਾਨ ਵਿਚ ਜਦੋਂ ਉਨ੍ਹਾਂ ਨੇ ਹੱਡੀਆਂ ਦੀਆਂ ਪੋਟਲੀਆਂ ਗੁਰੂ ਜੀ ਦੇ ਚਰਨਾਂ ਵਿਚ ਰੱਖੀਆਂ ਤਾਂ ਹਰ ਪਾਸੇ ਵਾਹਿਗੁਰੂ ਨਾਮ ਦੀਆਂ ਅੱਤਿ ਮਿੱਠੀਆਂ ਧੁਨੀਆਂ ਅਤੇ ਸੁਗੰਧੀਆਂ ਫੈਲ ਗਈਆਂ। ਪੋਟਲੀਆਂ ਵਿਚੋਂ ਐਨੀਆਂ ਮਿੱਠੀਆਂ ਧੁਨੀਆਂ ਅਤੇ ਸੁਗੰਧੀਆਂ ਦੇ ਅੰਬਾਰ ਉਡਦੇ ਦੇਖ ਕੇ ਸੰਗਤ ਹੈਰਾਨ ਹੋ ਰਹੀ ਸੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਕੇ ਬੀਬੀਆਂ ਨੇ ਸਾਰੀ ਵਿਥਿਆ ਸੁਣਾਉਂਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਦੇ ਪਤੀਆਂ ਦੇ ਰੋਮ ਰੋਮ ਵਿਚੋਂ ਵਾਹਿਗੁਰੂ ਨਾਮ ਦੀ ਧੁਨੀ ਸੁਣਾਈ ਦਿੰਦੀ ਸੀ ਇਸੇ ਕਰਕੇ ਹੀ ਉਨ੍ਹਾਂ ਦੀਆਂ ਹੱਡੀਆਂ ਵੀ ਸਾਰੇ ਵਾਤਾਵਰਣ ਵਿਚ ਸਿਮਰਨ ਤੇ ਸੁਗੰਧੀਆਂ ਫੈਲਾ ਰਹੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੋ ਚਿੱਟੀਆਂ ਚਾਦਰਾਂ ਮੰਗਵਾ ਕੇ ਉਨ੍ਹਾਂ ਪੋਟਲੀਆਂ ਉਤੇ ਪੁਆ ਦਿੱਤੀਆਂ।

ਅਜ ਸਾਇੰਸ ਦੇ ਯੁਗ ਵਿਚ ਮਨੁੱਖੀ ਜਿਸਮ ਦੀ ਚੀਰ ਫਾੜ ਕਰਨ ਤੋਂ ਬਿਨਾ ਹੀ ਲੇਜ਼ਰ ਸਰਜਰੀ ਨਾਲ ਸਰੀਰ ਵਿਚੋਂ ਪਥਰੀਆਂ ਨਿਕਲ ਜਾਂਦੀਆਂ ਹਨ। ਲੇਜ਼ਰ ਨਾਲ ਹੋਰ ਵੀ ਕਈ ਕੁਝ ਹੁੰਦਾ ਹੈ। ਦੇਖਣ ਵਾਲਿਆਂ ਨੂੰ ਇਹ ਸਭ ਕੁਝ ਅਦਭੁਤ ਜਿਹਾ ਲਗਦਾ ਹੈ ਪਰ ਸਾਇੰਸਦਾਨ ਇਹ ਸਭ ਕੁਝ ਜਾਣਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਸਾਇੰਸਦਾਨਾਂ ਦਾ ਲੇਜ਼ਰ ਐਨਾ ਜੁਝ ਕਰ ਸਕਦਾ ਹੈ ਤਾਂ ਇਨ੍ਹਾਂ ਸਾਇੰਸਦਾਨਾਂ ਨੂੰ ਤੇ ਬਾਕੀ ਸਾਰੇ ਸੰਸਾਰ ਨੂੰ ਸਿਰਜਨ ਵਾਲੇ ਦਾ ਲੇਜ਼ਰ ਕਿਹੋ ਜਿਹਾ ਹੋਵੇਗਾ..? ਉਸ ਲੇਜ਼ਰ ਦੀ ਸ਼ਕਤੀ ਕਿਹੋ ਜਿਹੀ ਹੋਵੇਗੀ..? ਰੱਬੀ ਸ਼ਕਤੀਆਂ ਨਾਲ ਵਰੋਸਾਏ **ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰਸਿੱਖਾਂ ਦੇ ਮਿਰਤਕ ਸਰੀਰਾਂ ਦੀਆਂ ਹੱਡੀਆਂ ਦੀ ਸਰਜਰੀ ਕਰਨ ਲਈ ਰੱਬੀ ਸ਼ਕਤੀਆਂ ਵਾਲਾ ਲੇਜ਼ਰ ਵਰਤਿਆ ਕਿ ਅਗਨੀ ਭੇਟ ਹੋਏ ਜਿਸਮਾਂ ਦੇ ਲਹੂ ਮਾਸ ਅਤੇ ਹੱਡੀਆਂ ਨੇ ਇਕੱਠੀਆਂ ਹੋ ਕੇ ਦੁਬਾਰਾ ਸਾਬਤ ਸੂਰਤ ਸਿੰਘਾਂ**

**ਦਾ ਸਰੂਪ ਧਾਰ ਲਿਆ।**ਮੋਇਆਂ ਨੂੰ ਜਿਵਾਉਣ ਵਾਲੇ ਸਤਿਗੁਰੂ ਜੀ ਨੇ ਮੇਹਰ ਦੀ ਨਜ਼ਰ ਕੀਤੀ।ਦੋਨੋਂ ਚਿੱਟੀਆਂ ਚਾਦਰਾਂ ਉਪਰ ਨੂੰ ਉਠਣ ਲੱਗੀਆਂ।ਫਿਰ ਚਾਦਰਾਂ ਹੌਲੇ ਹੌਲੇ ਥੱਲੇ ਡਿਗ ਪਈਆਂ ਅਤੇ ਵਿਚੋਂ ਦੋਨੋਂ ਗੁਰਮੁੱਖ ਪਿਆਰੇ ਪਰਣੈ ਹੋਏ ਹੋਏ, ਸਤਿਗੁਰੂ ਜੀ ਦੇ ਸਨਮੁਖ ਖੜ੍ਹੇ ਦਿਖਾਈ ਦੇਣ ਲੱਗੇ।ਨਵੇਂ ਨਰੋਏ ,ਗੁਰਸਿੱਖੀ ਬਾਣੇ ਵਿਚ ਸਜੇ ਧਜੇ ਸਤਿਗੁਰਾਂ ਨੂੰ ਨਮਸਕਾਰ ਕਰ ਰਹੇ ਸੀ।ਨਾਮ ਬਾਣੀ ਦੇ ਰਸੀਆਂ ਦੀਆਂ ਹੱਡੀਆਂ ਵੀ ਸਤਿਗੁਰੂ ਜੀ ਦੀ ਮੇਹਰ ਦ੍ਰਿੱਸ਼ਟੀ ਦੇ ਲੇਜ਼ਰ ਨਾਲ ਜੀਊਂਦੇ ਜਾਗਦੇ ਮਨੁੱਖਾਂ ਦਾ ਸਰੂਪ ਧਾਰ ਲੈਂਦੀਆਂ ਹਨ।

ਸੰਤ ਪੁਰਸ਼ ਨੇ ਸੰਗਤ ਨੂੰ ਸਮਝਾਇਆ ਕਿ ਯੁਗਾਂ ਯੁਗਾਂਤਰਾਂ ਤੋਂ ਅਵਤਾਰੀ ਪੁਰਸ਼ਾਂ ਦੀ ਮੇਹਰ ਦ੍ਰਿਸ਼ਟੀ ਨਾਲ ਮੋਏ ਹੋਇਆਂ ਨੂੰ ਜੀਵਨ ਦਾਨ ਮਿਲਦਾ ਰਿਹਾ ਹੈ।**ਅਹਿਲਿਆ ਬਾਈ ਰਿਸ਼ੀ ਦੇ ਸਰਾਪ ਨਾਲ ਪੱਥਰ ਬਣੀ ਹੋਈ ਹਜਾਰਾਂ ਸਾਲ ਪਈ ਰਹੀ।ਜਦੋਂ ਉਸਨੂੰ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਦੀ ਛੋਹ ਮਿਲੀ ਤਾਂ ਉਹ ਸੁਰਜੀਤ ਹੋ ਗਈ।**

ਮੌਤ ਪਿਛੋਂ ਜੀਵਨ ਪ੍ਰਾਪਤ ਕਰਨ ਦੀ ਅਸਚਰਜ ਵਾਰਤਾ ਸੁਣਾ ਕੇ ਸੰਤ ਪੁਰਸ਼ ਨੇ ਬਜੁਰਗ ਨੂੰ ਵਿਸ਼ਵਾਸ ਦੁਆਇਆ ਕਿ ਉਸ ਦੀ ਹੱਡ ਬੀਤੀ ਕੋਈ ਸੁਪਨਾ ਨਹੀਂ ਹੈ ਉਹ ਸੱਚੀਂ ਮੁੱਚੀ ਹੀ ਮਰ ਕੇ ਜੀਉਂਦਾ ਹੋਇਆ ਹੈ ਪਰ ਉਸਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਜਮਾਂ ਦੀ ਮਾਰ ਤੋਂ ਛੁਟਕਾਰਾ ਪਾਉਣ ਸਮੇ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਸਹਾਈ ਹੋਈ ਹੈ ਅਤੇ ਫਿਰ ਪ੍ਰਕਾਸ਼ ਵਿਚ ਲਿਖੇ ਹੋਏ "**ਮਨਿ ਜੀਤੈ ਜਗੁ ਜੀਤੁ**" ਦੇ ਦਰਸ਼ਨਾਂ ਨੇ ਉਸ ਨੂੰ ਬ੍ਰਹਮ-ਮੰਡਲ ਵਿਚ ਪਹੁੰਚਾ ਦਿੱਤਾ,ਜਿਥੇ ਅਨੰਤ ਕਾਲ ਤੋਂ ਹੀ ਨਿਰੰਕਾਰੀ ਬਾਣੀ ਦਾ ਨੂਰ ਵ੍ਹਰ ਰਿਹਾ ਹੈ।ਦੇਵ ਪੁਰੀ ਵਿਚ ਜਾ ਕੇ ਸ੍ਰੀ ਗੁਰੂ ਨਾਨਾਕ ਦੇਵ ਜੀ ਦੇ ਧੁਰ ਦਰਗਾਹੀ ਫੁਰਮਾਨ ਨੇ ਹੀ ਇਹ ਗਲ ਸਮਝਾਈ ਕਿ ਮਨੁੱਖਾ ਜੀਵਨ ਦੀ ਅਸਲੀ ਪ੍ਰਾਪਤੀ 'ਕਿਰਪਾ ਜਲ' ਵਿਚ ਹੀ ਹੈ। ਸੰਤ ਪੁਰਸ਼ ਨੇ ਬਜੁਰਗ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੰਦਿਆਂ ਹੋਇਆਂ ਸਮਝਾਇਆ ਕਿ ਜਿਸ ਅੰਮ੍ਰਿਤ ਦੀ ਦਾਤ ਲਈ ਦੇਵੀ ਦੇਵਤੇ ਭੀ ਤਰਸਦੇ ਹਨ ਉਹ (ਕਿਰਪਾ ਜਲ) ਸਿਰਫ ਮਨੁਖੀ ਜੀਵਨ ਵਿਚ ਨਾਮ ਬਾਣੀ ਦੀ ਘਾਲਣਾਂ ਨਾਲ ਹੀ ਮਿਲਦਾ ਹੈ।ਗੁਰਬਾਣੀ ਦਾ ਫੁਰਮਾਨ ਹੈ ਕਿ ਦੇਵ-ਲੋਕ ਦੇ ਵਾਸੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਮਨੁਖਾ ਦੇਹੀ ਲਈ ਤਰਸਦੇ ਹਨ।ਪਰ ਬਜੁਰਗ ਤਾਂ ਦੇਵ ਲੋਕ ਪਹੁੰਚ ਕੇ ਦੇਵਤਿਆਂ ਕੋਲੋਂ ਹੀ ਕ੍ਰਿਪਾ ਜਲ ਮੰਗਣ ਲੱਗ ਪਿਆ..।

ਬਾਹੀਆ ਸਾਹਿਬ ਦੇ ਮ੍ਰਿਤਕ ਸਰੀਰ ਨੂੰ ਦੁਬਾਰਾ ਜੀਵਨ ਦਾਨ ਮਿਲਣ ਦਾ ਪ੍ਰਤੱਖ ਨਜ਼ਾਰਾ ਦੇਖ ਕੇ, ਬਜੁਰਗ ਦੀ ਹੱਡ-ਬੀਤੀ ਸੁਣ ਕੇ ਅਤੇ ਸੰਤ ਪੁਰਸ਼ ਕੋਲੋਂ ਮੋਇਆਂ ਨੂੰ ਜੀਵਾਉਣ ਵਾਲੇ ਦੇ ਇਲਾਹੀ ਬਚਨ ਸੁਣ ਕੇ ਸੰਗਤ ਮੌਤ ਦੇ ਰਹੱਸਮਈ ਗੋਹਜ ਦੀਆਂ ਸੋਚਾਂ ਵਿਚ ਡੁੱਬੀ ਹੋਈ ਸੀ।ਜਮਾਂ ਦੀ ਮਾਰ ਦਾ ਡਰ ਅਤੇ ਸਰੀਰ ਦਾ ਚੋਲਾ ਛੱਡਣ ਪਿਛੋਂ ਮੌਤ ਦੇ ਸੁਨਹਿਰੀ ਪਲਾਂ ਵਿਚ ਮਹਾਂ ਅਨੰਦ ਦੀ ਪ੍ਰਾਪਤੀ ਦੀਆਂ ਰੰਗੀਨੀਆਂ,ਦੋਨਾਂ ਪਾਸਿਆਂ ਦੀਆਂ ਭੇਦ ਭਰੀਆਂ ਗੱਲਾਂ ਉਤੇ ਵਿਚਾਰ ਵਟਾਂਦਰੇ ਹੋ ਰਹੇ ਸੀ ਕਿ ਦਰਬਾਰ ਵਿਚੋਂ ਰਹਿਰਾਸ ਸਾਹਿਬ ਦੇ ਪਾਠ ਅਰੰਭ

ਹੋਣ ਦੀ ਅਵਾਜ਼ ਸੁਣਾਈ ਦਿੱਤੀ।ਮੌਤ ਦੀ ਹਕੀਕਤ ਦੀਆਂ ਡੂੰਘੀਆਂ ਸੋਚਾਂ ਵਿਚ ਡੁੱਬੀ ਹੋਈ ਸੰਗਤ ਕਮਰੇ ਵਿਚੋਂ ਬਾਹਰ ਨਿਕਲੀ ਤੇ ਦਰਬਾਰ ਸਾਹਿਬ ਵਲ ਤੁਰ ਪਈ।

ਸੰਧਿਆ-ਕਾਲ ਨੇ ਬਾਬੇ ਨਾਨਕ ਦੀ ਆਰਤੀ ਦੀਆਂ ਰੰਗੀਨੀਆਂ ਦੇ ਜਲਵੇ ਦਿਖਾਉਣੇ ਸ਼ੁਰੂ ਕੀਤੇ ਹੋਏ ਸਨ।ਗਗਨ ਰੂਪੀ ਥਾਲ ਵਿਚ ਸੂਰਜ ਦਾ ਦੀਵਾ ਚੰਦ੍ਰਮਾ ਦੇ ਦੀਵੇ ਨੂੰ ਜੀ ਆਇਆਂ ਕਹਿੰਦਾ ਹੋਇਆ ਆਪ ਵਿਦਾਇਗੀ ਲੈ ਰਿਹਾ ਸੀ।ਦਿਨ ਤੇ ਰਾਤ ਦੇ ਮਿਲਾਪ ਨੇ ਧਰਤੀ ਅਤੇ ਅਸਮਾਨ ਵਿਚਕਾਰ ਮਸਤੀ ਦੀ ਧੂੜ ਭੁੱਕੀ ਹੋਈ ਸੀ।ਲਹਿੰਦੇ ਸੂਰਜ ਦੀਆਂ ਲਾਲੀਆਂ ਨੇ ਪਹਾੜਾਂ ਦੀਆਂ ਸਿਖਰਾਂ ਨੂੰ ਸੁਨਹਿਰੇ ਲੇਪ ਨਾਲ ਲਿਸ਼ਕਾਇਆ ਹੋਇਆ ਸੀ।ਗੁਰੂ ਘਰ ਦੇ ਪੈਰਾਂ ਵਿਚ ਵਗਦੀ ਨਦੀ ਦਾ ਸ਼ੂੰਕਦਾ ਹੋਇਆ ਪਾਣੀ ਸੱਚੇ ਨਾਮ ਦੀ ਧੁਨ ਸੁਣਾ ਰਿਹਾ ਸੀ।ਸ਼ਾਮ ਦੇ ਘੁਸਮੁਸੇ ਵਿਚ ਪ੍ਰਕਾਸ਼ ਹਨੇਰੇ ਦੇ ਗਲੇ ਲੱਗ ਕੇ ਵਿਦਾ ਹੋ ਰਿਹਾ ਸੀ।ਦਰਬਾਰ ਸਾਹਿਬ ਅੰਦਰੋਂ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਹੋਇਆ।ਲਾਊਡ ਸਪੀਕਰ ਰਾਹੀਂ **'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ॥'** ਦੀ ਗੂੰਜ ਧਰਤ-ਅਸਮਾਨ ਵਿਚ ਥਰਰਾਉਂਦੀ ਹੋਈ ਹਰ ਪਾਸੇ ਪਸਰੀ ਤੇ ਤਪ ਸਥਾਨ ਦੀ ਕੁਦਰਤੀ ਸੁੰਦ੍ਰਤਾ ਵਿਚ ਵਸ ਰਹੇ ਕਰਤੇ ਦੀ ਹੋਂਦ ਦਾ ਅਹਿਸਾਸ ਦੁਆ ਗਈ।**' ਗਾਵਨਿ ਤੁਧ ਨੋ ਪਵਣੁ ਪਾਣੀ ਬੈਸੰਤਰੁ ॥'** ਦੀ ਅਵਾਜ ਨੇ, ਤਪ-ਸਥਾਨ ਦੀ ਵਾਦੀ ਵਿਚ ਪੌਣ ,ਪਾਣੀ ਤੇ ਬੈਸੰਤਰ ਦੇ ਮੂਹੋਂ ਗਾ ਹੋ ਰਹੇ ਕਾਦਰ ਦੇ ਗੀਤਾਂ ਦੇ ਦ੍ਰਿਸ਼-ਚਿੱਤਰ ਪੇਸ਼ ਕਰਨੇ ਸ਼ੁਰੂ ਕਰ ਦਿਤੇ।



ਬੀਬੀ ਗੁਰਦੀਪ ਕੌਰ ਜੀ
ਸਰਦਾਰ ਗੁਰਭਗਤ ਸਿੰਘ ਬਾਹੀਆ ਨੂੰ ਸਿਰੋਪੇ
ਦੀ ਬਖਸ਼ਿਸ਼ ਕਰ

# ਘਟਿ ਘਟਿ ਵਾਜਹਿ ਨਾਦ

ਜਦੋਂ ਕਣ-ਕਣ ਵਿਚ ਰਮੇ ਹੋਏ ਰਾਮ ਪਿਆਰੇ ਦਾ ਨੂਰ ਦਿਸਣ ਲੱਗ ਪਵੇ ਅਤੇ **ਘਟਿ ਘਟਿ ਵਾਜਹਿ ਨਾਦ** ਦੀਆਂ ਕਣੀਆਂ ਦੀ ਸਰਸ਼ਾਰ ਤੁਹਾਡੇ ਰੋਮ-ਰੋਮ ਵਿਚ ਰਸ ਘੋਲ ਦੇਵੇ ਤਾਂ ਸਮਝੋ ਕਿ ਤੁਸੀਂ ਮਨੁੱਖਾ ਜੀਵਨ ਦੇ ਅਸਲੀ ਲਾਹੇ ਪ੍ਰਾਪਤ ਕਰ ਰਹੇ ਹੋ।ਆਦਿ ਕਾਲ ਤੋਂ ਹੀ,ਧੁਰ ਕੀ ਬਾਣੀ ਦੇ ਇਲਾਹੀ ਬੋਲ,**ਘਟਿ ਘਟਿ ਵਾਜਹਿ ਨਾਦ** ਦੇ ਸੁਰਾਂ ਵਿਚ ਰਸੇ ਹੋਏ ਸਾਰੇ ਬ੍ਰਹਿਮੰਡ ਵਿਚ ਲਗਾਤਾਰ ਅਲਾਪ ਹੋ ਰਹੇ ਹਨ।ਦਸੋ ਪਾਤਿਸ਼ਾਹੀਆਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਪ੍ਰਤਾਪ ਦੇ ਦਰਸ਼ਨ ਦੀਦਾਰੇ ਵੀ ਇਨ੍ਹਾਂ ਰੰਗਾਂ ਵਿਚ ਸਮਾਏ ਹੋਏ ਹਨ।ਅਨੰਤ ਕਾਲ ਤੋਂ ਗਗਨ ਮੰਡਲ ਵਿਚ ਪਸਰੀ ਹੋਈ ਇਲਾਹੀ ਬਾਣੀ ਦਾ ਅਨਹਦ ਨਾਦ,ਜੇ ਕਿਸੇ ਦੇ **ਉਨਮਨ** ਹੋਏ ਮਨ ਦੀਆਂ ਅੱਖੀਆਂ ਅੱਗੇ ਪ੍ਰਗਟ ਹੋ ਜਾਵੇ ਤਾਂ ਸਮਝੋ ਕਿ ਉਸ ਨੂੰ ਜੋਤ ਸਰੂਪੀ ਇਲਾਹੀ ਗੁਰਬਾਣੀ ਦੇ ਦਰਸ਼ਨ ਹੋ ਗਏ।

ਗੁਰਮਤਿ ਸੰਗੀਤ ਵਿਚ **ਘਟਿ ਘਟਿ ਵਾਜਹਿ ਨਾਦ** ਦੀਆਂ ਗੁੱਝੀਆਂ ਰਮਜਾਂ ਛੁਪੀਆਂ ਹੋਈਆਂ ਹਨ।"ਵਾਜੇ ਅਨਹਦ ਤੂਰੇ" ਦੀ ਘਾੜਤ ਘੜਨ ਵਾਲਾ ਵਿਧਾਤਾ ਆਪਣੇ ਪਿਆਰਿਆਂ ਨੂੰ ਲਾਡ ਲਡਾਉਣ ਲਈ ਅਨੇਕਾਂ ਪ੍ਰਕਾਰ ਦੀਆਂ ਅਨਹਦ ਧੁਨੀਆਂ ਦੀ ਬਖਸ਼ਿਸ਼ ਕਰਦਾ ਹੈ।ਲਿਵ ਦੀਆਂ ਡੋਰਾਂ ਵਿਚ ਬੱਝ ਕੇ ਆਤਮਿਕ ਅਨੰਦ ਦੇ ਹੁਲਾਰੇ ਲੈਣ ਵਾਲੇ ਇਕ ਗੁਰਸਿੱਖ (ਇੰਜਨੀਅਰਿੰਗ ਕਾਲਜ ਵਿਚ ਸਾਇੰਸ ਦਾ ਪ੍ਰੋਫੈਸਰ) ਰਾਤ ਦੇ ਬਾਰਾਂ ਵਜੇ ਉਠ ਕੇ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਸਮਾਧੀ ਲਗਾਇਆ ਕਰਦੇ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਰਾਤ ਦੇ ਬਾਰਾਂ ਵਜੇ ਤੋਂ ਅੰਮ੍ਰਿਤ ਵੇਲੇ ਦੇ ਚਾਰ ਵਜੇ ਤੱਕ ਉਨ੍ਹਾਂ ਨੂੰ ਸਮਾਧੀ-ਅਵਸਥਾ ਦੌਰਾਨ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨ ਅਤੇ ਬਾਣੀ ਦੇ ਸ਼ਬਦ ਅਨਹਦ ਧੁਨੀਆਂ ਵਿਚ ਸੁਣਾਈ ਦਿਆ ਕਰਦੇ ਸਨ।

ਕੋਈ ਵਿਰਲੇ ਹੀ ਹੁੰਦੇ ਹਨ ਜਿਹੜੇ ਮਨੁੱਖਾ ਜੀਵਨ ਦੇ ਲਾਹੇ ਖੱਟਣ ਲਈ ਘਟਿ ਘਟਿ ਵਾਜਹਿ ਨਾਦ ਦੀ ਪ੍ਰਾਪਤੀ ਲਈ ਵਿਲਕਦੇ ਹਨ,ਲ੍ਹੇਲਣੀਆਂ ਕਢਦੇ ਹਨ,ਬਿਲਲਾਉਂਦੇ ਹਨ ਤੇ ਸਾਧੂਆਂ ਸੰਤਾਂ ਦੀ ਸੰਗਤ ਕਰਦੇ ਹੋਏ ਨਾਮ ਬਾਣੀ ਦੀ ਸੱਚੀ ਸੁੱਚੀ ਘਾਲਣਾਂ ਘਾਲਦੇ ਹਨ।ਕਦੀ-ਕਦੀ ਏਦਾਂ ਵੀ ਹੁੰਦਾ ਹੈ ਕਿ ਬਾਬਾ ਇਕਬਾਲ ਸਿੰਘ ਜੀ ਵਰਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਟੱਲ ਹੁਕਮਾਂ ਅਨੁਸਾਰ ਇਲਾਹੀ ਬਾਣੀ ਦੇ ਸ਼ੁੱਧ ਉਚਾਰਣ ਅਤੇ ਨਿਰਧਾਰਿਤ ਰਾਗਾਂ ਵਿਚ ਗਾਏ ਜਾਣ ਵਾਲੇ ਗੁਰਮਤਿ ਸੰਗੀਤ ਦੇ ਵਿਦਿਆਲੇ ਖੋਲ੍ਹਣ ਦਾ ਉਪਰਾਲਾ ਕਰਨ ਲਈ ਆਪਣਾ ਜੀਵਨ ਸਮਰਪਤ ਕਰ ਦਿੰਦੇ ਹਨ ਅਤੇ ਸੰਤ ਅਤਰ ਸਿੰਘ ਜੀ ਅਤੇ ਸੰਤ ਤੇਜਾ ਸੰਘ ਜੀ ਦਾ ਸੁਪਨਾ ਸੱਚਾ ਕਰਨ ਲਈ ਥਾਂ-ਥਾਂ ਜਾ ਕੇ ਗੁਰਮਤਿ ਸੰਗੀਤ ਦੀਆਂ ਫੁਲਵਾੜੀਆਂ ਸਜਾ ਦਿੰਦੇ ਹਨ।ਮਾਸੂਮ ਬੱਚਿਆਂ ਰਾਹੀਂ ਧੁਰ ਕੀ ਬਾਣੀ ਰਾਹੀਂ ਨਿਰੰਕਾਰੀ ਜੋਤ ਦੇ ਚਾਨਣ ਦਾ ਮੀਂਹ ਵਰ੍ਹਾ ਕੇ ਆਤਮਿਕ ਅਵਸਥਾ ਵਾਲੇ ਜੀਵਾਂ ਨੂੰ **ਘਟਿ ਘਟਿ ਵਾਜਹਿ ਨਾਦ** ਦੀ ਜਾਣ ਪਛਾਣ ਕਰਵਾ

ਦਿੰਦੇ ਹਨ।ਪ੍ਰੇਮ,ਵੈਰਾਗ,ਸ਼ਰਧਾ ਤੇ ਭਗਤੀ ਨਾਲ ਮਾਂਜੇ ਧੋਤੇ ਹੋਏ ਸੁੱਚੇ ਮਨਾ ਵਿਚ ਜਦੋਂ ਅੰਮ੍ਰਿਤ ਕੀਰਤਨ ਦੀਆਂ ਕਣੀਆਂ ਪੈਂਦੀਆਂ ਹਨ ਤਾਂ ਘਟਿ ਘਟਿ ਵਾਜਹਿ ਨਾਦੁ ਦੇ ਦ੍ਰਿਸ਼ਟਾਂਤ ਦਿਖਾਈ ਦਿੰਦੇ ਹਨ ਤੇ ਇਨ੍ਹਾਂ ਦ੍ਰਿਸ਼ਟਾਂਤਾਂ ਰਾਹੀਂ ਹੀ ਉਸ ਅਦ੍ਰਿਸ਼ਟ ਵਾਹਿਗੁਰੂ ਦੀ ਪਛਾਣ ਹੁੰਦੀ ਹੈ।

ਜਿਨ੍ਹਾਂ ਨੇ ਇਹ ਰੰਗ ਮਾਣੇ ਹਨ ਉਹ ਜਾਣਦੇ ਹਨ ਕਿ ਘਟਿ ਘਟਿ ਵਾਜਹਿ ਨਾਦੁ ਦੀਆਂ ਗੋਹਜ ਭਰੀਆਂ ਰਮਜਾਂ ਦੇ ਅਨੁਭਵ ਗੁਰੂ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਹੁੰਦੇ ਹਨ ਤੇ ਫਿਰ ਸਾਡੀਆਂ ਸੁਰਤੀਆਂ ਦੁਨਿਆਵੀ ਮੰਡਲਾਂ ਦੀ ਕੈਦ ਵਿੱਚੋਂ ਨਿੱਕਲ ਕੇ ਨਾਦ ਯੋਗ ਦੀਆਂ ਉਡਾਰੀਆਂ ਮਾਰਦੀਆਂ ਹੋਈਆਂ ਉਥੇ ਪਹੁੰਚ ਜਾਂਦੀਆਂ ਹਨ,ਜਿੱਥੇ ਬਾਬੇ ਨਾਨਕ ਦੀ ਆਰਤੀ ਹੋ ਰਹੀ ਹੈ।ਚੰਦ ਸੂਰਜ ਦੇ ਦੀਵਿਆਂ ਅਤੇ ਡਲ੍ਹ ਡਲ੍ਹ ਕਰਦੇ ਤਾਰਿਆਂ ਨਾਲ ਭਰੇ ਗਗਨ ਰੂਪੀ ਥਾਲ ਉਤੇ ਪੌਣ ਚੌਰ ਝੁਲਾ ਰਹੀ ਹੈ।ਉਥੇ ਨਿਰੰਤਰ ਕਾਲ ਤੋਂ 'ਅਨਹਤਾ ਸਬਦ ਵਾਜੰਤ ਭੇਰੀ' ਦੇ ਸੁਰ ਵਿਸਮਾਦੀ ਤ੍ਰੰਗਾਂ ਦੀ ਵਾਛੜ ਬਣ ਕੇ ਵਰ੍ਹ ਰਹੇ ਹਨ।ਰੰਗ ਬਰੰਗੇ ਪ੍ਰਕਾਸ਼ ਦੇ ਨੂਰਾਨੀ ਬੱਦਲਾਂ ਦੀਆਂ ਘਨਘੋਰ ਘਟਾਵਾਂ ਵਿੱਚੋਂ ਰੰਗ ਬਰੰਗੇ ਸੁਰਾਂ ਦੀਆਂ ਰੰਗ ਬਰੰਗੀਆਂ ਰੰਗਦਾਰ ਬੂੰਦਾਂ ਨਾਲ ਸਾਰੇ ਖੰਡ ਬ੍ਰਹਮੰਡ ਸਰਸ਼ਾਰ ਹੋ ਰਹੇ ਹਨ।ਗੁਰਮੁੱਖਾਂ ਦੇ ਬ੍ਰਿਹੋਂ-ਬਾਣ ਸਹਿੰਦੇ ਪਪੀਹੇ-ਮਨ ਇਨ੍ਹਾਂ ਸੁਆਂਤ-ਬੂੰਦਾਂ ਨਾਲ ਰਸ ਰਸ ਕੇ ਠੰਡੇ ਠਾਰ ਹੋ ਰਹੇ ਹਨ।

**ਰੱਬ ਕਰੇ..!ਇਸ 'ਘਟਿ ਘਟਿ ਵਜਹਿ ਨਾਦ' ਦੀਆਂ ਧੁਨੀਆਂ ਦੀ ਬਖਸ਼ਿਸ਼ ਸਭ ਨੂੰ ਪ੍ਰਾਪਤ ਹੋਵੇ...ਤੇ ਫਿਰ ਕਦੀ ਕੋਈ ਧੁਰ ਕੀ ਬਾਣੀ ਵਿਚ ਕਮੀਆਂ ਹੋਣ ਦਾ ਭੁਲੇਖਾ ਖਾ ਕੇ ਇਸ ਨੂੰ ਸੋਧਣ ਦਾ ਹੀਆ ਨਾ ਕਰੇ...!**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਗਟ ਪ੍ਰਤਾਪ ਦੇਖ ਕੇ ਵਿਦੇਸ਼ੀ ਲੋਕਾਂ ਦੀ ਦਿਲਚਸਪੀ ਵਧ ਰਹੀ ਹੈ।ਕੈਨੇਡਾ,ਅਮਰੀਕਾ ਅਤੇ ਕਈ ਹੋਰ ਦੇਸ਼ਾਂ ਦੇ ਗੋਰੇ ਤੇ ਕਾਲੇ ਗੁਰਸਿੱਖ ਨਾਦ ਯੋਗ ਦੀ ਸਾਇੰਸ ਨੂੰ ਅਮਲ ਵਿਚ ਲਿਆ ਕੇ ਕੀਰਤਨ ਕਰਦੇ ਹਨ।ਨਾਦ ਯੋਗ ਦੀ ਸਾਇੰਸ ਨੂੰ ਸਮਝਣ ਵਾਲੇ ਗੁਰਮੁੱਖ ਪਿਆਰੇ ਜਾਣਦੇ ਹਨ ਕਿ **ਬਾਣੀ ਦੇ ਹਰ ਅੱਖਰ ਅਤੇ ਲਗਾਂ-ਮਾਤਰਾਂ ਦੇ ਉਚਾਰਣ ਵਿਚ,ਨਾਦ ਯੋਗ ਦੀ ਭਰਪੂਰ ਸ਼ਕਤੀ ਨਾਲ ਇਲਾਹੀ ਰੰਗ ਰਸ ਦੀ ਬਣਤਰ ਛੁਪੀ ਹੋਈ ਹੈ।** ਉਨ੍ਹਾਂ ਨੇ ਅਨੁਭਵ ਕੀਤਾ ਹੋਇਆ ਹੁੰਦਾ ਹੈ ਕਿ ਗੁਰਬਾਣੀ ਵਿਚ **ਘਟਿ ਘਟਿ ਵਾਜਹਿ ਨਾਦ** ਦੀ ਪਾਰਸ ਕਲਾ ਛੁਪੀ ਹੋਈ ਹੈ।ਇਸ ਲਈ ਉਹ ਗੁਰਬਾਣੀ ਦਾ ਸ਼ੁੱਧ ਉਚਾਰਣ ਕਰਦੇ ਹਨ।ਭੁੱਲ ਕੇ ਵੀ ਧੁਰ ਕੀ ਬਾਣੀ ਦੇ ਉਚਾਰਣ ਵਿਚ ਫਰਕ ਨਹੀਂ ਪੈਣ ਦਿੰਦੇ।

****************************

# ਸ਼ਹੀਦ ਸਿੰਘ

ਮੋਹ ਮਾਇਆ ਦੇ ਜਾਲ ਵਿਚ ਜਕੜੀ ਇਸ ਦੁਨੀਆਂ ਵਿਚ ਇਕ ਹੋਰ ਦੁਨੀਆਂ ਵੀ ਵਸਦੀ ਹੈ।ਜਿਸਨੂੰ ਅਸੀਂ ਸ਼ਹੀਦਾਂ ਸਿੰਘਾਂ,ਦੇਵੀ ਦੇਵਤਿਆਂ,ਭੂਤਾਂ ਪ੍ਰੇਤਾਂ ਅਤੇ ਜਮਾਂ ਦੀ ਦੁਨੀਆਂ ਕਹਿੰਦੇ ਹਾਂ।ਇਨ੍ਹਾਂ ਸਾਰਿਆਂ ਵਿਚੋਂ ਸ਼ਹੀਦ ਸਿੰਘ ਸਭ ਤੋਂ ਉੱਤਮ ਹਨ।ਸਿਰਜਨਹਾਰੇ ਨੇ ਸ਼ਹੀਦਾਂ ਸਿੰਘਾਂ ਨੂੰ ਸ਼ਕਤੀਆਂ ਦੇ ਅਥਾਹ ਭੰਡਾਰ ਬਖਸ਼ੇ ਹਨ।ਪਹਾੜ,ਦਰਿਆ,ਬਰਫ ਅਤੇ ਸੰਸਾਰ ਦੀਆਂ ਹੋਰ ਸਥੂਲ ਵਸਤੂਆਂ ਸ਼ਹੀਦ ਸਿੰਘਾਂ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਦੀਆਂ।ਉਹ ਇੰਨ੍ਹਾਂ ਦੇ ਵਿਚੋਂ ਦੀ ਲੰਘ ਜਾਂਦੇ ਹਨ।ਪਲਾਂ ਵਿਚ ਹੀ ਲੰਬੀਆਂ ਉਡਾਰੀਆਂ ਮਾਰਦੇ ਹੋਏ ਕਿਤੇ ਦੇ ਕਿਤੇ ਪਹੁੰਚ ਜਾਂਦੇ ਹਨ।ਖੰਡਾਂ ਬ੍ਰਹਮੰਡਾਂ ਵਿਚ ਘੁੰਮ ਅਉਂਦੇ ਹਨ।ਇਹ ਹਰ ਇਕ ਬੋਲੀ ਸਮਝ ਲੈਂਦੇ ਹਨ ਅਤੇ ਬੋਲ ਵੀ ਲੈਂਦੇ ਹਨ।ਹਰੀ-ਭਗਤਾਂ ਦੀ ਰੱਖਿਆ ਲਈ ਇਹ ਦੇਸ਼ ਦਿਸ਼ਾਤ੍ਰਾਂ ਵਿਚ ਪਹੁੰਚ ਜਾਂਦੇ ਹਨ ਕਿਉਂਕਿ ਸੱਚੇ ਦਿਲਾਂ ਦੀ ਪੁਕਾਰ ਇਨ੍ਹਾਂ ਨੂੰ ਦੂਰੋਂ ਹੀ ਸੁਣ ਪੈਂਦੀ ਹੈ।

ਅੰਤਰਜਾਮੀ ਹੋਣ ਕਰਕੇ ਇਹ ਦੂਜਿਆਂ ਦੇ ਦਿਲਾਂ ਦੀ ਜਾਣ ਲੈਂਦੇ ਹਨ।ਆਉਣ ਵਾਲੇ ਸਮੇਂ ਵਿਚ ਕੀ ਹੋਣ ਵਾਲਾ ਹੈ,ਇਸ ਵਾਰੇ ਵੀ ਇੰਨ੍ਹਾਂ ਨੂੰ ਗਿਆਨ ਹੁੰਦਾ ਹੈ।ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਇਹ ਗੁਰੂ ਪਿਆਰਿਆਂ ਨੂੰ ਉਨ੍ਹਾਂ ਉਤੇ ਅਉਣ ਵਾਲੀ ਮੁਸੀਬਤ ਦਾ ਇਸ਼ਾਰਾ ਮਾਤਰ ਸੰਕੇਤ ਦੇ ਦਿੰਦੇ ਹਨ ਅਤੇ ਫਿਰ ਮੌਕੇ ‘ਤੇ ਉਨ੍ਹਾਂ ਦੀ ਸਹਾਇਤਾ ਵੀ ਕਰਦੇ ਹਨ।ਆਮ ਤੌਰ ‘ਤੇ ਇਹ ਗੁਪਤ ਹੀ ਰਹਿੰਦੇ ਹਨ ਪਰ ਕਦੀ ਕਦੀ ਖਾਸ ਲੋੜ ਪੈਣ ਉਤੇ ਪ੍ਰਗਟ ਰੂਪ ਵਿਚ ਹਾਜਰ ਹੋ ਕੇ ਕਾਰਜ ਰਾਸ ਕਰ ਜਾਂਦੇ ਹਨ ਤੇ ਜੇ ਕਿਧਰੇ ਸਤਿਗੁਰਾਂ ਦੀ ਕ੍ਰਿਪਾ ਹੋ ਜਾਵੇ ਤਾਂ ਪ੍ਰਤੱਖ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਕਰ ਦਿੰਦੇ ਹਨ।ਸ਼ਹੀਦਾਂ ਸਿੰਘਾਂ ਕੋਲ ਦੇਵੀ ਦੇਵਤਿਆਂ ਨਾਲੋਂ ਵਧ ਸ਼ਕਤੀਆਂ ਹੁੰਦੀਆਂ ਹਨ।ਦੇਵੀ ਦੇਵਤੇ ਕਾਲ-ਚੱਕਰ ਵਿਚ ਫਸੇ ਹੁੰਦੇ ਹਨ ਪਰ ਸ਼ਹੀਦ ਸਿੰਘ ਅਮਰ ਹੁੰਦੇ ਹਨ।

ਆਮ ਤੌਰ ਤੇ ਇਹ ਨਿਹੰਗਾਂ ਵਾਲੇ ਬਾਣੇ ਵਿਚ ਹੁੰਦੇ ਹਨ।ਨੀਲੇ,ਕਾਲੇ,ਸਫੈਦ ਅਤੇ ਕੇਸਰੀ ਬਾਣੇ ਵਿਚ ਸ਼ਸਤਰਾਂ ਨਾਲ ਸਜੇ ਹੋਏ ਤੇ ਇਲਾਹੀ ਤੇਜ ਪ੍ਰਤਾਪ ਨਾਲ ਸ਼ਿੰਗਾਰੇ ਹੋਏ ਹੁੰਦੇ ਹਨ।ਮੌਕੇ ਅਨੁਸਾਰ ਆਪਣਾ ਸਰੂਪ ਜ਼ਰੂਰਤ ਅਨੁਸਾਰ ਬਦਲ ਵੀ ਲੈਂਦੇ ਹਨ।ਕਦੀ ਭਿਖਾਰੀ

ਜਾਂ ਪਿੰਗਲੇ ਦਾ ਰੂਪ ਧਾਰਨ ਕਰ ਕੇ ਦੁਨਿਆਵੀ ਲੋਕਾਂ ਦੇ ਮਨਾਂ ਵਿਚ ਭੁਲੇਖਾ ਪਾਉਂਦੇ ਹੋਏ ਗੁਰੂ ਪਿਆਰਿਆਂ ਦੇ ਕਾਰਜ ਸਿੱਧ ਕਰ ਜਾਂਦੇ ਹਨ ਅਤੇ ਕਦੀ ਸੁੰਦਰ ਸਰੂਪ ਧਾਰਨ ਕਰ ਲੈਂਦੇ ਹਨ। ਖਾਸ ਕਰਕੇ ੧੦-੧੧ ਸਾਲ ਦਾ ਭੁਜੰਗੀ ਸਿੰਘ ਬਣ ਕੇ ਸੁੰਦਰ ਅਤੇ ਭੋਲੀ ਭਾਲੀ ਸ਼ਕਲ ਨਾਲ ਮਿਠੀਆਂ ਮੁਸਕਾਨਾਂ ਖਿਲਾਰ ਕੇ ਸੰਗਤਾਂ ਦਾ ਦਿਲ ਬਹਿਲਾਉਂਦੇ ਹਨ। ਮਸੂਮ ਬਾਲੜੀ ਜਾਂ ਔਰਤ ਦੇ ਰੂਪ ਵਿਚ ਵੀ ਸ਼ਹੀਦ ਸਿੰਘ,ਸਿੰਘਣੀਆਂ ਗੁਰੂ ਪਿਆਰਿਆਂ ਨੂੰ ਭਟਕਣ ਤੋਂ ਬਚਾ ਕੇ ਸਿੱਧੇ ਰਸਤੇ ਪਾ ਜਾਂਦੇ ਹਨ, ਜਰੂਰਤਾਂ ਪੂਰੀਆਂ ਕਰ ਜਾਂਦੇ ਹਨ ਪਰ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦੇ ਕਿ ਉਹ ਕੌਣ ਸਨ। ਪਿਛੋਂ ਜਦੋਂ ਸੰਬੰਧੀਆਂ ਦੇ ਮੂੰਹੋ ਇਹ ਸੁਣਨਾ ਪੈਂਦਾ ਹੈ ਕਿ ਉਹ ਤਾਂ ਮਿਲੇ ਹੀ ਨਹੀਂ ਦੂਰ ਬੈਠੇ ਸਭ ਗੱਲਾਂ ਤੋਂ ਅਨਜਾਣ ਸਨ, ਤਾਂ ਫਿਰ ਅਸਲੀ ਗੱਲ ਦਾ ਪੋਲ ਖੁਲ੍ਹਦਾ ਹੈ, ਸ਼ਹੀਦਾਂ ਸਿੰਘਾਂ ਦੀ ਮਿਹਰਬਾਨੀ ਦਾ ਪਤਾ ਲਗਦਾ ਹੈ। ਇਕੋ ਹੀ ਸਮੇਂ ਅਲੱਗ-ਅਲੱਗ ਥਾਵਾਂ ਉਤੇ ਵੱਖਰੇ-ਵੱਖਰੇ ਭੇਸਾਂ ਵਿਚ ਕੰਮ ਕਰਨ ਦੀ ਸਮਰੱਥਾ ਵੀ ਸ਼ਹੀਦਾਂ ਸਿੰਘਾਂ ਵਿਚ ਹੁੰਦੀ ਹੈ। ਗੁਰੂ-ਲੜ ਲੱਗਿਆਂ ਨੂੰ ਦੁਨਿਆਵੀਂ ਦੁੱਖਾਂ ਤੇ ਮੁਸ਼ਕਿਲਾਂ ਤੋਂ ਬਚਾ ਕੇ ਰੱਖਣ ਲਈ ਪਹਿਰੇਦਾਰਾਂ ਦਾ ਕੰਮ ਕਰਦੇ ਹਨ।

ਨਾਮ-ਸਿਮਰਨ ਦੀ ਕਮਾਈ ਨਾਲ ਰਸੀਆਂ ਹੋਈਆਂ, ਇਲਾਹੀ ਬਾਣੀ ਦੀ ਧੁਨੀ ਨਾਲ ਮਹਿਕੀਆਂ ਹੋਈਆਂ,ਕੀਰਤਨ ਦੇ ਰੰਗ ਵਿਚ ਰੰਗੀਆਂ ਹੋਈਆਂ ਅਤੇ ਸ਼ਹੀਦਾਂ ਦੇ ਲਹੂ ਨਾਲ ਭਿੱਜ ਕੇ ਪਵਿੱਤਰ ਹੋਈਆਂ ਥਾਵਾਂ ਉਤੇ ਸ਼ਹੀਦਾਂ ਸਿੰਘਾਂ ਦੇ ਡੇਰੇ ਹੁੰਦੇ ਹਨ। ਅਜਿਹੀਆਂ ਭਾਗਾਂ ਭਰੀਆਂ ਥਾਵਾਂ ਉਤੇ ਉਹ ਕਈ ਵਾਰ ਪਰਗਟ ਰੂਪ ਵਿੱਚ ਵੀ ਦਿਖਾਈ ਦੇ ਦਿੰਦੇ ਹਨ। ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ, ਦੁਖੀਆਂ ਦੇ ਦੁੱਖਾਂ ਦਾ ਨਾਸ ਕਰਦੇ ਹਨ, ਲੋਕਾਂ ਦੀਆਂ ਝੋਲੀਆ ਖੁਸ਼ੀਆਂ ਨਾਲ ਭਰਦੇ ਹਨ। ਅਜਿਹੀਆਂ ਥਾਵਾਂ ਉਤੇ ਲੋਕੀ ਸ਼ਹੀਦਾਂ ਸਿੰਘਾਂ ਦੀ ਯਾਦ ਵਿਚ ਗੁਰਦਵਾਰੇ ਬਣਾ ਲੈਂਦੇ ਹਨ।

ਸ਼ਹੀਦ ਸਿੰਘ, ਦੇਵੀ-ਦੇਵਤੇ ਅਤੇ ਹੋਰ ਚੰਗੀਆਂ ਮਾੜੀਆਂ ਰੂਹਾਂ ਸਭ ਸਾਡੇ ਕੋਲ ਕੋਲ ਹੀ ਵਿਚਰਦੀਆਂ ਹਨ। ਜੇ ਅਸੀਂ ਕਮਰੇ ਦੇ ਬੂਹੇ ਬਾਰੀਆਂ ਬੰਦ ਕਰਕੇ ਇਹ ਸੋਚੀਏ ਕਿ ਸਾਨੂੰ ਕੋਈ ਦੇਖਦਾ ਨਹੀਂ ਹੈ, ਤਾਂ ਇਹ ਸਾਡੀ ਭੁੱਲ ਹੋਏਗੀ ਕਿਉਂਕਿ ਉਸੇ ਬੰਦ ਕਮਰੇ ਵਿਚ ਕੋਈ ਚੰਗੀ-ਮਾੜੀ ਰੂਹ ਜਾਂ ਕੋਈ ਸ਼ਹੀਦ ਸਿੰਘ ਸਾਨੂੰ ਦੇਖ ਰਿਹਾ ਹੋ ਸਕਦਾ ਹੈ। ਅੱਜ ਕਲ੍ਹ ਸਾਇੰਸ ਦੇ ਯੁਗ ਵਿਚ ਟੈਲੀਵੀਜ਼ਨ ਸੈਂਟਰ ਦੇ ਬੰਦ ਕਮਰਿਆਂ ਵਿਚ ਮਸ਼ੀਨਾਂ ਅਤੇ ਕੈਮਰਿਆਂ ਦੇ ਸਾਹਮਣੇ ਬੈਠਿਆਂ ਬੰਦਿਆਂ ਦੀਆਂ ਚਲਦੀਆਂ ਫਿਰਦੀਆਂ ਬੋਲਦੀਆਂ ਤਸਵੀਰਾਂ ਅਤੇ ਅਵਾਜ਼ਾਂ ਹਜਾਰਾਂ ਮੀਲਾਂ ਤਕ ਦਿਖਦੀਆਂ ਅਤੇ ਸੁਣਾਈ ਦਿੰਦੀਆਂ ਹਨ। ਟੈਲੀਵਿਯਨ ਸੈਂਟ ਰਾਹੀਂ ਸਾਨੂੰ ਸਭ ਕੁਝ ਦਿਖਾਈ ਅਤੇ ਸੁਣਾਈ ਦੇ ਦਿੰਦਾ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਲੰਬੇ ਰਸਤੇ ਉਤੋਂ ਦੀ ਇਹ ਤਸਵੀਰਾਂ ਚੱਲ ਕੇ ਆਈਆਂ, ਉਸ ਰਸਤੇ ਤੁਰੀਆਂ ਆਉਂਦੀਆਂ ਨੂੰ ਇਹਨਾਂ ਨੂੰ ਕਿਸੇ ਨੇ ਨਹੀਂ ਦੇਖਿਆ,ਕਿਸੇ ਨੇ ਨਹੀਂ ਸੁਣਿਆਂ?ਇਸੇ ਤਰ੍ਹਾਂ ਹੀ ਅਣਡਿੱਠੀ ਦੁਨੀਆਂ ਦੇ ਅਦਭੁਤ ਅਤੇ ਰੰਗੀਨ ਨਜਾਰੇ ਸਾਥੋਂ ਦੂਰ ਨਹੀਂ ਹਨ। ਇਹਨਾਂ ਨੂੰ ਦੇਖਣ ਲਈ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਰੂਪੀ ਟੈਲੀਵੀਜਨ ਸੈੱਟ ਚਾਹੀਦਾ ਹੈ ਅਤੇ ਭਗਤੀ-

ਬੱਲ ਰੂਪੀ ਬਿਜਲੀ ਦੀ ਜ਼ਰੂਰਤ ਹੈ।ਸੋ ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਸ਼ਹੀਦਾਂ ਸਿੰਘਾਂ ਦੀ ਦੁਨੀਆਂ ਵੀ ਸਾਡੇ ਵਿਚ ਹੀ ਵਸਦੀ ਹੈ।ਦੇਵੀ-ਦੇਵਤੇ ਸਾਡੇ ਕੋਲ-ਕੋਲ ਹੀ ਰਹਿੰਦੇ ਹਨ।ਭੂਤ-ਪ੍ਰੇਤ ਸਾਥੋਂ ਦੂਰ ਨਹੀਂ ਹਨ। ਜਮਾਂ ਦੀ ਆਵਾਜਾਈ ਤਾਂ ਲੱਗੀ ਹੀ ਰਹਿੰਦੀ ਹੈ।ਸਾਡੇ ਸਾਹਮਣੇ ਕਿੰਨੀਆਂ ਮੌਤਾਂ ਹੁੰਦੀਆਂ ਹਨ? ਸਾਡੇ ਕੋਲ ਖੜ੍ਹਿਆਂ ਹੀ ਜਮ ਆਉਂਦੇ ਹਨ ਅਤੇ ਪਤਾ ਨਹੀਂ ਕਿਹੜੇ ਕਿਹੜੇ ਤਰੀਕੇ ਅਪਣਾ ਕੇ ਬੰਦੇ ਦੀ ਰੂਹ,ਸਰੀਰ ਤੋਂ ਅਲੱਗ ਕਰ ਕੇ ਲੈ ਜਾਂਦੇ ਹਨ।ਸਾਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ। ਸਿਰਫ ਮਰਨ ਵਾਲੇ ਨੂੰ ਹੀ ਪਤਾ ਹੁੰਦਾ ਹੈ ਕਿ ਜਮ ਕੀ ਕੁਝ ਕਰਦੇ ਹਨ।ਸਾਨੂੰ ਮਰਨ ਵਾਲੇ ਦੀ ਤਰਸਯੋਗ ਹਾਲਤ ਤਾਂ ਦਿਖਾਈ ਦਿੰਦੀ ਹੈ ਪਰ ਉਸ ਹਾਲਤ ਦੇ ਜਿੰਮੇਵਾਰ ਜਮ ਨਜ਼ਰ ਨਹੀਂ ਆਉਂਦੇ।ਮਰਨ ਵਾਲੇ ਦੀ ਜ਼ਬਾਨ ਤਾਂ ਉਹ ਆਉਂਦਿਆਂ ਹੀ ਖਿੱਚ ਲੈਂਦੇ ਹਨ,ਤਾਂ ਜੋ ਉਹ ਉਨ੍ਹਾਂ ਬਾਰੇ ਕਿਸੇ ਨੂੰ ਕੁਝ ਦਸ ਨਾ ਸਕੇ।ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ -

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥
ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ॥
(ਬਾਰਹ ਮਾਹਾ, ਮਾਂਝ-੧੩੪)

ਸਾਡੀਆਂ ਅੱਖੀਆਂ ਖੋਲਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ-ਥਾਂ ਜਮਾਂ ਦੀ ਮੌਜੂਦਗੀ ਦਾ ਵਰਨਣ ਕੀਤਾ ਹੋਇਆ ਹੈ ਤਾਂ ਜੋ ਸਾਡੇ ਦਿਲਾਂ ਵਿਚ ਜਮਾਂ ਦੀ ਭਿਅੰਕਰ ਮਾਰ ਦਾ ਡਰ ਪੈਦਾ ਹੋਵੇ ਅਤੇ ਅਸੀਂ ਇਸ ਮਾਰ ਤੋਂ ਬਚਣ ਲਈ ਬੁਰੇ ਕਰਮਾਂ ਤੋਂ ਦੂਰ ਰਹੀਏ ਅਤੇ ਰੱਬ ਦੀ ਦਰਗਾਹ ਵਿਚ ਮਾਣ ਪ੍ਰਾਪਤ ਕਰਨ ਦਾ ਕੋਈ ਉਪਰਾਲਾ ਕਰੀਏ।ਬੁਰੇ ਕਰਮਾਂ ਤੋਂ ਦੂਰ ਰਹਿ ਕੇ ਸੱਚੀ-ਸੁੱਚੀ ਕਿਰਤ ਕਰਨ ਵਾਲੇ ਗੁਰਮੁਖ ਜੀਊੜਿਆਂ ਦੀ ਮੌਤ ਸਮੇਂ ਜਮ ਨੇੜੇ ਨਹੀਂ ਆ ਸਕਦੇ।ਉਨ੍ਹਾਂ ਦਾ ਮਰਨਾ ਦੁੱਖ ਦਾਇਕ ਨਹੀਂ ਸਗੋਂ ਸੁੱਖ ਦਾਇਕ ਅਤੇ ਅਨੰਦ-ਮਈ ਹੁੰਦਾ ਹੈ ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥(੧੩੬੫)

ਅਜਿਹੀਆਂ ਸੁਭਾਗੀਆਂ ਜਿੰਦੜੀਆਂ ਨੂੰ ਲੈਣ ਲਈ ਵੀ ਅਣਡਿੱਠੀ ਦੁਨੀਆਂ ਦੇ ਵਸਨੀਕ ਹੀ ਆਉਂਦੇ ਹਨ।ਰਿਸ਼ੀਆਂ ਮੁਨੀਆਂ ਦੇ ਨੂਰਾਨੀ ਵੇਸਾਂ ਵਿਚ,ਦੇਵੀ ਦੇਵਤਿਆਂ ਦੇ ਸੁੰਦਰ ਸਰੂਪਾਂ ਵਿਚ ਆਉਂਦੇ ਹਨ ਤੇ ਅਨੰਦ ਮਈ ਢੰਗ ਨਾਲ ਰੂਹ ਨੂੰ ਸਰੀਰ ਦੇ ਚੋਲੇ ਤੋਂ ਅਲੱਗ ਕਰਕੇ ਨਾਲ ਲੈ ਜਾਂਦੇ ਹਨ।ਅਜਿਹੀਆਂ ਸੁਹਾਣੀਆਂ ਘੜੀਆਂ ਸਮੇਂ ਮਰਨ ਵਾਲੇ ਦੇ ਕੋਲ ਖੜੇ ਲੋਕੀਂ ਸਭ ਕਾਸੇ ਤੋਂ ਬੇਖਬਰ ਰਹਿ ਜਾਂਦੇ ਹਨ।ਸਾਡੇ ਮਨਾ ਉਤੇ ਪਈਆਂ ਮੈਲ ਦੀਆਂ ਪਰਤਾਂ ਸਾਨੂੰ ਅਣਦਿਸਦੀ ਦੁਨੀਆਂ ਦੇ ਨਜ਼ਾਰਿਆਂ ਤੋਂ ਅਲੱਗ ਕਰੀ ਰੱਖਦੀਆਂ ਹਨ।

ਅਸਲੀ ਮਰਨਾ ਤਾਂ ਸ਼ਹੀਦਾਂ ਦਾ ਹੁੰਦਾ ਹੈ ।ਜਿਹੜੇ ਸੂਰੇ ਦੁਨੀਆਂ ਉਤੋਂ ਹਨ੍ਹੇਰ-ਗਰਦੀ ਖਤਮ ਕਰਨ ਲਈ ਆਪਣੀ ਜਾਨ ਦੀ ਬਾਜੀ ਲਗਾ ਦਿੰਦੇ ਹਨ।ਉਹ ਮੌਤ ਨੂੰ ਤਾਂ ਉਦੋਂ ਹੀ ਜਿੱਤ ਲੈਂਦੇ ਹਨ ਜਦੋਂ ਆਪਣੇ ਅਸੂਲਾਂ ਦੀ ਖਾਤਰ ਮੌਤ ਦੀ ਪਰਵਾਹ ਕਰਨਾ ਛੱਡ ਦਿੰਦੇ ਹਨ।ਵੱਡੇ ਤੋਂ ਵੱਡੇ ਤਾਕਤਵਾਰਾਂ ਨੂੰ ਉਹ ਕੋਈ ਚੀਜ਼ ਨਹੀਂ ਸਮਝਦੇ।ਸਤਿਗੁਰਾਂ ਦੇ ਦੱਸੇ ਰਾਹਾਂ ਉਤੇ ਚੱਲਣਾ ਹੀ ਉਨ੍ਹਾਂ ਦਾ ਮੁੱਖ ਉਦੇਸ਼ ਹੁੰਦਾ ਹੈ।ਅਜਿਹੇ ਨਿਰਸੁਆਰਥ ਭਾਵਨਾ ਨਾਲ ਸ਼ਹੀਦੀਆਂ ਦਾ ਜਾਮ ਪੀਣ ਵਾਲੇ ਸੂਰਮਿਆਂ ਦੀ ਸ਼ਹਾਦਤ ਵੇਲੇ ਸ਼ਹੀਦ ਸਿੰਘ ਆਪਣੇ ਪੂਰੇ ਜਲੌ ਵਿਚ ਅਨੰਦ ਮਈ ਖੁਸ਼ੀਆਂ ਦਾ ਮੀਂਹ ਵਰ੍ਹਾਉਂਦੇ ਹਨ,ਅਤਿ ਸੋਹਣੀਆਂ ਨੂਰਾਨੀ ਰਿਸ਼ਮਾਂ ਦੀਆਂ ਸੜਕਾਂ ਵਿਛਾਉਂਦੇ ਹਨ।ਮਹਿਕਾਂ ਅਤੇ ਰੰਗਾਂ ਦੇ ਅੰਬਾਰਾਂ ਵਿਚੋਂ ਨਿਕਲਦੀਆਂ ਅਨਹਦ ਸ਼ਬਦ ਦੀਆਂ ਗੁੰਜਾਰਾਂ ਇਹਨਾਂ ਦੇ ਸਵਾਗਤੀ ਗੀਤ ਗਾਉਂਦੀਆਂ ਹਨ।

ਕਦੀ ਕਦੀ ਅਜਿਹਾ ਵੀ ਹੁੰਦਾ ਹੈ ਕਿ ਸ਼ਹੀਦਾਂ ਦੀਆਂ ਲਾਸ਼ਾਂ ਡਾਢਿਆਂ ਦੇ ਹੱਥ ਆ ਜਾਂਦੀਆਂ ਹਨ ਅਤੇ ਉਹ ਲਾਸ਼ਾਂ ਨੂੰ ਮਿੱਟੀ-ਘੱਟੇ ਵਿਚ ਰੋਲ ਕੇ ਲਾਸ਼ਾਂ ਦੀ ਬਿਅਦਬੀ ਕਰਨ ਵਿਚ ਅਪਣੀ ਸ਼ਾਨ ਸਮਝਦੇ ਹਨ।ਆਪਣੀ ਤਾਕਤ ਦਾ ਡੰਕਾ ਵਜਾ ਰਹੇ ਜਰਵਾਣਿਆਂ ਨੂੰ ਇਹੀ ਦੁਨੀਆਂ ਦਿਸਦੀ ਹੈ।ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਕਦੀ ਨਾ ਕਦੀ ਉਨ੍ਹਾਂ ਦਾ ਵੀ ਅਣਡਿੱਠੀ ਦੁਨੀਆਂ ਦੇ ਵਸਨੀਕਾਂ ਨਾਲ ਵਾਹ ਪਏਗਾ।ਇਸ ਨਾਸ਼ਵਾਨ ਸਰੀਰ ਨੂੰ ਤਿਆਗਣ ਪਿਛੋਂ ਉਨ੍ਹਾਂ ਦੀਆਂ ਲਾਸ਼ਾਂ ਚਾਹੇ ਚੰਦਨ ਦੀ ਲਕੜੀ ਅਤੇ ਹੋਰ ਕੀਮਤੀ ਸਮੱਗਰੀ ਵਿਚ ਸਾੜੀਆਂ ਜਾਣ ਪਰ ਉਨ੍ਹਾਂ ਨੂੰ ਜਮਾਂ ਦੀ ਭਿਆਨਕ ਮਾਰ ਸਹਿਣੀ ਹੀ ਪਏਗੀ ਤੇ ਦੁਨੀਆਂ ਦੀ ਕੋਈ ਤਾਕਤ ਵੀ ਉਨ੍ਹਾਂ ਨੂੰ ਬਚਾ ਨਹੀਂ ਸਕੇਗੀ।ਜਮਾਂ ਦੀ ਮਾਰ ਪਿਛੋਂ ਉਨ੍ਹਾਂ ਲਈ ਨਰਕਾਂ ਦੀਆਂ ਭੱਠੀਆਂ ਵੀ ਤਿਆਰ ਹੋਣਗੀਆਂ।

ਅਸੀਂ ਬੜੇ ਖੁਸ਼ਕਿਸਮਤ ਹਾਂ ਕਿ ਸਾਨੂੰ ਮਨੁੱਖੀ-ਜੀਵਨ ਮਿਲਿਆ ਹੈ।ਮਾਂ ਦੇ ਕੁੱਖ ਵਿਚ ਸਾਡੀ ਜੀਵ ਆਤਮਾਂ ਨੂੰ ਤਨ ਦੇ ਵਸਤਰ ਪਾਉਣ ਲਈ ਨੌਂ ਮਹੀਨੇ ਲੱਗੇ।ਮਾਂ ਬਾਪ ਦੇ ਵਿਰਸੇ ਦੇ ਗੁਣਾਂ ਔਗੁਣਾਂ ਅਤੇ ਸ਼ਕਲ ਸੂਰਤ ਦੇ ਰੰਗਾਂ ਵਿਚ ਰੰਗ ਹੋ ਕੇ ਇਸ ਤਨ ਨੇ ਦੁਨੀਆਂ ਵਿਚ ਆ ਕੇ ਰੂਹ ਨੂੰ ਸੰਭਾਲਣ ਦਾ ਕੰਮ ਕਰਨਾ ਹੈ।ਤਨ ਦੀ ਸਹਾਇਤਾ ਨਾਲ ਅਸੀਂ ਰੂਹ ਨੂੰ ਬਲਵਾਨ ਅਤੇ ਤੰਦਰੁਸਤ ਬਣਾਉਣਾ ਹੈ।ਜਦੋਂ ਇਸ ਸਰੀਰ ਵਿਚੋਂ ਸਾਹਾਂ ਦਾ ਦੌਰ ਖਤਮ ਹੁੰਦਾ ਹੈ ਤਾਂ ਇਹ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਂਦਾ ਹੈ।ਰੂਹ ਦਾ ਪੰਛੀ ਉੱਡ ਜਾਂਦਾ ਹੈ ਪਰ ਉਸਦੀ ਉੜਾਨ ਇਸ ਗੱਲ ਉਤੇ ਨਿਰਭਰ ਹੁੰਦੀ ਹੈ ਕਿ ਇਸ ਦੁਨੀਆਂ ਵਿਚ ਆ ਕੇ ਉਸਨੇ ਕਿਹੋ ਜਿਹੇ ਕਰਮ ਕਮਾਏ।ਜੇਕਰ ਉਸ ਹੰਸਲੇ ਜੀਊੜੇ ਨੇ ਚੰਗੇ ਕਰਮਾਂ ਦੇ ਸੁੱਚੇ ਮੋਤੀ ਚੁਗੇ ਹਨ ਤਾਂ ਉਸਦੇ ਖੰਭ ਵੀ ਹੰਸਾਂ ਵਰਗੇ ਹੋਣਗੇ ਤੇ ਉਸਦਾ ਰੰਗ ਰੂਪ ਵੀ ਹੰਸਾ ਵਰਗਾ ਹੋਏਗਾ। ਉਸਦਾ ਸੁਭਾ ਵੀ ਹੰਸਾ ਵਰਗਾ ਹੋਏਗਾ।ਮਰਨ ਵੇਲੇ ਹੰਸਾਂ ਦੀ ਟੋਲੀ ਆਏਗੀ ਅਤੇ ਉਸਨੂੰ ਆਪਣੇ ਨਾਲ ਰਲਾਈ ਉਚੀਆਂ ਉਡਾਰੀਆਂ ਭਰਦੀ ਹੋਈ ਪ੍ਰੀਤਮ ਦੇ ਦੇਸ ਪਹੁੰਚ ਜਾਏਗੀ ਪਰ ਜੇ ਉਸਨੇ ਕੁਕਰਮਾਂ ਦਾ ਚੋਗਾ ਚੁਗਿਆ ਹੈ ਤਾਂ ਉਸਦੇ ਖੰਭ ਵੀ ਕਾਲੇ ਕਾਵਾਂ ਵਰਗੇ ਹੋਣਗੇ।ਰੰਗ

ਰੂਪ ਅਤੇ ਸੁਭਾ ਕਾਵਾਂ ਵਰਗਾ ਹੋਏਗਾ, ਅੰਤ ਸਮੇਂ ਕਾਵਾਂ ਦੀ ਟੋਲੀ ਆਏਗੀ ਅਤੇ ਜਮਾਂ ਦੀ ਮਾਰ ਨਾਲ ਝੰਬ ਕੇ ਉਸਨੂੰ ਆਪਣੀ ਟੋਲੀ ਵਿਚ ਰਲਾ ਕੇ ਗੰਦ ਫਰੋਲਣ ਲੱਗ ਪਏਗੀ।

ਸੇਵਾ,ਤਿਆਗ, ਕੁਰਬਾਨੀਆਂ ਅਤੇ ਸ਼ਹੀਦੀਆਂ ਦੇ ਸੁੱਚੇ ਮੋਤੀ ਚੁਗਣ ਵਾਲੇ ਜੀਉੜੇ ਰੂਹ ਦੀ ਦੌਲਤ ਇਕੱਠੀ ਕਰਨ ਲਈ ਸੱਚ ਦੇ ਪਿੱਛੇ ਲੱਗੀਆਂ ਬਲਵਾਨ ਰੂਹਾਂ ਦੇ ਇਸ਼ਾਰਿਆਂ ਉਤੇ ਚੱਲਦੇ ਹਨ।ਦੂਜਿਆਂ ਦੇ ਜੀਵਨ ਵਿਚ ਅੰਮ੍ਰਿਤ ਰਸ ਘੋਲਣ ਲਈ ਉਹ ਆਪ ਜ਼ਹਿਰ ਦੇ ਘੁੱਟ ਪੀ ਜਾਂਦੇ ਹਨ।ਦੁਨੀਆਂ ਨੂੰ ਸੋਨ-ਸੁਨਹਿਰੀ ਰਿਸ਼ਮਾ ਨਾਲ ਰੰਗਣ ਦੀ ਖਾਤਰ ਹਨੇਰੀਆਂ ਕਾਲ-ਕੋਠੜੀਆਂ ਵਿਚ ਉਮਰਾਂ ਗਾਲ ਲੈਂਦੇ ਹਨ।ਵਸਦੇ-ਰਸਦੇ ਘਰਾਂ ਦੀ ਨਿੱਘੀ ਧੁੱਪ ਛੱਡ ਕੇ ਸਿਵਿਆਂ ਦੀ ਅੱਗ ਸੇਕਣ ਜਾਂਦੇ ਹਨ।ਇਹ ਰੱਬ ਦੇ ਜੀਉੜੇ ਜੋ ਦੁਜਿਆਂ ਦੇ ਜੀਵਨ ਵਿਚੋਂ ਦੁੱਖਾਂ ਦਾ ਜ਼ਹਿਰ ਚੂਸਦੇ ਹਨ ਉਹਨਾਂ ਨੂੰ ਹੀ ਅਸਲੀ ਜੀਵਨ-ਰਸ ਦੀ ਪ੍ਰਾਪਤੀ ਹੁੰਦੀ ਹੈ।ਉਹ ਸਤਿਗੁਰਾਂ ਦੀ ਪ੍ਰੇਮ-ਡੋਰ ਵਿਚ ਬੱਝੇ ਹੋਏ ਕੰਕਰ ਕੰਡਿਆਂ ਅਤੇ ਅੰਗਿਆਰਾਂ ਉਤੇ ਚਲਦੇ ਹੋਏ ਅਗਨ-ਸਾਗਰ ਪਾਰ ਕਰ ਲੈਂਦੇ ਹਨ।

ਗਰਮੀ ਦੀ ਰੁੱਤੇ ਅਸੀਂ ਤਿੱਖੀ ਧੁੱਪ ਤੋਂ ਤੰਗ ਆ ਕੇ ਇਸ ਤੋਂ ਛੁਟਕਾਰਾ ਚਾਹੁੰਦੇ ਹਾਂ ਪਰ ਇਹੀ ਧੁੱਪ ਕਈ ਫ਼ਸਲਾਂ ਅਤੇ ਫਲਾਂ ਦੇ ਪੱਕਣ ਲਈ,ਕੱਟਣ ਲਈ ਤੇ ਸਾਂਭਣ ਲਈ ਜ਼ਰੂਰੀ ਹੁੰਦੀ ਹੈ।ਇਸੇ ਤਰ੍ਹਾਂ ਹੀ ਰਣ-ਭੂਮੀ ਵਿਚ ਖੇਲ੍ਹੀ ਜਾ ਰਹੀ ਖ਼ੂਨ ਦੀ ਹੋਲੀ ਦੇਖਣੀ ਕਿਸੇ ਨੂੰ ਚੰਗੀ ਤਾਂ ਨਹੀਂ ਲੱਗਦੀ ਪਰ ਰਣ-ਭੂਮੀਆਂ ਵਿਚ ਹੀ ਸੂਰਿਆਂ ਦੀ ਪਰਖ ਹੁੰਦੀ ਹੈ,ਬਹਾਦਰਾਂ ਦੀ ਪਛਾਣ ਹੁੰਦੀ ਹੈ।ਸਚਾਈ ਦੀ ਖਾਤਰ ਲੜੀ ਜਾ ਰਹੀ ਲੜਾਈ ਵਿਚ ਹੀ ਜੂਝ ਕੇ ਮਰਨ ਵਾਲਿਆਂ ਨੂੰ ਸ਼ਹੀਦੀਆਂ ਪ੍ਰਾਪਤ ਕਰਨ ਲਈ ਸੁਨਹਿਰੀ ਮੌਕਾ ਮਿਲਦਾ ਹੈ।

ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈਂ ਤਬ ਜੂਝ ਮਰੋਂ॥
(ਦਸਮ ਗ੍ਰੰਥ-੧੧)

ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜ਼ੁਲਮ ਦਾ ਨਾਸ ਕਰਨ ਲਈ ਜਦੋਂ ਵੀ ਸਿਰਾਂ ਦੀ ਲੋੜ ਪਈ,ਅਸੀਂ ਹੱਸ-ਹੱਸ ਕੇ ਸੀਸ ਭੇਟ ਕੀਤੇ,ਖੋਪੜੀਆਂ ਉਤਰਵਾਈਆਂ, ਬੰਦ-ਬੰਦ ਕਟਵਾਏ,ਆਪਣਾ ਆਪ ਹੀ ਨਹੀਂ ਸਗੋਂ ਸਰਵੰਸ ਵਾਰੇ।ਦੁੱਧ ਮੱਖਣਾਂ ਨਾਲ ਪਾਲੇ ਜਾਂਨ ਦੇ ਟੁਕੜੇ ਮਾਵਾਂ ਦੇ ਕੌਮ ਦੇ ਹਵਾਲੇ ਕੀਤੇ।ਮਸੂਮ ਬੱਚਿਆਂ ਦੇ ਟੁਕੜੇ ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਏ।ਸ਼ੁਕਰ ਹੈ ਦਾਤਾਰ ਪਿਤਾ ਦਾ ਕਿ ਉਸਨੇ ਸਾਨੂੰ ਅਜਿਹੇ ਵਿਰਸੇ ਨਾਲ ਜੋੜਿਆ ਹੋਇਆ ਹੈ ਜਿੱਥੇ ਹੰਸਾਂ ਦੀ ਭਰਮਾਰ ਹੈ।ਸਾਡੀਅ ਰਗਾਂ ਵਿਚ ਦੌੜ ਰਿਹਾ ਹੰਸਾਂ ਦਾ ਖ਼ੂੰਨ ਸਾਨੂੰ ਹੰਸ ਬਣਨ ਲਈ ਪ੍ਰੇਰਦਾ ਹੈ।ਜ਼ੁਲਮ ਦਾ ਨਾਸ ਕਰਕੇ ਸ਼ਹੀਦੀਆਂ ਅਤੇ ਕੁਰਬਾਨੀਆਂ ਦਾ ਸਰਮਾਇਆ ਇਕੱਠਾ ਕਰਨ ਲਈ ਉਛਾਲੇ ਮਾਰਦਾ ਹੈ।ਜਦੋਂ ਸੁੱਚੇ ਮੋਤੀਆਂ ਦੀ ਭੁੱਖ ਜਾਗ ਪਵੇ ਤਾਂ ਫਿਰ ਸਰੀਰ ਦਾ ਮੋਹ ਨਹੀਂ ਰਹਿੰਦਾ।ਸਚੇ ਪਾਤਿਸ਼ਾਹ ਕੋਲ ਜਾਣ ਲਈ ਤਾਂਘਾ ਜੋਰ ਫੜਦੀਆਂ ਹਨ।ਚੋਜੀ ਪ੍ਰੀਤਮ ਦੇ ਦੇਸ਼ ਜਾਣ ਦਾ ਚਾਅ ਹੀ ਕੁਝ ਐਸਾ ਹੁੰਦਾ ਹੈ ਕਿ ਸ਼ਹੀਦੀ ਦੇ ਰਸਤੇ ਉਸਦੇ ਚਰਨਾਂ ਵਿਚ ਜਾਣ ਲਈ ਜੀਅੜਾ ਲੋਚਦਾ ਹੈ।ਮੌਤ ਦੇ ਦਰ ਵਲ ਰੀਝਾਂ ਨਾਲ

ਨਿਹਾਰਦਾ ਹੈ।ਸਰੀਰ ਦੇ ਬੋਝ ਤੋਂ ਹਲਕੇ ਹੋ ਕੇ ਸ਼ਹੀਦਾਂ ਸਿੰਘਾਂ ਨਾਲ ਲੰਬੀਆਂ ਉਡਾਰੀਆਂ ਮਾਰ,ਖੰਡਾਂ ਬ੍ਰਹਮੰਡਾਂ ਦੀ ਸੈਰ ਕਰਨ ਲਈ ਸੱਧਰ ਪੈਦਾ ਹੁੰਦੀ ਹੈ।ਸੱਚੇ ਪਾਤਸ਼ਾਹ ਦੀ ਸ਼ਹੀਦਾਂ ਸਿੰਘਾਂ ਦੀ ਛਾਉਣੀ ਵਿਚ ਜਾਣ ਲਈ ਮਨ ਲੋਚਦਾ ਹੈ।ਡਰ ਹੁੰਦਾਂ ਹੈ ਤਾਂ ਸਿਰਫ ਇਸ ਗਲ ਦਾ ਕਿ ਸਰੀਰ ਦਾ ਭਾਂਡਾ ਕਿਤੇ ਐਵੇਂ ਹੀ ਨਾ ਭੱਜ ਜਾਵੇ ਬਲਕਿ ਸਤਿਗੁਰਾਂ ਦੇ ਰਾਹ ਉਤੇ ਕਿਤੇ ਲੇਖੇ ਲੱਗੇ ।

ਬੇਸ਼ਕ ਸੰਸਾਰ ਵਿਚ ਕਾਲੇ ਕਾਵਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਹੈ, ਕਾਵਾਂ ਦੀ ਕਾਵਾਂ-ਰੌਲੀ ਵਿਚ ਹੰਸਾਂ ਦੇ ਮਿੱਠੜੇ ਬੋਲ ਸੁਣਾਈ ਵੀ ਨਹੀਂ ਦਿੰਦੇ-ਪਰ ਕਾਵਾਂ ਦੀ ਬਹੁਗਿਣਤੀ ਦੇ ਰਾਜ ਵਿਚ ਹੰਸਾਂ ਦੀ ਹੋਂਦ ਮਿਟਾਈ ਵੀ ਨਹੀਂ ਜਾ ਸਕਦੀ।ਜਦੋਂ ਕੁਰਬਾਨੀਆਂ ਦੀ ਰੁੱਤ ਹੋਵੇ....।ਸਾਹਮਣੇ ਸੁੱਚੇ ਮੋਤੀਆਂ ਦੀ ਭਰਮਾਰ ਹੋਵੇ ਤਾਂ ਫਿਰ ਹੰਸ ਭਲਾ...! ਆਪਣਾ ਚੋਗਾ ਕਿਉਂ ਨਾ ਚੁਗਣ...? ਭੁਖੇ ਕਿਉਂ ਰਹਿਣ? ਜਦੋਂ ਸ਼ਹੀਦਾਂ ਸਿੰਘਾਂ ਦੀ ਭਰਤੀ ਖੁਲ੍ਹੀ ਹੋਵੇ ਤਾਂ ਫਿਰ ਸੱਚੇ ਪਾਤਿਸ਼ਾਹ ਦੀ ਫੌਜ ਵਿਚ ਭਰਤੀ ਹੋਣ ਲਈ ਕੋਈ ਪਿੱਛੇ ਕਿਉਂ ਰਹੇ...?

ਸ਼ਹੀਦਾਂ ਸਿੰਘਾਂ ਦੀ ਫੌਜ ਵਿਚ ਭਰਤੀ ਹੋਣ ਵਾਲਿਆਂ ਦੀਆਂ ਗੱਲਾਂ ਨਿਰਾਲੀਆਂ ਹੀ ਹੁੰਦੀਆਂ ਹਨ, ਉਨ੍ਹਾਂ ਵਿਚ ਇਕ ਖਾਸ ਸਿਫਤ ਇਹ ਹੁੰਦੀ ਹੈ ਕਿ ਉਹ ਮਰਨ ਤੋਂ ਨਹੀਂ ਡਰਦੇ। ਸਚੀ ਕਿਰਤ ਨਾਲ ਸਚਿਆਰੇ ਹੋ ਕੇ...ਨਿਰਭਓ ਨੂੰ ਸੇਵ...ਨਿਡਰ ਹੋ ਕੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਇਹ ਸ਼ਬਦ ਗਾਉਂਦੇ ਹਨ;-

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਐਸਾ ਕੋਇ॥
ਸੇਵਹਿ ਸਾਹਿਬੁ ਸੰਮ੍ਰਥ ਆਪਣਾ ਪੰਥੁ ਸੁਹੇਲਾ ਆਗੈ ਹੋਇ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀਂ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥
ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ-੫੪੯)

ਸੂਰਿਆਂ ਲਈ ਮੌਤ ਬਖਸ਼ਿਸ਼ਾਂ ਦੇ ਭੰਡਾਰ ਲੈ ਕੇ ਆਉਂਦੀ ਹੈ।ਕੁਰਬਾਨੀਆਂ ਦੇ ਸੁੱਚੇ

ਮੋਤੀ ਚੁਗ ਜਦੋਂ ਉਹ ਸਰੀਰ ਦਾ ਚੋਲਾ ਛਡਦੇ ਹਨ ਤਾਂ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜਦੇ ਹਨ। ਅਗੋਂ ਸੱਚਾ ਸਾਹਿਬ ਉਹਨਾਂ ਨੂੰ ਗਲੇ ਲਗਾਉਦਾ ਹੈ।ਸ਼ਹੀਦਾਂ ਸਿੰਘਾਂ ਸਿੰਘਣੀਆਂ ਦੀਆਂ ਉਚੀਆਂ ਪਦਵੀਆਂ ਨਾਲ ਸਨਮਾਨਿਤ ਕਰਦਾ ਹੈ।ਮਾਣ ਬਖਸ਼ਦਾ ਹੈ।

ਅਕਾਲ ਪੁਰਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦਾਂ ਸਿੰਘਾਂ ਦੀ ਫੌਜ ਦਾ ਸੈਨਾਪਤੀ ਬਣਾਇਆ ਹੋਇਆ ਹੈ।ਕੁਦਰਤ ਦੇ ਅਸੂਲਾਂ ਵਿਚ ਰਹਿ ਕੇ ਕਲਗੀਧਰ ਸੱਚੇ ਪਾਤਿਸ਼ਾਹ ਨੇ ਇਹਨਾਂ ਗੁਪਤ ਦੁਨੀਆਂ ਦੇ ਵਸਨੀਕਾਂ ਦੀਆਂ ਡੀਊਟੀਆਂ ਲਗਾਈਆਂ ਹੋਈਆਂ ਹਨ।ਗੁਪਤ ਰਹਿ ਕੇ ਹੀ ਇਹ ਸਾਰੇ ਕੰਮ ਕਰਦੇ ਹਨ।ਬਹੁਤ ਵਾਰੀ ਤਾਂ ਪਤਾ ਵੀ ਨਹੀਂ ਲਗਦਾ ਕਿ ਇਹਨਾਂ ਦੀ ਮੇਹਰਬਾਨੀ ਨਾਲ ਸਾਡੇ ਬਿਗੜੇ ਕੰਮ ਕਿਸ ਤਰ੍ਹਾਂ ਸੰਵਰ ਜਾਂਦੇ ਹਨ।ਉਹ ਆਪ ਅਨੰਦ ਮਈ ਜੀਵਨ ਵਿਚ ਰਹਿੰਦੇ ਹਨ ਅਤੇ ਦੂਜਿਆਂ ਨੂੰ ਸੁੱਖ ਦੇਣ ਦੇ ਆਹਰ ਵਿਚ ਜੁੱਟੇ ਰਹਿੰਦੇ ਹਨ।ਅਸਲ ਵਿਚ ਭਲਾ ਕਰਨਾ ਸ਼ਹੀਦਾਂ ਸਿੰਘਾਂ ਦਾ ਸੁਭਾ ਹੈ ਪਰ ਜੇਕਰ ਕੋਈ ਗੁਰੂ ਦੇ ਲੜ ਲੱਗਿਆਂ ਨੂੰ ਪ੍ਰੇਸ਼ਾਨ ਕਰੇ ਜਾਂ ਦੁੱਖ ਦੇਵੇ ਤਾਂ ਅਜਿਹੇ ਦੋਖੀਆਂ ਨੂੰ ਉਹ ਦੰਢ ਦੇਣਾ ਵੀ ਜਾਣਦੇ ਹਨ।ਹੇਮ-ਕੁੰਟ ਸਾਹਿਬ ਦੀ ਪਵਿੱਤਰ ਧਰਤੀ ਉਤੇ ਤਾਂ ਫੂਕ ਫੂਕ ਕੇ ਕਦਮ ਰੱਖਣਾ ਚਾਹੀਦਾ ਹੈ ਕਿਉਂਕਿ ਇੱਥੇ ਤਾਂ ਵੱਢਿਆਂ ਵੱਢਿਆਂ ਦੇ ਹੰਕਾਰ ਟੁੱਟ ਜਾਂਦੇ ਹਨ।ਗੁਰਮੁਖ ਪਿਆਰਿਆਂ ਦਾ ਨਿਰਾਦਰ ਕਰਨ ਵਾਲਾ ਜਾਂ ਉਨ੍ਹਾਂ ਨੂੰ ਦੁੱਖ ਦੇਣ ਵਾਲਾ ਕੋਈ ਸ਼ਖਸ ਵੀ ਦੰਡ ਤੋਂ ਬਚ ਨਹੀਂ ਸਕਦਾ।ਇਹੋ ਜਿਹੀਆਂ ਅਨੇਕਾਂ ਘਟਨਾਵਾਂ ਦੇਖਣ ਵਿਚ ਆਈਆਂ ਹਨ ਕਿ ਮਾੜਾ ਬੋਲਣ ਵਾਲਿਆਂ ਨੂੰ ਸਜ਼ਾਵਾਂ ਭੁਗਤਣੀਆਂ ਪਈਆਂ ਹਨ।ਸ਼ਰਧਾ ਪ੍ਰੇਮ ਵਿਚ ਭਿੱਜੇ ਯਾਤਰੂਆਂ ਨੂੰ ਦੁੱਖ ਦੇਣ ਵਾਲਿਆਂ ਨੂੰ ਬਹੁਤ ਦੁਖੀ ਹੋਣਾ ਪਿਆ ਹੈ।

ਵੈਸੇ ਤਾਂ ਇਹ ਧਰਤੀ,ਖੰਡ ਬ੍ਰਹਿਮੰਡ ਹਰ ਥਾਂ ਸਰਵਵਿਆਪਕ ਸਰਵ-ਸ਼ਕਤੀਮਾਨ ਦਾਤੇ ਦਾ ਨਿਵਾਸ ਅਸਥਾਨ ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੋਈ ਅਸਥਾਨ ਜਿੱਥੇ ਉਸ ਮਾਲਿਕ ਦੀ ਬੰਦਗੀ ਕੀਤੀ ਗਈ ਹੋਵੇ,ਕੀਰਤਨ ਜੁੜੀਆਂ ਰੂਹਾਂ ਨੇ ਸਤਸੰਗ ਕੀਤਾ ਹੋਵੇ ਤੇ ਅਕਾਲ ਪੁਰਖ ਦੇ ਚਰਨਾਂ ਵਿਚ ਸੁਰਤੀ ਲਗਾਈ,ਸਮਾਧੀਆਂ ਲਗਾਈਆਂ ਹੋਣ, ਉਸ ਧਰਤੀ ਦੀ ਰੰਗਤ ਕੁਝ ਹੋਰ ਹੀ ਹੁੰਦੀ ਹੈ।ਤਪਸਥਾਨ ਦੀ ਹਵਾ ਵਿਚ ਸਾਹ ਲੈਂਦਿਆਂ ਹੀ ਮਨ ਸ਼ਾਂਤ ਹੋ ਜਾਂਦੇ ਹਨ।ਅਜਿਹੀ ਥਾਂ ਉਤੇ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਚੈਨ ਮਿਲਦੀ ਹੈ ।ਜਿੱਥੇ ਉਚ ਕੋਟੀ ਦੇ ਤਪੱਸਵੀ ਤਪੱਸਿਆ ਕਰਦੇ ਹੋਣ ਅਤੇ ਆਮ ਲੋਕੀ ਘਟ ਜਾਂਦੇ ਹੋਣ,ਉਥੇ ਇਕ ਖਾਸ ਕਿਸਮ ਦੀ ਮਿੱਠੀ,ਪਿਆਰੀ ਨੂਰਾਨੀ ਰੋਸ਼ਨੀ ਬੱਦਲੀ ਦੇ ਗੋਹੜੇ ਦੇ ਰੂਪ ਵਿਚ ਲਰਜ਼ਦੀ ਰਹਿੰਦੀ ਹੈ।ਅਜਿਹੀਆਂ ਥਾਵਾਂ ਉਤੇ ਮੱਥਾ ਟੇਕਦਿਆਂ ਜਦੋਂ ਮਸਤਕ ਜ਼ਮੀਨ ਨਾਲ ਲਗਦਾ ਹੈ ਤਾਂ ਸਾਡੇ ਅੰਦਰ ਕੁਝ ਭਰ ਹੁੰਦਾ ਮਹਿਸੂਸ ਹੁੰਦਾ ਹੈ।ਸਾਡੀ ਅਪੂਰਣਤਾ ਪੂਰਣਤਾ ਵਿਚ ਬਦਲਦੀ ਜਾਂਦੀ ਹੈ।ਅਜਿਹੀਆਂ ਥਾਵਾਂ ਉਤੇ ਰੂਹਾਨੀ ਦੌਲਤਾਂ ਦੇ ਭੰਡਾਰੇ ਖੁਲ੍ਹੇ ਹੋਏ ਹੁੰਦੇ ਹਨ ਤੇ ਕਿਣਕੇ ਆਮ ਸੰਗਤਾਂ ਦੀਆਂ ਝੋਲੀਆਂ ਵਿਚ ਵੀ ਪੈਂਦੇ ਰਹਿੰਦੇ ਹਨ।

ਸ੍ਰੀ ਹੇਮਕੁੰਟ ਸਾਹਿਬ ਦੀ ਧਰਤੀ ਵਿਚ ਇਹ ਸਾਰੇ ਗੁਣ ਹਨ।ਇੱਥੇ ਤਾਂ ਪਤਾ ਨਹੀਂ ਕਿੰਨੇ ਕੁ ਯੁੱਗਾਂ ਤੋਂ ਤਪ ਹੁੰਦਾ ਰਿਹਾ ਹੈ।ਪਤਾ ਨਹੀਂ ਕਿੰਨੇ ਕੁ ਸਿੱਧਾਂ, ਮੁਨੀਆਂ,ਯੋਗੀਆਂ ਅਤੇ

ਰਿਸ਼ੀਆਂ ਨੇ ਘੋਰ ਤਪੱਸਿਆ ਕੀਤੀ ਹੈ।ਇਸ ਵੇਲੇ ਵੀ ਪਤਾ ਨਹੀਂ ਕਿੰਨੇ ਕੁ ਸਿੱਧ ਯੋਗੀ ਅਤੇ ਤਪੀਸ਼ਰ ਇਹਨਾਂ ਬਰਫਾਨੀ ਚੋਟੀਆਂ ਵਿਚ ਸਮਾਧੀ ਅਵੱਸਥਾ ਵਿਚ ਬੈਠੇ ਹੋਏ ਹਨ।ਜਿਨ੍ਹਾਂ ਨੂੰ ਨਾਂ ਹੀ ਖਾਣ ਪੀਣ ਵਾਲੀ ਕਿਸੇ ਚੀਜ਼ ਦੀ ਜ਼ਰੂਰਤ ਹੈ ਅਤੇ ਨਾ ਹੀ ਸਰਦੀ ਤੋਂ ਬਚਣ ਲਈ ਕਿਸੇ ਕਮਰੇ ਜਾਂ ਕਪੜੇ ਦੀ ਜ਼ਰੂਰਤ ਹੈ।ਸੰਤ ਸੋਹਣ ਸਿੰਘ ਤੇ ਬਾਬਾ ਮੋਦਨ ਸਿੰਘ ਵਰਗੇ ਗੁਰੂ ਘਰ ਦੇ ਸੇਵਕ ਜਿਹਨਾਂ ਨੇ ਸਖਤ ਘਾਲਣਾ ਅਤੇ ਸੱਚੀ ਲਗਨ ਨਾਲ ਹੇਮਕੁੰਟ ਸਾਹਿਬ ਦੇ ਤਪ-ਸਥਾਨ ਨੂੰ ਲੱਭਿਆ।ਉਨ੍ਹਾਂ ਇਹਨਾਂ ਚਿਰੰਜੀਵੀ ਰਾਜ-ਰਿਸ਼ੀਆਂ ਦੇ ਦਰਸ਼ਨ ਕੀਤੇ ਹਨ ਜੋ ਇਹਨਾਂ ਬਰਫੀਲੀਆਂ ਚੋਟੀਆਂ ਉਤੇ ਨੰਗੇ ਹੀ ਰਹਿੰਦੇ ਹਨ।ਜਿਨ੍ਹਾਂ ਦੇ ਸਰੀਰ ਉਤੇ ਚਿੱਟੇ ਰੋਮ ਸੋਹੰਦੇ ਹਨ।ਰੂਹਾਨੀ ਤਾਕਤਾਂ ਦੇ ਮਾਲਿਕ, ਜਦੋਂ ਕਿਸੇ ਨੂੰ ਮੇਹਰ ਭਰੀ ਨਜ਼ਰ ਨਾਲ ਤੱਕ ਲੈਣ ਤਾਂ ਉਸ ਦੇ ਕਾਰਜ ਸੰਵਰ ਜਾਂਦੇ ਹਨ।ਹੇਮਕੁੰਟ ਸਾਹਿਬ ਪਹੁੰਚ ਕੇ ਜਦੋਂ ਸੰਤ ਸੋਹਣ ਸਿੰਘ ਜੀ ਨੇ - ਇਸ਼ਨਾਨ ਕਰਕੇ,ਬਚਿੱਤਰ ਨਾਟਕ ਦਾ ਪਾਠ ਕੀਤਾ ਤਾਂ ਉਨ੍ਹਾਂ ਦੇ ਮਨ ਵਿਚ ਸ਼ੰਕਾ ਪੈਦਾ ਹੋਈ ਕਿ ਕੀ ਇਹੀ ਸਪਤਸ੍ਰਿੰਗ ਦੀ ਵਾਦੀ ਹੈ?ਤਦ ਸ਼ਹੀਦਾਂ ਸਿੰਘਾਂ ਵਾਂਗ ਹੀ ਦਿਲਾਂ ਦੀਆਂ ਬੁੱਝਣ ਵਾਲਾ ਇਕ ਰਾਜ ਰਿਸ਼ੀ ਉਥੇ ਆਣ ਪਹੁੰਚਾ।ਉਸ ਨੇ ਸੰਤ ਜੀ ਨੂੰ ਅਸ਼ੀਰਵਾਦ ਦਿੱਤਾ ਅਤੇ ਆਪਣੇ ਹੱਥ ਦਾ ਇਸ਼ਾਰਾ ਕਰਕੇ ਦੱਸਿਆ ਕਿ ਇਹੀ ਸਤਿਗੁਰਾਂ ਦਾ ਤਪਸਥਾਨ ਹੈ।

ਇਹਨਾਂ ਵਿਸ਼ਾਲ ਪਰਬਤਾਂ ਦੀਆਂ ਕੁੰਦਰਾਂ ਵਿਚ ਹੀ ਕੁਝ ਐਸੇ ਦੇਵੀ ਦੇਵਤਿਆਂ ਦੀ ਗੁਪਤ ਬਾਦਸ਼ਾਹਤ ਵੀ ਹੈ ਜੋ ਸਾਡੀ ਦੁਨੀਆਂ ਵਿਚ ਜ਼ਰੂਰਤ ਅਨੁਸਾਰ ਆਉਂਦੇ ਹਨ।ਜਦੋਂ ਧਰਤੀ ਉਤੇ ਜੁਲਮ ਵਧ ਜਾਂਦਾ ਹੈ ਤਾਂ ਜਗਤ ਵਿਚੋਂ ਬੁਰਾਈਆਂ ਦੂਰ ਕਰਨ ਲਈ ਸਮੇਂ ਸਮੇਂ ਅਨੁਸਾਰ ਆ ਕੇ ਜਨਮ ਲੈਂਦੇ ਹਨ ਅਤੇ ਸੰਸਾਰੀ ਜੀਵਾਂ ਦਾ ਪਾਰ ਉਤਾਰਾ ਕਰਦੇ ਹਨ।ਇਸ ਅਲੌਕਿਕ ਧਰਤੀ ਉਤੇ ਸ਼ਹੀਦਾਂ ਸਿੰਘਾਂ ਨੇ ਛਾਉਣੀ ਪਾਈ ਹੋਈ ਹੈ ਤੇ ਇਹ ਛਾਉਣੀ ਦੁਨੀਆਂ ਦੀ ਸਭ ਤੋਂ ਵੱਡੀ ਛਾਉਣੀ ਹੈ।ਇਸੇ ਕਰਕੇ ਹੀ ਇੱਥੇ ਕਈਆਂ ਨੂੰ 'ਬੋਲੇ ਸੋ ਨਿਹਾਲ ॥ਸਤਿ ਸ੍ਰੀ ਅਕਾਲ॥' ਦੇ ਜੈਕਾਰੇ ਗੂੰਜਦੇ ਸੁਣਾਈ ਦਿੰਦੇ ਹਨ।ਕਈ ਵਾਰੀ ਥੋੜੇ ਸਿੰਘਾਂ ਦੀਆਂ ਅਵਾਜਾਂ ਹੁੰਦੀਆਂ ਹਨ ਅਤੇ ਕਈ ਵਾਰੀ ਬੇਸ਼ੁਮਾਰ ਸਿੰਘਾਂ ਦੀਆਂ ਅਵਾਜਾਂ ਹੁੰਦੀਆਂ ਹਨ।ਜਿਨ੍ਹਾਂ ਸਿੰਘਾਂ ਸਿੰਘਣੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਖਾਲਸਾ ਫੌਜ ਸਮੇਤ ਦਰਸ਼ਨ ਦਿੰਦੇ ਹਨ, ਉਹ ਦੱਸਦੇ ਹਨ ਕਿ ਗੁਰੂ ਜੀ ਦੀ ਫੌਜ ਦਾ ਕੋਈ ਅੰਤ ਨਹੀਂ ਹੈ।ਇਸ ਵਾਦੀ ਵਿਚ ਕਿਧਰੇ ਕਿਧਰੇ ਰਸ-ਭਿੰਨਾ ਕੀਰਤਨ ਸੁਣਾਈ ਦਿੰਦਾ ਹੈ।ਪੱਥਰਾਂ ਦੇ ਢੇਰਾਂ ਵਿਚੋਂ ਆ ਰਹੀਆਂ ਸੁਰੀਲੀਆਂ ਅਵਾਜ਼ਾਂ ਕੀਰਤਨ ਜੁੜੀਆਂ ਸਿੰਘਾਂ ਦੀਆਂ ਟੋਲੀਆਂ ਦੀ ਹੋਂਦ ਮਹਿਸੂਸ ਕਰਵਾਉਂਦੀਆਂ ਹਨ।

ਗੁਰੁ-ਦਰਸ਼ਨਾਂ ਲਈ ਲੋਚਦੀਆਂ ਸੰਗਤਾਂ ਦੀ ਯਾਤਰਾ ਸਮੇਂ ਸ਼ਹੀਦ ਸਿੰਘ ਸੰਗਤ ਦੇ ਸੁੱਖ ਅਰਾਮ ਦਾ ਪੂਰਾ ਖਿਆਲ ਰੱਖਦੇ ਹਨ।ਜਦੋਂ ਕਦੀ ਕਿਸੇ ਦੀਆਂ ਚਲਦਿਆਂ ਚਲਦਿਆਂ ਲੱਤਾਂ ਜਵਾਬ ਦੇ ਦੇਣ ਤਾਂ ਇਹ ਉਸਨੂੰ ਫੁੱਲਾਂ ਵਾਂਗੂ ਉੜਾ ਕੇ ਬਿਖੜੇ ਪੈਂਡੇ ਤਹਿ ਕਰਵਾ ਦਿੰਦੇ ਹਨ। ਇਹੋ ਜਿਹੀਆਂ ਬਹੁਤ ਘਟਨਾਵਾਂ ਹੁੰਦੀਆਂ ਹਨ ਜਦੋਂ ਯਾਤਰੀਆਂ ਨੂੰ ਤੁਰਨ ਵਿਚ ਮੱਦਦ ਮਿਲਦੀ ਹੈ।ਕਈ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਹਨੇਰਾ ਹੋ ਜਾਣ ਤੇ ਗੁਰਮੁਖ ਪਿਆਰਿਆਂ ਦੇ ਰਸਤੇ ਵਿਚ ਰੋਸ਼ਨੀ ਕਰਦੇ ਸ਼ਹੀਦ ਸਿੰਘ ਨਾਲ ਤੁਰੇ ਜਾਂਦੇ ਹਨ।ਸੰਗਤ ਦੀ ਸੇਵਾ ਵਿਚ ਇਹ

ਹਮੇਸ਼ਾ ਤਤਪਰ ਰਹਿੰਦੇ ਹਨ ਅਤੇ ਉਹ ਯਾਤਰੂ, ਜਿਹਨਾਂ ਦੇ ਸੀਨੇ ਸ੍ਰੀ ਗੁਰੂ ਗੋਬਿੰਦ ਜੀ ਦੇ ਪਿਆਰ ਨਾਲ ਮਹਿਕੇ ਹੋਏ ਹੋਣ, ਜੋ ਕਰੁਣਾ ਦੀ ਮੂਰਤੀ ਬਣ ਦੁਸ਼ਟ ਦਮਨ ਦੇ ਘਰ ਨੂੰ ਹੰਝੂਆਂ ਦੇ ਹਾਰਾਂ ਨਾਲ ਸਜਾਉਂਦੇ ਹੋਣ, ਉਨ੍ਹਾਂ ਦੀ ਹਾਜਰੀ ਭਰਨ ਲਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਆ ਹਾਜ਼ਰ ਹੁੰਦੇ ਹਨ।

*******************

# ਗੁਲੇਲੇ

ਉਦੋਂ ਗੋਬਿੰਦ ਘਾਟ ਵਿਖੇ ਕਮਰੇ ਨਹੀਂ ਸੀ ਬਣੇ। ਸੰਗਤਾਂ ਦੀ ਗਿਣਤੀ ਵੀ ਬੜੀ ਥੋੜੀ ਹੁੰਦੀ ਸੀ। ਗੁਰਦੁਆਰੇ ਦੀਆਂ ਪਰਕਰਮਾਂ ਵਿਚ ਹੀ ਸੰਗਤ ਸੌਂ ਜਾਇਆ ਕਰਦੀ ਸੀ। ਇਕ ਦਿਨ ਸੌਣ ਤੋਂ ਪਹਿਲੇ ਤਪ-ਸਥਾਨ ਦੀਆਂ ਬਖਸ਼ਿਸ਼ਾਂ ਦੀਆਂ ਗੱਲਾਂ ਹੋ ਰਹੀਆਂ ਸੀ। ਇਕ ਬੀਬੀ ਨੇ ਆਪਣੇ ਅਨੁਭਵ ਰਾਹੀਂ ਦੱਸਿਆ ਕਿ ਧੁਰ ਹੇਮਕੁੰਟ ਸਾਹਿਬ ਪਹੁੰਚ ਕੇ ਪ੍ਰਾਣੀ ਸਾਧੂ ਬਿਰਤੀ ਵਾਲਾ ਜੋ ਜਾਂਦਾ ਹੈ ਅਤੇ ਗੋਬਿੰਦ ਘਾਟ ਵਿਖੇ ਸਤਿਗੁਰਾਂ ਨੇ ਯਾਤਰੂਆਂ ਦੀ ਸੈਰ ਗਾਹ ਬਣਾਈ ਹੋਈ ਹੈ। ਇਥੇ ਸੈਲਾਨੀਆਂ ਨੂੰ ਆਪਣੇ ਸੁੱਖ ਅਰਾਮ ਦੀਆਂ ਸਾਰੀਆਂ ਸਹੂਲਤਾਂ ਮਿਲਦੀਆਂ ਹਨ। ਜੋ ਮੰਗੀਏ ਸੋ ਮਿਲ ਜਾਂਦਾ ਹੈ। ਗੁਰੂ ਪ੍ਰੇਮ ਦੀਆਂ ਬਾਤਾਂ ਸਾਂਝੀਆਂ ਕਰਨ ਪਿੱਛੋਂ ਸਭ ਨੇ ਰਲ ਕੇ ਕੀਰਤਨ ਸੋਹਿਲੇ ਦੇ ਪਾਠ ਦਾ ਅਨੰਦ ਮਾਣਿਆਂ ਤੇ ਸੌਂ ਗਏ।

ਦੂਜੇ ਦਿਨ **ਬੀਬੀ ਗੁਰਦੀਪ ਕੌਰ ਜੀ** ਅੰਮ੍ਰਿਤ ਵੇਲੇ ਉਠ ਕੇ ਬਾਹਰ ਨਿਕਲੇ ਤਾਂ ਮੀਂਹ ਦੀ ਕਿਣ ਮਿਣ ਹੋ ਰਹੀ ਸੀ। ਸੋਹਣੇ ਮੌਸਮ ਦਾ ਵਰਤਾਰਾ ਦੇਖ ਕੇ ਰੂਹ ਖਿੜ ਗਈ। ਮਿੱਠੀ ਮਿੱਠੀ ਠੰਡ ਵਿਚ ਬੀਬੀ ਜੀ ਦਾ ਗਰਮ ਗਰਮ ਕੜਾਹ ਪ੍ਰਸ਼ਾਦ ਸ਼ਕਣ ਨੂੰ ਦਿਲ ਕੀਤਾ। ਉਸੇ ਵੇਲੇ ਹੀ ਸਾਹਮਣੇ **ਸਰਦਾਰ ਮਦਨ ਮੋਹਨ ਸਿੰਘ ਜੀ** ਆ ਖੜੇ ਹੋਏ। ਉਨ੍ਹਾਂ ਬੀਬੀ ਜੀ ਨੂੰ ਬੁੱਕ ਭਰ ਕੇ ਪ੍ਰਸ਼ਾਦ ਦਿੱਤਾ। ਬੀਬੀ ਜੀ ਨੇ ਰੱਜ ਕੇ ਖਾਧਾ। ਥੋੜੀ ਦੇਰ ਮਗਰੋਂ ਬੀਬੀ ਜੀ ਆਪਣੇ ਭਤੀਜੇ **ਬ੍ਰੀਗੇਡੀਆਰ ਜਸਵੰਤ ਸਿੰਘ ਸੰਧੂ(ਅੱਜ ਕਲ੍ਹ ਹੇਮ ਕੁੰਟ ਟਰੱਸਟ ਦੇ ਪ੍ਰਧਾਨ)** ਅਤੇ ਉਨ੍ਹਾਂ ਦੇ ਸਾਥੀਆਂ ਕੋਲ ਆਣ ਪਹੁੰਚੇ। ਸਰਦਾਰ ਮਦਨ ਮੋਹਨ ਸਿੰਘ ਜੀ ਵੀ ਉਥੇ ਪਹੁੰਚ ਗਏ। ਬੀਬੀ ਜੀ ਨੇ ਖੁਸ਼ੀ ਜਾਹਰ ਕਰਦਿਆਂ ਮਦਨ ਮੋਹਨ ਸਿੰਘ ਜੀ ਨੂੰ ਕਿਹਾ ਕਿ ਅੱਜ ਉਸ ਦੇ ਹੱਥੋਂ ਗਰਮ

ਗਰਮ ਪ੍ਰਸ਼ਾਦ ਛਕ ਕੇ ਉਨ੍ਹਾਂ ਨੂੰ ਬਹੁਤ ਅਨੰਦ ਆਇਆ। ਅਗੋਂ ਮਦਨ ਮੋਹਨ ਸਿੰਘ ਨੇ ਹੈਰਾਨ ਹੋ ਕੇ ਕਿਹਾ ਕਿ ਉਹ ਤਾਂ ਬੀਬੀ ਜੀ ਨੂੰ ਮਿਲੇ ਹੀ ਨਹੀਂ ਤੇ ਉਸਨੇ ਤਾਂ ਹਾਲੇ ਤੱਕ ਦੇਗ ਸਜਾਈ ਹੀ ਨਹੀਂ..। ਤਾਂ ਫਿਰ ਉਹ ਬੀਬੀ ਜੀ ਨੂੰ ਦੇਗ ਕਿਹੜੇ ਵੇਲੇ ਛਕਾ ਅਇਆ..?

ਬ੍ਰੀਗੇਡੀਅਰ ਸਾਹਿਬ ਨੂੰ ਸੈਲਾਨੀਆਂ ਦੀਆਂ ਜਰੂਰਤਾਂ ਪੂਰੀਆਂ ਕਰਨ ਵਾਲੇ ਪ੍ਰੀਤਮ ਪਿਆਰੇ ਦੀਆਂ ਗੁੱਝੀਆਂ ਰਮਜਾਂ ਦੀ ਸਮਝ ਆਈ। ਉਹ ਜਾਣ ਗਏ ਕਿ ਉਨ੍ਹਾਂ ਦੇ ਚਾਚੀ ਜੀ ਨੂੰ ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਛਕਾਉਣ ਵਾਲਾ ਕੌਣ ਸੀ। ਜਦੋਂ ਦੁਸ਼ਟ ਦਮਨ ਦੀ ਤਪੋ-ਭੂਮੀ ਉਤੇ ਆਪਣੇ ਪਿਆਰੇ ਭਗਤਾਂ ਨਾਲ ਕੇਲ ਕਲੋਲ ਕਰਨ ਵਾਲੇ ਦੇ ਅਸਚਰਜ ਕੌਤਕ ਦੇ ਵਰਤਾਰੇ ਦੀ ਸਮਝ ਆਈ ਤਾਂ ਸਾਰੇ ਗੁਰੂ ਚਰਨਾਂ ਤੋਂ ਬਲਿਹਾਰੀ ਜਾਣ ਲੱਗੇ।

ਇਸੇ ਯਾਤਰਾ ਵਿਚ ਹੀ ਦਿੱਲੀ ਤੋ ਆਈ ਹੋਈ ਇਕ ਬੀਬੀ ਕਹਿੰਦੀ ਕਿ ਜਿਹੜੇ ਗੁਲੇਲਿਆਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਪਨ ਵਿਚ ਨਿਸ਼ਾਨ-ਬਾਜ਼ੀ ਦੀ ਖੇਡ ਖੇਢਦੇ ਹੁੰਦੇ ਸੀ ਉਹੀ ਗੁਲੇਲੇ ਲੈਣ ਨੂੰ ਦਿਲ ਕਰਦਾ ਹੈ। ਬ੍ਰੀਗੇਡੀਅਰ ਜਸਵੰਤ ਸਿੰਘ ਤੇ ਬਾਕੀ ਸੰਗਤ ਨੂੰ ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਲ ਲੀਲ੍ਹਾ ਦੀਆਂ ਰੰਗਲੀਆਂ ਖੇਡਾਂ ਯਾਦ ਆ ਗਈਆਂ। ਸਰਦਾਰ ਮਦਨ ਮੋਹਨ ਸਿੰਘ ਜੀ ਆਪਣੇ ਫੌਜੀਆਂ ਵਾਲੇ ਰੋਅਬ ਭਰੇ ਅੰਦਾਜ਼ ਵਿਚ ਕਹਿੰਦੇ, "ਉਹ ਗੁਲੇਲੇ ਅਸੀਂ ਹੁਣ ਕਿਥੋਂ ਲੈ ਕੇ ਆਈਏ?"

ਦਰਬਾਰ ਵਿਚ ਕੀਰਤਨ ਦੀ ਸਮਾਪਤੀ ਪਿੱਛੋਂ ਦੇਗ ਵਰਤਾਈ ਜਾ ਰਹੀ ਸੀ। ਦਿੱਲੀ ਵਾਲੀ ਬੀਬੀ ਅੱਖੀਆਂ ਮੀਟੀ ਪ੍ਰੇਮ-ਮੁਗ੍ਧ ਹੋਈ ਬੈਠੀ ਸੀ ਕਿ ਪਤਾ ਨਹੀਂ ਕਿਸ ਤਰ੍ਹਾਂ ਉਸਦੀ ਝੋਲੀ ਵਿਚ ਦੋ ਲੱਕੜੀ ਦੇ ਗੁਲੇਲੇ ਆਣ ਪਹੁੰਚੇ। ਸਾਰੀ ਸੰਗਤ ਇਸ ਅਸਚਰਜ ਕੌਤਕ ਨੂੰ ਬੜੀ ਉਤਸੁਕਤਾ ਨਾਲ ਦੇਖਣ ਲੱਗੀ। ਨਿਰਾਲੇ ਚੋਜ ਵਰਤਾਉਣ ਵਾਲੇ ਦੀਆਂ ਕਥਾ ਕਹਾਣੀਆਂ ਕਰਕੇ ਨਿਹਾਲ ਹੋਣ ਲੱਗੀ। ਯਾਤਰਾ ਤੋਂ ਵਾਪਿਸ ਆ ਕੇ ਸੰਗਤ ਉਹੀ ਗੁਲੇਲੇ ਨਾਲ ਲੈ ਕੇ ਪਟਨਾ ਸਾਹਿਬ ਗਈ ਤੇ ਸਾਰਿਆਂ ਨੇ ਗੁਲੇਲਿਆਂ ਦੇ ਦਰਸ਼ਨ ਕੀਤੇ ਜਿਹੜੇ ਬਾਲਾ ਪ੍ਰੀਤਮ ਦੀਆਂ ਬਚਪਨ ਦੀਆਂ ਇਤਿਹਾਸਿਕ ਯਾਦਗਾਰਾਂ ਵਿਚ ਰੱਖੇ ਹੋਏ ਸਨ, ਜ੍ਹਿਨਾਂ ਗੁਲੇਲਿਆਂ ਨਾਲ ਬਾਲਕ ਗੋਬਿੰਦ ਰਾਏ ਆਪਣੀ ਗੁਲੇਲ ਨਾਲ ਨਿਸ਼ਾਨ-ਬਾਜ਼ੀ ਦੀਆਂ ਖੇਡਾਂ ਖੇਡਦੇ ਹੁੰਦੇ ਸੀ। ਬਰੀਗੇਡੀਅਰ ਸਾਹਿਬ ਦੱਸਦੇ ਹਨ ਕਿ ਜਦੋਂ ਉਸ ਬੀਬੀ ਵਾਲੇ ਗੁਲੇਲਿਆਂ ਨੂੰ ਉਨ੍ਹਾਂ ਇਤਿਹਾਸਿਕ ਗੁਲੇਲਿਆਂ ਦੇ ਨਾਲ ਰੱਖ ਕੇ ਦੇਖਿਆ ਤਾਂ ਉਨ੍ਹਾਂ ਵਿਚ ਕੋਈ ਫਰਕ ਨਹੀਂ ਸੀ। ਬੀਬੀ ਜੀ ਵਾਲੇ ਦੋ ਗੁਲੇਲੇ ਬਾਕੀ ਗੁਲੇਲਿਆਂ ਦਾ ਹੀ ਇਕ ਹਿੱਸਾ ਹੀ ਲੱਗ ਰਹੇ ਸੀ।

************************************

# ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ

ਇਕ ਜਵਾਨ ਲੜਕਾ ਪ੍ਰੇਤ-ਵੱਸ ਹੋ ਕੇ ਖੌਫਨਾਕ ਅਵਾਜਾਂ ਕੱਢਦਾ ਹੋਇਆ ਐਨੀ ਦੁਹਾਈ ਪਾਉਂਦਾ ਸੀ ਕਿ ਗਵਾਂਢੀ ਉਸਦੀ ਭਿਆਨਕ ਦਸ਼ਾ ਦੇਖਣ ਲਈ ਆਪਣਿਆਂ ਕੋਠਿਆਂ ਦੀਆਂ ਛੱਤਾਂ ਉਪਰ ਆ ਕੇ ਖੜ੍ਹੇ ਹੋ ਜਾਂਦੇ ਸੀ।ਰੌਲਾ-ਰੱਪਾ ਸੁਣ ਕੇ ਇਕ ਨਾਮ ਬਾਣੀ ਦੀ ਅਭਿਆਸਣ ਬੀਬੀ ਉਸ ਘਰ ਜਾ ਪਹੁੰਚੀ।ਉਸਨੇ ਬਾਣੀ ਦੇ ਪ੍ਰਗਟ ਪ੍ਰਤਾਪ ਨਾਲ ਜਮਦੂਤਾਂ ਨੂੰ ਭਜਾਉਣ ਵਾਲੇ ਸਰਵ-ਸਮਰੱਥ ਦਾਤਾਰ ਪਿਤਾ ਅਗੇ ਅਰਦਾਸ ਕੀਤੀ ਅਤੇ ਬੁਲੰਦ ਅਵਾਜ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿਤਾ।ਪ੍ਰੇਤ-ਵੱਸ ਹੋਏ ਲੜਕੇ ਨੇ ਬੀਬੀ ਨੂੰ ਚੁੱਪ ਕਰਾਵਾਉਣ ਲਈ ਬੜੀਆਂ ਹੀ ਭਿਅੰਕਰ ਅਵਾਜਾਂ ਨਾਲ ਡਰਾ ਧਮਕਾ ਕੇ ਬਾਣੀ ਪੜ੍ਹਨ ਤੋਂ ਰੋਕਿਆ ਪਰ ਬੀਬੀ ਇਕਾਗਰ-ਚਿੱਤ ਹੋ ਕੇ ਬਾਣੀ ਵਿਚ ਲੀਨ ਰਹੀ।ਅਖੀਰ ਪ੍ਰੇਤ ਕੰਧਾਂ ਨਾਲ ਸਿਰ ਟਕਰਾਉਂਦਾ ਹੋਇਆ ਭੱਜ ਗਿਆ।ਲੰਮਾਂ-ਝੰਮਾਂ,ਸੋਹਣਾ ਸੁਨੱਖਾ,ਸ਼ਰਮਾਕਲ ਜਿਹਾ ਲੜਕਾ ਪ੍ਰੇਤ ਦੀ ਕੈਦ ਤੋਂ ਅਜਾਦ ਹੋ ਕੇ ਗੁਰਬਾਣੀ ਦਾ ਧਾਰਣੀ ਹੋ ਗਿਆ।

ਇਸ ਅਦਭੁਤ ਘਟਨਾਂ ਨੂੰ ਦੇਖ ਕੇ ਕਈਆਂ ਨੇ ਬੀਬੀ ਦੀ ਕਰਾਮਾਤ ਕਹਿ ਕੇ ਉਸ ਦੀਆਂ ਵਡਿਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਉਸ ਨੇ ਬੜੀ ਹੀ ਹਲੀਮੀ ਨਾਲ ਆਪਣੀਆਂ ਸਿਫਤਾਂ ਕਰਨ ਤੋਂ ਰੋਕਿਆ ਅਤੇ ਸਭ ਨੂੰ ਸਮਝਾਇਆ ਕਿ ਇਹ ਸਭ ਧੁਰ ਕੀ ਬਾਣੀ ਦੀ ਕਰਾਮਾਤ ਹੈ।ਬਾਣੀ ਦੇ ਪ੍ਰਗਟ ਪ੍ਰਤਾਪ ਨਾਲ ਭੂਤ ਪ੍ਰੇਤ ਸਭ ਦੌੜ ਜਾਂਦੇ ਹਨ।

ਉਸ ਬੀਬੀ ਦੇ ਜੀਵਨ ਨੂੰ ਪੰਥ ਦੇ ਵਾਲੀ ਨੇ ਬਾਣੀ ਦੀ ਪਾਰਸ ਕਲਾ ਦੀ ਛੋਹ ਨਾਲ ਸ਼ਿਗਾਰਿਆ ਹੋਇਆ ਸੀ ਅਤੇ ਸੰਤ-ਸਿਪਾਹੀਆਂ ਵਾਲੀ ਕਰਨੀ ਨਾਲ ਨਿਵਾਜਿਆ ਹੋਇਆ ਸੀ।ਪਤੀ ਦੀ ਮੌਤ ਪਿੱਛੋਂ ਉਸ ਨੂੰ ਬੱਚਿਆਂ ਦਾ ਪੇਟ ਪਾਲਣ ਲਈ ਨੌਕਰੀ ਕਰਦਿਆਂ ਕੁਝ ਐਸੇ ਦੁਸ਼ਟ ਬੰਦਿਆਂ ਨਾਲ ਵਾਹ ਪੈ ਗਿਆ,ਜਿਨ੍ਹਾਂ ਨੇ ਜੁਲਮ ਦੀ ਹੱਦ ਮੁਕਾਈ ਹੋਈ ਸੀ।ਕਲਗੀਧਰ ਦੀ ਸ਼ੇਰ ਬੱਚੀ ਨੇ ਦੁਸ਼ਟ-ਚੌਂਕੜੀ ਦੀ ਈਨ ਮੰਨਣ ਨਾਲੋਂ ਜਬਰ ਜੁਲਮ ਨਾਲ ਟਕਰਾਉਣਾਂ ਹੀ ਬੇਹਤਰ ਸਮਝਿਆ ਪਰ ਜਾਲਮਾਂ ਦੇ ਹੱਥ ਬੜੇ ਲੰਬੇ ਸੀ।ਉਸਨੂੰ ਆਪਣੀ ਜਾਨ ਦਾ ਖਤਰਾ ਸੀ ਤੇ ਨਾਲ ਹੀ ਉਸਦੇ ਪਰਿਵਾਰ ਨੂੰ ਵੀ ਜੁਲਮ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ।।ਬਚਣ ਦਾ ਕੋਈ ਰਸਤਾ ਨਾ ਰਿਹਾ।ਅਜਿਹੀ ਹਾਲਤ ਵਿਚ ਉਸਦੇ ਮੂੰਹ ਵਿਚ ਰੋਟੀ ਨਹੀਂ ਸੀ ਲੰਗਦੀ।

ਆਪਣੇ ਸਿਰ ਉਤੇ ਆਉਣ ਵਾਲੀਆਂ ਕਹਿਰ ਭਰੀਆਂ ਘੜੀਆਂ ਵਾਰੇ ਸੋਚਦੀ ਹੋਈ, ਉਹ ਇਕ ਰਾਤ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਵੇਹੜੇ ਵਿਚ ਲੰਮੀ ਪਈ ਹੋਈ ਸੀ। ਨੀਂਦ ਨਹੀਂ ਸੀ ਆ ਰਹੀ। ਦੁਸ਼ਟਾਂ ਦੀਆਂ ਧਮਕੀਆਂ ਨੇ ਘਰ ਦਿਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ। ਉਹ ਭੱਵਿਖ ਵਿੱਚ ਆਉਣ ਵਾਲੀਆਂ ਕਹਿਰ ਭਰੀਆਂ ਘੜੀਆਂ ਵਾਰੇ ਸੋਚ ਰਹੀ ਸੀ ਕਿ ਗੁਰਬਾਣੀ ਦੇ ਚਾਨਣ ਵਿਚ ਜੀਊਣ ਵਾਲੀ ਬੀਬੀ ਨੂੰ ਡੋਲਣ ਤੋਂ ਬਚਾਉਣ ਲਈ ਛੋਟੇ ਸਾਹਿਬਜ਼ਾਦਿਆਂ ਨੇ ਦਰਸ਼ਨ ਦੀਦਾਰੇ ਬਖਸ਼ੇ। ਅਚਾਨਕ ਉਸਨੂੰ ਅਕਾਸ਼ ਵਿਚੋਂ ਹਵਾਈ ਜਹਾਜ ਵਰਗੀ ਗੂੰ... ਗੂੰ... ਕਰਦੀ ਹੋਈ ਇਕ ਗੈਬੀ ਅਵਾਜ ਸੁਣਾਈ ਦਿੱਤੀ। ਨਾਲ ਹੀ ਉਸਦੇ ਸਾਹਮਣੇ ਅੱਤਿ ਕੋਮਲ ਅਲੌਕਿੱਕ ਪ੍ਰਕਾਸ਼ ਦੇ ਬੁੱਲੇ ਆਉਣੇ ਸ਼ੁਰੂ ਹੋ ਗਏ...। ਸਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਉਸ ਇਲਾਹੀ ਪ੍ਰਕਾਸ਼ ਵਿਚੋਂ ਹੀ ਦੋਨੋਂ ਛੋਟੇ ਸਾਹਿਬਜ਼ਾਦੇ ਪ੍ਰਗਟ ਹੋ ਕੇ ਉਸਦੀ ਮੰਜੀ ਦੀ ਬਾਹੀ ਕੋਲ ਖੜ੍ਹੇ ਹੋ ਗਏ। ਨੂਰਾਨੀ ਮੁੱਖੜੇ, ਨੀਲੇ ਚੋਲੇ ਤੇ ਕੇਸਰੀ ਦਸਤਾਰਾਂ ਨਾਲ ਸਜੇ ਹੋਏ ਮੁਸਕ੍ਰਾ ਰਹੇ ਸੀ। ਸਾਹਿਬਜ਼ਾਦਿਆਂ ਨੇ ਕਿਹਾ;-"ਦਸ਼ਮੇਸ਼ ਪਿਤਾ ਨੂੰ ਯਾਦ ਰੱਖਣਾ!"ਫਿਰ ਉਹ ਅਲੋਪ ਹੋ ਗਏ। ਪਹਿਲਾਂ ਵਾਂਗ ਹੀ ਰਾਤ ਦਾ ਹਨੇਰਾ ਹਰ ਪਾਸੇ ਪਸਰ ਗਿਆ ਪਰ ਉਸਦਾ ਤਨ ਮਨ ਇਲਾਹੀ ਪ੍ਰੇਮ-ਪ੍ਰਕਾਸ਼ ਦੇ ਰੰਗ ਰਸ ਨਾਲ ਸਰਸ਼ਾਰ ਸੀ। ਇਕ ਅਨੋਖੀ ਕਿਸਮ ਦਾ ਖੇੜਾ ਅਤੇ ਵਿਸਮਾਦੀ ਅਨੰਦ ਛਾਇਆ ਹੋਇਆ ਸੀ।

ਅਦ੍ਰਿੱਸ਼ਟ ਵਾਹਿਗੁਰੂ ਨੇ ਦ੍ਰਿੱਸ਼ਟਾਂਤ ਦਿਖਾ ਕੇ ਉਸਦੇ ਅੰਦਰ ਇਕ ਐਸੀ ਪ੍ਰਮ-ਸ਼ਕਤੀ ਭਰ ਦਿਤੀ ਕਿ ਉਸਦੇ ਸਾਰੇ ਡਰ ਭਓ ਮਿਟ ਗਏ। ਸਹਿਬਜ਼ਾਦਿਆ ਦੇ ਪ੍ਰੇਮ ਵਿਚ ਭਿੱਜੀ ਹੋਈ ਦਾ ਮਨ ਜ਼ੁਲਮ ਨਾਲ ਟੱਕਰ ਲੈਣ ਲਈ ਕਾਹਲਾ ਪੈਣ ਲੱਗਿਆ। ਮਸੂਮ ਸਾਹਿਬਜ਼ਾਦਿਆਂ ਦੀ ਲਾਜਵਾਬ ਕੁਰਬਾਨੀ ਅਤੇ ਸ਼ਹੀਦੀ ਦਾ ਰੰਗ ਉਸਦੇ ਦਿਲ ਨੂੰ ਆਪਣੇ ਰੰਗ ਵਿਚ ਰੰਗ ਗਿਆ। ਦਸ਼ਮੇਸ਼ ਪਿਤਾ ਦੀ ਬੇਟੀ ਨੂੰ ਆਪਣੇ ਵੀਰਾਂ ਦੇ ਪਾਏ ਪੂਰਣਿਆਂ ਉਤੇ ਚੱਲਣ ਦਾ ਚਾਅ ਚੜ੍ਹ ਗਿਆ। ਉਸਨੇ ਬੇਧੜਕ ਹੋ ਕੇ ਸੱਚੇ ਬੋਲਾਂ ਦੇ ਹਥਿਆਰ ਵਰਤ ਕੇ ਦੁਸ਼ਟਾਂ ਦੇ ਜੁਲਮਾਂ ਦਾ ਪਰਦਾ ਫਾਸ਼ ਕੀਤਾ। ਤਾਕਤ ਦੇ ਨਸ਼ੇ ਵਿਚ ਭੂਤਰੇ ਹੋਇਆਂ ਨਾਲ ਆਢਾ ਲੈ ਕੇ ਉਸ ਅੰਮ੍ਰਿਤਧਾਰੀ ਸਿੰਘਣੀ ਨੇ ਦਸ਼ਮੇਸ਼ ਪਿਤਾ ਦੇ"ਸਵਾ ਲਾਖ ਸੇ ਏਕ ਲੜਾਉਂ" ਵਾਲੇ ਬਚਨਾਂ ਨੂੰ ਸੱਚ ਕਰ ਦਿਖਾਇਆ।

************************************

# ਪ੍ਰੋਫੈਸਰ

ਇੰਜਨੀਅਰਿੰਗ ਕਾਲਜ ਦੇ ਵਿਦਿਆਰਥੀ ਲੜਕਿਆਂ ਦੀ ਇਕ ਟੋਲੀ ਕੁਝ ਦੂਰ ਖੜੇ ਪ੍ਰੋਫੈਸਰ ਵਲ ਦੇਖ ਕੇ ਹੱਸ ਰਹੀ ਸੀ। ਉਹ ਇਕ ਦੂਜੇ ਵਲ ਦੇਖ ਕੇ ਕਹਿ ਰਹੇ ਸੀ;- "ਓਹ ਦੇਖੋ..!ਪ੍ਰੋਫੈਸਰ ਪਾਗਲ ਹੋ ਗਿਆ ਹੈ।" ਪ੍ਰੋਫੈਸਰ ਸਾਹਿਬ ਇਕੱਲੇ ਖੜੇ ਅਸਮਾਨ ਵਲ ਦੇਖਦੇ ਹੋਏ ਖਿੜ ਖਿੜ ਕੇ ਹੱਸ ਰਹੇ ਸੀ,ਨਿਹਾਲ ਹੋ ਰਹੇ ਸੀ,ਉਨ੍ਹਾਂ ਦੇ ਚੇਹਰੇ ਉਤੋਂ ਨੂਰ ਟਪਕਦਾ ਪਿਆ ਸੀ,ਉਹ ਮਸਤੀ ਵਿਚ ਬਉਰੇ ਹੋਏ ਪਏ ਸੀ ਤੇ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀ ਕੋਈ ਸੋਝੀ ਨਹੀਂ ਸੀ। ਕੁਝ ਦੇਰ ਪਿੱਛੋਂ ਲੜਕਿਆਂ ਨੇ ਉਨ੍ਹਾਂ ਨੂੰ ਕਲਾਸ ਲੈਂਦੇ ਹੋਏ ਦੇਖਿਆ। ਚੰਗੇ ਭਲੇ ਨਜਰੀਂ ਆ ਰਹੇ ਸੀ। ਲੜਕਿਆਂ ਨੂੰ ਇਸ ਗੱਲ ਦੀ ਸਮਝ ਨਾ ਆਈ ਕਿ ਕੁਝ ਦੇਰ ਪਹਿਲੇ ਉਹ ਇਕੱਲੇ ਖੜ੍ਹੇ ਇਸ ਤਰ੍ਹਾਂ ਕਿਉਂ ਹੱਸ ਰਹੇ ਸੀ।

ਅਸਲ ਵਿਚ ਉਸ ਵੇਲੇ ਪ੍ਰੋਫੈਸਰ ਸਾਹਿਬ ਨੂੰ ਅਸਮਾਨ ਉਤੇ ਪ੍ਰਕਾਸ਼ ਦਰਸ਼ਨਾਂ ਦੀ ਬਖਸ਼ਿਸ਼ ਹੋ ਰਹੀ ਸੀ। ਪ੍ਰਕਾਸ਼ ਰੂਪ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਪ੍ਰਕਾਸ਼ ਦੀਆਂ ਝਲਕਾਂ ਦੇ ਕੇ ਨਿਹਾਲ ਕਰ ਰਿਹਾ ਸੀ। ਪ੍ਰਕਾਸ਼ ਦਰਸ਼ਨ...! ਵਾਹਿਗੁਰੂ ਜੀ ਦੇ ਦਰਸ਼ਨ ਹੀ ਹੁੰਦੇ ਹਨ। ਇਸ ਦੀ ਝਲਕ ਨਾਲ ਬੰਦੇ ਨੂੰ ਆਲੇ ਦੁਆਲੇ ਦੀ ਕੋਈ ਸੋਝੀ ਨਹੀਂ ਰਹਿੰਦੀ ਤੇ ਬੰਦਾ ਖੀਵਾ ਹੋ ਕੇ ਆਪਾ ਖੋਹ ਬੈਠਦਾ ਹੈ ਪਰ ਪ੍ਰੋਫੈਸਰ ਸਾਹਿਬ ਤਾਂ ਪ੍ਰਕਾਸ਼ ਦਰਸ਼ਨਾਂ ਦੇ ਅਨੁਭਵੀ ਸਨ। ਗੁਰੂ ਜੀ ਦੀ ਮੇਹਰ ਨਾਲ ਉਨ੍ਹਾਂ ਨੂੰ ਪ੍ਰਕਾਸ਼ ਦਰਸ਼ਨਾਂ ਦੀਆਂ ਝਲਕਾਂ ਪ੍ਰਾਪਤ ਹੁੰਦੀਆਂ ਹੀ ਰਹਿੰਦੀਆਂ ਸਨ। ਇਕ ਦਿਨ ਉਹ ਬੀਬੀ ਗੁਰਦੀਪ ਕੌਰ ਜੀ ਨਾਲ ਫੋਨ ਉਤੇ ਗੱਲਾਂ ਕਰ ਰਹੇ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ ਵਿਚ ਰੰਗੇ ਹੋਏ ਦਿਲ ਨਾਲ ਬੀਬੀ ਜੀ ਸ੍ਰੀ ਹੇਮ ਕੁੰਟ ਸਾਹਿਬ ਦੇ ਨਜਾਰਿਆਂ ਦੀਆਂ ਗੱਲਾਂ ਸੁਣਾ ਰਹੇ ਸੀ। ਦਸ਼ਮੇਸ਼ ਪਿਤਾ ਦੇ ਦਰਸ਼ਨ ਦੀਦਾਰਿਆਂ ਦੀਆਂ ਝਲਕਾਂ ਦੀ ਗੱਲ ਕਰ ਰਹੇ ਸੀ ਕਿ ਪ੍ਰੋਫੈਸਰ ਸਾਹਿਬ ਨੂੰ ਸਾਹਮਣੇ ਕੰਧ ਉਤੇ ਪ੍ਰਕਾਸ਼ ਹੀ ਪ੍ਰਕਾਸ਼ ਨਜਰੀਂ ਆਉਣ ਲੱਗ ਪਿਆ।

ਇਕ ਦਿਨ ਉਨ੍ਹਾਂ ਨੇ ਕੇਸੀਂ ਇਸ਼ਨਾਨ ਕਰਨ ਪਿੱਛੋਂ ਸਿਰ ਨੂੰ ਛੋਟੀ ਕੇਸਕੀ ਨਾਲ ਢੱਕ ਕੇ ਸਵੇਰੇ ਚਾਰ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ,ਨਾਮ ਬਾਣੀ ਦਾ ਨਿੱਤਨੇਮ ਕਰਨ ਪਿਛੋਂ ਰੋਜ ਦਾ ਕਾਰ ਵਿਹਾਰ ਕੀਤਾ ਤੇ ਸ਼ਾਮ ਨੂੰ ਆਪਣੇ ਇਕ ਦੋਸਤ ਨੂੰ

ਮਿਲਣ ਗਏ ਜਿਹੜਾ ਹਰ ਵੇਲੇ ਨਾਮ ਸਿਮਰਣ ਵਿਚ ਰਹਿੰਦਾ ਸੀ ਤੇ ਬਿਦੇਹ ਹੋ ਕੇ ਦੂਰ ਦੁਰਾਡੇ ਵੀ ਘੁੰਮ ਆਉਂਦਾ ਸੀ। ਦੇਖਦਿਆਂ ਹੀ ਦੋਸਤ ਨੇ ਕਿਹਾ;-"ਬੜਾ ਸੋਹਣਾ ਸੂਟਿਡ ਬੂਟਿਡ ਬਣ ਕੇ ਸੱਜ ਧੱਜ ਕੇ ਆਇਆ ਹੈਂ... !ਅੱਜ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਤਾਂ ਖੁਲ੍ਹੇ ਕੇਸਾਂ ਨੂੰ ਕੱਪੜੇ ਨਾਲ ਢੱਕ ਕੇ ਹੀ ਬੈਠਾ ਹੋਇਆ ਸੀ।" ਦੋਸਤ ਨੇ ਸਮਝਾਇਆ ਕਿ ਜੇ ਅਸੀਂ ਕਿਸੇ ਨੂੰ ਮਿਲਣ ਜਾਂਦੇ ਹਾਂ ਤਾਂ ਚੰਗੇ ਕੱਪੜੇ ਪਾ ਕੇ ਜਾਂਦੇ ਹਾਂ। ਵਿਆਹ ਸ਼ਾਦੀ 'ਤੇ ਜਾਣ ਵੇਲੇ ਤਾਂ ਪੂਰੀ ਤਰ੍ਹਾਂ ਸੱਜ ਧੱਜ ਕੇ ਜਾਂਦੇ ਹਾਂ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਆਪ ਨਿਰੰਕਾਰ ਹੈ। ਮਹਾਂਰਾਜਿਆਂ ਦੇ ਮਹਾਂਰਾਜੇ ਹਨ,ਇਸ ਵਿਚ ਤਾਂ ਸਾਡੇ ਦਸੋ ਗੁਰੂ ਸਾਹਿਬ ਤੇ ਭਗਤ ਬਿਰਾਜਮਨ ਹਨ ਇਸ ਲਈ ਸਾਨੂੰ ਸਾਫ ਸੁਥਰੇ ਬਾਣੇ ਵਿਚ ਸੋਹਣੇ ਬਣ ਕੇ ਜਾਣਾ ਚਾਹੀਦਾ ਹੈ।

ਇਸ ਘਟਨਾਂ ਪਿਛੋਂ ਪ੍ਰੋਫੈਸਰ ਸਾਹਿਬ ਨੇਮ ਅਨੁਸਾਰ ਰਾਤ ਦੇ ਬਾਰਾਂ ਵਜੇ ਉਠ ਕੇ ਇਸ਼ਨਾਨ ਕਰਨ ਪਿਛੋਂ ਦੁਮਾਲਾ ਸਜਾ ਕੇ ਅੱਛੇ ਬਸਤਰ ਪਹਿਨ ਕੇ ਗੁਰੂ ਜੀ ਦੀ ਹਾਜਰੀ ਭਰਦੇ ਤੇ ਸਵੇਰ ਦੇ ਚਾਰ ਵਜੇ ਤੱਕ ਗੁਰੂ ਚਰਨਾਂ ਵਿਚ ਸਮਾਧੀ ਲਗਾ ਕੇ ਸਿਮਰਨ ਵਿਚ ਲੀਨ ਰਹਿੰਦੇ। ਸਮਾਧੀ ਅਵੱਸਥਾ ਵਿਚ ਉਨ੍ਹਾਂ ਨੂੰ ਅਨਹਦ ਧੁਨੀਆਂ ਰਾਹੀਂ ਗੁਰਬਾਣੀ ਦੇ ਸ਼ਬਦ ਸੁਣਾਈ ਦਿਆ ਕਰਦੇ ਸੀ ਤੇ ਪ੍ਰਕਾਸ਼ ਦਰਸ਼ਨਾਂ ਦੇ ਅਨੁਭਵ ਵੀ ਹੁੰਦੇ ਸੀ। ਗੁਰੂ ਜੀ ਦੀ ਬਖਸ਼ਿਸ਼ ਨਾਲ ਜਿਸ ਦਿਨ ਅਨਹਦ ਧੁਨੀਆਂ ਤੇ ਪ੍ਰਕਾਸ਼ ਦਰਸ਼ਨਾਂ ਦੀ ਮੇਹਰ ਹੁੰਦੀ ਸੀ,ਉਹ ਦਿਨ ਖੇੜੇ ਵਿਚ ਬੀਤਦਾ ਸੀ ਤੇ ਜਿਹੜਾ ਦਿਨ ਬਖਸ਼ਿਸ਼ ਤੋਂ ਬਿਨਾ ਲੰਘਦਾ ਸੀ ਉਹ ਦਿਨ ਬਿਤਾਉਣਾ ਔਖਾ ਹੋ ਜਾਂਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਪੂਰਨ ਸਮਰਪਣ ਕਰਕੇ ਉਨ੍ਹਾਂ ਨੇ ਪਰਮ ਵੈਰਾਗ ਦੀ ਅਵੱਸਥਾ ਹੰਢਾਈ। ਗੁਰੂ ਜੀ ਦੇ ਚਰਨਾ ਵਿਚ ਬੈਠ ਕੇ ਪ੍ਰਭੂ ਮਿਲਾਪ ਲਈ ਜੋਦੜੀਆਂ ਕੀਤੀਆਂ। ਰੂਹਾਨੀ ਰਾਹਾਂ ਦੇ ਅਨੁਭਵ ਸਾਂਝੇ ਕਰਨ ਲਈ ਆਪਣੇ ਦੋਸਤ ਕੋਲ ਚਲੇ ਜਾਂਦੇ ਤੇ ਰਿੱਧੀਆਂ ਸਿੱਧੀਆਂ ਦੀ ਤਿਲਕਣਬਾਜੀ ਵਿਚ ਸੰਭਲ ਕੇ ਰਹਿਣ ਲਈ ਵਿਚਾਰ ਵਟਾਂਦਰਾ ਕਰਦੇ। ਨਾਮ ਬਾਣੀ ਦੇ ਅਭਿਆਸ ਤੇ ਅੰਮ੍ਰਿਤ ਵੇਲੇ ਦੀਆਂ ਸਮਾਧੀਆਂ ਨੂੰ ਫਲ ਲੱਗਾ। ਵਾਹਿਗੁਰੂ ਜੀ ਦੀ ਅੰਮ੍ਰਿਤ ਦ੍ਰਿਸ਼ਟੀ ਹੋਈ,ਮੇਹਰ ਕਰਕੇ ਗੁਰੂ ਆਪ ਸਹਾਈ ਹੋਇਆ ਤੇ ਜੋਤ ਪ੍ਰਗਟ ਹੋਈ।

ਪ੍ਰਗਟੀ ਜੋਤ ਮਿਲੇ ਰਾਮ ਪਿਅਰੇ॥

ਮਨੁਖਾ ਦੇਹੀ ਨੂੰ ਭਾਗ ਲੱਗੇ। ਰੋਮ ਰੋਮ ਵਿਚੋਂ ਨਾਮ ਰਸ ਦੇ ਫੁਹਾਰੇ ਚੱਲਣ ਲੱਗੇ। ਫੁਰਨੇ ਸੱਚੇ ਹੋਣ ਦੇ ਅਨੁਭਵ ਵੀ ਹੋਣ ਲੱਗ ਪਏ। ਅੰਤਰਯਾਮਤਾ ਅਤੇ ਭਵਿੱਖ ਬਾਣੀ ਦੇ ਸੱਚ ਹੋਣ ਦੇ ਅਨੁਭਵ ਵੀ ਹੋਏ। ਜਦੋਂ ਉਨ੍ਹਾਂ ਨੂੰ ਦੂਰ ਨੇੜੇ ਹੁੰਦੀਆਂ ਘਟਨਾਵਾਂ ਦੇ ਦ੍ਰਿੱਸ਼ਿ ਚਿੱਤ੍ਰਾਂ ਦੀਆਂ

ਝਲਕੀਆਂ ਵੀ ਦੀਖਾਈ ਦੇਣ ਲੱਗ ਪਈਆਂ ਤਾਂ ਉਨ੍ਹਾਂ ਨੇ ਗੁਰੂ ਮਹਾਰਾਜ ਦੇ ਚਰਨਾ ਵਿਚ ਅਰਦਾਸ ਕੀਤੀ ਕਿ ਦਾਤਾਰ ਪਿਤਾ ਉਨ੍ਹਾਂ ਨੂੰ ਰਿੱਧੀਆਂ ਸਿੱਧੀਆਂ ਦੇ ਚੱਕਰ ਵਿਚ ਗੁੰਮ ਹੋਣ ਤੋਂ ਬਚਾਵੇ। ਕਿਉਂਕਿ ਜੇ ਰਾਸਤੇ ਵਿਚ ਹੀ ਦਿਲ ਲਗਾ ਕੇ ਬੈਠ ਗਏ ਤਾਂ ਮੰਜਿਲ ਤੇ ਕਿਵੇਂ ਪਹੁੰਚਾਂਗੇ..?

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥
ਪ੍ਰੇਮ ਕੇ ਸਰ ਲਾਗੇ ਤਨ ਭੀਤਰ ਤਾ ਭ੍ਰਮੁ ਕਾਟਿਆ ਜਾਈ॥

ਅੰਗ ੬੦੭

ਉਹ ਤਾਂ ਬਸ ਰੋਮ ਰੋਮ ਵਿਚੋਂ ਨਾਮ ਰਸ ਦਾ ਅਨੰਦ ਮਾਨਣ ਦੀਆਂ ਘੜੀਆਂ ਦਾ ਹੀ ਸ਼ੁਕਰ ਮਨਾਉਂਦੇ ਸੀ। ਆਪਣੇ ਆਪ ਨੂੰ ਲੁਕਾਉਂਦੇ ਸੀ ਪਰ ਕਈ ਸੁਭਾਗੇ ਜੀਉੜਿਆਂ ਨੂੰ ਉਨ੍ਹਾਂ ਉਤੇ ਹੋ ਰਹੀ ਰੱਬੀ ਮੇਹਰ ਦਾ ਪਤਾ ਲੱਗ ਜਾਂਦਾ ਸੀ। ਉਹ ਕਦੀ ਕਿਸੇ ਨੂੰ ਆਪਣੇ ਪੈਰਾਂ ਵਲ ਝੁਕਣ ਦੀ ਆਗਿਆ ਨਹੀਂ ਸੀ ਦਿੰਦੇ ਪਰ ਜੇ ਕੋਈ ਆਪਣੇ ਹੱਥਾਂ ਨਾਲ ਪੈਰ ਛੂਹਣ ਦੀ ਥਾਂ ਨਜਰਾਂ ਨਾਲ ਹੀ ਉਨ੍ਹਾਂ ਦੇ ਪੈਰਾਂ ਉਤੇ ਸਿਰ ਝੁਕਾ ਜਾਂਦਾ ਤਾਂ ਉਹ ਸ਼ਰਧਾਲੂਆਂ ਦੇ ਦਿਲਾਂ ਦੀ ਬੁਝ ਲੈਂਦੇ ਤੇ ਸਿੱਧੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾ ਕੇ ਜੋਦੜੀਆਂ ਕਰਨ ਲੱਗ ਪੈਂਦੇ।

ਇਕ ਦਿਨ ਪ੍ਰੋਫੈਸਰ ਸਾਹਿਬ ਦੀ ਪਤਨੀ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਲੋਕਾਂ ਦੀਆਂ ਨਜਰਾਂ ਵਿਚ ਆਪਣੇ ਰੂਹਾਨੀ ਰੰਗਾਂ ਵਾਲੇ ਜੀਵਨ ਨੂੰ ਛੁਪਾ ਕੇ ਰੱਖਣ ਦਾ ਯਤਨ ਕਰਦੇ ਹਨ ਪਰ ਕਈ ਵਾਰੀ ਅਜਿਹੀਆਂ ਪ੍ਰਗਟ ਪ੍ਰਤਾਪ ਵਾਲੀਆਂ ਗੱਲਾਂ ਵਾਪਰ ਜਾਂਦੀਆਂ ਹਨ ਤੇ ਲੋਕਾਂ ਵਿਚ ਪਤਾ ਲੱਗ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵੈਰਾਗ ਮਈ ਅਵੱਸਥਾ ਪਿੱਛੋ ਜਦੋਂ ਜੋਤ ਪ੍ਰਗਟ ਹੋਈ ਤਾਂ ਪ੍ਰੋਫੈਸਰ ਸਾਹਿਬ ਕੋਲੋਂ ਕੁਝ ਬੋਲ ਨਹੀਂ ਸੀ ਹੁੰਦਾ। ਮਸਤੀ ਵਿਚ ਗੁੱਟ ਰਹਿੰਦੇ ਸੀ ਅੱਖੀਆਂ ਵਿਚ ਮਸਤੀ ਛਾਈ ਰਹਿੰਦੀ ਸੀ ਤੇ ਉਨ੍ਹਾਂ ਕੋਲੋਂ ਬਹੁਤ ਹੀ ਮਿੱਠੀਆਂ ਮਿੱਠੀਆਂ ਸੁਗੰਧੀਆਂ ਆਉਂਦੀਆਂ ਸੀ। ਉਨ੍ਹਾਂ ਦੇ ਜਿਸਮ ਉਤੇ ਹੱਥ ਫੇਰੋ ਤਾਂ ਉਨ੍ਹਾਂ ਦੀ ਚਮੜੀ ਰੇਸ਼ਮ ਵਾਂਗੂੰ ਮੁਲਾਇਮ ਮਹਿਸੂਸ ਹੁੰਦੀ ਸੀ। ਇਕ ਦਿਨ ਸਾਡਾ ਜਵਾਈ ਸਾਨੂੰ ਮਿਲਣ ਆ ਗਿਆ। ਮੈਨੂੰ ਪਤਾ ਸੀ ਕਿ ਮੇਰੇ ਪਤੀ ਉਸ ਨਾਲ ਗੱਲ ਬਾਤ ਨਹੀਂ ਕਰ ਸਕਣਗੇ। ਇਸ ਲਈ ਮੈ ਇਨ੍ਹਾਂ ਦਾ ਧਿਆਨ ਉਖਾੜਨਾ ਠੀਕ ਨਾ ਸਮਝਿਆ। ਇਹ ਅੰਦਰ ਸਮਾਧੀ ਲਗਾਈ ਬੈਠੇ ਰਹੇ ਤੇ ਮੈ ਜਵਾਈ ਦਾ ਆਦਰ ਸਤਿਕਾਰ ਕਰਕੇ,ਗੱਲਾਂ ਬਾਤਾਂ ਨਾਲ ਹੀ ਉਸ ਨੂੰ ਘਰੋਂ ਤੋਰ ਦਿੱਤਾ। ਉਸਨੂੰ ਕੁਝ ਪਤਾ ਨਹੀਂ ਲੱਗਣ ਦਿੱਤਾ ਕਿ ਇਹ ਘਰ ਵਿਚ ਹੀ ਮੌਜੂਦ ਹਨ। "

ਕਹਿੰਦੇ ਹਨ ਕਿ ਜਪ ਤਪ ਪਿਛੋਂ ਜਦੋਂ ਬੰਦੇ ਦੇ ਅੰਦਰ ਨਾਮ ਦੇ ਦੀਵੇ ਦੀ ਲੋਅ ਹੋਣ ਲਗਦੀ ਹੈ ਤਾਂ ਬੰਦੇ ਨੂੰ, ਆਪ ਨੂੰ ਉਸ ਦੀਵੇ ਦੀ ਲੋਅ ਦਿਖਾਈ ਨਹੀਂ ਦਿੰਦੀ। ਉਸਦੇ

ਆਲੇ ਦੁਆਲੇ ਵਸਦੇ ਲੋਕਾਂ ਵਿਚ ਵੀ ਇਸ ਦੀ ਕੋਈ ਖਬਰ ਨਹੀਂ ਹੁੰਦੀ ਪਰ ਦੇਵੀ ਦੇਵਤਿਆਂ ਦੀਆਂ ਪੁਰੀਆਂ ਵਿਚ ਉਸ ਦੀਵੇ ਦੀ ਲੋਅ ਪਹੁੰਚ ਜਾਂਦੀ ਹੈ ਤੇ ਉਹ ਆਪਣੀ ਕਾਰਵਾਈ ਕਰਨੀ ਸ਼ੁਰੂ ਕਰ ਦਿੰਦੇ ਹਨ।ਜਿਵੇਂ ਅਸੀਂ ਬੱਚਿਆਂ ਨੂੰ ਖਿਲੌਣੇ ਦੇ ਕੇ ਪਰਚਾਉਂਦੇ ਹਾਂ ਇਸੇ ਤਰ੍ਹਾਂ ਹੀ ਦੀਵੇ ਦੀ ਲੋਅ ਹੁੰਦਿਆਂ ਸਾਰ ਹੀ ਦੇਵੀ ਦੇਵਤੇ ਰਿੱਧੀਆਂ ਸਿੱਧੀਆਂ ਦੇ ਖਿਲੌਣੇ ਲੈ ਕੇ ਓਸ ਪ੍ਰਾਣੀ ਕੋਲ ਆ ਪਹੁੰਚਦੇ ਹਨ।ਭਗਤ ਜਨ ਪ੍ਰਭੂ ਪ੍ਰੀਤਮ ਦੇ ਦੇਸ਼ ਪਹੁੰਚ ਕੇ ਪ੍ਰਮ-ਅੰਮ੍ਰਿਤ ਦੀ ਪ੍ਰਾਪਤੀ ਕਰਨ ਦੀ ਥਾਂ ਰਿੱਧੀਆਂ ਸਿੱਧੀਆਂ ਦੇ ਖਿਲੌਣਿਆ ਨਾਲ ਖੇਲਣ ਲੱਗ ਪੈਂਦਾ ਹੈ।ਰਿੱਧੀਆਂ ਸਿੱਧੀਆਂ ਦੀ ਤਿਲਕਣਬਾਜੀ ਵਿਚੋਂ ਕੋਈ ਵਿਰਲਾ ਹੀ ਬਚਦਾ ਹੈ।

ਜੋਤ ਪ੍ਰਗਟ ਹੋਣ ਵੇਲੇ ਸਾਨੂੰ ਕਿਸੇ ਖਾਸ ਤਰ੍ਹਾਂ ਦੇ ਮਹੌਲ ਦੀ ਜਰੂਰਤ ਪੈਂਦੀ ਹੈ।ਜਿਵੇਂ ਬੱਚੇ ਨੂੰ ਜਨਮ ਦੇਣ ਲਈ ਮਾਂ ਸੜਕ ਉਤੇ ਤੁਰੀ ਜਾਂਦੀ ਬੱਚੇ ਨੂੰ ਜਨਮ ਨਹੀਂ ਦੇ ਸਕਦੀ।ਬੱਚੇ ਦੀ ਖਾਤਰ ਉਸਨੂੰ ਬਹੁਤ ਕੁਝ ਕਰਨ ਦੀ ਜਰੂਰਤ ਪੈਂਦੀ ਹੈ।ਨੌਂ ਮਹੀਨੇ ਉਹ ਬੱਚੇ ਦੀ ਸਰੀਰਕ,ਮਾਨਸਿਕ ਤੇ ਆਤਮਿਕ ਅਵੱਸਥਾ ਨੂੰ ਬਣਾਉਣ ਲਈ ਆਪਣੀ ਖੁਰਾਕ,ਖੁਸ਼ੀ,ਖੇੜਾ ਤੇ ਪਾਠ ਪੂਜਾ ਦਾ ਖਿਆਲ ਰੱਖਦੀ ਹੈ ਤੇ ਫਿਰ ਜਨਮ ਦੇਣ ਲਈ ਉਸਨੂੰ ਹਸਪਤਾਲ ਦੀ,ਡਾਕਟਰਾਂ ਦੀ,ਨਰਸਾਂ ਦੀ ਤੇ ਹੋਰ ਕਈ ਪ੍ਰਕਾਰ ਦੇ ਸੁੱਖ ਅਰਾਮ ਦੀ ਜਰੂਰਤ ਪੈਂਦੀ ਹੈ।ਬੱਚੇ ਦੇ ਪੈਦਾ ਹੋਣ ਪਿੱਛੋਂ ਵੀ ਕੁਝ ਦਿਨ ਉਸਨੂੰ ਦੂਜਿਆਂ ਤੋਂ ਮਦਦ ਲੈਣੀ ਪੈਂਦੀ ਹੈ।ਜੇਕਰ ਉਹ ਆਪਣਾ ਖਿਆਲ ਨਹੀਂ ਰੱਖਦੀ ਤੇ ਉਸਨੂੰ ਦੂਜਿਆਂ ਕੋਲੋਂ ਮਦਦ ਨਹੀਂ ਮਿਲਦੀ ਤਾਂ ਜਨਮ ਤੋਂ ਪਹਿਲਾਂ ਹੀ ਉਸਦਾ ਗਰਭਪਾਤ ਹੋ ਸਕਦਾ ਹੈ।

ਇਸੇ ਤਰ੍ਹਾਂ ਹੀ ਭਗਤਾਂ ਨੂੰ ਵੀ ਪਿਛਲੇ ਜਨਮਾਂ ਦੀ ਕਮਾਈ ਦੇ ਨਾਲ ਨਾਲ ਸਾਲਾਂ ਬੱਧੀ ਜਪ ਤਪ ਦੀਆਂ ਵੱਖਰੀਆਂ ਵੱਖਰੀਆਂ ਅਵੱਸਥਾਵਾਂ ਵਿਚੋਂ ਦੀ ਲੰਘਣਾਂ ਪੈਂਦਾ ਹੈ ਤੇ ਅਖੀਰ ਉਹ ਘੜੀ ਆਉਂਦੀ ਹੈ ਜਦੋਂ ਉਸਨੂੰ ਸੰਭਾਲਣ ਲਈ ਹਸਪਤਾਲ ਰੂਪੀ ਸਾਫ ਸੁਥਰਾ ਨਿਵੇਕਲਾ ਸਥਾਨ,ਡਾਕਟਰ ਰੂਪੀ ਪੂਰਨ ਸੰਤ ਜਾਂ ਕੋਈ ਸਕਾ ਸਬੰਧੀ ਜਿਹੜਾ ਉਸ ਦਾ ਪੂਰਾ ਖਿਆਲ ਰੱਖ ਸਕੇ ਤੇ ਉਸਦੀ ਅਵੱਸਥਾ ਨੂੰ ਸਮਝਦਾ ਹੋਇਆ ਉਸ ਨੂੰ ਬਾਹਰਲੀ ਦੁਨੀਆਂ ਦੇ ਚੰਗੇ ਮਾੜੇ ਅਸਰਾਂ ਤੋਂ ਬਚਾ ਸਕੇ ਤੇ ਉਸਦੀ ਸੇਵਾ ਸੰਭਾਲ ਕਰ ਸਕਣ ਦੇ ਸਮਰੱਥ ਹੋਵੇ।

ਜੋਤ ਪ੍ਰਗਟ ਹੋਣ ਪਿਛੋਂ ਪ੍ਰੋਫੈਸਰ ਸਾਹਿਬ ਦਾ ਪ੍ਰਮ-ਅਨੰਦ ਦੀ ਅਵੱਸਥਾ ਵਿਚੋਂ ਨਿੱਕਲ ਕੇ ਦੁਨਿਆਵੀ ਰੰਗਾਂ ਵਾਲੀ ਦੁਨੀਆਂ ਵਿਚ ਆਉਣ ਨੂੰ ਦਿਲ ਨਹੀਂ ਸੀ ਕਰਦਾ ਪਰ ਘਰ ਗ੍ਰਿਸਤੀ ਦੀਆਂ ਜਿੰਮੇਵਾਰੀਆਂ ਦੀ ਖਿੱਚ ਕਾਰਨ ਉਹ ਹੌਲੀ ਹੌਲੀ ਸਾਧਾਰਨ ਜੀਵਨ ਜੀਊਣ ਦੀ ਕੋਸ਼ਿਸ਼ ਕਰਦੇ ਹੋਏ ਆਪਣੇ ਕੰਮ ਕਾਜ ਨੂੰ ਸੰਭਾਲਣ ਲੱਗ ਪਏ।ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਲਜ ਜਾਣਾ ਵੀ ਸ਼ੁਰੂ ਕਰ ਦਿੱਤਾ ਪਰ ਹੁਣ ਉਨ੍ਹਾਂ ਦੇ ਜੀਵਨ ਵਿਚ

ਇਲਾਹੀ ਰੰਗ ਭਰ ਗਏ ਸੀ।ਘਰ ਵਿਚ ਬਹੁਤਾ ਸਮਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਹੀ ਰਹਿੰਦੇ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਜਾਰੀ ਰੱਖਦੇ ਸੀ।ਪਾਠ ਦੀ ਸਮਾਪਤੀ ਉਪਰੰਤ ਦੁਬਾਰਾ ਪਾਠ ਸ਼ੁਰੂ ਕਰ ਲੈਂਦੇ ਸਨ।ਬਾਣੀ ਪੜ੍ਹਦਿਆਂ ਇਸ ਤਰ੍ਹਾਂ ਮਹਿਸੂਸ ਕਰਦੇ ਸੀ ਜਿਵੇਂ ਉਹ ਬਾਣੀ ਦੇ ਰਚਣ ਵਾਲੇ ਗੁਰੂਆਂ ਤੇ ਭਗਤਾਂ ਦੇ ਮੂੰਹੋਂ ਬਾਣੀ ਸੁਣਦੇ ਹੋਣ।ਉਹ ਕਹਿੰਦੇ ਸਨ ਕਿ ਗੁਰੂ ਜੀ ਦੀ ਸੰਗਤ ਮਹਿਸੂਸ ਕਰਦਿਆਂ ਬਾਣੀ ਪੜ੍ਹੀ ਜਾਵੇ ਤਾਂ ਬਾਣੀ ਦੇ ਭਾਵ ਆਪੇ ਹੀ ਹਿਰਦੇ ਵਿਚ ਆ ਪ੍ਰਗਟ ਹੁੰਦੇ ਹਨ।

ਕਈ ਵਾਰੀ ਇਸ ਤਰ੍ਹਾਂ ਹੁੰਦਾ ਰਿਹਾ ਕਿ ਉਨ੍ਹਾਂ ਕੋਲੋਂ ਬਾਣੀ ਸੁਣਨ ਲਈ ਸ਼ਹੀਦ ਸਿੰਘ ਆ ਕੇ ਗੁਰੂ ਮਹਾਰਾਜ ਦੀ ਹਜੂਰੀ ਵਿਚ ਬੈਠ ਜਾਂਦੇ ਸੀ।ਉਹ ਉਨ੍ਹਾਂ ਦੇ ਵਾਕਿਫ ਨਹੀਂ ਸੀ ਹੁੰਦੇ।ਉਨ੍ਹਾਂ ਨਾਲ ਕੋਈ ਜਾਣ ਪਛਾਣ ਨਹੀਂ ਸੀ ਹੁੰਦੀ ਪਰ ਇਕ ਵਾਰੀ ਇਸ ਤਰ੍ਹਾਂ ਵੀ ਹੋਇਆ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠੇ ਬਾਣੀ ਪੜ੍ਹ ਰਹੇ ਸੀ।ਉਨ੍ਹਾਂ ਦੇਖਿਆ ਕਿ ਇਕ ਲੜਕਾ ਜਿਹੜਾ ਕਦੀ ਉਨ੍ਹਾਂ ਦਾ ਵਿਦਿਆਰਥੀ ਰਹਿ ਚੁੱਕਾ ਸੀ,ਸਾਹਮਣੇ ਬੈਠਾ ਪਾਠ ਸੁਣ ਰਿਹਾ ਸੀ।ਕੁਝ ਦਿਨਾਂ ਪਿੱਛੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਲੜਕਾ ਸ਼ਹੀਦ ਹੋ ਚੁੱਕਾ ਹੈ।ਸ਼ਹੀਦ ਹੋਣ ਪਿਛੋਂ, ਉਹ ਗੁਰੂ ਮਹਾਰਾਜ ਦੀ ਹਜੂਰੀ ਵਿਚ ਬੈਠਾ ਪਾਠ ਸੁਣ ਰਿਹਾ ਸੀ।

ਉਹ ਰੋਮ ਰੋਮ ਵਿਚੋਂ ਨਾਮ ਰਸ ਦੇ ਅਨੰਦ ਮਾਨਣ ਦੀਆਂ ਘੜੀਆਂ ਦੇ ਪੂਰੇ ਲਾਹੇ ਲੈਂਦੇ ਸੀ।ਗੁਰ ਆਸ਼ੇ ਅਨੁਸਾਰ ਹੁਕਮੀ ਬੰਦਾ ਬਣ ਕੇ ਗੁਰਸਿੱਖੀ ਜੀਵਨ ਦੇ ਲਾਹੇ ਪ੍ਰਾਪਤ ਕਰਨ ਦੀ ਕੋਸ਼ਸ਼ ਵਿਚ ਜੀਵਨ ਜੀਊਣਾ ਉਨ੍ਹਾਂ ਦਾ ਮੁੱਖ ਉਦੇਸ਼ ਸੀ।

ਉਹ ਅੰਧ ਵਿਸ਼ਵਾਸ ਵਾਲੇ ਧਾਰਮਿਕ ਜੀਵਨ ਦੀਆਂ ਰਸਮਾਂ ਰਿਵਾਜਾਂ ਦੀ ਪੂਰਤੀ ਕਰਨ ਵਿਚ ਸਮਾ ਖਰਚ ਕਰਨ ਦੀ ਜਰੂਰਤ ਮਹਿਸੂਸ ਨਹੀਂ ਸੀ ਕਰਦੇ।ਸਾਇੰਸ ਦੇ ਪ੍ਰੋਫੈਸਰ ਹੋਣ ਕਰਕੇ ਅਧਿਆਤਮਿਕ ਸਾਇੰਸ ਨੂੰ ਚੰਗੀ ਤਰ੍ਹਾਂ ਸਮਝਦੇ ਸਨ।ਗੁਰਬਾਣੀ ਦੀਆਂ ਗੋਹਜ ਭਰੀਆਂ ਗੱਲਾਂ ਨੂੰ ਸਮਝਦੇ ਸਨ ਤੇ ਦਸਮ ਦੁਆਰੇ ਦੀਆਂ ਭੇਦ ਭਰੀਆਂ ਰਮਜਾਂ ਦਾ ਵਰਨਣ ਕਰਨ ਲੱਗਿਆਂ ਉਹ ਜਗਿਆਸੂਆਂ ਦੀ ਆਤਮਿਕ ਅਵੱਸਥਾ ਪਛਾਣ ਕੇ ਸਾਰੀ ਗੱਲ ਸਮਝਾ ਦਿਆ ਕਰਦੇ ਸਨ।ਦਸਮ ਦੁਆਰ ਦੇ ਰੰਗਾਂ ਰਸਾਂ ਦੇ ਅਨੁਭਵੀ ਹੋਣ ਕਰਕੇ ਉਹ ਦੂਜਿਆਂ ਨੂੰ ਸਮਝਾਉਣ ਲਈ ਉਹ ਢੁਕਦੀਆਂ ਉਦਾਹਰਣਾ ਦੇ ਕੇ ਸਮਝਾ ਦਿੰਦੇ ਸਨ।

ਜਿਵੇਂ ਗਰਮੀ ਦੀ ਰੁੱਤ ਵਿਚ ਬਾਹਰ ਮੀਂਹ ਪੈਂਦਾ ਹੋਵੇ ਤਾਂ ਅਸੀਂ ਕਮਰੇ ਅੰਦਰ ਬੈਠੇ ਪਾਣੀ ਨਾਲ ਭਿੱਜਦੇ ਨਹੀਂ ਪਰ ਖਿੜਕੀ ਅੱਗੇ ਬੈਠੇ ਠੰਡੀ ਹਵਾ ਦਾ ਨਜਾਰਾ ਲੈ ਲੈਂਦੇ ਹਾਂ।ਇਸੇ

ਤਰ੍ਹਾਂ ਹੀ ਸਾਧੂਆਂ ਸੰਤ ਦੇ ਸਿਰਾਂ ਉਪਰ ਪੈਣ ਵਾਲੀਆਂ ਅੰਮ੍ਰਿਤ ਧਾਰਾ ਦੀਆਂ ਕਣੀਆਂ ਦੀ ਬਰਸਾਤ ਨਾਲ ਸਾਧੂ ਸੰਤ ਭਿੱਜਦੇ ਰਹਿੰਦੇ ਹਨ,ਰਸਦੇ ਰਹਿੰਦੇ ਹਨ ਤੇ ਉਨ੍ਹਾਂ ਦੇ ਕੋਲ ਬੈਠੇ ਪ੍ਰਾਣੀਆਂ ਉਤੇ ਵੀ ਉਸ ਅੰਮ੍ਰਿਤ-ਧਾਰਾ ਦੇ ਰੰਗ ਰਸ ਦੀ ਬਾਰਸ਼ ਦੀਆਂ ਕਣੀਆਂ ਦੀ ਠੰਡਕ ਪਹੁੰਚ ਜਾਂਦੀ ਹੈ।ਪ੍ਰੋਫੇਸਰ ਸਾਹਿਬ ਦੇ ਕੋਲ ਬੈਠਿਆਂ ਤੇ ਉਨ੍ਹਾਂ ਨਾਲ ਦੁੱਖ ਸੁੱਖ ਸਾਂਝਾ ਕੀਤਿਆਂ ਵੀ ਅਜਿਹਾ ਹੀ ਮਹਿਸੂਸ ਹੁੰਦਾ ਸੀ।ਦੁਖਾਂ ਦੀਆਂ ਘੜੀਆਂ ਵਿਚ ਰਾਹਤ ਦੀਆਂ ਕਣੀਆਂ ਵਰ੍ਹ ਪੈਂਦੀਆਂ ਸੀ।ਡਰ ਫਿਕਰ ਸਾਰੇ ਦੂਰ ਭੱਜ ਜਾਂਦੇ ਸੀ।ਸਰਵ-ਕਲਾ-ਸਮਰੱਥ ਵਾਹਿਗੁਰੂ ਆਪਣੇ ਕੋਲ ਕੋਲ ਦਿਸਣ ਲੱਗ ਪੈਂਦਾ ਸੀ।

ਉਹ ਆਪਣੀ ਰੂਹਾਨੀ ਖੁਸ਼ਬੂ ਨੂੰ ਲੁਕਾਈ ਰੱਖਦੇ ਸੀ ਪਰ ਆਤਮ ਰਸ ਲਈ ਸਹਿਕਣ ਵਾਲੇ ਉਨ੍ਹਾਂ ਨੂੰ ਪਛਾਣ ਹੀ ਲੈਂਦੇ ਸਨ ਤੇ ਉਨ੍ਹਾਂ ਵਲ ਦੌੜੇ ਆਉਂਦੇ ਸਨ।ਅਜਿਹੇ ਪ੍ਰਭੂ ਪ੍ਰੀਤਮ ਲਈ ਬਿਲਲਾਉਣ ਵਾਲਿਆਂ ਨੂੰ ਰਾਹ ਦਿਖਾਉਣਾ ਉਹ ਆਪਣਾ ਪਰਮ ਧਰਮ ਸਮਝਦੇ ਸੀ।ਰੂਹਾਨੀ ਮੰਜਿਲਾਂ ਤਹਿ ਕਰਨ ਲਈ ਸੌਖੇ ਪੱਧਰੇ ਰਾਹਾਂ ਉਤੇ ਤੁਰਨ ਲਈ ਰਾਹ ਦੱਸਣਾ,ਗੁਰੂ ਪੰਥ ਦੀ ਸੱਚੀ ਸੇਵਾ ਸਮਝਦੇ ਸਨ।ਤਲਵਾਰ ਦੀ ਧਾਰ ਤੋਂ ਵੀ ਤਿੱਖੇ ਤੇ ਵਾਲ ਤੋਂ ਵੀ ਬਰੀਕ ਰਾਹਾਂ ਉਤੇ ਤੁਰੇ ਜਾਣ ਵਾਲੇ ਪਾਂਧੀਆਂ ਨੂੰ ਡੋਲਣ ਤੋਂ ਬਚਾਉਣ ਲਈ ਉਹ ਉਨ੍ਹਾਂ ਨੂੰ ਅਗਾਂਹ ਤੁਰਨ ਲਈ ਹੱਲਾ ਸ਼ੇਰੀ ਦਿੰਦੇ ਸਨ।ਪੰਥ ਦੀ ਸੇਵਾ ਵਿਚ ਤੱਤਪਰ ਰਹਿਣਾ ਉਨ੍ਹਾਂ ਦਾ ਸੱਚਾ ਕਰਮ ਸੀ।ਸੱਚ ਦੇ ਰਾਹਾਂ ਉਤੇ ਤੁਰੇ ਜਾਣ ਵਾਲਿਆਂ ਲਈ ਉਹ ਸਦਾ ਸਹਾਈ ਹੁੰਦੇ ਸਨ।ਤਨ ਮਨ ਧੰਨ ਨਾਲ ਸੇਵਾ ਕਰਦੇ ਸਨ।ਆਪਾ ਵਾਰਦੇ ਸਨ।

ਇਕ ਦਿਨ ਸ਼ਾਮ ਦਾ ਵੇਲਾ ਸੀ।ਗਰਮੀਆਂ ਦੇ ਦਿਨ ਸਨ।ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਦੇ ਸਾਹਮਣੇ ਮੰਜਾ ਡਾਹ ਕੇ ਬੈਠੇ ਹੋਏ ਸਨ।ਫਰਸ਼ ਧੋ ਕੇ ਪੱਖਾ ਚਲਾਇਆ ਹੋਇਆ ਸੀ ਕਿ ਇਕ ਸ਼ਰਧਾਲੂ ਉਨ੍ਹਾਂ ਨੂੰ ਮਿਲਣ ਲਈ ਆ ਗਿਆ,ਜਿਹੜਾ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਨਾਮ ਬਾਣੀ ਦੀ ਕਮਾਈ ਕਰ ਰਿਹਾ ਸੀ।ਉਸਦੇ ਮਨ ਵਿਚ ਕਈ ਸਵਾਲ ਸੀ ਪਰ ਅਗੇ ਚੁੱਪ ਦਾ ਵਰਤਾਰਾ ਸੀ।ਅਜ ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਚੁੱਪ ਬੋਲੀ ਵਿਚ ਹੀ ਉਹ ਕੁਝ ਸਮਝਾ ਰਹੇ ਹੋਣ..।ਸ਼ਰਧਾਲੂ ਨੇ ਵੀ ਚੁੱਪ ਰਹਿਣ ਵਿਚ ਹੀ ਭਲਾ ਮਨਾਇਆ।ਜਾਣ ਤੋਂ ਪਹਿਲੇ ਉਸਨੇ ਕੋਈ ਬਚਨ ਸੁਨਾਉਣ ਲਈ ਬੇਨਤੀ ਕੀਤੀ ਤਾਂ ਪ੍ਰੋਫੈਸਰ ਸਾਹਿਬ ਚੁੱਪ ਤੋੜੀ।ਪਹਿਲੇ ਤਾਂ ਹਮੇਸ਼ਾਂ ਉਹ ਦੂਜਿਆਂ ਦੇ ਅਨੁਭਵ ਸੁਣਦੇ ਹੁੰਦੇ ਸੀ ਪਰ ਅੱਜ ਆਪਣਾ ਅਨੁਭਵ ਸੁਣਾਉਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਦੇ ਦਰਵਾਜੇ ਦੀ ਦਹਿਲੀਜ ਵਲ ਇਸ਼ਾਰਾ ਕਰਦੇ ਹੋਏ ਕਹਿਣ ਲੱਗੇ;-ਅੱਜ ਸਵੇਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਥੇ ਖੜ੍ਹਿਆਂ

ਨੇ ਦਰਸ਼ਨਾਂ ਦੀ ਬਖਸ਼ਿਸ਼ ਕੀਤੀ।" ਇਹ ਕਹਿ ਕੇ ਉਨ੍ਹਾਂ ਅੱਖੀਆਂ ਮੀਟ ਲਈਆਂ ਤੇ ਸ਼ਾਂਤ ਚਿੱਤ ਹੋ ਕੇ ਚੌਂਕੜੀ ਲਗਾ ਲਈ।

ਧਿਆਨ ਵਿਚ ਬੈਠਿਆਂ ਦੇਖ ਕੇ ਸ਼ਰਧਾਲੂ ਉਠ ਕੇ ਚਲੇ ਗਿਆ।ਉਹ ਆਪਣੇ ਘਰ ਪਹੁੰਚਾ ਤਾਂ ਅੱਗੋਂ ਉਸਦਾ ਇਕ ਦੋਸਤ ਆਇਆ ਬੈਠਾ ਸੀ ਜਿਹੜਾ ਕਿਸੇ ਦੂਜੇ ਸ਼ਹਿਰ ਤੋਂ ਆਇਆ ਸੀ ਤੇ ਪ੍ਰੋਫੈਸਰ ਸਾਹਿਬ ਨੂੰ ਮਿਲਣਾ ਚਾਹੁੰਦਾ ਸੀ।ਸ਼ਰਧਾਲੂ ਨੇ ਪ੍ਰੋਫੈਸਰ ਸਾਹਿਬ ਨੂੰ ਫੋਨ ਕੀਤਾ ਕਿ ਕੋਈ ਤੁਹਾਨੂੰ ਮਿਲਣਾ ਚਾਹੁੰਦਾ ਹੈ ਤਾਂ ਅਗੋਂ ਉਨ੍ਹਾਂ ਨੇ ਕਿਹਾ ;-"ਸਰੀਰਾਂ ਦਾ ਕੀ ਮਿਲਣਾ ਹੈ...?ਤੂੰ ਫੋਨ 'ਤੇ ਹੀ ਗੱਲ ਕਰਵਾ ਦੇ..!"

ਰਾਤ ਬੀਤੀ,ਸਵੇਰ ਹੋਈ,ਸ਼ਰਧਾਲੂ ਨਿੱਤਨੇਮ ਕਰਕੇ ਹਟਿਆ ਹੀ ਸੀ ਕਿ ਪ੍ਰੋਫੇਸਰ ਸਾਹਿਬ ਨੂੰ ਹਾਰਟ ਅਟੈਕ ਹੋਣ ਦੀ ਖਬਰ ਸਾਣਾਉਣ ਲਈ ਉਨ੍ਹਾਂ ਦੇ ਲੜਕੇ ਦਾ ਫੋਨ ਆ ਗਿਆ।ਉਸਨੇ ਕਿਹਾ:-"ਪਿਤਾ ਜੀ ਰਾਤ ਬਾਰਾਂ ਵਜੇ ਉਠ ਕੇ ਇਸ਼ਨਾਨ ਕਰਨ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਗਏ....ਥੋੜੀ ਦੇਰ ਪਿੱਛੋਂ ਉਹ ਫਿਰ ਆਪਣੇ ਕਮਰੇ ਵਿਚ ਚਲੇ ਗਏ।ਦੁਬਾਰਾ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਜਾ ਰਹੇ ਸੀ।ਕਮਰੇ ਦੇ ਦਰਵਾਜੇ ਵਿਚ ਪਾਹੁੰਚ ਕੇ ਦਹਿਲੀਜ ਉਤੇ ਸਿਰ ਰੱਖਿਆ ਹੀ ਸੀ ਕਿ ਦਿਲ ਦਾ ਦੌਰਾ ਪੈ ਗਿਆ।ਹਸਪਤਾਲ ਜਾਣ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਦਿੱਤੇ।

*****************

# ਪ੍ਰਕਾਸ਼ ਦੀ ਬੱਦਲੀ

ਕਣ ਕਣ ਵਿਚ ਰਮਿਆਂ ਹੋਇਆ ਰਾਮ ਪਿਆਰਾ ਹਰ ਥਾਂ ਸਮਰੱਥ ਹੈ।ਨਾਮ ਬਾਣੀ ਨਾਲ ਜੁੜ ਕੇ ਦਇਆ ਧਰਮ ਦੀ ਕਿਰਤ ਕਮਾਈ ਕਰਨ ਵਾਲਿਆਂ ਦੀ ਦਰਸ਼ਨ ਦੀਦਾਰਿਆਂ ਦੀ ਸਿੱਕ ਦੇਖ ਕੇ ਉਹ ਘਰਾਂ ਵਿਚ ਵੀ ਆ ਬਹੁੜਦਾ ਹੈ ,ਪ੍ਰਕਾਸ਼ ਦਰਸ਼ਨ ਦੀ ਬਖਸ਼ਿਸ਼ ਨਾਲ ਨਿਹਾਲ ਕਰ ਦਿੰਦਾ ਹੈ ਪਰ ਭਗਤਾਂ ਨੂੰ ਘਰਾਂ ਦੇ ਝੁਮੇਲਿਆਂ ਤੋਂ ਦੂਰ ਰਹਿ ਕੇ ਸਤਸੰਗਤ ਕਰਨ ਦੇ ਲਾਹੇ ਲੈਣ ਦੀ ਲਾਲਸਾ ਵੀ ਬਣੀ ਰਹਿੰਦੀ ਹੈ।ਤਪ ਸਥਾਨਾਂ ਦੀ ਖਿੱਚ ਪੁਕਾਰਦੀ ਰਹਿੰਦੀ ਹੈ ਤੇ ਜਦੋਂ ਵੀ ਅਵਸਰ ਪ੍ਰਾਪਤ ਹੋਵੇ ਉਹ ਗੁਰੂ ਧਾਮਾਂ ਦੀ ਯਾਤਰਾ ਦੇ ਲਾਹੇ ਲੈ ਲੈਂਦੇ ਹਨ।ਰੂਹਾਨੀ

ਰਾਹਾਂ ਦੀ ਖੋਜ ਵਿਚ ਲੱਗਿਆ ਹੋਇਆ ਇਕ ਜਗਿਆਸੂ, ਨਾਮ ਬਾਣੀ ਦੇ ਰੰਗ ਮਾਨਣ ਦੀ ਰੀਝ ਨਾਲ ਕੁਝ ਦਿਨਾਂ ਲਈ **ਅਕਾਲ ਅਕੈਡਮੀ ਬੜੂ ਸਾਹਿਬ** ਪਹੁੰਚਾ।

ਸਫਰ ਦੀ ਥਕਾਵਟ ਕਾਰਨ ਨੀਂਦ ਨੇ ਐਸਾ ਘੇਰਿਆ ਕਿ ਅੰਮ੍ਰਿਤ ਵੇਲੇ ਜਾਗ ਹੀ ਨਾ ਆਈ।ਘੂਕ ਸੁੱਤੇ ਪਏ ਨੂੰ ਉਸਦੇ ਸੱਜੇ ਮੋਢੇ ਉਤੇ ਕਿਸੇ ਨੇ ਸੋਟੀ ਨਾਲ ਦੋ ਵਾਰੀ ਠੱਕ ਠੱਕ ਕੀਤੀ।ਇਉਂ ਲੱਗਿਆ ਜਿਵੇਂ ਉਸਨੂੰ ਕਿਸੇ ਨੇ ਪਿਆਰ ਨਾਲ ਸੋਟੀ ਦੀ ਹਲਕੀ ਜਿਹੀ ਛੋਹ ਦੇ ਕੇ ਜਗਾਇਆ ਹੋਵੇ।ਉਹ ਉਠਿਆ,ਦੇਖਿਆ ਤਾਂ ਉਥੇ ਕੋਈ ਭੀ ਨਹੀਂ ਸੀ।ਕਮਰੇ ਦੇ ਦਰਵਾਜੇ ਦੀ ਅੰਦਰੋਂ ਕੁੰਡੀ ਲੱਗੀ ਹੋਈ ਸੀ।ਉਸਨੂੰ ਨਾਮ ਬਾਣੀ ਦੇ ਰੰਗ ਵਿਚ ਰੰਗੇ ਹੋਏ ਤਪ ਸਥਾਨ ਉਤੇ ਸ਼ਹੀਦਾਂ ਸਿੰਘਾਂ ਦੀ ਹੋਂਦ ਦਾ ਅਹਿਸਾਸ ਹੋਇਆ।ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਦਾ ਲਾਹਾ ਲੈਣ ਲਈ ਦਰਬਾਰ ਸਾਹਿਬ ਪਹੁੰਚਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਗ ਮਗ ਨੂਰ ਅੱਗੇ ਮੱਥਾ ਟੇਕਿਆ ਤੇ ਖਾਲਸਈ ਬਾਣੇ ਵਿਚ ਸੋਭਦੀਆਂ ਭੁਜੰਗ ਫੋਜਾਂ ਦੇ ਪਿੱਛੇ ਜਾ ਕੇ ਬੈਠ ਗਿਆ।ਪ੍ਰਭੂ ਪ੍ਰੀਤਮ ਦੇ ਦਰਸ਼ਨਾਂ ਦੀ ਲੋਚਾ ਵਿਚ ਰੰਗ-ਰੱਤੜੇ ਨੇ ਸਿਮਰਨ ਵਿਚ ਸੁਰਤੀ ਟਿਕਾਈ ਤਾਂ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਪਰ ਮਿੱਠੀ ਮਿੱਠੀ ਧੁੰਦ ਜਿਹੇ ਪ੍ਰਕਾਸ਼ ਦੇ ਦਰਸ਼ਨ ਹੋਏ ਤੇ ਫਿਰ ਸਤਿਗੁਰਾਂ ਦੀ ਤਾਬਿਆ ਵਿਚ ਬੈਠੇ **ਬਾਬਾ ਇਕਬਾਲ ਸਿੰਘ ਜੀ** ਨੂੰ ਉਸੇ ਪ੍ਰਕਾਸ਼ ਵਿਚ ਰੰਗੇ ਹੋਏ ਦੇਖ ਕੇ ਉਸਦਾ ਤਨ ਮਨ ਸੀਤਲ ਹੋ ਗਿਆ।ਰਸ-ਭਿੰਨੇ ਨੈਣ ਪ੍ਰਭੂ-ਪ੍ਰੇਮ ਵਿਚ ਛਲਕਣ ਲੱਗੇ।

ਅੰਮ੍ਰਿਤ ਵੇਲੇ ਦੇ ਸਮਾਗਮ ਪਿਛੋਂ ਉਹ ਦਰਬਾਰ ਸਾਹਿਬ ਦੇ ਨਾਲ ਲਗਦੇ ਛੋਟੇ ਜਿਹੇ ਹਾਲ ਕਮਰੇ ਵਿਚ ਪਹੁੰਚ ਗਿਆ।ਜਿਸ ਵਿਚ ਅਖੰਡ ਪਾਠ ਅਰੰਭ ਸੀ।ਦੁੱਧ ਚਿੱਟੇ ਪੁਸ਼ਾਕਿਆਂ ਵਿਚ ਸਜੇ ਹੋਏ ਸਤਿਗੁਰੂ ਜੀ ਦੇ ਪੰਜ ਸਰੂਪ ਪ੍ਰਕਾਸ਼-ਰੂਪ ਵਿਚ ਸੋਭ ਰਹੇ ਸੀ।ਚਿੱਟੇ ਕੁੜਤੇ,ਪਜਾਮੇ ਤੇ ਗੋਲ ਦਸਤਾਰਾਂ ਵਿਚ ਸਜੇ ਹੋਏ ਪਾਠੀਆਂ ਦੇ ਚੇਹਰੇ ਭਗਤੀ ਦੇ ਸੂਹੇ ਰੰਗ ਦੀ ਭਾਅ ਮਾਰ ਰਹੇ ਸਨ।ਉਸ ਹਾਲ ਦੀਆਂ ਕੰਧਾਂ ਚਿੱਟੀਆਂ,ਛੱਤ ਚਿੱਟੀ,ਫਰਸ਼ ਦੇ ਕਲੀਨ ਉਤੇ ਵਿਛੀਆਂ ਹੋਈਆਂ ਚਾਦਰਾਂ ਚਿੱਟੀਆਂ ਤੇ ਕੰਧਾਂ ਦੀਆਂ ਖਿੜਕੀਆਂ ਉਤੇ ਲੱਗੇ ਹੋਏ ਪਰਦੇ ਵੀ ਦੁੱਧ ਚਿੱਟੇ।ਇਸ ਹਾਲ ਕਮਰੇ ਦੇ ਅੰਦਰ ਪੈਰ ਪਾਉਂਦਿਆਂ ਹੀ ਉਸਦੇ ਸਿਰ ਤੋਂ ਪੈਰਾਂ ਤਕ ਝਰਨਾਹਟ ਛਿੜ ਪਈ।ਉਸਨੇ ਸਤਿਗੁਰਾਂ ਦੇ ਚਰਨਾ ਵਿਚ ਢਹਿ ਢੇਰੀ ਹੋ ਕੇ ਸੀਸ ਨਿਵਾਇਆ ਤੇ ਕਮਰੇ ਦੇ ਇਕ ਪਾਸੇ,ਕੰਧ ਨਾਲ ਢਾਸਣਾ ਲਗਾ ਕੇ ਬੈਠ ਗਿਆ।ਚੁੱਪ ਕਰਕੇ ਬੈਠਾ ਆਪਣੇ ਅੰਦ੍ਰਲੀ ਠੰਡ ਦਾ ਅਨੰਦ ਮਾਨਣ ਲਗਿਆ।ਬਾਣੀ ਦੇ ਅਭਿਆਸੀ ਦੇ ਦਿਲ ਵਿਚ ਅਖੰਡ ਪਾਠ ਦੀ ਰੌਲ ਲਗਾਉਣ ਦੀ ਇੱਛਾ ਪੈਦਾ ਹੋਈ।ਗੁਰੂ ਨੇ ਤਰਸ ਕੀਤਾ,ਪ੍ਰਬੰਧਕਾਂ ਵਲੋਂ ਉਸਨੂੰ ਅਖੰਡ ਪਾਠ ਦੀ ਹਾਜਰੀ ਭਰਨ ਦਾ ਅਵਸਰ ਪ੍ਰਾਪਤ ਹੋ ਗਿਆ।

ਨਾਮ ਬਾਣੀ ਦੇ ਗੂੜ੍ਹੇ ਰੰਗ ਮਾਣਦਿਆਂ ਕੁਝ ਦਿਨ ਬੀਤ ਗਏ।ਬੜੂ ਸਾਹਿਬ ਦੇ ਤਪ-ਸਥਾਨ ਦੀਆਂ ਬਖਸ਼ਿਸ਼ਾਂ ਤੋਂ ਵਿਛੜਨ ਤੋਂ ਇਕ ਦਿਨ ਪਹਿਲੇ ਉਹ ਵੈਰਾਗੇ ਹੋਏ ਮਨ ਨਾਲ ਸੰਪਟ ਪਾਠ ਦੀ ਰੌਲ ਲਗਾਉਣ ਪਿਛੋਂ ਗੁਰੂ ਮਹਾਰਾਜ ਦੀ ਤਾਬਿਆ ਤੋਂ ਉਠ ਕੇ ਉਸੇ ਕਮਰੇ ਵਿਚ ਹੀ ਇਕ ਖੂੰਜੇ ਜਾ ਕੇ ਬੈਠ ਗਿਆ।ਇਲਾਹੀ ਬਾਣੀ ਦੇ ਕਈ ਸ਼ਬਦਾਂ ਦੀਆਂ ਨੂਰਾਨੀ

ਲੜੀਆਂ ਉਸ ਦੀਆਂ ਮਨ ਅਖੀਆਂ ਦੇ ਅਗਿਓਂ ਲੰਘਦੀਆਂ ਹੋਈਆਂ ਗਿਆਨ ਰਿਸ਼ਮਾ ਦਾ ਚਾਨਣ ਵਰਸਾਉਂਦੀਆਂ ਰਹੀਆਂ।ਜਦੋਂ ਅਖੀਆਂ ਖੁਲ੍ਹੀਆਂ ਤਾਂ ਉਸਦੀਆਂ ਨਜਰਾਂ ਖਿੜਕੀ ਅੱਗੇ ਲਹਿਰਾਉਂਦੇ ਚਿੱਟੇ ਪੜਦੇ ਤੋਂ ਪਾਰ ਪਹਾੜਾਂ ਦੇ ਸੁਹੱਪਣ ਉਤੇ ਜਾ ਟਿਕੀਆਂ।ਪਹਿਲਾਂ ਤਾਂ ਪਹਾੜ ਐਨੇ ਸੋਹਣੇ ਕਦੀ ਨਹੀਂ ਸੀ ਦਿਸੇ..!ਅੱਜ ਉਨ੍ਹਾਂ ਉਤੇ ਕੋਈ ਅਲਹਿਦਾ ਹੀ ਨੂਰ ਦਾ ਲੇਪ ਚੜ੍ਹਿਆ ਹੋਇਆ ਸੀ।ਉਹ ਉਸ ਸੁੰਦ੍ਰਤਾ ਵਿਚ ਲੀਨ ਹੁੰਦਾ ਜਾ ਰਿਹਾ ਸੀ ਕਿ ਪਹਾੜਾਂ ਦੀ ਹਰੀ-ਕਚੋਹ ਵਾਦੀ ਵਿਚ ਇਕ ਪਹਾੜ ਦੇ ਸਿਖਰ ਉਤੇ ਇਕ ਪ੍ਰਕਾਸ਼ ਦੀ ਇਕ ਛੋਟੀ ਜਿਹੀ ਬੱਦਲੀ ਆ ਕੇ ਟਿਕ ਗਈ।।ਉਸਨੂੰ ਇਉਂ ਲੱਗਿਆ ਜਿਵੇਂ ਉਸਦੀਆਂ ਨਜਰਾਂ ਰਾਹੀਂ ਹੀ ਉਹ ਪ੍ਰਮ-ਪ੍ਰਕਾਸ਼ ਦੀ ਬੱਦਲੀ ਉਸਦੇ ਅੰਦਰ ਆ ਵੜੀ ਹੋਵੇ ਤੇ ਉਸਦੀ ਅੰਤ੍ਰ-ਆਤਮੇ ਠੰਡ ਪਾਉਂਦੀ ਹੋਈ ਰਗ ਰਗ ਵਿਚ ਅੰਮ੍ਰਿਤ-ਰਸ ਘੋਲ ਗਈ ਹੋਵੇ।

ਇਸ ਪ੍ਰਮ-ਪ੍ਰਕਾਸ਼ ਦੇ ਝਲਕਾਰੇ ਦੀ ਯਾਦ ਨੂੰ ਉਸਨੇ ਆਪਣੇ ਜੀਵਨ ਦਾ ਅਸਲੀ ਸ਼ਿੰਗਾਰ ਬਣਾ ਕੇ ਸਦਾ ਸਦਾ ਲਈ ਦਿਲ ਨਾਲ ਲਗਾ ਲਿਆ।ਵਿਦੇਸ਼ਾਂ ਵਿਚ ਬੈਠਾ ਹੋਇਆ ਵੀ ਜਦੋਂ ਦਿਲ ਕਰੇ ਯਾਦਾਂ ਵਿਚ ਗੁੱਟ ਹੋ ਕੇ ਅਖੀਆਂ ਮੀਟ ਲੈਂਦਾ ਤੇ ਜਾ ਕੇ ਬੈਠ ਜਾਂਦਾ ਬੜੂ ਸਾਹਿਬ ਦੇ ਉਸ ਚਿੱਟੇ ਦੁੱਧ ਵਰਗੇ ਕਮਰੇ ਵਿਚ...।ਠੰਡੀ ਮਿੱਠੀ ਪੌਣ ਦੇ ਬੁੱਲੇ ਖਿੜਕੀ ਥਾਣੀਂ ਅੰਦਰ ਆਉਂਦੇ ਹੋਏ ਪੜਦੇ ਨੂੰ ਪਰ੍ਹਾਂ ਖਿਸਕਾਉਂਦੇ ,ਸਾਹਮਣੇ ਹਰੇ ਕਚੋਹ ਪਹਾੜਾਂ ਦੇ ਸਿਖਰ ਉਤੇ ਪ੍ਰਕਾਸ਼ ਦੀ ਬੱਦਲੀ ਅਉਂਦੀ ਤੇ ਦੂਰ ਨੇੜੇ ਦੇ ਸਾਰੇ ਫਾਸਲੇ ਮਿਟਾ ਕੇ ਜਗਿਆਸੂ ਦੀ ਅੰਤ੍ਰ-ਆਤਮਾਂ ਵਿਚ ਆ ਸਮਾਉਂਦੀ...।ਇਕ ਸੱਜਰਾ ਅਹਿਸਾਸ ਬਣ ਕੇ ਉਸਦੇ ਅੱਧੋ-ਰਾਣੇ ਜਿਸਮ ਵਿਚ ਤਾਜ਼ਗੀ ਭਰ ਦਿੰਦੀ,ਜੀਵਨ-ਰਸ ਦੀਆਂ ਕੰਬਣੀਆਂ ਛੇੜ ਦਿੰਦੀ।

****************

# ਦਿਲਾਂ ਦੀ ਸਾਂਝ

ਘਰ ਦੇ ਬਨੇਰੇ ਉਤੇ ਆ ਕੇ ਕਾਂ ਬੋਲੇ ਤਾਂ ਇਸ ਨੂੰ ਕਿਸੇ ਮਹਿਮਾਨ ਦੇ ਆਉਣ ਦਾ ਸੁਨੇਹਾ ਸਮਝਿਆ ਜਾਂਦਾ ਹੈ।ਵਿਛੋੜਿਆਂ ਦੀਆਂ ਘੜੀਆਂ ਵਿਚ ਮਿਲਣ ਦੀ ਆਸ ਬੱਝਦੀ ਹੈ।ਬ੍ਰਿਹੋਂ ਕੁੱਠੇ ਦਿਲਾਂ ਨੂੰ ਢਾਰਸ ਮਿਲਦੀ ਹੈ।

ਕਾਵਾਂ ਦੇ ਸੁਨੇਹੇ ਸੁਣ ਕੇ ਪ੍ਰਭੂ-ਪ੍ਰੀਤਮ ਦੇ ਪ੍ਰੇਮ-ਮਿਲਾਪ ਲਈ ਲੋਚਣ ਵਾਲਿਆਂ ਦੇ ਦਿਲਾਂ ਵਿਚੋਂ ਹੂਕ ਨਿਕਲਦੀ ਹੈ-

**ਉਡਹੁ ਨ ਕਾਗਾ ਕਾਰੇ ਬੇਗਿ ਮਿਲੀਜੇ ਆਪੁਨੇ ਰਾਮ ਪਿਆਰੇ।**

**(ਪੰਨਾਂ ੩੩੮)**

ਭੈਣਾਂ ਆਪਣੇ ਵੀਰਾਂ ਨੂੰ ਉਡੀਕਦੀਆਂ ਕਾਵਾਂ ਹੱਥ ਸੁਨੇਹੇ ਭੇਜਦੀਆਂ ਹਨ ਤੇ ਬਿਰਹਨਾਂ ਬਨੇਰੇ ਉਤੇ ਬੈਠੇ ਕਾਂਵਾਂ ਨਾਲ ਬਿਰਹਾ-ਵਿਛੋੜੇ ਦਾ ਦੁੱਖ ਸਾਂਝਾ ਕਰਦੀਆਂ ਹਨ,ਉਨ੍ਹਾਂ ਨੂੰ ਘਿਓ ਦੀਆਂ ਚੂਰੀਆਂ ਪੌਂਦੀਆਂ ਹੋਈਆਂ ਗੌਂਦੀਆਂ ਹਨ-

**ਅੱਜ ਬੋਲ ਵੇ ਬਨੇਰੇ ਉਤੇ ਕਾਂਵਾਂ...**
**ਤੈਨੂੰ ਘਿਓ ਦੀਆਂ ਚੂਰੀਆਂ ਮੈ ਪਾਵਾਂ...**
**ਦੱਸ ਮਾਹੀ ਆਵੇਗਾ ਕਿ ਨਾ..**

ਕਾਲੇ-ਕਲੂਟੇ ਕਾਂ ਦਿਲਾਂ ਦੇ ਸੁਰਖ ਲਹੂ ਵਿਚ ਪ੍ਰੇਮ ਮਿਲਾਪ ਦਾ ਰਸ ਘੋਲਦੇ ਹੋਏ,ਪ੍ਰੀਤ ਸੁਨੇਹੇ ਦਿੰਦੇ ਹਨ।ਸਾਂਝਾਂ ਦੀ ਜੋਤ ਜਗਾਉਣ ਲਈ,ਇਹ ਸਭਨਾਂ ਜੀਆਂ ਦੇ ਦਾਤਾਰ ਪਿਤਾ ਪ੍ਰਮਾਤਮਾਂ ਦੇ ਜੀਵਾਂ ਨਾਲ ਸਾਂਝਾਂ ਪਾਲਦੇ ਹਨ।ਪੂਰਨ ਪਰਮ ਜੋਤਿ ਪਰਮੇਸਰ ਦੀ ਜੋਤ ਪ੍ਰਗਟਾਉਣ ਲਈ,ਸਰਵ-ਸਾਂਝ ਦਾ ਦੀਵਾ ਜਗਾਈ ਰੱਖਦੇ ਹਨ।

ਇਕ ਦਿਨ ਇਕ ਸਾਧੂ ਕੁਦਰਤ ਦੇ ਵਿਸਮਾਦੀ ਰੰਗਾਂ ਨੂੰ ਨਿਹਾਰਦਾ ਹੋਇਆ ਤੁਰਿਆ ਜਾ ਰਿਹਾ ਸੀ।ਉਸਨੇ ਦੇਖਿਆ ਕਿ ਸੈਂਕੜੇ ਕਾਂ ਇਕ ਦਰਖਤ ਦੇ ਆਲੇ ਦੁਆਲੇ ਉਡਦੇ ਹੋਏ ਵਿਲਕਦੀ ਹੋਈ ਅਵਾਜ ਵਿਚ ਕਾਵਾਂ-ਰੌਲੀ ਪਾ ਰਹੇ ਹਨ।ਉਹ ਉਸ ਦਰਖਤ ਕੋਲ ਗਿਆ ਤਾਂ ਕੀ ਦੇਖਦਾ ਹੈ ਕਿ ਇਕ ਕਾਂ ਜ਼ਖਮੀ ਹਾਲਤ ਵਿਚ ਡਿਗਿਆ ਹੋਇਆ ਤੜਫ ਰਿਹਾ ਹੈ ਤੇ ਅਸਮਾਨ ਵਿਚ ਉਡਦੇ ਸਾਰੇ ਕਾਂ ਆਪਣੇ ਸਾਥੀ ਦੀ ਹਾਲਤ ਦੇਖ ਕੇ ਚੀਖ ਚੀਖ ਕੇ ਕੁਰਲਾ ਰਹੇ ਹਨ।ਜ਼ਖਮੀ ਕਾਂ ਦੇ ਦਰਦ ਵਿਚ ਸਾਰੀ ਕਾਂ ਜਾਤੀ ਦੀ ਕੁਰਲਾਹਟ ਸੁਣ ਕੇ,ਸਾਧੂ ਦਾ ਦਿਲ ਪੰਘਰਿਆ।ਉਸਨੇ ਅੱਖੀਆਂ ਮੀਟੀਆਂ..।ਆਪਣੀ ਸੁਰਤੀ ਉਪਰ ਚੁੱਕੀ ਤੇ ਸਰਵ ਜੀਆਂ ਕੇ ਦਾਤੇ ਸੁਆਮੀ ਦੀ ਬ੍ਰਹਮ-ਜੋਤੀ ਵਿਚ ਲੀਨ ਹੋ ਗਿਆ।ਉਸਦੀ ਮੈ ਮਿਟ ਗਈ।ਉਸਨੂੰ ਕਾਵਾਂ ਵਿਚ ਵੀ ਉਹੀ ਦਿਸਣ ਲੱਗ ਪਿਆ।ਉਸਨੂੰ ਹਰ ਪਾਸੇ ਉਹੀ ਦਿਸਣ ਲੱਗ ਪਿਆ ਉਹ ਤੂੰ ਹੀ..! ਤੂੰ ਹੀ...!! ਹੋ ਗਿਆ।ਬੱਸ..!ਫਿਰ ਕੀ ਸੀ..?ਉਹ ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਦੇ ਚਰਨ ਕਮਲਾਂ ਵਿਚ ਕਾਵਾਂ ਦਾ ਦੁੱਖ ਦੂਰ ਕਰਨ ਦੀ ਇੱਛਾ ਲੈ ਕੇ ਗਿਆ ਸੀ।ਉਹ ਪੂਰੀ ਹੋ ਗਈ।

ਉਸਨੇ ਅੱਖੀਆਂ ਖੋਲ੍ਹੀਆਂ ਤਾਂ ਕੀ ਦੇਖਦਾ ਹੈ ਕਿ ਜਮੀਨ ਉਤੇ ਡਿੱਗੇ ਪਏ ਕਾਂ ਨੇ ਉਡਾਰੀ ਮਾਰੀ ਅਤੇ ਅਸਮਾਨ ਵਿਚ ਉਡਦੇ ਆਪਣੇ ਸਾਥੀਆਂ ਨਾਲ ਜਾ ਰਲਿਆ।ਕਾਵਾਂ ਦੀ ਕਾਵਾਂ-ਰੌਲੀ ਵਿਚੋਂ ਕੁਰਲਾਹਟ ਦੀ ਥਾਂ ਖੁਸ਼ੀ ਦੀ ਲਹਿਰ ਸੁਣ ਕੇ ਸੰਤ ਦਾ ਦਿਲ ਅਨੰਦ-ਵਿਭੋਰ ਹੋ ਗਿਆ।ਦੁਖਭੰਜਨ ਸੁਆਮੀ ਦਾ ਸ਼ੁਕਰਾਨਾਂ ਕਰਦੇ ਹੋਏ ਸੰਤ ਨੇ ਦੇਖਿਆ ਕਿ ਸਾਰੇ ਕਾਂ ਖੁਸ਼ੀਆਂ ਮਨਾਉਂਦੇ ਹੋਏ ਆਪਣੇ ਆਪਣੇ ਘਰਾਂ ਵਲ ਪਰਤ ਰਹੇ ਹਨ।ਪਲਾਂ ਵਿਚ ਹੀ ਅਸਮਾਨ ਖਾਲੀ ਹੋ ਗਿਆ..।ਚੁੱਪ ਹੋ ਗਿਆ..ਸ਼ਾਤ ਹੋ ਗਿਆ...।

******************************

# ਸਰਵ ਰੋਗ ਕਾ ਅਉਖਦੁ ਨਾਮ

ਰਿਸ਼ੀਆਂ,ਮੁਨੀਆਂ,ਗੁਰੂਆਂ ਤੇ ਪੀਰਾਂ ਦੇ ਨਾਵਾਂ ਨਾਲ ਜੁੜੇ ਹੋਏ ਅਸਥਾਨ ਸਾਨੂੰ ਉਨ੍ਹਾਂ ਦੀਆਂ ਰੂਹਾਨੀ ਸ਼ਕਤੀਆਂ ਨਾਲ ਜੋੜਦੇ ਹਨ।ਸ਼ਰਧਾਲੂਆਂ ਦੀ ਸ਼ਰਧਾ,ਭਗਤੀ ਅਤੇ ਜਪ ਤਪ ਦੀਆਂ ਤ੍ਰੰਗਾਂ ਨਾਲ ਉਨ੍ਹਾਂ ਥਾਵਾਂ ਦੀ ਪਵਿੱਤ੍ਰਤਾ ਦੂਣੀ ਚੌਣੀ ਹੋ ਜਾਂਦੀ ਹੈ।ਅਜਿਹੀਆਂ ਤਪ-ਸਾਧਨਾ ਨਾਲ ਜੁੜੀਆਂ ਹੋਈਆਂ ਥਾਵਾਂ ਉਤੇ ਰੱਬੀ ਨੂਰ ਵਰ੍ਹਦਾ ਹੈ ਅਤੇ ਇਸ ਨੂਰ ਦੀ ਬੁਛਾੜ ਵਿਚ ਵਿਚਰਨ ਵਾਲੀਆਂ ਨਿਰਮਲ ਰੂਹਾਂ ਜਿਸਮਾਨੀ,ਮਾਨਸਿਕ ਅਤੇ ਆਤਮਿਕ ਮੰਡਲ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰ ਲੈਂਦੀਆਂ ਹਨ।

ਰੱਬ ਦੇ ਨਾਮ ਦਾ ਜਪ ਤਪ ਭਾਵੇਂ ਕਿਸੇ ਵੀ ਨਾਮ ਨਾਲ ਕੀਤਾ ਜਾਵੇ..ਵਾਤਾਵਰਣ ਵਿਚ ਬੰਦਗੀ ਦਾ ਰੰਗ ਜਰੂਰ ਚੜ੍ਹਦਾ ਹੈ।ਅਜਿਹੇ ਹੀ ਇਕ ਜਪ ਤਪ ਵਾਲੇ ਥਾਂ ਦੀ ਸੋਭਾ ਸੁਣ ਕੇ ਇਕ ਜਗਿਆਸੂ ਸਿੰਘ ਕਿਸੇ ਰਿਸ਼ੀ ਮੁਨੀ ਦੇ ਮੰਦਰ ਵਿਚ ਜਾ ਪਹੁੰਚਾ।ਸੰਸਾਰਿਕ ਲੋੜਾਂ ਦੀ ਪੂਰਤੀ ਅਤੇ ਦੁੱਖਾਂ ਤਕਲੀਫਾਂ ਦੀ ਨਵਿਰਤੀ ਲਈ ਪਾਠ ਪੂਜਾ ਕਰਵਾਉਣ ਲਈ ਪ੍ਰਬੰਧਕਾਂ ਕੋਲੋਂ ਪਾਠ ਪੂਜਾ ਕਰਵਾਉਣ ਲਈ ਮੋਟੀ ਰਕਮ ਸੁਣਕੇ ਨਿਰਾਸ਼ ਹੋਇਆ ਪਰ ਵਾਪਸ ਜਾਣ ਤੋਂ ਪਹਿਲਾਂ ਉਹ ਮੰਤ੍ਰ ਜਾਪ ਵਾਲੇ ਉਸ ਹਾਲ ਕਮਰੇ ਵਿਚ ਜਾ ਪਹੁੰਚਾ ਜਿਥੇ ਕੁਝ ਸ਼ਰਧਾਲੂ ਆਪਣੇ ਦੁਖਾਂ ਦੀ ਨਵਿਰਤੀ ਲਈ ਦਿਲ ਜਾਨ ਨਾਲ ਮੰਤ੍ਰ ਜਾਪ ਕਰ ਰਹੇ ਸੀ।ਰਿਸ਼ੀ ਮੁਨੀ ਦੇ ਨਾਮ ਨਾਲ ਜੁੜੇ ਹੋਏ ਇਸ ਅਸਥਾਨ ਉਤੇ ਹਰ ਵੇਲੇ ਮੰਤ੍ਰ ਜਾਪ ਦਾ ਪਰਵਾਹ ਚਲਦਾ ਰਹਿੰਦਾ ਸੀ।ਇਸ ਹਾਲ ਦੀ ਸ਼ੁੱਧਤਾ ਤੇ ਪਵਿੱਤ੍ਰਤਾ ਦਾ ਪੂਰਾ ਧਿਆਨ ਰਖਿਆ ਜਾਂਦਾ ਸੀ।ਇਥੇ ਕਿਸੇ ਨੂੰ ਗੱਲ ਬਾਤ ਕਰਨ ਦੀ ਜਾਂ ਕੁਝ ਖਾਣ ਪੀਣ ਦੀ ਆਗਿਆ ਨਹੀਂ ਸੀ।ਦੂਰਾਂ ਦੂਰਾਂ ਤੋਂ ਆਏ ਭਗਤ-ਜਨ ਆਪੋ ਆਪਣੀਆਂ ਮਨੋਕਾਮਨਾਮਾਂ ਦੀ ਪੂਰਤੀ ਲਈ ਸਰਵ ਸੁਖਾਂ ਦੇ ਦਾਤੇ ਸੁਆਮੀ ਦੇ ਚਰਨ ਕਮਲਾਂ ਦਾ ਧਿਆਨ ਧਰ ਕੇ ਮੰਤ੍ਰ-ਮੁਗਧ ਹੋਏ ਬੈਠੇ ਰਹਿੰਦੇ ਸਨ।ਉਥੋਂ ਦਾ ਮਹੌਲ ਕੁਝ ਐਸਾ ਸੀ ਕਿ ਆਪਣੇ ਚਿੱਤੋਂ ਹਰ ਕੋਈ ਘੋਰ ਤਪੱਸਵੀ ਬਣਨ ਦੀ ਕੋਸ਼ਿਸ਼ ਕਰਦਾ ਸੀ।

ਕਮਰੇ ਵਿਚ ਪੈਰ ਧਰਦਿਆਂ ਹੀ ਜਗਿਆਸੂ ਸਿੰਘ ਦੇ ਸਿਰ ਤੋਂ ਪੈਰਾਂ ਤਕ,ਰੋਮ ਰੋਮ ਵਿਚ ਝੁਨਝੁਨਾਹਟ ਦੀਆਂ ਪ੍ਰੇਮ-ਕੰਬਣੀਆਂ ਛਿੜ ਪਈਆਂ।ਉਸਨੂੰ ਸਾਰਾ ਹਾਲ ਇਲਾਹੀ ਪ੍ਰਕਾਸ਼

ਨਾਲ ਭਰਿਆ ਹੋਇਆ ਦਿਖਾਈ ਦਿੱਤਾ।ਹੋਰ ਕੁਝ ਨਹੀਂ,ਸਿਰਫ ਪ੍ਰਕਾਸ਼ ਹੀ ਪ੍ਰਕਾਸ਼ ਨਜਰੀਂ ਆਇਆ ਤੇ ਫਿਰ ਉਸ ਪ੍ਰਕਾਸ਼ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਲੌਕਿਕ ਦਰਸ਼ਨ ਹੋਏ।ਉਸਦੀ ਸੁੱਧ ਬੁੱਧ ਵਿਸਰ ਗਈ।ਬੁਲੰਦ ਅਵਾਜ਼ ਵਿਚ ਉਸਦਾ ਸੁਆਸ ਗਿਰਾਸ ਸਿਮਰਣ ਸ਼ੁਰੂ ਹੋ ਗਿਆ।ਉਸਦੀ ਅਵਾਜ਼ ਆਲੇ ਦੁਆਲੇ ਦੇ ਮਕਾਨਾਂ ਵਿਚ ਵੀ ਸੁਣਨ ਲੱਗੀ।ਦੂਰ ਦੁਰਾਡਿਓਂ ਜਾਪ ਕਰਵਾਉਣ ਆਈ ਇਕ ਬੀਬੀ ਵਾਹਿਗੁਰੂ ਨਾਮ ਦੀ ਗੁੰਜਾਰ ਸੁਣ ਕੇ ਆਪਣੇ ਚੁਬਾਰੇ ਵਿਚੋਂ ਦੌੜੀ ਆਈ।ਸਿੰਘ ਨੂੰ ਜਦੋਂ ਹੋਸ਼ ਆਈ ਤਾਂ ਉਸਨੇ ਦੇਖਿਆ ਕਿ ਉਹ ਮੰਦਰ ਦੀਆਂ ਮੂਰਤੀਆਂ ਦੇ ਸਾਹਮਣੇ ਸਮਾਧੀ ਲਗਾਈ ਬੈਠਾ ਹੈ।ਅਖੰਡ ਕੀਰਤਨੀ ਜਥੇ ਦੇ ਅਭਿਆਸੀ ਸਿੰਘ ਦੇ ਸਵਾਸ ਗਿਰਾਸ ਸਿਮਰਨ ਦੀ ਅਵਾਜ਼ ਉਸਦੇ ਆਲੇ ਦੁਆਲੇ ਬੈਠੇ ਪ੍ਰਾਣੀਆਂ ਨੂੰ ਹੈਰਾਨ ਕਰ ਰਹੀ ਹੈ।

ਮਦਹੋਸ਼ੀ ਦੀ ਹਾਲਤ ਵਿਚ ਉਸਨੇ ਮਹਿਸੂਸ ਕੀਤਾ ਕਿ ਉਸਦੇ ਸਾਹਾਂ ਵਿਚ ਪ੍ਰੇਮ-ਰਸ ਦੀ ਮਿਠਾਸ ਘੁਲੀ ਹੋਈ ਹੈ ਪਰ ਉਸਦੇ ਖੱਬੇ ਹੱਥ ਦੀ ਚੀਚੀ ਉਂਗਲੀ ਅਤੇ ਉਸਦੇ ਨਾਲ ਦੀ ਉਂਗਲੀ ਤੋਂ ਲੈ ਕੇ ਸਾਰੀ ਬਾਂਹ ਵਿਚੋਂ ਦੀ ਜਾਂਦੀ ਹੋਈ ਦਰਦ ਛਾਤੀ ਵਲ ਜਾ ਰਹੀ ਹੈ।ਉਸਦੇ ਕੋਲ ਬੈਠੀ ਇਕ ਔਰਤ ਘਬਰਾਈ ਹੋਈ ਕਹਿ ਰਹੀ ਸੀ;-"ਕੀ ਹੋਇਆ ?ਕੀ ਹੋਇਆ...?ਪਾਣੀ ਲਿਆਵਾਂ..?"ਕੋਈ ਉਸਦੀ ਪਿੱਠ ਉਤੇ ਹੱਥ ਫੇਰ ਰਿਹਾ ਹੈ ਅਤੇ ਕੋਈ ਉਸਦੇ ਮੋਢੇ ਨੂੰ ਫੜ ਕੇ ਬੈਠਾ ਸੀ ਪਰ ਉਸ ਕੋਲੋਂ ਕੁਝ ਬੋਲਿਆ ਨਹੀਂ ਸੀ ਜਾਂਦਾ।ਸਿਮਰਨ ਉਛਾਲੇ ਖਾ ਰਿਹਾ ਸੀ।ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ ਤੇ ਉਹ ਡੌਰ ਭਉਰਾ ਹੋਇਆ ਆਪਣੇ ਆਲੇ ਦੁਆਲੇ ਦੇਖ ਰਿਹਾ ਸੀ।ਨਾਲ ਹੀ ਨਾਲ ਆਪਣੇ ਸਾਹਾਂ ਅੰਦਰ ਪਈ ਨਾਮ ਰਸ ਦੀ ਪੀਂਘ ਦੇ ਹੁਲਾਰਿਆਂ ਦਾ ਅਨੰਦ ਮਾਣ ਰਿਹਾ ਸੀ।ਖੱਬੀ ਬਾਂਹ ਦੀ ਦਰਦ ਤੋਂ ਵੀ ਜਾਣੂੰ ਸੀ।ਉਸਨੂੰ ਇਸ ਗੱਲ ਦੀ ਕੋਈ ਸੋਝੀ ਨਹੀਂ ਸੀ ਕਿ ਉਹ ਹਾਲ ਦੇ ਦਰਵਾਜੇ ਤੋਂ ਮੂਰਤੀਆਂ ਤੱਕ ਕਿਵੇਂ ਪਹੁੰਚਾ ਤੇ ਕਿੰਨੀ ਦੇਰ ਤੋਂ ਉਹ ਮੂਰਤੀਆਂ ਅੱਗੇ ਬੈਠਾ ਨਾਮ ਦੀ ਦੁਹਾਈ ਪਾਈ ਜਾ ਰਿਹਾ ਹੈ।ਕਿਵੇਂ ਉਸਦੀ ਸਮਾਧੀ ਲੱਗ ਗਈ ਤੇ ਕਿੰਨੀ ਦੇਰ ਤੱਕ ਸਮਾਧੀ ਵਿਚ ਬੈਠਣ ਪਿੱਛੋਂ ਉਸਨੂੰ ਹੋਸ਼ ਆਈ ?ਇਸ ਵਾਰੇ ਉਸਨੂੰ ਕੋਈ ਖਬਰ ਨਹੀਂ ਸੀ।

ਸਾਹਾਂ ਵਿਚ ਪਏ ਨਾਮ-ਰਸ ਦੇ ਘੁੱਟ ਭਰਨ ਦੇ ਨਾਲ ਨਾਲ ਬਾਂਹ ਅਤੇ ਉਂਗਲਾਂ ਵਿਚ ਹੋ ਰਹੇ ਹਲਕੇ ਜਿਹੇ ਦਰਦ ਨੂੰ ਮਹਿਸੂਸ ਕਰਦਾ ਹੋਇਆ ਉਹ ਘਰ ਪਹੁੰਚਾ।ਕੁਝ ਦਿਨ ਤੱਕ ਆਤਮਿਕ ਰਸ ਦਾ ਅਨੰਦ ਅਤੇ ਦਰਦ ਦੋਨੋਂ ਕਾਇਮ ਰਹੇ ਤੇ ਫਿਰ ਹੌਲੀ ਹੌਲੀ ਘਟਦੇ ਘਟਦੇ ਖਤਮ ਹੋ ਗਏ।ਆਪਣੇ ਕਾਰ ਵਿਹਾਰ ਵਿਚ ਫਸਿਆ ਹੋਇਆ ਉਹ ਪਹਿਲਾਂ ਵਰਗਾ ਹੀ ਹੋ ਗਿਆ।ਕਈ ਸਾਲ ਉਹ ਸਾਧੂਆਂ ਸੰਤਾਂ ਕੋਲੋਂ ਇਕੋ ਹੀ ਸਮੇਂ ਬਾਂਹ ਦੀ ਦਰਦ ਅਤੇ ਨਾਮ-ਰਸ ਦੀ ਪ੍ਰਾਪਤੀ ਵਾਰੇ ਪੁੱਛਦਾ ਰਿਹਾ ਪਰ ਕਿਸੇ ਕੋਲੋਂ ਵੀ ਉਸਨੂੰ ਤੱਸਲੀ ਨਾਂ ਹੋਈ।

ਕਦੀ ਕਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਰੰਗਲੇ ਸਜਨਾਂ ਦੀ ਰੈਣ ਸਬਾਈ ਕੀਰਤਨ ਦਾ ਅਨੰਦ ਮਾਣਦਿਆਂ ਜਦੋਂ ਕਦੀ ਉਹ ਸ਼ਬਦ ਧੁਨ ਵਿਚ ਲੀਨ ਹੁੰਦਾ ਤਾਂ ਉਸੇ ਤਰ੍ਹਾਂ ਹੀ ਉਸਨੂੰ ਨਾਮ-ਰਸ ਦੀ ਬਖਸ਼ਿਸ਼ ਦੇ ਨਾਲ ਨਾਲ ਬਾਂਹ ਅਤੇ ਉਂਗਲੀਆਂ ਦਾ ਦਰਦ

ਮਹਿਸੂਸ ਹੁੰਦਾ। ਜਿਸਮਾਨੀ ਦਰਦ ਦੀ ਪ੍ਰੇਸ਼ਾਨੀ ਉਸਨੂੰ ਸੰਗਤ ਵਿਚੋਂ ਉਠ ਕੇ ਬਾਹਰ ਜਾਣ ਲਈ ਮਜਬੂਰ ਕਰ ਦਿੰਦੀ।

ਅਖੀਰ ਚੰਗੇ ਭਾਗਾਂ ਨਾਲ ਉਸਦਾ ਮੇਲ ਮਿਲਾਪ ਕਿਸੇ ਆਤਮਿਕ ਗਿਆਨ ਵਾਲੇ ਗੁਰਮੁਖ ਪਿਆਰੇ ਨਾਲ ਹੋਇਆ ਜਿਸਨੇ ਉਸਨੂੰ ਸੋਝੀ ਦੁਆਈ ਕਿ ਸਾਡੇ ਸਰੀਰ ਵਿਚ ਬਹੱਤਰ ਹਜਾਰ ਨਾੜੀਆਂ ਹਨ। ਜਦੋਂ ਕਿਧਰੇ ਇਨ੍ਹਾਂ ਨਾੜੀਆਂ ਵਿਚ ਕੋਈ ਬਿਮਾਰੀ ਦਾ ਅੰਸ਼ ਪਲਦਾ ਹੈ ਤਾਂ ਉਸਨੂੰ ਕੱਢਣ ਲਈ ਅਸੀਂ ਦਵਾਈਆਂ ਖਾਦੇ ਹਾਂ ਜਾਂ ਸਰਜਰੀ ਕਰਵਾਉਂਦੇ ਹਾਂ ਪਰ ਨਾਮ ਅਭਿਆਸੀ ਨਾਮ-ਰਸ ਦੀ ਅੰਮ੍ਰਿਤ ਵਰਖਾ ਵਿਚ ਇਨ੍ਹਾਂ ਨਾੜੀਆਂ ਦਾ ਇਸ਼ਨਾਨ ਕਰਵਾ ਕੇ ਜਨਮਾਂ ਜਨਮਾਂ ਦੀ ਮੈਲ ਉਤਾਰ ਕੇ ਸਰੀਰਕ ਤੌਰ 'ਤੇ ਵੀ ਨਵੇਂ ਨਰੋਏ ਹੋ ਜਾਂਦੇ ਹਨ ਅਤੇ ਮਾਨਸਿਕ ਬਲ ਦੇ ਨਾਲ ਨਾਲ ਆਤਮਿਕ ਅਵਸਥਾ ਦੀ ਪ੍ਰਾਪਤੀ ਵੀ ਕਰਦੇ ਹਨ। ਮਾਨਸਿਕ ਬੀਮਾਰੀਆਂ ਜਾਂ ਸਰੀਰਕ ਬਮਾਰੀਆਂ ਕਾਰਨ ਜਦੋਂ ਇਹ ਨਾੜੀਆਂ ਵਿਚ ਮੈਲ ਫਸ ਜਾਂਦੀ ਹੈ ਜਾਂ ਸੁੱਕ ਸੜ ਜਾਂਦੀਆਂ ਹਨ ਤਾਂ ਨਾਮ ਰਸ ਦੀ ਦਵਾਈ ਨਾਲ '**ਸੂਕੇ ਕਾਸਟ ਹਰਿਆ**' ਵਾਲੀ ਗਲ ਹੋ ਜਾਂਦੀ ਹੈ। ਲਿਵ ਲੀਨ ਹੋਏ ਨਾਮ ਅਭਿਆਸੀਆਂ ਦੇ ਅਖਾੜਿਆਂ ਵਿਚ ਨਾਮ ਰਸ ਦੀ ਅੰਮ੍ਰਿਤ ਵਰਖਾ ਹੁੰਦੀ ਹੈ। ਜਿਵੇਂ ਬਾਹਰ ਬਾਰਸ਼ ਹੁੰਦੀ ਹੋਵੇ ਤਾਂ ਠੰਡ ਕਮਰੇ ਵਿਚ ਵੀ ਪਹੁੰਚਦੀ ਹੈ। ਇਸੇ ਤਰ੍ਹਾਂ ਹੀ ਨਾਮ-ਰਸੀਆਂ ਉਤੇ ਜਦੋਂ ਇਲਾਹੀ ਪ੍ਰਕਾਸ਼ ਦੀ ਝੜੀ ਲਗਦੀ ਹੈ ਤਾਂ ਕਣੀਆਂ ਉਨ੍ਹਾਂ ਦੇ ਕੋਲ ਬੈਠਣ ਵਾਲਿਆਂ ਉਤੇ ਵੀ ਪੈਂਦੀਆਂ ਹਨ ਤੇ ਕਈ ਵਾਰੀ ਉਹ ਕਦੀ ਕਦਾਈਂ ਪੈਣ ਵਾਲੀਆਂ ਕਣੀਆਂ ਰੋਗੀਆਂ ਦੇ ਦੁਖ ਦੂਰ ਕਰ ਦਿੰਦੀਆਂ ਹਨ।

ਰੰਗਲੇ ਸੱਜਣ ਨੇ ਸਮਝਾਇਆ ਕਿ ਨਾਮ ਸਿਮਰਨ ਵਿਚ ਲੀਨ ਹੋਇਆਂ ਜੇ ਕਦੀ ਜਿਸਮ ਦੇ ਕਿਸੇ ਅੰਗ ਵਿਚ ਦਰਦ ਹੋਵੇ ਤਾਂ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਉਥੇ ਕਿਸੇ ਬਿਮਾਰੀ ਦੀ ਮੈਲ ਜੰਮੀਂ ਹੋਈ ਹੈ ਤੇ ਨਾਮ ਸਿਮਰਨ ਦੀ ਵਰਖਾ ਦਾ ਹੜ੍ਹ ਉਸ ਨੂੰ ਬਾਹਰ ਧਕੇਲ ਰਿਹਾ ਹੈ। ਜਿਵੇਂ ਕਿਸੇ ਭਾਂਡੇ ਵਿਚ ਕੋਈ ਮੈਲ ਜੰਮ ਜਾਵੇ ਤਾਂ ਉਹ ਪਾਣੀ ਨਾਲ ਧੋਤਿਆਂ ਨਹੀਂ ਉਤਰਦੀ,ਉਸਨੂੰ ਰਗੜ ਰਗੜ ਕੇ ਸਾਫ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਸਾਡੇ ਸਰੀਰਕ ਅਤੇ ਮਾਨਸਿਕ ਰੋਗਾਂ ਨੂੰ ਦੂਰ ਕਰਨ ਲਈ ਵੀ **ਨਾਮ ਸਿਮਰਨ ਦੀਆਂ ਘਨਘੋਰ ਘਟਾਵਾਂ ਦੀ ਗਰਜ ਅਤੇ ਬਾਣੀ ਦੇ ਅਣਿਆਲੇ ਤੀਰਾਂ ਦੀਆਂ ਤੇਜ ਬਿਜਲੀਆਂ ਦੀ ਜਰੂਰਤ ਪੈਂਦੀ ਹੈ**। ਇਸ ਲਈ ਸਿਮਰਣ ਕਰਦਿਆਂ ਜੇ ਸਰੀਰ ਦੇ ਕਿਸੇ ਅੰਗ ਵਿਚ ਹਲਕਾ ਜਿਹਾ ਦਰਦ ਹੋਵੇ ਤਾਂ ਘਬਰਾਉਣਾ ਨਹੀਂ ਸਗੋਂ ਵਧ ਤੋੜ ਵਧ ਸਿਮਰਨ ਵਿਚ ਲੀਨ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜਗਿਆਸੂ ਸਿੰਘ ਦਿਲ ਦਾ ਮਰੀਜ ਸੀ ਪਰ ਸਰਜਰੀ ਕਰਵਾਉਣ ਤੋਂ ਡਰਦਾ ਸੀ। ਕਈ ਸਾਲਾਂ ਤੋਂ ਡਾਕਟਰਾਂ ਦੇ ਕਹੇ ਅਨੁਸਾਰ ਦਵਾਈਆਂ ਖਾ ਰਿਹਾ ਸੀ। ਹਰ ਸਾਲ ਦਿਲ ਵਿਚ ਬਲਾਕਿਜ ਹੋਣ ਦੀ ਰੀਪੋਰਟ ਮਿਲਦੀ ਸੀ ਪਰ ਇਸ ਵਾਰੀ ਜਦੋਂ ਉਸਦੇ ਦਿਲ ਦੇ ਟੈਸਟ ਦੀ ਰੀਪੋਰਟ ਆਈ ਤਾਂ ਉਸਦੇ ਦਿਲ ਦੀਆਂ ਨਾੜੀਆਂ ਬਿਨਾਂ ਓਪਰੇਸ਼ਨ ਤੋਂ ਹੀ ਸਾਫ ਹੋਈਆਂ ਦੇਖ ਕੇ ਡਾਕਟਰ ਹੈਰਾਨ ਰਹਿ ਗਿਆ। ਗੁਰਸਿੱਖ ਪਰਿਵਾਰ ਨਾਲ ਜੁੜਿਆ ਹੋਇਆ ਹਾਰਟ

ਸਪੈਸ਼ਿਲਿਸਟ ਜਾਣਦਾ ਸੀ ਕਿ ਨਾਮ ਸਿਮਰਨ ਦੀ ਅੰਮ੍ਰਿਤ ਵਰਖਾ ਨਾਲ ਦਿਲ ਦਾ ਭਾਂਡਾ ਮਾਂਜਿਆ ਜਾ ਸਕਦਾ ਹੈ। ਉਸਨੇ ਆਪਣੇ ਮਰੀਜ ਕੋਲੋਂ ਵਾਰ ਵਾਰ ਸਿਮਰਨ ਕਰਵਾ ਕੇ ਚੰਗੀ ਤਰ੍ਹਾਂ ਘੋਖ ਪੜਤਾਲ ਕੀਤੀ। ਕੁਝ ਪਲ ਅੰਤ੍ਰ-ਧਿਆਨ ਹੋ ਕੇ ਬੈਠਾ ਰਿਹਾ ਤੇ ਫਿਰ '**ਸਰਬ ਰੋਗ ਕਾ ਅਉਖਦੁ ਨਾਮੁ..**'ਧੁਰ ਕੀ ਬਾਣੀ ਦੇ ਸ਼ਬਦ ਦਾ ਉਚਾਰਣ ਕਰਦਿਆਂ ਉਸਨੇ ਮਰੀਜ ਨੂੰ ਕਿਹਾ ਕਿ ਉਸਦਾ ਦਿਲ ਬਿਲਕੁਲ ਠੀਕ ਹੈ ਅਤੇ ਹੁਣ ਉਸਨੂੰ ਕੋਈ ਦਵਾਈ ਖਾਣ ਦੀ ਜਰੂਰਤ ਨਹੀਂ ਹੈ ਤੇ ਨਾ ਹੀ ਓਸਨੂੰ ਕਿਸੇ ਹਾਰਟ ਸਪੈਸ਼ਿਲਿਸਟ ਕੋਲ ਜਾਣ ਦੀ ਜਰੂਰਤ ਹੈ।

ਹਾਰਟ ਸਪੈਸ਼ਿਲਿਸਟ ਕੋਲੋਂ ਰੀਪੋਰਟ ਫੈਮਿਲੀ ਫੀਜ਼ੀਸ਼ੀਅਨ ਕੋਲ ਪਹੁੰਚੀ। ਰੀਪੋਰਟ ਦੇਖ ਕੇ ਡਾਕਟਰ ਹੈਰਾਨ ਹੋ ਗਈ। ਵਾਰ ਵਾਰ ਪਿਛਲੀਆਂ ਰੀਪੋਰਟਾਂ ਦੇਖਣ ਪਿਛੋਂ ਕਹਿੰਦੀ ਕਿ ਰੀਪੋਰਟ ਗਲਤ ਆ ਗਈ ਹੈ। ਜਦੋਂ ਸਿੰਘ ਨੇ ਹਾਰਟ ਸਪੈਸ਼ਿਲਿਸਟ ਵਾਲੀ ਸਾਰੀ ਗਲ ਸੁਣਾਈ ਤਾਂ ਆਪਣੇ ਧਰਮ ਵਿਚ ਪੱਕੀ ਮੁਸਲਿਮ ਡਾਕਟਰ ਨੇ ਅੱਖੀਆਂ ਮੀਟ ਲਈਆਂ ਅਤੇ ਆਪਣਾ ਮੱਥਾ ਫੜ ਕੇ ਬਹਿ ਗਈ। ਕੁਝ ਪਲ ਦੀਨ ਦੁਨੀਆਂ ਦੇ ਮਾਲਿਕ ਦੀ ਯਾਦ ਵਿਚ ਬਿਤਾ ਕੇ ਕਹਿੰਦੀ;-"ਅੱਲਾ ਤਾਲਾ ਨੇ ਯੇਹ ਕਿਆ ਕੀਆ..?" **ਮੁਸਲਿਮ ਡਾਕਟਰ ਨੇ ਜਗਿਆਸੂ ਸਿੰਘ ਦੀ ਗੁਰਸਿੱਖੀ ਵਿਚੋਂ ਆਪਣੇ ਅੱਲਾ ਤਾਲਾ ਨੂੰ ਰੱਜ ਕੇ ਨਿਹਾਰਿਆ।**

**********************



# ਗਗਨ ਸਮਾਧ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ੨੫ ਸਿੱਖ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਧੀਰ ਮੱਲ ਕੋਲ, ਉਹ ਆਦਿ ਬੀੜ ਲੈਣ ਲਈ ਭੇਜੇ, ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਰਾਮਸਰ ਵਿਖੇ ਲਿਖਵਾਈ ਸੀ। ਧੀਰ ਮੱਲ ਨੇ ਉਹ ਬੀੜ ਆਪਣੇ ਕੋਲ ਸਾਂਭ ਕੇ ਰੱਖੀ ਹੋਈ ਸੀ ਤੇ ਉਹ ਸਮਝਦਾ ਸੀ ਕਿ ਜਿਸ ਕੋਲ ਇਹ ਬੀੜ ਹੋਵੇਗੀ, ਉਹ ਹੀ ਗੁਰੂ ਕਹਿਲਾਵੇਗਾ। ਸਿੱਖਾਂ ਦੁਆਰਾ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਬੀੜ ਦੀ ਮੰਗ ਕਰਨ 'ਤੇ ਧੀਰ ਮੱਲ ਨੇ ਕੋਰਾ ਜਵਾਬ ਦਿੰਦਿਆਂ ਕਿਹਾ ਕਿ ਉਹ ਇਹ ਬੀੜ ਨਹੀਂ ਦੇਵੇਗਾ ਤੇ ਨਾਲ ਹੀ ਇਹ ਮਿਹਣਾ ਵੀ ਮਾਰਿਆ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਸੱਚ-ਮੁੱਚ ਹੀ ਸੱਚੇ ਗੁਰੂ ਹਨ ਤਾਂ ਉਹ ਸਾਰਾ ਗ੍ਰੰਥ ਸਾਹਿਬ ਆਪ ਹੀ ਦੁਬਾਰਾ ਤੋਂ ਕਿਉਂ ਨਹੀਂ ਰਚ ਲੈਂਦੇ।

ਜਦੋਂ ਸਿੱਖਾਂ ਨੇ ਧੀਰਮੱਲ ਦੇ ਕੋਰੇ ਜਵਾਬ ਅਤੇ ਮਿਹਣੇ ਬਾਰੇ ਗੁਰੂ ਸਾਹਿਬ ਜੀ ਨੂੰ ਦੱਸਿਆ ਤਾਂ ਗੁਰੂ ਸਾਹਿਬ ਜੀ ਨੇ ਸਦੀਵੀ ਜੀਊਣ ਵਾਲੇ ਗੁਰੂਆਂ ਅਤੇ ਭਗਤਾਂ ਦੀ ਨਿਰੰਕਾਰੀ ਜੋਤ ਨਾਲ ਇਕ ਸੁਰ ਹੋ ਕੇ, ੯ ਮਹੀਨੇ ਤੇ ੯ ਦਿਨ ਤੱਕ ਜੋਤ ਸਰੂਪੀ ਬਾਣੀ ਦਾ ਅਲਾਪ ਕੀਤਾ।ਜਿਸ ਤਰ੍ਹਾਂ ਇਲਾਹੀ ਰੌਅ ਵਿਚ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਕਿਹਾ ਕਰਦੇ ਸੀ;-"ਮਰਦਾਨਿਆਂ ਬਾਣੀ ਆਈ...!"ਤਾਂ ਮਰਦਾਨੇ ਦੀ ਰਬਾਬ ਦੀਆਂ ਤਰਬਾਂ ਦੀ ਟੁਣਕਾਰ ਵਿਚ ਇਲਾਹੀ ਸੁਰ ਗੂੰਜਣੇ ਸ਼ੁਰੂ ਹੋ ਜਾਂਦੇ ਸੀ,ਉਸੇ ਤਰ੍ਹਾਂ ਹੀ ਦਸਵੇਂ ਨਾਨਕ ਦਸ਼ਮੇਸ਼ ਪਿਤਾ ਨੇ ਵੀ ਧੀਰਮੱਲੀਆਂ ਕੋਲ ਪਈ ਹੋਈ ਬੀੜ ਦੀ ਫੋਟੋ ਕਾਪੀ ਕਰਨ ਲਈ ਬ੍ਰਹੰਮ ਮੰਡਲ ਵਿਚ ਟਿਕਾਣਾਂ ਬਣਾਇਆ,ਗਗਨ ਸਮਾਧ ਲਗਾਈ ਤੇ ਇਲਾਹੀ ਰੌਅ ਵਿਚ ਆ ਕੇ ਅਨੰਤ ਕਾਲ ਤੋਂ ਨਿਰੰਤਰ ਚੱਲੀ ਆ ਰਹੀ ਬ੍ਰਹਮੰਡੀ ਬਾਣੀ ਦੀਆਂ ਪ੍ਰਕਾਸ਼ ਮਈ ਲੜੀਆਂ ਪ੍ਰੋਣ ਲਈ,ਭਾਈ ਮਨੀ ਸਿੰਘ ਜੀ ਨੂੰ ਲਿਖਣ ਦੀ ਸੇਵਾ ਬਖਸ਼ੀ।

**ਅਨਹਦ ਬਾਣੀ ਨਾਦੁ ਵਜਾਇਆ।(ਪੰਨਾਂ-੩੭੫)**

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**

**ਹਰਿ ਕਰਤਾ ਆਪਿ ਮੁਹਹੁ ਕਢਾਏ।(ਪੰਨਾਂ-੩੦੮)**

**ਹਉ ਆਪਹੁ ਬੋਲਿ ਨਾ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।(ਪੰਨਾ੭੬੩)**

ਕਰਤਾ ਪੁਰਖ ਨੇ ਅਨਹਦ ਬਾਣੀ ਦੀ ਰਹਿਮਤ ਕਲਗੀਧਰ ਪਾਤਿਸ਼ਾਹ ਰਾਹੀਂ ਪ੍ਰਗਟ ਕੀਤੀ।ਦੇਖਣ ਨੂੰ ਇਹ ਗੱਲ ਅਣਹੋਣੀ ਜਿਹੀ ਲਗਦੀ ਹੈ ਕਿ ਕਰਤਾਰ ਪੁਰ ਵਿਚ ਪਈ ਹੋਈ ਬਾਣੀ ਦੀ ਫੋਟੋ ਕਾਪੀ ਦਮਦਮਾ ਸਾਹਿਬ ਵਿਚ ਤਿਆਰ ਹੋ ਰਹੀ ਹੈ ਪਰ ਸ੍ਰੀ ਗੁਰੂ ਗੋਬੰਦ ਸਿੰਘ

ਜੀ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ ਵਿਚ ਇਹੋ ਜਿਹੀਆਂ ਕਈ ਨਿਆਰੀਆਂ ਖੇਲ੍ਹਾਂ ਖੇਲ੍ਹਣ ਦੇ ਇਲਾਹੀ ਸਬੂਤ ਬਖਸ਼ੇ ਹਨ।

ਫੋਟੋ ਕਾਪੀ ਦੀ ਮਸ਼ੀਨ ਅਤੇ ਸਾਇੰਸ ਦੀਆਂ ਕਾਢਾਂ ਦੀਆਂ ਹੋਰ ਅਨੇਕਾਂ ਮਸ਼ੀਨਾਂ ਅਸੀਂ ਆਮ ਜੀਵਨ ਵਿਚ ਵਰਤਦੇ ਹਾਂ ਪਰ ਸਾਇੰਸਦਾਨ ਹੀ ਜਾਣਦੇ ਹਨ ਕਿ ਇਹ ਮਸ਼ੀਨਾਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ।ਇਸੇ ਤਰ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਗੁਰਗੱਦੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਕੇ ਗਿਆਰਵੀਂ ਪਾਤਿਸ਼ਾਹੀ ਦੇ ਸਰੂਪ ਵਿਚ ਪ੍ਰਗਟ ਕਰਨ ਦੀ ਬ੍ਰਹਮੰਡੀ ਖੇਡ੍ਹ ਦੀਆਂ ਗੁੱਝੀਆਂ ਆਤਮਿਕ ਰਮਜਾਂ ਨੂੰ ਵੀ ਬ੍ਰਹੰਮ ਮੰਡਲ ਦੇ ਵਾਸੀ,ਬ੍ਰਹੰਮ ਗਿਆਨੀ ਹੀ ਸਮਝ ਸਕਦੇ ਹਨ।ਇਹ ਸਭ ਆਮ ਬੰਦੇ ਦੀ ਸਮਝ ਤੋਂ ਪਰ੍ਹੇ ਦੀਆਂ ਗੱਲਾਂ ਹਨ।

ਇਸ ਨਵੇਂ ਤਿਆਰ ਕੀਤੇ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਚਾਰਨ ਕੀਤੀ ਬਾਣੀ ਵੀ ਰਾਗਾਂ ਅਨੁਸਾਰ ਜਿੱਥੇ ਆਉਂਦੀ ਸੀ, ਉੱਥੇ-ਉੱਥੇ ਦਰਜ ਕਰਵਾ ਦਿੱਤੀ। ਫਿਰ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਕੀਤੇ ਤੇ ਫਿਰ ਇਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਹਜ਼ੂਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਪੰਜ ਪਰਕਰਮਾ ਕਰਕੇ ਮੱਥਾ ਟੇਕਦਿਆਂ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸਦਿਆਂ, ਸਾਰੇ ਸਿੱਖਾਂ ਨੂੰ ਫੁਰਮਾਇਆ ਕਿ ਅੱਜ ਤੋਂ ਬਾਅਦ ਤੁਹਾਡੇ ਗੁਰੂ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ।

**ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।**
**ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।**

ਸ੍ਰੀ ਕ੍ਰਿਸ਼ਨ ਭਗਵਾਨ ਨੇ ਕੁਰੂਕਸ਼ੇਤਰ ਰਣ ਦੇ ਮੈਦਾਨ ਵਿਚ ਗਿਆਨ-ਰਿਸ਼ਮਾਂ ਨਾਲ ਜੱਗ ਰੁਸ਼ਨਾਉਣ ਵਾਲੀ ਗੀਤਾ ਦਾ ਉਚਾਰਣ ਕਰਕੇ ਅਰਜਨ ਨੂੰ ਰਿਸ਼ਤੇ ਨਾਤਿਆਂ ਦੇ ਮੋਹ-ਜਾਲ ਵਿਚੋਂ ਬਾਹਰ ਕੱਢਿਆ ਅਤੇ ਯੁੱਧ ਕਰਨ ਦੀ ਹਿੰਮਤ ਬਖਸ਼ੀ।ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੀ ਧਰਤੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਮਰ ਜੋਤ ਜਗਾਉਂਦਿਆਂ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾਉਣ ਦੀ ਅਗੰਮੀਂ ਹਿੰਮਤ ਬਖਸ਼ੀ।ਰੱਬੀ ਬਾਣੀ ਲਿਖਣ ਦੀ ਸੇਵਾ ਕਰਵਾ ਕੇ ਉਸ ਨੂੰ ਰਸ-ਰੂਪ ਬਾਣੀ ਨਾਲ ਇਕ ਸੁਰ ਕਰ ਦਿੱਤਾ।ਅਨਹਦ ਰਸ ਵਿਚ ਲੀਨ ਹੋ ਕੇ ਜਿਸਮਾਨੀ ਦੁੱਖਾਂ ਦਰਦਾਂ ਤੋਂ ਨਿਰਲੇਪ ਰਹਿਣ ਦੀ ਬਖਸ਼ਿਸ਼ ਕੀਤੀ।

ਕੁਰੂਕਸ਼ੇਤਰ ਰਣ ਦੇ ਮੈਦਾਨ ਵਿਚੋਂ ਤਾਂ ਸੈਨਿਕਾਂ ਦੇ ਸਰੀਰਾਂ ਦੀ ਕੱਟ ਵੱਢ ਹੋਣ ਸਮੇਂ ਹਾਏ ਹਾਏ ਦਾ ਚੀਕ ਚਿਹਾੜਾ ਸੁਣਾਈ ਦਿੱਤਾ ਹੋਵੇਗਾ ਪਰ ਸ਼ਹੀਦ ਭਾਈ ਮਨੀ ਸਿੰਘ ਜੀ ਦੇ

ਬੰਦ ਬੰਦ ਕੱਟ ਹੋਣ ਸਮੇਂ ਹਾਏ ਹਾਏ ਦੀ ਥਾਂ ਵਾਹਿਗੁਰੂ..!ਵਾਹਿਗੁਰੂ..!ਵਾਹਿਗੁਰੂ..!ਦੀ ਮਧੁਰ ਧੁਨੀ ਹੀ ਸੁਣਾਈ ਦੇ ਰਹੀ ਸੀ।ਇਸਦਾ ਕਾਰਨ ਇਹ ਸੀ ਕਿ ਭਾਈ ਮਨੀ ਸਿੰਘ ਜੀ ਦੇ ਰੋਮ ਰੋਮ ਵਿਚੋਂ ਉਸ ਵੇਲੇ ਨਾਮ ਰਸ ਦੇ ਫੁਹਾਰੇ ਚੱਲ ਰਹੇ ਸੀ।ਨਾਮ ਰਸ ਵਿਚ ਲੀਨ ਹੋਏ ਭਾਈ ਸਾਹਿਬ ਦੀ ਸੁਰਤੀ ਰਸ-ਰੂਪ ਵਾਹਿਗੁਰੂ ਦੇ ਰਸ ਵਿਚ ਸਮਾਈ ਹੋਈ ਸੀ।ਇਸੇ ਕਰਕੇ ਹੀ ਤਾਂ ਉਹ ਬੰਦ ਬੰਦ ਕੱਟਣ ਵਾਲੇ ਨੂੰ ਕਹਿ ਰਹੇ ਸੀ ਕਿ ਉਹ ਆਪਣੇ ਹਾਕਮ ਦੀ ਹੁਕਮ-ਅਦੂਲੀ ਨਾ ਕਰੇ..!ਪੂਰਾ ਹੱਥ ਕੱਟ ਕੇ ਜਿਸਮ ਦੇ ਡੱਕਰੇ ਡੱਕਰੇ ਕਰਕੇ ਸ਼ਹੀਦ ਕਰਨ ਦੀ ਥਾਂ ਹੱਥਾਂ ਦੀਆਂ ਉਂਗਲੀਆਂ ਦੇ ਪੋਟਿਆਂ ਤੋਂ ਬੰਦ ਬੰਦ ਕਰਕੇ ਕੱਟਣਾਂ ਸ਼ੁਰੂ ਕਰੇ।ਡਾਕਟਰ ਬਿਹੋਸ਼ੀ ਦਾ ਟੀਕਾ ਲਗਾ ਕੇ ਬੰਦੇ ਦੇ ਜਿਸਮ ਦੀ ਚੀਰ ਫਾੜ ਕਰ ਲੈਂਦੇ ਹਨ।ਬੰਦਾ ਸਰੀਰਕ ਦਰਦਾਂ ਤੋਂ ਬਚਿਆ ਰਹਿੰਦਾ ਹੈ ਪਰ ਨਾਮ ਬਾਣੀ ਦੇ ਰਸ ਦਾ ਟੀਕਾ ਭਾਈ ਮਨੀ ਸਿੰਘ ਜੀ ਵਰਗਿਆਂ ਦੀਆਂ ਸਰੀਰਕ ਦਰਦਾਂ ਨੂੰ ਗੂੜ੍ਹੀ ਨੀਂਦੇ ਸੁਲਾਉਣ ਪਿਛੋਂ ਉਨ੍ਹਾਂ ਦੇ ਰੋਮ ਰੋਮ ਵਿਚ ਪਰਮਰਸ ਘੋਲ ਦਿੰਦਾ ਹੈ,ਸਾਹਾਂ ਵਿਚ ਨਾਮ ਰਸ ਦੀ ਪੀਂਘ ਪਾ ਦਿੰਦਾ ਹੈ ਤੇ ਫਿਰ ਬੰਦ ਬੰਦ ਕਟਵਾਉਂਦਿਆਂ ਵੀ ਦੁੱਖ ਨਹੀਂ ਲਗਦਾ।ਸਗੋਂ ਪਰਮ ਅਨੰਦ ਵਾਲੀ ਨਾਮ ਖੁਮਾਰੀ ਚੜ੍ਹੀ ਰਹਿੰਦੀ ਹੈ।

ਧੰਨ ਹੈ..!ਦਮਦਮਾ ਸਾਹਿਬ ਦੀ ਪਵਿੱਤਰ ਧਰਤੀ..!ਇਸ ਧਰਤੀ ਦੀ ਗੋਦ ਹਰੀ ਕਰਨ ਲਈ ਕਰਤਾ ਪੁਰਖ ਨੇ ਜੁਗੋ ਜੁਗ ਅਟੱਲ ਗੁਰੂ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਗਟ ਗੁਰਾਂ ਕੀ ਦੇਹ ਦੇ ਸਰੂਪ ਦੀ ਸਦ-ਜੀਵੀ ਇਲਾਹੀ ਜੋਤ ਪ੍ਰਗਟ ਕੀਤੀ।'ਵਾਹੁ ਵਾਹੁ ਬਾਣੀ ਨਿਰੰਕਾਰ ਹੈ॥'ਨਿਰੰਕਾਰ ਨੇ ਆਪਣਾ ਨਿਆਰਾ ਸਰੂਪ ਪ੍ਰਗਟ ਕਰਨ ਲਈ ਨਿਆਰੀ ਖੇਡ ਖੇਡੀ।'ਪੂਰਨ ਪਰਮ ਜੋਤਿ ਪਰਮੇਸਰ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਜੋਤ ਪ੍ਰਗਟਾਈ।ਦੁਨੀਆਂ ਦੇ ਬਾਕੀ ਧਰਮ ਗਰੰਥਾਂ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰੇ ਧਰਮ ਗ੍ਰੰਥ ਹੀ ਨਾ ਰਹੇ ਸਗੋਂ ਕਲਿਯੁਗ ਦੇ ਘੋਰ ਅੰਧਕਾਰ ਵਿਚ ਗਿਆਨ ਦੀਆਂ ਰਿਸ਼ਮਾਂ ਵਰ੍ਹਾਉਣ ਲਈ,ਸਰਵ-ਸੁਖਾਂ ਦੇ ਦਾਤੇ ਨਿਰੰਕਾਰ ਜੀ ਆਪ ਬਾਣੀ ਦੇ ਸਰੂਪ ਵਿਚ ਪ੍ਰਗਟ ਹੋਏ।

ਭੁੱਜੇ ਹੋਏ ਛੋਲਿਆਂ ਦੀ ਇਕ ਮੁੱਠ ਖਾ ਕੇ ਬਾਬਾ ਦੀਪ ਸਿੰਘ ਜੀ ਪਾਣੀ ਪੀ ਲੈਂਦੇ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਉਤਾਰੇ ਕਰਨ ਦੀ ਘਾਲ ਕਮਾਈ ਕਰਦਿਆਂ ਦਿਨ ਰਾਤ ਬਿਤਾਉਂਦੇ ਸੀ।ਅੰਮ੍ਰਿਤ ਬਾਣੀ ਲਿਖਣ ਦੀ ਸੇਵਾ ਕਰਕੇ ਭਾਈ ਮਨੀ ਸਿੰਘ ਜੀ ਦੇ ਰੋਮ ਰੋਮ ਵਿਚ ਅੰਮ੍ਰਿਤ ਰਸ ਘੁਲ ਗਿਆ ਤੇ ਉਨ੍ਹਾਂ ਨੇ ਬੰਦ ਬੰਦ ਕਟਵਾਉਂਦਿਆਂ ਵੀ ਸੁਰਤੀ ਨਾਮ-ਰਸ ਵਿਚ ਜੋੜੀ ਰੱਖੀ ਪਰ ਬਾਬਾ ਦੀਪ ਸਿੰਘ ਜੀ ਨੇ ਤਾਂ ਕਮਾਲ ਹੀ ਕਰ ਛੱਡੀ..! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਉਤਾਰੇ ਕਰਨ ਦੀ ਸੇਵਾ ਕਰਕੇ ਸੀਸ ਤਲੀ ਉਤੇ ਰੱਖ ਕੇ ਤੇਗ ਵਾਹੁਣ ਦੀ ਬਖਸ਼ਿਸ਼ ਪ੍ਰਪਤ ਕਰ ਲਈ।

*******************

# ਬ੍ਰਹਮੰਡੀ ਊਰਜਾ ਦਾ ਹੜ੍ਹ

ਰੂਹਾਨੀ ਵਿਦਿਆ ਦੀ ਮਾਹਿਰ,ਇਕ ਡਾਕਟਰ ਟੀ.ਵੀ.ਪ੍ਰੋਗਰਾਮ ਵਿਚ ਅੰਮ੍ਰਿਤ ਵੇਲੇ ਅਤੇ ਸੰਧਿਆਂ ਕਾਲ ਸਮੇ ਕੀਤੇ ਜਪ ਤਪ ਦੇ ਲਾਹੇ ਪ੍ਰਾਪਤ ਕਰਨ ਦੀ ਗੱਲ ਕਰਦੀ ਹੋਈ ਬੜੀ ਭਾਵੁਕ ਹੋ ਕੇ ਬ੍ਰਹਮੰਡੀ ਊਰਜਾ ਦੀ ਜਾਣਕਾਰੀ ਦੇ ਰਹੀ ਸੀ।ਉਹ ਦੱਸ ਰਹੀ ਸੀ ਕਿ ਰਾਤ ਅਤੇ ਦਿਨ ਦੇ ਮਿਲਾਪ ਸਮੇ ਬ੍ਰਹਮੰਡੀ ਊਰਜਾ ਦਾ ਹੜ੍ਹ ਆਇਆ ਹੋਇਆ ਹੁੰਦਾ ਹੈ।'ਊਰਜਾ ਦਾ ਹੜ੍ਹ' ਆਪ-ਮੁਹਾਰੇ ਉਸਦੇ ਮੂੰਹੋਂ ਵਾਰ ਵਾਰ ਨਿਕਲੀ ਜਾਵੇ ਪਰ ਉਸ ਕੋਲ ਉਸ ਹੜ੍ਹ ਦੀ ਚਿੱਤ੍ਰ-ਰੇਖਾ ਉਲੀਕਣ ਲਈ ਕੋਈ ਸ਼ਬਦ ਨਹੀਂ ਸੀ।ਉਸ ਨੇ ਇਹ ਨਹੀਂ ਦੱਸਿਆ ਕਿ ਇਹ ਹੜ੍ਹ ਕਿੱਥੇ ਆਉਂਦਾ ਹੈ।ਧਰਤੀ ਉਤੇ ਆਉਂਦਾ ਹੈ ਜਾਂ ਅਸਮਾਨ ਵਿਚ ਆਉਂਦਾ ਹੈ ਪਰ ਉਸਦੀਆਂ ਗੱਲਾਂ ਤੋਂ ਸੰਕੇਤ ਮਿਲ ਰਿਹਾ ਸੀ ਕਿ ਉਸ ਹੜ੍ਹ ਦਾ ਰਿਸ਼ਤਾ ਸਾਡੇ ਦਿਲਾਂ ਨਾਲ ਹੈ।ਦਿਨ ਤੇ ਰਾਤ ਦੇ ਸੁਮੇਲ ਨਾਲ ਹੈ।ਜਦੋਂ ਚਾਨਣ ਹਨੇਰੇ ਨੂੰ ਗਲੇ ਲਗਾਉਂਦਾ ਹੈ ਤਾਂ ਪਤਾ ਨਹੀਂ ਉਹ ਕਿਹੜੀਆਂ ਪ੍ਰੇਮ-ਕੰਬਣੀਆਂ ਛਿੜਦੀਆਂ ਹਨ ਜਿਨ੍ਹਾਂ ਦੀ ਥਰ-ਥਰਾਹਟ ਬ੍ਰਹਮੰਡੀ ਊਰਜਾ ਦਾ ਹੜ੍ਹ ਬਣ ਕੇ ਸਾਰੇ ਬ੍ਰਹਮੰਡ ਵਿਚ ਵਹਿਣ ਲੱਗ ਪੈਂਦੀ ਹੈ।ਉਸ ਵੇਲੇ ਕਣ ਕਣ ਵਿਚ ਹਰਕਤ ਆ ਜਾਂਦੀ ਹੈ।ਭਗਤਾਂ ਲਈ ਇਹ 'ਦੇਵਤਿਆਂ ਦਾ ਵੇਲਾ' ਹੁੰਦਾ ਹੈ।ਆਰਤੀਆਂ ਉਤਾਰਨ ਦਾ ਵੇਲਾ...।

ਅਨੰਤ ਕਾਲ ਤੋਂ,ਨਿਰੰਤਰ ਹੋ ਰਹੀ ਬਾਬੇ ਨਾਨਕ ਦੀ ਆਰਤੀ ਦੇ ਰੰਗ ਅੰਮ੍ਰਿਤ ਵੇਲੇ ਅਤੇ ਸੰਧਿਆ ਕਾਲ ਵਿਚ ਹੋਰ ਗੂੜ੍ਹੇ ਹੋ ਜਾਂਦੇ ਹਨ।ਗਗਨ ਰੂਪੀ ਥਾਲ ਵਿਚ ਰੰਗਾਂ ਦਾ ਮੇਲਾ ਲੱਗ ਜਾਂਦਾ ਹੈ।ਚੰਦ ਸੂਰਜ ਦੇ ਦੀਵੇ ਅਤੇ ਤਾਰਿਆਂ ਦੇ ਮੋਤੀਆਂ ਨਾਲ ਸਜੇ ਇਸ ਆਰਤੀ ਦੇ ਥਾਲ ਉਤੇ ਝੁੱਲ ਰਹੇ ਪਵਣ ਦੇ ਚੌਰ ਦੀ ਝੋਲ ਵਿਚੋਂ ਨਿਕਲਦੀਆਂ ਅਨਾਹਤ ਵਾਜੇ(ਭੇਰੀ)ਦੀਆਂ ਅਨਹਦੀ ਧੁਨੀਆਂ ਭਗਤੀ ਦੇ ਰੰਗਾਂ ਵਿਚ ਵਾਧਾ ਕਰਨ ਲਈ ਬ੍ਰਹਮੰਡੀ ਊਰਜਾ ਦਾ ਰੰਗ ਵਰ੍ਹਾਉਂਦੀਆਂ ਹਨ।

ਲਿਵ ਦੀਆਂ ਡੋਰਾਂ ਵਿਚ ਬੱਝ ਕੇ ਆਤਮਿਕ ਹੁਲਾਰਿਆਂ ਦਾ ਅਨੰਦ ਲੈਣ ਵਾਲੀ ਬੀਬੀ ਦੇ ਚੇਹਰੇ ਦੇ ਹਾਵ ਭਾਵ ਦੱਸ ਰਹੇ ਸੀ ਕਿ ਉਸਨੇ ਇਸ ਹੜ੍ਹ ਵਿਚ ਰੱਜ ਰੱਜ ਕੇ ਤਾਰੀਆਂ ਲਾਈਆਂ ਹੋਈਆਂ ਹਨ।ਆਪ ਹੀ ਨਹੀਂ ਸਗੋਂ ਦੂਜਿਆਂ ਨੂੰ ਵੀ ਆਪਣੇ ਮਜਬੂਤ ਹੱਥਾਂ ਦੀ ਪਕੜ ਵਿਚ ਲੈ ਕੇ ਇਸ ਹੜ੍ਹ ਵਿਚ ਡੁਬਕੀਆਂ ਦੁਆ ਕੇ ਉਚ-ਮੰਡਲਾਂ ਦੇ ਰੰਗ-ਰਸ ਦੀ ਜਾਣ ਪਛਾਣ ਕਰਵਾਈ ਹੈ।ਊਰਜਾ ਦੇ ਹੜ੍ਹ ਵਿਚੋਂ ਚੂਲੀਆਂ ਭਰ ਭਰ ਦੁਖਿਆਰਿਆਂ ਦੇ ਸੱਲੜੇ ਜ਼ਖਮਾਂ ਉਤੇ ਡੋਲ੍ਹੀਆਂ ਅਤੇ ਉਨ੍ਹਾਂ ਨੂੰ ਹਰਿਆਂ ਭਰਿਆਂ ਕੀਤਾ।

ਰੂਹਾਨੀ ਰਾਹਾਂ ਦੇ ਪਾਂਧੀਆਂ ਮੂਹੋਂ ਨਿਕਲਦੀਆਂ ਗੱਲਾਂ ਸੱਚ ਦੇ ਤ੍ਰਿਹਾਇਆਂ ਦੇ ਦਿਲਾਂ ਉਤੇ ਸਿੱਧੀਆਂ ਟਕੋਰਾਂ ਮਾਰਦੀਆਂ ਹਨ। ਉਨ੍ਹਾਂ ਦੇ ਮਿੱਠੜੇ ਬੋਲ ਕੰਨਾਂ ਵਿਚ ਰਸ ਘੋਲ ਜਾਂਦੇ ਹਨ। ਰੰਗ-ਰੱਤੜੀਆਂ ਜਿੰਦਾਂ ਜਦੋਂ ਆਪਣੇ ਹੰਢਾਏ ਹੋਏ ਰੂਹਾਨੀ ਪਲਾਂ ਦੀਆਂ ਕਥਾ ਕਹਾਣੀਆਂ ਕਰਦੀਆਂ ਹਨ ਤਾਂ ਉਨ੍ਹਾਂ ਦੀਆਂ ਨੂਰਾਨੀ ਰਸ-ਰੰਗ ਨਾਲ ਭਰੀਆਂ ਅੱਖੀਆਂ ਰਾਹੀਂ ਵਰ੍ਹਦੀਆਂ ਕਿਰਨਾ, ਉਨ੍ਹਾਂ ਰੰਗਾਂ ਦੀ ਬਰਸਾਤ ਲਗਾ ਦਿੰਦੀਆਂ ਹਨ,ਜਿਨ੍ਹਾਂ ਰੰਗਾਂ ਦਾ ਵਰਨਣ ਕਰਨ ਲਈ ਅੱਜ ਤੱਕ ਦੁਨੀਆਂ ਦੀ ਕਿਸੇ ਭਾਸ਼ਾ ਨੂੰ ਵੀ ਕੋਈ ਸ਼ਬਦ ਨਹੀਂ ਲੱਭਿਆ। ਗੁੰਗੇ ਦੀ ਮਠਿਆਈ ਖਾਣ ਵਾਂਗੂੰ ਕੁਝ ਬੋਲਿਆ ਤਾਂ ਨਹੀਂ ਜਾਂਦਾ ਪਰ ਇਲਾਹੀ ਰਸਾਂ ਦੇ ਸਵਾਦ-ਚਿਤੱਰ ਉਨ੍ਹਾਂ ਦੇ ਚੇਹਰਿਆਂ ਦੀਆਂ ਦਗ੍ਹ ਦਗ੍ਹ ਕਰਦੀਆਂ ਲਾਲੀਆਂ ਰਾਹੀਂ ਟਪਕ ਪੈਂਦੇ ਹਨ।

ਟੀ.ਵੀ.ਪ੍ਰੋਗਰਾਮ ਦੇਖਣ ਵਾਲੇ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਕਿ ਅੰਮ੍ਰਿਤ ਵੇਲੇ ਦੇ ਨਿਤ ਨੇਮ ਅਤੇ ਸ਼ਾਮ ਵੇਲੇ ਰਹਿਰਾਸ ਸਾਹਿਬ ਦੀ ਬਾਣੀ ਪੜ੍ਹਨ ਸਮੇ ਇਲਾਹੀ ਮੰਡਲ ਦੀਆਂ ਘਨਘੋਰ ਘਟਾਵਾਂ ਦੀਆਂ ਘੇਰਾਂ ਵਿਚ ਮਨ ਕਿਵੇਂ ਟਿਕ ਜਾਂਦਾ ਹੈ ਤੇ ਫਿਰ ਬਾਕੀ ਸਾਰਾ ਦਿਨ ਉਹ ਗੱਲ ਕਿਉਂ ਨਹੀਂ ਬਣਦੀ। ਉਸਨੂੰ ਬਚਪਨ ਤੋਂ ਹੀ ਚੜ੍ਹਦੇ ਅਤੇ ਲਹਿੰਦੇ ਸੂਰਜ ਦੀਆਂ ਲਾਲੀਆਂ ਦੇ ਰੰਗ ਮਾਨਣ ਦੀ ਆਦਤ ਸੀ। ਫਿਰ ਸਾਧੂ ਸੰਤਾਂ ਦੀ ਸੰਗਤ ਜੀਵਨ ਵਿਚ ਗੁਰਬਾਣੀ ਦੇ ਪ੍ਰੇਮ ਦਾ ਰਸ ਘਚੋਲਦੀ ਰਹੀ। ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਨੇ ਕੁਦਰਤ ਵਿਚੋਂ ਕਾਦਰ ਦੇ ਰੰਗ ਦੇਖਣ ਦੀ ਲਗਨ ਲਗਾ ਦਿੱਤੀ, ਹੇਮ ਕੁੰਟ ਸਾਹਿਬ ਦੀ ਯਾਤਰਾ ਵਿਚੋਂ ‘ਬਲਿਹਾਰੀ ਕੁਦਰਤਿ ਵਸਿਆ॥’ ਦੇ ਅਨੁਭਵ ਨੇ ਜੀਵਨ ਵਿਚ ਨਵਾਂ ਰੰਗ ਭਰ ਦਿੱਤਾ ਤੇ ਅੱਜ ਘਰ ਬੈਠਿਆਂ ਹੀ ਟੀ.ਵੀ. ਪ੍ਰੋਗਰਾਮ ਦੇਖਦਿਆਂ ‘ਬ੍ਰਹਮੰਡੀ ਊਰਜਾ ਦੇ ਹੜ੍ਹ’ ਨੇ ਐਸੀ ਖਿੱਚ ਪਾਈ ਕਿ ਇਸ ਧਰਤੀ ਤੋਂ ਪਰ੍ਹੇ ਉਚ ਮੰਡਲਾਂ ਵਿਚੋਂ ਖਿੱਚਾਂ ਪਾਉਣ ਵਾਲੇ ਊਰਜਾ ਦੇ ਹੜ੍ਹ ਵਿਚ ਤਾਰੀਆਂ ਲਗਾਉਣ ਲਈ ਜੀਅ ਤਰਸਿਆ। ਦਿਲ ਕਰੇ ਕਿ ਟੀ.ਵੀ.ਅੱਗੇ ਹੀ ਸਮਾਧੀ ਲਗਾ ਕੇ ਬੈਠ ਜਾਵੇ ਤੇ ਧਿਆਨ ਦੀਆਂ ਡੋਰਾਂ ਕੱਸ ਕੇ ਅੰਮ੍ਰਿਤ ਵੇਲਾ ਹੋਣ ਤੋਂ ਪਹਿਲੇ ਹੀ ਜਾ ਵੜੇ ਬ੍ਰਹਮੰਡੀ ਊਰਜਾ ਦੇ ਹੜ੍ਹ ਵਿਚ..। ਪਰ ਦਿਨ ਭਰ ਦੇ ਕੰਮਾਂ ਕਾਰਾਂ ਦੀਆਂ ਜਿੰਮੇਵਾਰੀਆਂ ਅੱਗੇ ਕੋਈ ਪੇਸ਼ ਨਾ ਗਈ। ਬ੍ਰਹਮੰਡੀ ਊਰਜਾ ਦਾ ਹੜ੍ਹ ਉਸਦੇ ਅੰਤਸ਼-ਕਰਣ ਵਿਚ ਟਿਕ ਕੇ ਬੈਠ ਗਿਆ।

ਰਾਤ ਨੂੰ ਸੁਪਨੇ ਵਿਚ ਦੇਖਦਾ ਹੈ ਕਿ ਉਹ ਆਪਣੇ ਘਰ ਦੀ ਛੱਤ ਉਤੇ ਖੜ੍ਹਾ ਹੈ ਪਰ ਉਸਦਾ ਘਰ ਉਚ ਅਸਮਾਨੀ ਪਹੁੰਚਿਆ ਹੋਇਆ ਹੈ। ਉਪਰ ਅੱਤਿ ਸੋਹਣੇ ਪ੍ਰਕਾਸ਼ ਨਾਲ ਭਰਿਆ ਹੋਇਆ,ਬਹੁਤ ਵੱਡੇ ਅਕਾਰ ਵਾਲਾ ਅਕਾਸ਼ ਇਲਾਹੀ ਨੂਰ ਨਾਲ ਜਗ ਮਗਾ ਰਿਹਾ ਹੈ ਤੇ ਫਿਰ ਅਲੌਕਿਕ ਚਮਕ ਨਾਲ ਚਮਕਦਾ ਹੋਇਆ ਇਕ ਗ੍ਰਹਿ ਉਸਦੀਆਂ ਅਖੀਆਂ ਦੇ ਸਾਹਮਣੇ ਆਉਂਦਾ ਹੈ ਜੋ ਪੂਰਾ ਗੋਲ ਨਹੀਂ ਹੈ। ਇਕ ਪਾਸੇ ਤੋਂ ਉਸਦਾ ਇਕ ਹਿੱਸਾ ਥੋੜ੍ਹਾ ਜਿਹਾ ਉਭਰਿਆ ਹੋਇਆ ਦਿਖਾਈ ਦਿੰਦਾ ਹੈ। ਉਸਦੀ ਅੱਤਿ ਤਿੱਖੀ ਚਮਕ ਨਾਲ ਅਖੀਆਂ ਚੁੰਧਿਆਉਂਦੀਆਂ ਨਹੀਂ,ਸਗੋਂ ਇਕ ਬਹੁਤ ਸੁਖਾਵੇਂ ਚੈਨ ਦਾ ਅਨੁਭਵ ਕਰਦੀਆਂ ਹਨ ਤੇ ਉਸਨੂੰ ਵਾਰ ਵਾਰ ਦੇਖਦੀਆਂ ਹਨ। ਗ੍ਰਹਿ ਨੂੰ ਵੀ ਜਿਵੇਂ ਅੱਖੀਆਂ ਲੱਗੀਆਂ ਹੋਈਆਂ ਹੋਣ... !ਉਹ ਵੀ

ਜਿਵੇਂ ਆਪਣੀ ਜਾਣ ਪਛਾਣ ਕਰਵਾ ਰਿਹਾ ਹੋਵੇ..!ਕਿਸੇ ਬ੍ਰਹਮੰਡੀ ਰਿਸ਼ਤੇ ਦੀ ਖਿੱਚ ਦਾ ਅਹਿਸਾਸ ਕਰਵਾ ਰਿਹਾ ਸੀ।ਗ੍ਰਹਿ ਆਪਣੀ ਚਾਲੇ ਚਲਦਾ ਗਿਆ ਤੇ ਦੇਖਣ ਵਾਲੇ ਦੀਆਂ ਨਿਗਾਹਾਂ ਉਸਦੀ ਚਾਲ ਉਤੇ ਟਿਕੀਆਂ ਰਹੀਆਂ।ਉਹ ਆਪ ਵੀ ਉਸਦੇ ਨਾਲ ਨਾਲ ਚਲਦਾ ਗਿਆ।ਪਰ ਹੁਣ ਉਸਦੇ ਪੈਰਾਂ ਥੱਲੇ ਉਸਦੇ ਘਰ ਦੀ ਛੱਤ ਨਹੀਂ ਸੀ।ਉਹ ਆਪਣੇ ਨੂਰੀ ਗ੍ਰਹਿ ਦਾ ਸੰਗੀ ਸਾਥੀ ਬਣ ਕੇ ਖੁਲ੍ਹੇ ਅਸਮਾਨੀ ਤਾਰੀਆਂ ਲਗਾ ਰਿਹਾ ਸੀ।ਛੱਤ ਪਤਾ ਨਹੀਂ ਕਿੱਥੇ ਰਹਿ ਗਈ।ਥੋੜ੍ਹੀ ਦੇਰ ਪਿਛੋਂ ਉਸਨੇ ਦੇਖਿਆ ਕਿ ਪਹਿਲਾਂ ਤਾਂ ਗ੍ਰਹਿ ਇਕੱਲਾ ਹੀ ਸੀ ਪਰ ਹੁਣ ਗ੍ਰਹਿ ਦੇ ਆਲੇ ਦੁਆਲੇ ਇਕ ਦੁੱਧ-ਚਿੱਟੇ ਬੱਦਲਾਂ ਦੇ ਛੋਟੇ ਛੋਟੇ ਟੁਕੜਿਆਂ ਨਾਲ ਭਰਿਆ ਹੋਇਆ ਅਥਾਹ ਸਾਗਰ ਲਹਿਰਾ ਰਿਹਾ ਹੈ।ਸਾਗਰ ਦੀਆਂ ਲੰਬਾਈਆਂ ਚੁੜਾਈਆਂ ਬੇ-ਹਿਸਾਬੀਆਂ ਹਨ ਤੇ ਉਸ ਚਾਂਦੀ ਦੀ ਲਿਸ਼ਕੋਰ ਵਾਂਗੂੰ ਚਮਕਦੇ ਗ੍ਰਹਿ ਦੀਆਂ ਦੂਰੀਆਂ ਵੀ ਅਣ-ਮਿਣਵੀਆਂ ਹਨ।ਇਹ ਸਭ ਕੁਝ ਉਸਨੂੰ ਨੇੜੇ ਨੇੜੇ ਲੱਗੇ..! ਬਿਲਕੁਲ ਸਾਹਮਣੇ ਹੀ..!ਕੋਲ ਕੋਲ....!

ਸਾਗਰ ਦੀ ਚੁੰਬਕੀ ਖਿੱਚ ਆਪਣੇ ਵਲ ਖਿੱਚਣ ਲੱਗੀ।ਸੋਹਜ-ਸੁਖਾਵੀ ਚਾਲ ਚਲਦੀਆਂ ਲਹਿਰਾਂ ਦੀ ਚਾਲ ਵਿਚੋਂ ਨਾਮ ਸਿਮਰਨ ਦੀ ਅਨਹਦ ਧੁਨੀ ਸੁਣਾਈ ਦੇਣ ਲੱਗੀ।ਉਸਨੇ ਲੰਬੀ ਬਾਂਹ ਕਰਕੇ ਸਾਗਰ ਦੀਆਂ ਲਹਿਰਾਂ ਵਿਚ ਹੱਥ ਪਇਆ।ਹੈਂ....!!ਇਥੇ ਪਾਣੀ ਤੇ ਹੈ ਹੀ ਨਹੀਂ...!ਇਥੇ ਤਾਂ ਨਿਰਾ ਨੂਰ ਹੀ ਨੂਰ ਹੈ...!ਉਸਦਾ ਹੱਥ ਗਿੱਲਾ ਨਹੀਂ ਹੋਇਆ।ਨੂਰ ਨਾਲ ਭਰ ਗਿਆ ਤੇ ਨਾਲ ਹੀ ਇਕ ਐਸਾ ਕਰੰਟ ਵੱਜਿਆ ਕਿ ਉਸਦੇ ਸਾਹਾਂ ਵਿਚ ਪਈ ਨਾਮ-ਰਸ ਦੀ ਪੀਂਘ ਉਤੇ ਸਿਮਰਨ ਦੇ ਤੇਜ ਹੁਲਾਰਿਆਂ ਨਾਲ ਉਸਦੀ ਜਾਗ ਖੁਲ੍ਹ ਗਈ।ਉਸਨੇ ਦੇਖਿਆ ਉਸਦਾ ਤਨ ਮਨ ਨਾਮ-ਰਸ ਨਾਲ ਸਿੰਜਿਆ ਪਿਆ ਹੈ।

ਸੁਪਨਾ ਰੰਗ ਦਿਖਾ ਗਿਆ ਪਰ ਸਿਮਰਨ ਦਾ ਅਸਰ ਹਾਲੇ ਵੀ ਪੂਰੀ ਤਰ੍ਹਾਂ ਕਾਇਮ ਸੀ।ਇਕ ਵਾਰੀ ਅੱਖ ਖੁਲ੍ਹਣ ਦੇ ਪਿਛੋਂ ਉਸਨੇ ਸੁਪਨੇ ਦੇ ਰੰਗ-ਰਸ ਨੂੰ ਸੰਭਾਲਣ ਲਈ ਸੁਰਤੀ ਦੇ ਖੰਭਾਂ ਨੂੰ ਘੁੱਟ ਕੇ ਸਮੇਟ ਲਿਆ ਤੇ ਦੁਬਾਰਾ ਅਖੀਆਂ ਬੰਦ ਕਰਕੇ ਸਿਮਰਨ ਵਿਚ ਲੀਨ ਹੋ ਗਿਆ।ਪਤਾ ਹੀ ਨਾ ਲੱਗਿਆ ਕਿ ਕਿਹੜੇ ਵੇਲੇ ਅੰਮ੍ਰਿਤ ਵੇਲਾ ਬੀਤ ਗਿਆ।ਦਿਨ ਚੜ੍ਹ ਗਿਆ।ਨਿੱਤ ਦੇ ਰੁਝੇਵਿਆਂ ਨੇ ਉਸਨੂੰ ਬਿਸਤਰੇ ਤੋਂ ਉਠਾਇਆ ਪਰ ਉਹ ਤਾਂ ਲੜਖੜਾ ਰਿਹਾ ਸੀ।ਉਸਨੂੰ ਤਾਂ ਸਿਮਰਨ ਦੀ ਘੂਕੀ ਚੜ੍ਹੀ ਹੋਈ ਸੀ।ਖੜ੍ਹੇ ਖੜ੍ਹੇ ਦੀਆਂ ਵੀ ਅੱਖੀਆਂ ਬੰਦ ਹੋਈ ਜਾ ਰਹੀਆਂ ਸਨ।

**********************



# ਰੇਸ਼ਮੀ ਬੱਦਲ

ਪੂਰੇ ਤਾਣ ਵਿਚ ਤਣੇ
ਇਹ ਵਿਸ਼ਾਲ ਪਰਬਤ
ਤੇਰੇ ਉੱਚ-ਠਿਕਾਣੇ ਨੂੰ ਹੱਥ ਪਾਉਣ ਲਈ
ਉਚੇ ਹੋ ਹੋ ਅੰਬਰਾਂ ਦੀਆਂ ਗੁੱਠਾਂ ਫਰੋਲਦੇ
ਤੇਰਾ ਥਹੁ-ਪਤਾ ਲੱਭਦੇ।

ਇਹਨਾਂ ਦੇ ਬਿਰਹੋਂ-ਸੱਲੜੇ ਸੀਨੇ 'ਚੋਂ
ਧੂਏਂ ਦੇ ਗੁਬਾਰ ਨਿਕਲਦੇ,
ਤੇ ਨਰਮ ਰੇਸ਼ਮੀ ਬਦਲਾਂ ਦੇ ਗੋਹੜੇ ਬਣ
ਕਰੁਣਾ ਦੀ ਕਹਾਣੀ ਪਾਉਂਦੇ।

ਪਰਬੱਤਾਂ ਦੀ ਹਿੱਕ ਨਾਲ ਲੱਗ ਲੱਗ ਤੁਰਦੇ ।
ਨੂਰੀ ਪ੍ਰੀਤਮ ਦੇ ਚਰਨਾਂ ਵਿਚ ਸਾਵਣ ਬਣ ਕਿਰ ਜਾਣ ਲਈ,

ਓਧਰ ਤੁਰ ਪਏ
ਜਿਧਰੋਂ ਤੇਰੀ ਸੋਅ ਪਈ ਆਉਂਦੀ ਸੀ।

ਉੱਚ ਅਸਥਾਨਾਂ ਵਾਲੜਿਆ !
ਮੈਂ ਵੀ ਇਹਨਾਂ ਦੀ ਰੀਸ ਕੀਤੀ ਤੇ ਤੁਰ ਪਈ

ਦਿਲ ਅੰਬਰ ਵਿਚ ਚੜ੍ਹੀਆਂ ਘਨਘੋਰ ਘਟਾਵਾਂ
ਤੇਰੇ ਚਰਨਾਂ ਵਿਚ ਬਰਸਾਣ ਲਈ ।
ਸਿਰ ਉਤੇ ਚੁੱਕੀ ਗੁਨਾਹਾਂ ਦੀ ਪੰਡ ਨਾਲ
ਮੈਂ ਦੱਬਦੀ ਦੱਬਦੀ ਜਾਂਦੀ ।
ਬਿਰਹੋਂ ਭਿੱਜੇ ਦਿਲ ਨੂੰ ਘੁਟ ਕੇ
ਅੱਖੀਆਂ ਰਾਹੀਂ ਨਿਚੋੜਦੀ ।
ਔਖੀਆਂ ਘਾਟੀਆਂ,
ਬਿਖੜੇ ਪੈਂਡੇ ਗੱਛਦੀ
ਜਾਂ ਪਹੁੰਚੀ
ਤੇਰੇ ਹਰਿਆਵਲੇ ਦੇਸ਼ ਦੀ ਜੂਹ ਵਿਚ ।
ਸਵਰਗੀ ਸੁੰਦਰਤਾ ਦੀ ਗੋਦ ਵਿਚ।

ਮਹਾਂ ਦਿਆਲੂਆ! ਕੀ ਪਤਾ ਸੀ?
ਕਿ ਤੂੰ ਇੰਜ ਮੇਹਰਾਂ ਦੀ ਝੜੀ ਲਗਾਉਣੀ ਏ?
ਮੇਰੇ ਸੋਹਣਿਆਂ ਸਾਈਆਂ!
ਮੈਂ ਵਾਰੀ! ਤੈਥੋਂ ਬਲਿਹਾਰੀ ।
ਤੇਰੀ ਪ੍ਰਾਹੁਣਚਾਰੀ ਤੋਂ ਸਦਕੇ।

ਤੂੰ ਫੁਲਾਂ ਦੀਆਂ ਝੋਲੀਆਂ
ਰੰਗਾਂ ਮਹਿਕਾਂ ਨਾਲ ਭਰ ਦਿੱਤੀਆਂ
ਤੇ ਉਨ੍ਹਾਂ ਨੂੰ ਮੇਰੇ ਰਾਹੀਂ ਭੇਜ ਦਿੱਤਾ
ਜੀ ਆਇਆਂ ਕਹਿਣ ਲਈ।

ਸੁੰਦਰਤਾ ਦੀ ਖਾਣ ਵਿਚ ਰਹਿੰਦੀਆਂ
ਰੰਗ-ਬਰੰਗੀਆਂ ਚਿੜੀਆਂ ਨੇ
ਪ੍ਰੇਮ-ਵਿੰਨ੍ਹੇਂ ਦਿਲਾਂ ਦੀਆਂ ਤਰਬਾਂ ਉਤੇ
ਤੇਰੇ ਨਾਮ ਦੀ ਧੁਨੀ ਅਲਾਪੀ

ਤੇ ਮੈਨੂੰ, ਤੇਰੇ ਨਾਮ ਰਸ ਦੇ ਅਨੰਦ ਦੀ
ਜਾਣ ਪਛਾਣ ਕਰਵਾਈ।
ਲੋਹੜੇ ਦੀ ਸੁੰਦਰਤਾ ਦੀਆਂ ਝੋਲੀਆਂ ਭਰੀ
ਉਛਲਦੀਆਂ, ਕੁੱਦਦੀਆਂ ਨਦੀਆਂ 'ਚੋਂ ਆ ਰਹੀ
ਤੇਰੇ ਨਾਮ ਦੀ ਅਖੰਡ ਧੁਨੀ
ਮੇਰੇ ਸਾਹਾਂ ਦੇ ਦੌਰ ਨਾਲ ਇਕ ਸੁਰ ਹੋ ਕੇ
ਦਿਲ-ਧੜਕਣ ਉਤੇ
ਤੇਰੇ ਨਾਮ ਦੀਆਂ ਮਿੱਠੀਆਂ ਟਕੋਰਾਂ ਕਰਨ ਲੱਗੀ।

ਬੱਦਲਾਂ 'ਚੋਂ ਉਡਦੇ ਪ੍ਰਕਾਸ਼ ਦੇ ਗੋਹੜਿਆਂ ਨੇ
ਮੇਰੀ ਸੁਰਤ ਨੂੰ ਆਪਣੇ ਕਲਾਵੇ ਵਿਚ ਲਿਆ
ਤੇ ਮੇਰੀ ਅੰਤਰ ਆਤਮਾਂ ਦਾ ਇਸ਼ਨਾਨ ਕਰਾ ਕੇ
ਤੇਰੇ ਦਰ ਉਤੇ ਲਿਆ ਕੇ ਖੜ੍ਹੀ ਕਰ ਦਿੱਤਾ
ਤੇ ਮੇਰੇ ਕੰਨ ਵਿਚ ਕਿਹਾ
**"ਔਹ ਦੇਖ..! ਤੈਨੂੰ ਬੁਲਾ ਰਿਹਾ ਹੈ..!"**

# ਦਰਸ਼ਨ ਭੇਟਾ

ਧਰਤੀ ਦੀ ਸੜਦੀ ਬਲਦੀ ਹਿੱਕ ਉਤੇ ਉਭਰੇ,
ਬਰਫੀਲੇ ਪਰਬਤ,
ਪੰਘਰੇ; ਪਿਘਲੇ, ਪਾਣੀ ਪਾਣੀ ਹੋ ਕੇ ਵਹਿ ਤੁਰੇ ।
ਸੱਚ ਦੇ ਠਿਕਾਣੇ ਦਾ ਸੁਨੇਹਾ,
ਦੂਰ ਦੂਰ ਤਕ ਪਹੁੰਚਾਉਣ ਲਈ,
ਵਾਹੋ-ਦਾਹੀ, ਨਿਵਾਣਾ ਵਲ ਭੱਜਣ ਲੱਗੇ।

ਦੁਸ਼ਟ-ਦਮਨ ਦੀ ਚਰਨ ਧੂੜ ਸੀਨੇ ਨਾਲ ਲਾਈ ਬੈਠੇ,
ਸਪਤ-ਸ਼੍ਰਿੰਗ ਦੇ ਦੇਸ ਜਾਂਦਿਆ ਮਨ ਮਉਲਿਆ।

ਅਡੋਲ ਖੜ੍ਹੇ ਪਰਬਤਾਂ ਦੇ ਸੋਹਣੇ ਬੁੱਕ ਵਿਚ ਸੰਭਲੇ,
ਸਰੋਵਰ ਦੇ ਕੰਢੇ ਬੈਠ,

ਕਹਿਰਾਂ ਦੀ ਸੁੰਦਰਤਾ ਦੇ ਲਿਸ਼ਕਾਰਿਆਂ ਨੇ,
ਅੱਖੀਆਂ ਚੁੰਧਿਆ ਦਿਤੀਆਂ ।
ਨਜ਼ਰਾਂ ਝੁਕੀਆਂ, ਤੇ ਜਾ ਟਿਕੀਆਂ,
ਠੰਡੀਆਂ, ਮਿੱਠੀਆਂ ਲਹਿਰਾਂ ਵਿਚ ਲਹਿਰਦੇ,
ਸਪਤ-ਸ੍ਰਿੰਗ ਦੇ ਪਰਛਾਵਿਆਂ ਉਤੇ ।
ਸਿਮਟ ਕੇ ਬੈਠੇ
ਚੌਤਰਫੀ ਫੈਲੇ ਅਕਹਿ ਸੁੰਦਰਤਾ ਦੇ ਨਜ਼ਾਰਿਆਂ ਉਤੇ।

ਸੁਰਤ ਨੇ ਲੰਬੀਆਂ ਉਡਾਰੀਆਂ ਭਰੀਆਂ,
ਤੇ ਲਿਪਟ ਗਈ,
ਦੁਸ਼ਟ-ਦਮਨ ਦੇ ਚਰਨ-ਕੰਵਲਾਂ ਨਾਲ।

ਤਪੋ-ਸਥਾਨ ਦੇ ਕਣ ਕਣ ਨੂੰ ਜੀਭਾਂ ਲੱਗ ਗਈਆਂ,
ਜੋ ਸੁੰਨ-ਸਮਾਧੀ 'ਚੋਂ ਉਠੇ ਦੁਸ਼ਟ-ਦਮਨ ਨੂੰ,
ਦੀਨ ਦੁਨੀਆਂ ਦੇ ਮਾਲਿਕ ਦੀ ਮਨ-ਪਸੰਦ ਦੇ,
ਖਾਲਸਾ-ਪੰਥ ਦੀ ਸਿਰਜਨਾ ਦੇ, ਆਦੇਸ਼ ਦੇਣ ਲੱਗੀਆਂ।

ਉਚ ਮੰਡਲੀਂ ਪਹੁੰਚੀ ਸੁਰਤ,
ਪੰਥ ਦੇ ਵਾਲੀ ਨੂੰ ਵਾਜਾਂ ਮਾਰਨ ਲੱਗੀ।

ਚੋਜੀ ਪ੍ਰੀਤਮ ਦੀ ਨੂਰਾਨੀ ਸੂਰਤ ਉਤੇ ਲੱਟੂ ਹਏ ਦਿਲ ਨੂੰ,
ਧੂਅ ਪਈ ।
ਕਾਂਗਾ ਉਠੀਆਂ।
ਹੰਝੂਆਂ ਦੀਆਂ ਧਾਰਾਂ,
ਦਰਸ਼ਨ-ਭੇਟਾ ਬਣਨ ਲਈ ਲੇਲ੍ਹੜੀਆਂ ਕੱਢਣ ਲੱਗੀਆ।

ਅਨਹਦ ਸੰਗੀਤ ਦੇ ਇਲਾਹੀ ਸੁਰਾਂ ਨਾਲ ਭਰੀ,
ਵਾਦੀ ਦੀ ਸੁੰਨ ਵਿਚ,
ਉਸਨੂੰ ਵਾਜਾ ਮਾਰਦਿਆਂ,
ਰੱਜ ਹੀ ਨਾ ਆਵੇ।
ਟਿਕਾ ਹੀ ਨਾ ਆਵੇ।
ਹਉਕੇ ਹਿੱਚਕੀਆਂ ਦੀ ਤੇਜ਼ ਰਫਤਾਰ ਨਾਲ,

ਘਿੱਗੀ ਬੈਠ ਗਈ ।
ਛਾਤੀ ਫਟਣ ਨੂੰ ਕਰੇ।

ਕੋਈ ਚੀਜ਼
ਮੇਰੇ ਅੰਦਰੋਂ ਨਿਕਲ ਨਿਕਲ
ਬਾਹਰ ਨੂੰ ਆਵੇ
ਪਰ ਉਹ ਅੜੀ ਰਹੀ
ਸਾਹਾਂ ਦੇ ਵਿਚਕਾਰ

ਕਾਸ਼..!
ਕਿਤੇ ਨਿਕਲ ਜਾਂਦੀ,
ਹਮੇਸ਼ਾਂ ਹਮੇਸ਼ਾਂ ਲਈ
ਸੁੰਦਰਤਾ ਵਿਚ ਘੁਲ ਮਿਲ ਜਾਂਦੀ
ਨੂਰ ਦਾ ਅੰਗ ਬਣ ਜਾਂਦੀ
ਮਹਾਂ ਅਨੰਦ ਦੇ ਸਾਗਰਾਂ ਵਿਚ, ਤਾਰੀਆਂ ਲਾਉਂਦੀ।

ਸ਼ਾਮਾਂ ਢਲੀਆਂ-
ਅੰਮ੍ਰਿਤ ਕਣੀਆਂ ਦਾ ਮੀਂਹ ਵਰ੍ਹਾਂਉਂਦੀਆਂ,
ਅਤਿ ਦੀ ਸੁੰਦਰਤਾ ਨੂੰ ਜਨਮ ਦਿੰਦੀਆਂ,
ਝਰਨਿਆਂ ਦੀਆਂ ਲੜੀਆਂ ਦਾ ਮਿੱਠਾ ਸੰਗੀਤ
ਮਸਤੀ ਦੇ ਬੁੱਲੇ ਉਡਾਉਂਦਾ ਹੋਇਆ
ਅੰਮ੍ਰਿਤ ਲਹਿਰਾਂ ਉਤੋਂ ਦੀ ਤਰਦਾ ਹੋਇਆ,
ਮੇਰੇ ਕੋਲ ਪਹੁੰਚਿਆ
ਅਤੇ ਮੈਨੂੰ
**''ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰ''**
ਦੇ ਅਰਥ ਸਮਝਾਉਣ ਲੱਗਿਆ।

********************************